37 ISSN 2321- 4449

ਕਹਾਣੀ ਧਾਰਾ

ਅਪ੍ਰੈਲ-ਜੂਨ,2015

ਮੁੱਲ : 40/-

Year:10 Issue No. 37
'KAHANI DHARA'(PUNJABI QUARTERLY) April-June, 2015 R.N.I. Regd No. PUN PUN 2006 / 19971

ਆਲੋਚਨਾ ਦੀਆਂ ਮਹੱਤਵਪੂਰਨ ਪੁਸਤਕਾਂ



ਹਥਲੀ ਪੁਸਤਕ ਰਜਨੀਸ਼ ਦੀ ਗਲਪ ਅਤੇ ਗਲਪ ਚਿੰਤਨ ਬਾਰੇ ਨਿੱਗਰ, ਸੂਖ਼ਮ ਅਤੇ ਗਹਿਰ ਗੰਭੀਰ ਸਿਧਾਂਤਕ ਸਮਝ ਦਾ ਇਕ ਹੋਰ ਪੁਖਤਾ ਪ੍ਰਮਾਣ ਹੈ। ਦਲਿਤ ਚੇਤਨਾ ਸਾਡੇ ਸਮਿਆਂ ਦਾ ਬਹੁਚਰਚਿਤ ਅਤੇ ਅਤਿ ਸੰਵੇਦਨਸ਼ੀਲ ਮੁੱਦਾ ਹੈ ਜਿਸਨੂੰ ਸੰਜੀਦਗੀ ਅਤੇ ਸੁਹਿਰਦਤਾ ਨਾਲ ਮੁਖਾਤਬ ਹੋਣਾ ਬਣਦਾ ਹੈ। ਦਲਿਤ ਕਹਾਣੀ ਦੇ ਇਤਿਹਾਸਕ ਪੈਰਾਡਾਈਮ, ਦਲਿਤ ਕਹਾਣੀ ਦੀ ਪ੍ਰਕਿਰਤੀ ਤੇ ਵਿਧੀ ਦੇ ਮਹੀਨ ਵਿਸ਼ਲੇਸ਼ਣ ਦੇ ਨਾਲ ਨਾਲ ਦਲਿਤ ਪਛਾਣ ਅਤੇ ਦਲਿਤ ਰਾਜਨੀਤੀ ਦੇ ਵੱਖ ਵੱਖ ਮੁੱਦਿਆਂ ਪਹਿਲੂਆਂ ਤੇ ਭਖਵੀਂ ਸੁਨਿਸ਼ਚਿਤ ਅਤੇ ਤਰਕਸੰਗਤ ਬਹਿਸ ਇਸ ਪੁਸਤਕ ਦੀ ਪ੍ਰਾਪਤੀ ਹੈ।

ਇਸ ਪੁਸਤਕ ਵਿਚ ਪ੍ਰੋ. ਤਸਨੀਮ ਨੇ ਸਾਹਿਤਕਾਰਾਂ ਪ੍ਰਤੀ ਆਪਣੇ ਵਿਚਾਰ ਦੇਣ ਦੇ ਨਾਲ ਨਾਲ, ਸਾਹਿੱਤਕ ਰਚਨਾਵਾਂ ਬਾਰੇ ਵੀ ਵਿਸਥਾਰ ਨਾਲ ਗੱਲ ਕੀਤੀ ਹੈ। ਸਾਹਿੱਤਕ ਰਚਨਾਵਾਂ ਦੀ ਹੋਂਦ ਬਿਲਕੁਲ ਵੱਖਰੀ ਭਾਂਤ ਦੀ ਹੁੰਦੀ ਹੈ। ਇਨ੍ਹਾਂ ਦਾ ਰਿਸ਼ਤਾ ਸਾਹਿਤਕਾਰ ਦੇ ਜੀਵਨ ਨਾਲ ਜੁੜਦਾ ਵੀ ਹੈ ਅਤੇ ਨਹੀਂ ਵੀ ਜੁੜਦਾ। ਕਈ ਆਲੋਚਕ ਨਾਵਲ ਦੀ ਪਰਖ ਨਾਵਲਕਾਰ ਦੇ ਜੀਵਨ ਬਿਰਤਾਂਤ ਦੇ ਪਿਛੋਕੜ ਵਿਚ ਕਰਦੇ ਹਨ। ਸ਼ਾਇਦ ਪਹਿਲੀ ਵਾਰ, ਪਾਠਕਾਂ ਨੂੰ ਭਰੋਸੇ ਵਿਚ ਲੈ ਕੇ, ਸਾਹਿਤਕਾਰਾਂ ਅਤੇ ਉਹਨਾਂ ਦੀਆਂ ਰਚਨਾਵਾਂ ਵਿਚਲੇ ਸੰਬੰਧਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ।

ਗਲਪ ਆਲੋਚਨਾ ਦੇ ਖੇਤਰ ਵਿਚ ਡਾ. ਨੀਲਮ ਸ਼ਰਮਾ ਦਾ ਸਥਾਪਤ ਨਾਂ ਹੈ। ਉਸ ਨੇ ਸਮਾਜਿਕ ਸਭਿਆਚਾਰਕ ਦੇ ਬਦਲਾਓ ਦੀ ਦ੍ਰਿਸ਼ਟੀ ਤੋਂ ਪੰਜਾਬੀ ਕਹਾਣੀ ਦਾ ਅਧਿਐਨ ਕੀਤਾ ਹੈ।ਪਿਛਲੇ ਪੰਜ-ਛੇ ਦਹਾਕਿਆ ਦੀ ਕਹਾਣੀ ਦਾ ਵਿਸ਼ਲੇਸ਼ਣ ਨੀਲਮ ਸ਼ਰਮਾ ਨੇ ਇਸ ਪੁਸਤਕ ਵਿਚ ਕੀਤਾ ਹੈ। ਦੂਜੀ ਪੁਸਤਕ 'ਚ ਨੀਲਮ ਸ਼ਰਮਾ ਨੇ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਦਾ ਬਹੁਪੱਖੀ ਅਧਿਐਨ ਕੀਤਾ ਹੈ। ਸਮਾਜ ਦੇ ਯਥਾਰਥ ਨੂੰ ਚਿਤਰਨ ਵਾਲੇ ਅਣਖੀ ਦੀਆਂ ਕਹਾਣੀਆਂ ਦਾ ਬਹੁ ਪੱਖੀ ਵਿਸ਼ਲੇਸ਼ਣ ਕੀਤਾ ਗਿਆ ਹੈ।

ਰਿਪਨਜੀਤ ਕੌਰ ਨੇ ਇਸ ਪੁਸਤਕ ਵਿਚ ਪਰਵਾਸੀ ਗਲਪਕਾਰ ਹਰਜੀਤ ਅਟਵਾਲ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਉਸ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਸੰਦਰਭਾ ਤਹਿਤ ਅਟਵਾਲ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਖਾਸ ਕਰਕੇ ਖਪਤ ਸਭਿਆਚਾਰ ਦੇ ਅੰਤਰਗਤ ਪਰਵਾਸੀ ਪੰਜਾਬੀਆਂ ਦੀ ਬਦਲਦੀ ਜੀਵਨ ਸ਼ੈਲੀ ਦੇ ਕੁਝ ਸੂਤਰ ਤਲਾਸ਼ ਕੀਤੇ ਹਨ।ਪੱਛਮੀ ਅਤੇ ਪੂਰਬੀ ਸਭਿਆਚਾਰਾਂ ਦੇ ਆਪਸੀ ਮਿਲਾਪ ਤੇ ਟਕਰਾਓ ਤੋਂ ਪੈਦਾ ਹੋ ਰਹੇ ਸਭਿਆਚਾਰਕ ਦਵੰਦ ਦੇ ਵੱਖ ਵੱਖ ਪਾਸਾਰ ਪੇਸ਼ ਕਰਦੀ ਹੈ।

ਪਰਵਾਜ਼ ਪ੍ਰਕਾਸ਼ਨ Parwaz Parkashan

ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

E.mail:
parwazparkashan@gmail.com
Mob. 94170-64350

ਅਪ੍ਰੈਲ-ਜੂਨ,2015 ਅੰਕ :37

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449



e-mail:
kahanidhara@gmail.com
kahani_dhara@yahoo.co.in
bhagwantrasulpuri@gmail.com

ਸੰਪਾਦਕ

ਭਗਵੰਤ ਰਸੂਲਪੁਰੀ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
KAHANI DHARA
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਮਈ, 2015)

ਤਰਤੀਬ

ਸੰਪਾਦਕੀ
ਸਾਹਿਤਕ ਅਦਾਰਿਆ ਦੀ ਛੱਤਰੀ ਹੇਠ ਨਿੱਜੀ ਮੁਫ਼ਾਦ-2

ਕਹਾਣੀਆਂ

1. ਦਿਨ ਕਟੀ
   - ਸਰੂਪ ਸਿਆਲਵੀ-3
2. ਲਾਰਾ
   - **ਬਲਬੀਰ ਕੌਰ ਸੰਘੇੜਾ -8**
3. ਕਾਮਿਨੀ
   - ਪ੍ਰੋ. ਐਚ. ਐਸ. ਡਿੰਪਲ-25
4. ਲਕੀਰਾਂ ਵਿੱਚ ਘਿਰੇ ਹੋਏ ਲੋਕ
   - ਗੁਰਮੀਤ ਆਰਿਫ਼-36
5. ਕਾਮਰੇਡ ਦਾ ਬਕਸਾ (ਹਿੰਦੀ ਕਹਾਣੀ)
   - **ਸੂਰਜ ਬੜਤੀਆ**
   ਅਨੁਵਾਦ : ਮਨੋਹਰ ਲਾਲ-52

ਆਲੋਚਨਾ:

1. ਬਹੁਤ ਸਾਰੇ ਚੁਰੱਸਤੇ-'ਮਾਇਆ' ਦੇ ਮਕੜਜਾਲ 'ਚ ਫਾਥੀ ਮਨੁੱਖਤਾ ਦੀ ਹੋਣੀ ਦੇ ਫ਼ਿਕਰ
   - ਡਾ. ਸਤਿੰਦਰ ਸਿੰਘ ਰੈਬੀ-67
2. **ਕੈਂਜਰ ਕਬੀਲਾ ਇਕ ਪਰਿਚੈ**
   - **ਅਮਰਜੀਤ ਸਿੰਘ-78**
3. **ਅਤਰਜੀਤ ਦੀਆਂ ਕਹਾਣੀਆਂ 'ਚ ਦਲਿਤ ਸੰਵੇਦਨਾ**
   - **ਸੰਦੀਪ ਕੌਰ ਬਰਾੜ-84**

ਹੁੰਗਾਰਾ-92

ਟਾਇਟਲ ਫੋਟੋ (ਸਰਹੰਦ ਦਾ ਮਕਬਰਾ): ਭਗਵੰਤ ਰਸੂਲਪੁਰੀ

ਸੰਪਾਦਕੀ: ਸਾਹਿਤਕ ਅਦਾਰਿਆ ਦੀ ਛੱਤਰੀ ਹੇਠ ਨਿੱਜੀ ਮੁਫ਼ਾਦ

ਪੰਜਾਬੀ ਸਾਹਿਤ, ਭਾਸ਼ਾ, ਸਭਿਆਚਾਰ, ਸੰਗੀਤ ਤੇ ਕਲਾ ਦੇ ਵਿਕਾਸ ਦੇ ਨਾਂ 'ਤੇ ਚਲ ਰਹੇ ਅਦਾਰਿਆ ਤੇ ਕਾਬਜ ਗਰੁੱਪ, ਧੜਿਆ ਅਤੇ ਕਲਾਕਾਰਾ ਦੇ ਮਖੌਟੇ ਪਾ ਕੇ ਬੈਠੇ ਲੋਕਾਂ ਵਲੋਂ ਆਪਣੇ ਨਿੱਜੀ ਮੁਫ਼ਾਦ ਲਈ ਜੋੜ-ਤੋੜ ਕਰਨ ਦਾ ਹੀਲਾ-ਵਸੀਲਾ ਬਹੁਤ ਵੱਧ ਰਿਹਾ ਹੈ। ਜੋ ਵੀ ਇਨ੍ਹਾਂ ਅਦਾਰਿਆ 'ਤੇ ਕਾਬਜ ਹੁੰਦਾ ਹੈ ਉਹ ਚੌਮ ਦੀਆਂ ਚਲਾਉਂਦਾ ਹੈ। ਜੋੜ-ਤੋੜ ਕਰਕੇ ਅਦਾਰਾ ਖੜਾ ਕਰਦਾ ਹੈ। ਫਿਰ ਫੰਡ ਇਕੱਠਾ ਕਰਦਾ ਹੈ। ਸਾਹਿਤ ਦਾ ਦਾਨੀ ਸੱਜਣ ਬਣਨ ਲਈ ਜੋੜ-ਤੋੜ ਕਰਦਾ ਹੈ ਆਪਣੇ ਮਤਲਬ ਦਾ ਵਿਧਾਨ ਬਣਦਾ ਹੈ, ਮਤਲਬ ਦੇ ਪੰਜ-ਸੱਤ ਜਾਂ ਪੰਦਰਾਂ ਵੀਹ ਜੀ ਹਜ਼ੂਰੀਏ ਇਕੱਠੇ ਕਰਕੇ ਅਦਾਰਾ ਖੜਾ ਕੀਤਾ ਜਾਂਦਾ ਹੈ। ਪੰਜਾਬ 'ਚ ਅਨੇਕਾਂ ਥਾਵਾਂ ਤੇ ਵਿਰਸਾ ਵਿਹਾਰ ਬਣੇ। ਉਪਰੋਕਤ ਵੰਨਗੀਆਂ ਦੇ ਫੱਟੇ ਲਾ ਕੇ ਕੁਝ ਲੋਕਾਂ ਨੇ ਇਨ੍ਹਾਂ 'ਵਿਹਾਰਾ' 'ਚ ਕਾਬਜ ਹੋਣ ਲਈ ਅੱਡੀ-ਚੋਟੀ ਦਾ ਜੋਰ ਲਾਇਆ। ਕਈ 'ਵਿਹਾਰ' ਤਾਂ ਜੰਗ ਦਾ ਅਖਾੜਾ ਵੀ ਬਣੇ ਰਹੇ। ਕੁਝ ਸਾਹਿਤ ਸੇਵਕਾਂ ਨੇ ਆਪਣੀ ਕੁਰਸੀ ਦੀ ਤਾਕਤ ਨਾਲ ਭਾਸ਼ਾ ਦੇ ਨਾਂ ਤੇ ਅਦਾਰੇ ਖੜੇ ਕਰਕੇ ਆਪਣੀ ਕੁਰਸੀ ਦੀ ਤਾਕਤ ਨਾਲ ਲੱਖਾਂ ਰੁਪਏ ਇਕੱਠੇ ਕਰ ਲਏ ਜੋ ਗਰੀਬ ਅਦਾਰਿਆਂ ਨੂੰ ਫੰਡ ਦਾਨ ਕਰਕੇ ਆਪਣੀ ਸਾਹਿਤਕ ਸਪੇਸ ਨਿਰਧਾਰਤ ਕਰਦੇ। ਦਿੱਲੀ 'ਚ ਵੀ ਕੁਝ ਲੋਕਾਂ ਨੇ ਆਪਣੀ ਸ਼ਕਤੀ ਨਾਲ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਨਾਂ ਤੇ ਨਿੱਜੀ ਅਦਾਰੇ ਖੜੇ ਕਰ ਲਏ। ਹਾਕਮ ਸਰਕਾਰਾਂ ਕੋਲੋਂ ਕਰੋੜਾਂ ਦੀ ਥਾਂ ਲੈ ਲਈ ਜੋੜ-ਤੋੜ ਕਰਕੇ ਬਿਲਡਿੰਗਾਂ ਖੜੀਆਂ ਕਰ ਲਈਆਂ। ਲੱਖਾਂ 'ਚ ਆਮਦਨ ਹੋਣ ਲੱਗੀ। ਮਨ ਮਰਜ਼ੀ ਦੇ ਵਿਧਾਨ ਬਣੇ। ਆਪਣੇ ਨੇੜੇ ਦੇ ਲੋਕਾਂ ਦੀ ਸੀਮਤ ਭਰਤੀ ਕੀਤੀ ਤੇ ਸ਼ੁਰੂ ਕਰ ਦਿੱਤਾ ਨਿੱਜੀ ਮੁਫ਼ਾਦ ਦਾ ਸਿਲਸਿਲਾ। ਆਪਣੀਆਂ ਪ੍ਰਕਾਸ਼ਨਾਂ ਦੇ ਸਟੋਰ ਖਾਲੀ ਕਰਨ ਲਈ ਲਾਇਬ੍ਰੇਰੀਆਂ ਦੀ ਕਾਢ ਕੱਢੀ। ਆਪਣੇ ਗਰੁੱਪ, ਧੜਿਆ ਦੇ ਲੇਖਕਾਂ ਦੀਆਂ ਕਿਤਾਬਾਂ ਤੇ ਸੰਪਾਦਕਾਂ ਦੇ ਰਸਾਲੇ ਖਰੀਦ ਕੇ ਇਕ ਹਾਂ ਪੱਖੀ ਗਰੁੱਪ ਉਸਾਰ ਲਿਆ। ਕਿਤਾਬਾਂ ਦੀ ਚੋਣ ਕਰਨ ਲਈ ਕਿਤਾਬ ਨਹੀਂ ਲੇਖਕ ਵੇਖਿਆ ਜਾਣ ਲੱਗਾ। ਇਹੀ ਰੁਝਾਨ ਰਸਾਲੇ ਖਰੀਦਣ ਲਈ ਵਰਤਿਆ ਜਾਂਦਾ। ਬਾਕੀਆਂ ਦੀਆਂ ਕਿਤਾਬਾਂ ਤੇ ਬੇਨਤੀ ਪੱਤਰ ਰੱਦੀ ਦੀ ਟੋਕਰੀ 'ਚ ਸੁੱਟੇ ਜਾਂਦੇ। ਆਪਣਾ ਕਬੀਲੇ ਪਾਲਣ ਦਾ ਰੁਝਾਨ ਇਸ ਹੱਦ ਤੱਕ ਵੱਧਦਾ ਗਿਆ ਕਿ ਆਪਣੇ ਕਬੀਲੇ ਦੇ ਲੇਖਕਾਂ ਦੀਆਂ ਖੁਦ ਹੀ ਕਿਤਾਬਾਂ ਮੰਗਵਾ ਲਈਆਂ ਜਾਂਦੀਆਂ। ਇਕੋ ਤਰ੍ਹਾਂ ਦੀ ਵਿਚਾਰਧਾਰਾ ਅਤੇ ਜਾਤੀ ਸਮੂਹਾਂ ਦੇ ਅਜੰਡੇ 'ਤੇ ਬਣਨ ਵਾਲੇ ਕਬੀਲੇ ਜਿਨ੍ਹਾਂ 'ਤੇ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਫੱਟੇ ਲਗਾ ਕੇ ਨਿਰਪੱਖ ਲੇਖਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ, ਇਨ੍ਹਾਂ ਨੂੰ ਨੰਗਾ ਕਰਨਾ ਅੱਜ ਸਮੇਂ ਦੀ ਬਹੁਤ ਲੋੜ ਹੈ। ਚੰਗੀ ਕਿਤਾਬ ਅਤੇ ਇਕੱਲਾ ਲੇਖਕ ਤਾਂ ਇਨ੍ਹਾਂ ਮੋਹਰੇ ਬੇਵੱਸ ਜਿਹਾ ਬਣ ਕੇ ਰਹਿ ਜਾਂਦਾ ਹੈ। ਇਨ੍ਹਾਂ ਕਬੀਲੇ ਦਾ ਹਿੱਸਾ ਬਣਨ ਲਈ ਬਹੁਤ ਲੇਖਕ ਇਨ੍ਹਾਂ ਦੇ ਮੁੱਖੀਆਂ ਅੱਗੇ ਲੇਲੜੀਆਂ ਕੱਢਦੇ ਵੇਖੇ ਗਏ ਹਨ। ਉਪਰੋ ਬੀਬੇ ਕਬੂਤਰ ਤੇ ਬਗਲ 'ਚ ਛੁਰੀ ਰੱਖ ਕੇ ਸਾਹਿਤ ਤੇ ਭਾਸ਼ਾ ਦੇ ਇਸ ਢੰਗ ਨਾਲ ਪਰ ਕੁਤਰਦੇ ਨੇ ਕਿ ਤੁਹਾਨੂੰ ਪਤਾ ਵੀ ਨਹੀਂ ਲੱਗਦਾ, ਇਹ ਹੋ ਕੀ ਰਿਹਾ ਹੈ।

ਬਹੁਤਾ ਸਾਹਿਤਕ ਭਾਈਚਾਰਾ ਜਾਂ ਤਾਂ ਕੋਈ ਬੁਰਕੀ ਲੈਣ ਲਈ ਇਨ੍ਹਾਂ ਨਿੱਜੀ ਅਦਾਰਿਆ ਦਾ ਹਿੱਸਾ ਬਣ ਬੈਠਦਾ ਹੈ ਜਾਂ ਬੰਨੇ 'ਤੇ ਖਲੋ ਕੇ ਤਮਾਸ਼ਾ ਵੇਖਦਾ ਹੈ ਜਾਂ ਫਿਰ ਏਧਰ ਉਧਰ ਭੜਾਸ ਕੱਢਦਾ ਹੈ ਜਾਂ ਚੁੱਪ ਕਰਕੇ ਪਾਠਕਾਂ ਨਾਲ ਸਾਂਝ ਪਾ ਲੈਂਦਾ ਹੈ ਜਿਹੜਾ ਕੋਈ ਬੋਲਦਾ ਹੈ ਤਾਂ ਉਨ੍ਹਾਂ ਦਾ ਸਾਹਿਤਕ ਬਾਈਕਾਟ ਇਸ ਢੰਗ ਨਾਲ ਕੀਤਾ ਜਾਂਦਾ ਹੈ ਲੇਖਕ ਬੇਵੱਸ ਹੋ ਜਾਂਦਾ ਹੈ। ਅੱਜ ਸਮੇਂ ਦਾ ਦਸਤੂਰ ਇਹ ਬਣ ਗਿਆ ਹੈ ਜਿਹਦੇ ਕੋਲ ਜਿੰਨਾ ਵੱਡਾ ਨਿੱਜੀ ਅਦਾਰਾ ਹੈ ਉਹ ਓਨਾ ਵੱਡਾ ਸਾਹਿਤ ਦਾ ਜਥੇਦਾਰ ਹੈ। 'ਕਹਾਣੀ ਧਾਰਾ' ਆਪਣੇ ਪਾਠਕਾਂ ਦੀ ਸ਼ਕਤੀ ਨਾਲ ਸਾਹ ਲੈ ਰਿਹਾ ਹੈ। **-ਭਗਵੰਤ ਰਸੂਲਪੁਰੀ**

ਕਹਾਣੀ/ ਦਿਨ ਕਟੀ / ਸਰੂਪ ਸਿਆਲਵੀ

ਨਿਊ ਚੰਡੀਗੜ੍ਹ ਤੋਂ ਪੱਛਮ ਵੱਲ ਪੈਂਦੇ ਪਿੰਡ ਖਿਜ਼ਰਾਬਾਦ ਦੇ ਚੜ੍ਹਦੇ ਪਾਸੇ ਇਕ ਨਵੀਂ ਕਲੋਨੀ ਕੱਟੀ ਜਾ ਰਹੀ ਸੀ। ਬਹੁਤ ਸਾਰੇ ਪਲਾਟਾਂ ਵਿਚ ਇਕ ਛੋਟਾ ਜਿਹਾ ਮਕਾਨ ਖਰੀਦ ਕੇ ਬਾਹਰੋਂ ਆਇਆ ਇਕ ਪਰਿਵਾਰ ਆ ਕੇ ਰਹਿਣ ਲੱਗ ਪਿਆ ਸੀ। ਮੁਹੱਲੇ ਵਾਲਿਆ ਨੂੰ ਪਤਾ ਲੱਗਿਆ ਕਿ ਇਸ ਪਰਿਵਾਰ ਨੇ ਨਿਊ ਚੰਡੀਗੜ੍ਹ ਵਿਚ ਆਏ ਆਪਣੇ ਪਿੰਡ ਸਲਾਮਤਪੁਰ ਵਿਚੋਂ ਮਕਾਨ ਵੇਚ ਕੇ ਇਥੇ ਮਕਾਨ ਖਰੀਦਿਆ ਸੀ। ਕਿਉਂਕਿ ਪਰਿਵਾਰ ਦੇ ਜੀਆ ਵਿਚੋਂ ਇਕੋ ਇਕ ਨੌਜਵਾਨ ਲੜਕਾ, ਮੋਟਰ ਸਾਇਕਲ ਤੇ ਪਿੰਡ ਦੀ ਸੜਕ ਤੋਂ ਘਰ ਨੂੰ ਮੁੜਨ ਲੱਗਿਆ ਕਿਸੇ ਅਣਪਛਾਤੇ ਵਹੀਕਲ ਦੀ ਫੇਟ ਵੱਜਣ ਨਾਲ ਡਿਗ ਕੇ ਮੌਕੇ 'ਤੇ ਹੀ ਦਮ ਤੋੜ ਗਿਆ ਸੀ। ਪਰਿਵਾਰ ਦੇ ਜੀਆਂ ਲਈ ਪਰਿਵਾਰ ਦੇ ਨੌਜਵਾਨ ਦੀ ਹੋਈ ਮੌਤ ਵਾਲੀ ਥਾਂ ਦੇ ਨੇੜਿਓ ਦੀ ਨੂੰ ਦਿਨ ਵਿਚ ਕਈ ਕਈ ਵਾਰ ਲੰਘਣਾ ਬਹੁਤ ਤਕਲੀਫ਼ ਦੇਹ ਹੁੰਦਾ ਸੀ, ਇਸ ਲਈ ਪਰਿਵਾਰ ਨੇ ਉਸ ਪਿੰਡ ਵਿਚਲਾ ਮਕਾਨ ਵੇਚ ਕੇ ਇਥੇ ਮਕਾਨ ਖਰੀਦ ਲਿਆ ਸੀ।

ਪਰਿਵਾਰ ਮੁਹੱਲੇ ਵਿਚ ਅਜੇ ਬਹੁਤਾ ਰਚਿਆ ਮਿਚਿਆ ਨਹੀਂ ਸੀ। ਜਿਵੇਂ ਸ਼ਹਿਰੀ ਜਿਹੇ ਲੋਕ ਨਾਲਦਿਆਂ ਨਾਲ ਬਹੁਤਾ ਰਚਣ ਮਿਚਣ ਤੋਂ ਪਰਹੇਜ਼ ਕਰਦੇ ਹਨ। ਪਰਿਵਾਰ ਦੇ ਜੀਅ ਕਿਸੇ ਨਾਲ ਵੀ ਜਾਣਕਾਰੀ ਵਧਾਉਣਾ ਨਹੀਂ ਸਨ ਚਾਹੁੰਦੇ। ਪਰਿਵਾਰ ਦੀ ਅਧਖੜ ਜਿਹੀ ਇਸਤਰੀ ਹਮੇਸ਼ਾ ਸਫ਼ੈਦ ਕੱਪੜੇ ਪਹਿਨ ਕੇ ਰੱਖਦੀ। ਕਿਸੇ ਬਾਬੇ ਦੀ ਚੇਲੀ ਬਣੀ ਹੋਈ ਸੀ। ਤੇ ਆਪਣੇ ਆਪ ਨੂੰ ਵੀ 'ਬਾਵਾ ਜੀ' ਅਖਵਾਉਂਦੀ ਸੀ। ਉਹ ਘਰ ਵਿਚ ਹੀ ਹਰ ਐਤਵਾਰ ਨੂੰ ਚੌਂਕੀ ਲਾਉਂਦੀ ਸੀ। ਉਹਦੇ ਪੁਰਾਣੇ ਸੇਵਕ ਤੇ ਸੇਵਕਣੀਆਂ ਨਵੇਂ ਘਰ ਵਿਚ ਵੀ ਉਹਦੀ ਚੌਂਕੀ 'ਤੇ ਆਉਣ ਲੱਗ ਪਏ ਸਨ। ਉਹਨਾਂ ਦੀ ਦੇਖਾ ਦੇਖੀ ਮੁਹੱਲੇ ਤੇ ਪਿੰਡ ਦੀਆਂ ਕੁਝ ਔਰਤਾਂ ਵੀ ਆਉਣ ਲੱਗ ਪਈਆਂ ਸਨ। ਪਰਿਵਾਰ ਦਾ ਇਕੋ ਇਕ ਅਧਖੜ ਉਮਰ ਦਾ ਮਰਦ, ਪੁੱਛਣ ਵਾਲੇ ਨੂੰ ਆਪਣਾ ਨਾ ਮਹਿੰਦਰ ਸਿੰਘ ਦੱਸਦਾ ਸੀ। ਉਹ ਦਰਮਿਆਨੇ ਕੱਦ ਤੇ ਭਰਵੇਂ ਜੁੱਸੇ ਵਾਲਾ ਸੀ ਤੇ ਕਾਲੀਆਂ ਕੀਤੀਆਂ ਦਾੜ੍ਹੀ ਮੁੱਛਾਂ ਚੜ੍ਹਾ ਕੇ ਰੱਖਦਾ ਸੀ। ਉਹਨੂੰ ਮੋਟਰ ਸਾਈਕਲ ਤੇ ਸ਼ਹਿਰ ਜਾਂਦੇ ਨੂੰ, ਜੇ ਕੋਈ ਪੁੱਛਦਾ, "ਦਫ਼ਤਰ ਜਾ ਰਹੇ ਓ? ਤਾਂ ਉਹ ਮੁਸਕਰਾ ਕੇ ਆਖਦਾ, "ਮੈਂ ਤਾਂ ਜੀ ਦਫ਼ਤਰ ਤੋਂ ਪਿਛਲੇ ਸਾਲ ਰਿਟਾਇਰ ਹੋ ਗਿਆ ਆ।" ਤਾਂ ਅਗਲਾ ਅਗੋਂ ਹੱਸ ਕੇ ਪੁੱਛਦਾ, "ਦੇਖਣ ਨੂੰ ਲਗਦਾ ਅਜੇ ਥੁਆਡੀ ਸਰਵਿਸ ਦਸ, ਪੰਦਰਾਂ ਸਾਲ ਪਈ ਐ।"

"ਸਰਵਿਸ ਤਾਂ ਜੀ ਕੁਦਰਤ ਵਾਲੇ ਦੇ ਹੱਥ ਐ। ਇਸ ਦੁਨੀਆਂ ਵਿਚ ਰੱਖ ਕੇ ਹੋਰ ਕਿੰਨੇ ਕੁ ਸਾਲ ਕਰਵਾਉਨੀ ਐ।" ਤੇ ਉਹ ਹੱਸ ਕੇ ਅੱਗੇ ਲੰਘ ਜਾਂਦਾ। ਉਂਝ ਮਹਿੰਦਰ ਸਿੰਘ ਕਿਸੇ ਨਾਲ ਤੁਰਦੇ ਫਿਰਦੇ ਕੋਈ ਚਲੰਤ ਜਿਹੀ ਗੱਲ ਕਰ ਲੈਂਦਾ। ਪਰ ਉਹ ਕਦੇ ਵੀ ਗਲੀ ਗੁਆਂਢ ਵਿਚ ਪੜ੍ਹ ਕੇ ਜਾਂ ਪਰ੍ਹੇ-ਪੰਚੈਤ ਵਿਚ ਬਹਿ ਕੇ ਹੋਰਾਂ ਵਾਂਗ ਚਾਮ੍ਹਲ-ਚਾਮ੍ਹਲ ਕੇ ਗੱਲਾਂ ਨਾ ਮਾਰਦਾ। ਮੁਹੱਲੇ ਵਾਲਿਆ ਨੂੰ ਉਹ ਮਤਲਬ ਨਾਲ ਮਤਲਬ ਰੱਖਣ ਵਾਲਾ ਬੰਦਾ ਜਾਪਦਾ। ਪਰਿਵਾਰ ਦੀ ਤੀਹ, ਪੈਂਤੀ ਸਾਲ ਦੀ ਜਾਪਦੀ ਭਰ ਜੋਬਨ ਮੁਟਿਆਰ, ਆਪਣੇ ਛੋਟੇ ਛੋਟੇ ਬੱਚਿਆਂ ਦੀ ਦੇਖ ਭਾਲ ਕਰਦੀ ਘਰ ਦੇ ਕੰਮਾਂ ਵਿਚ ਰੁਝੀ ਰਹਿੰਦੀ ਸੀ। ਉਹਨੂੰ ਘਰ ਵਿਚ ਬਹੂ ਰਾਣੀ ਕਹਿ ਕੇ ਬੁਲਾਇਆ ਜਾਂਦਾ ਸੀ।

ਉਹ ਘਰ ਰਹਿੰਦੀ ਇਸਤਰੀ ਨੂੰ ਸੰਗਤ ਦੀ ਰੀਸੇ 'ਬਾਬਾ ਜੀ' ਕਹਿ ਕੇ ਬੁਲਾਉਂਦੀ ਸੀ ਤੇ ਮਹਿੰਦਰ ਸਿੰਘ ਨੂੰ 'ਭਾਈਆ ਜੀ' ਕਹਿੰਦੀ। ਮੁਹੱਲੇ ਦੀਆਂ ਤੀਵੀਆਂ ਨੂੰ ਮੁਟਿਆਰ ਨਾਲ ਉਹਦੇ ਰਿਸ਼ਤੇ ਬਾਰੇ ਪਤਾ ਨਾ ਲਗਦਾ। ਕਿਉਂਕਿ ਇਸ ਇਲਾਕੇ ਵਿਚ ਜੇਠ ਨੂੰ ਛੋਟੀਆਂ ਭਰਜਾਈਆਂ 'ਭਾਈ ਜੀ' ਜਾਂ 'ਭਾਈ ਸਾਹਿਬ'

ਕਹਿ ਕੇ ਬੁਲਾਉਂਦੀਆਂ ਹਨ। ਤੇ ਇਸ ਪੇਂਡੂ ਜਿਹੇ ਖੇਤਰ ਵਿਚ ਕਿਸੇ ਵੀ ਰਿਸ਼ਤੇਦਾਰ ਨੂੰ 'ਭਾਈਆ ਜੀ' ਕਹਿ ਕੇ ਬੁਲਾਉਣ ਦਾ ਰਿਵਾਜ਼ ਨਹੀਂ। ਮੁਹੱਲੇ ਦੀਆਂ ਇਸਤਰੀਆਂ ਬਹੂ ਰਾਣੀ ਨੂੰ ਮਹਿੰਦਰ ਸਿੰਘ ਨਾਲ ਉਹਦੇ ਰਿਸ਼ਤੇ ਬਾਰੇ ਪੁੱਛਦੀਆਂ ਕਹਿੰਦੀਆਂ ਸਨ। ਤਾਂ ਉਹ ਕੁਝ ਹੀ ਸਮਾਂ ਪਹਿਲਾਂ ਐਕਸੀਡੈਂਟ ਨਾਲ ਮੋਏ ਪਤੀ ਨੂੰ ਯਾਦ ਕਰਕੇ ਅੱਖਾਂ ਭਰ ਲੈਂਦੀ। ਤੇ ਆਖਦੀ , "ਪਤੀ ਦੇ ਮਰਨ ਤੋਂ ਬਾਅਦ ਮੈਂ ਤਾਂ ਸੰਤਾਪ ਹੰਢਾ ਰਹੀ ਹਾਂ। ਮੇਰੀ ਵੀ ਕੋਈ ਜ਼ਿੰਦਗੀ ਹੈ। ਬੱਸ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦਿਆ ਦਿਨ ਕਟੀ ਕਰ ਰਹੀ ਆ।" ਬਾਬਾ ਜੀ ਬਣੀ ਅਧੇੜ ਇਸਤਰੀ ਦੱਸਣ ਲੱਗ ਪੈਂਦੀ, "ਭਾਈ, ਇਥੇ ਰਿਸ਼ਤਾ ਕਿਸੇ ਦਾ ਕਿਸੇ ਨਾਲ ਕੀ ਐ? ਸਭ ਦੇਣ-ਲੈਣ ਦੇ ਸਰਬੰਧ ਨੇ। ਬੰਦਾ ਆਪਣਾ ਲੈਣ ਦੇਣ ਪੂਰਾ ਕਰਕੇ ਸੰਸਾਰ ਤੋਂ ਤੁਰ ਜਾਂਦੈ। ਰਿਸ਼ਤਾ ਤਾਂ ਪ੍ਰਮਾਤਮਾ ਦੇ ਸਾਜੇ ਹਰ ਜੀਆ ਜੰਤ ਦਾ ਉਸ ਸੱਚੇ ਪਾਤਸ਼ਾਹ ਨਾਲ ਐ। ਉਹੀ ਸਾਡਾ ਸਭ ਦਾ ਹਰ ਜੀਅ ਜੰਤ ਦਾ ਉਸ ਸੱਚੇ ਪਾਤਸ਼ਾਹ ਨਾਲ ਐ। ਉਹੀ ਸਾਡਾ ਸਭ ਦਾ ਪਰਮ ਪਿਤਾ ਪਰਮੇਸ਼ਰ ਹੈ। ਸਾਨੂੰ ਸਾਰਿਆ ਨੂੰ ਦਾਨ ਪੁੰਨ, ਭਜਨ-ਬੰਦਗੀ ਕਰਨੀ ਚਾਹੀਦੀ ਐ। ਤਾਂ ਹੀ ਅਸੀਂ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾ ਸਕਦੇ ਹਾਂ।"

ਮੁਹੱਲੇ ਦੀਆਂ ਤੀਵੀਆਂ ਗਲੀ ਵਿਚ ਨੂੰ ਲੰਘਦਿਆ, ਮਹਿੰਦਰ ਸਿੰਘ ਤੇ ਬਹੂ ਰਾਣੀ ਨੂੰ ਵਰਾਂਡੇ ਵਿਚ ਕੋਲ ਕੋਲ ਕੁਰਸੀਆਂ ਡਾਹ ਕੇ ਗੱਲਾਂ ਮਾਰਦਿਆਂ ਨੂੰ ਦੇਖਦੀਆਂ ਰਹਿੰਦੀਆਂ ਸਨ। ਉਹ ਇਕੱਠੇ ਬਹਿ ਕੇ ਨਿਝੱਕ ਚਾਹ ਪਾਣੀ ਰੋਟੀ ਟੁੱਕ ਖਾ ਰਹੇ ਹੁੰਦੇ। ਆਦਮੀ 'ਸ਼ਹਿਰੀ ਜੀਵਨ ਹੁਣ ਖੁੱਲ੍ਹਾ-ਡੁੱਲ੍ਹਾ ਹੈ' ਸੋਚ ਨਜ਼ਰ ਅੰਦਾਜ਼ ਕਰ ਦਿੰਦੇ। ਪਰ ਤੀਵੀਆਂ ਉਹਨਾਂ ਨੂੰ ਜੇਠ ਭਰਜਾਈ ਸਮਝ ਮੂੰਹ ਜੋੜ ਜੋੜ ਕੇ ਗੱਲਾਂ ਕਰਦੀਆਂ ਰਹਿੰਦੀਆਂ ਸਨ ਕਿ ਬਹੂ ਰਾਣੀ ਮੋਏ ਹੋਏ ਪਤੀ ਨੂੰ ਏਨੀ ਛੇਤੀ ਭੁੱਲ ਵੀ ਗਈ... ਕਿਵੇਂ ਜੇਠ ਦੇ ਨੇੜੇ ਢੁੱਕ ਢੁੱਕ ਬੈਠਦੀ ਏ?

ਅਜੇ ਕੁਝ ਹੀ ਸਮਾਂ ਹੋਰ ਲੰਘਿਆ ਸੀ ਕਿ ਮੁਹੱਲੇ ਦੀਆਂ ਤੀਵੀਆਂ ਇਹ ਦੇਖਕੇ ਅਚੰਭਿਤ ਰਹਿਣ ਲੱਗੀਆਂ, ਉਸ ਪਰਵਾਰ ਨੇ ਸਾਹਮਣੇ ਗੇਟ ਵਾਲੇ ਪਰਵਾਰ ਨਾਲ ਪਤਾ ਨਹੀਂ ਦੂਰ ਪਾਰ ਦਾ ਕੀ ਰਿਸ਼ਤਾ ਗੰਢ ਲਿਆ ਸੀ। ਕਿ ਸਾਹਮਣੇ ਪਰਵਾਰ ਦਾ ਕਾਲਜ ਵਿਚ ਪੜ੍ਹਦਾ ਮੁੰਡਾ, ਕੁਲਜਿੰਦਰ ਸਿੰਘ ਬਹੂ ਰਾਣੀ ਨੂੰ ਭਾਬੀ-ਭਾਬੀ ਕਹਿੰਦਾ ਉਹਨਾਂ ਦੇ ਘਰ ਵੜਿਆ ਰਹਿੰਦਾ ਸੀ। ਉਹ ਮੁਟਿਆਰ ਦੇ ਬੱਚਿਆਂ ਨੂੰ ਹੋਮ ਵਰਕ ਕਰਵਾਉਂਦਾ ਬਜ਼ਾਰ ਤੋਂ ਪਰਵਾਰ ਲਈ ਲੋੜੀਂਦੀ ਚੀਜ਼ ਵਸਤ ਲਿਆ ਕੇ ਦੇ ਦਿੰਦਾ ਤੇ ਭਾਬੀ ਲੱਗਦੀ ਮੁਟਿਆਰ ਨਾਲ ਵਰਾਂਡੇ ਤੋਂ ਪਿਛਲੇ ਕਮਰੇ ਵਿਚ ਬਹਿ ਕੇ ਗੱਲਾਂ ਮਾਰੀ ਜਾਂਦਾ। ਹਾਸੀ ਤਮਾਸੀ ਕਰੀ ਜਾਂਦਾ ਸੀ। ਮੁਹੱਲੇ ਵਾਲੀਆਂ ਦੇਖਦੀਆਂ ਜਿਵੇਂ ਅਧਖੜ ਉਮਰ ਵਾਲੇ ਮਹਿੰਦਰ ਸਿੰਘ ਦੀ ਥਾਂ, ਇਸ ਸੁਹਣੇ ਸੁਨੱਖੇ ਇੰਜੀਅਰਿੰਗ ਕਰਦੇ, ਮੁੰਡੇ ਕੁਲਜਿੰਦਰ ਨੇ ਲੈ ਲਈ ਸੀ। ਕਿਉਂਕਿ ਹੁਣ ਉਹ ਉਹਨਾਂ ਦੇ ਨੇੜੇ ਘੱਟ ਹੀ ਆ ਕੇ ਬਹਿੰਦਾ ਸੀ। ਘਰ ਦੇ ਪਿਛਲੇ ਪਾਸੇ ਵਾਲੇ ਵਿਹੜੇ ਵਿਚ ਬੈਠਾ ਅਖਬਾਰ ਪੜ੍ਹਦਾ ਰਹਿੰਦਾ ਸੀ।

ਘਰ ਸਾਰਾ ਦਿਨ ਅਖ਼ਬਾਰ ਪੜ੍ਹਦਿਆਂ, ਟੀ. ਵੀ. ਦੇਖਦਿਆਂ ਉਹਦਾ ਮਨ ਥੱਕ ਜਾਂਦਾ ਸੀ। ਉਹ ਏਧਰ-ਉਧਰ ਦੇਖਦਾ ਕਿ ਉਹਦੇ ਨਾਲ ਵੀ ਕੋਈ ਗੱਲਾਂ ਕਰਨ ਵਾਲਾ ਹੋਵੇ, ਜਿਸਦੇ ਨਾਲ ਉਹ ਦਿਲ ਦੀ ਗੱਲ ਕਰ ਸਕੇ। ਸੰਗਾਊ ਸੁਭਾ ਹੋਣ ਕਰਕੇ ਉਹ ਆਂਢ ਗੁਆਂਢ ਵਿਚ ਜਾਣ ਆਉਣ ਵਧਾ ਨਹੀਂ ਸਕਿਆ ਸੀ। ਉਹਨੂੰ ਆਪਣੀ ਪਤਨੀ ਦੀ ਜਬਰਦਸਤ ਘਾਟ ਮਹਿਸੂਸ ਹੁੰਦੀ। ਅਜੇ ਕੁਝ ਸਾਲ ਪਹਿਲਾਂ ਤੱਕ ਉਹਦੀ ਪਤਨੀ ਪਿਆਰ ਕੌਰ ਜਿਹਨੂੰ ਉਹ ਪਿਆਰੀ ਕਹਿ ਕੇ ਬੁਲਾਉਂਦਾ ਸੀ, ਦਿਨ ਰਾਤ ਉਹਦਾ ਸਾਥ ਦਿੰਦੀ ਸੀ। ਉਹ ਬਜ਼ਾਰ ਤੋਂ ਚੀਜ਼ ਵਸਤੂ ਇਕੱਠੇ ਖਰੀਦਣ ਜਾਂਦੇ। ਰਿਸ਼ਤੇਦਾਰੀ ਵਿਚ ਵਿਆਹ-ਸ਼ਾਦੀ ਵਿਚ ਸਲਾਹ ਮਸ਼ਵਰਾ ਕਰਕੇ ਇਕੱਠੇ ਜਾਣਾ। ਲੋਕੀਂ ਪਿਠ ਪਿਛੇ ਗੱਲਾਂ ਕਰਦੇ, 'ਇਹਨਾਂ ਦੀ ਆਪਸ ਵਿਚ ਬਹੁਤ ਬਣਦੀ ਏ।"

ਬਹੁਤਾ ਸਮਾਂ ਨਹੀਂ ਲੰਘਿਆ ਅਜੇ ਪੰਜ ਸੱਤ ਸਾਲ ਪਹਿਲਾਂ ਦੀ ਤਾਂ ਗੱਲ ਹੈ ਕਿ ਉਹਦੀ ਪਤਨੀ, ਪਿਆਰ ਕੌਰ ਪਹਾੜੀ ਇਲਾਕੇ ਵਿਚ ਕਿਸੇ ਬਾਬੇ ਦੇ ਡੇਰੇ 'ਤੇ ਜਾਣ ਲੱਗ ਪਈ ਸੀ। ਫਿਰ ਉਹ ਬਾਬੇ ਦੀ ਅਜਿਹੀ ਚੇਲੀ ਬਣੀ ਕਿ 'ਰਾਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਂਗ 'ਬਾਬਾ ਬਾਬਾ ਕਰਦੀ ਉਹ ਆਪੇ ਬਾਬਾ

ਬਣ ਬੈਠੀ ਸੀ।' ਉਹ ਸੰਝ, ਸਵੇਰ ਆਪਣੇ ਗੁਰੂ ਜੀ ਵਾਂਗ ਸਮਾਧੀ ਲਾਉਣ ਲੱਗ ਪਈ ਸੀ। ਉਹ ਕਹਿਣ ਲੱਗ ਪਈ ਸੀ ਕਿ ਉਹ ਵਿਚ ਬਾਬੇ ਦੀਆਂ ਸ਼ਕਤੀਆਂ ਆਉਣ ਲੱਗ ਪਈਆਂ ਹਨ। ਤੇ ਉਹਨੇ ਹਰ ਐਤਵਾਰ ਨੂੰ ਘਰ ਵਿਚ ਹੀ ਚੌਂਕੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਤੇ ਬਾਬੇ ਦੇ ਡੇਰੇ 'ਤੇ ਹੋਣ ਵਾਲੇ ਕਿਸੇ ਸਮਾਗਮ ਵਿਚ ਉਹ ਟਰੱਕ ਭਰਕੇ ਆਪਣੀ ਸੰਗਤ ਲੈ ਕੇ ਬਾਬੇ ਦੇ ਡੇਰੇ ਚਲੇ ਜਾਂਦੀ ਸੀ। ਬਾਬਾ ਜੀ ਬਣੀ ਪਿਆਰ ਕੌਰ ਸੁੱਚਮ ਦਾ ਬਹੁਤ ਧਿਆਨ ਰੱਖਦੀ। ਉਹ ਕੋਲ ਰੱਖੇ ਸੁੱਚੇ ਪਾਣੀ ਦੇ ਕੁੰਭ ਘੜੇ ਵਿਚੋਂ ਪਾਣੀ ਦੀ ਚੂਲੀ ਲੈ ਕੇ, ਛਿੱਟੇ ਕਸਰ ਵਾਲੀ ਔਰਤ ਦੇ ਮੱਥੇ 'ਤੇ ਮਾਰਦੀ। ਔਰਤ ਦਾ ਅੱਧਾ ਸਿਰ ਤਾਂ ਬਾਬਾ ਜੀ ਦੇ ਮੱਥਾ ਘੁੱਟਣ ਨਾਲ ਹੀ ਹਟ ਜਾਂਦਾ ਤੇ ਬਾਕੀ ਅੱਧਾ ਸਿਰ ਉਸ ਵੇਲੇ ਦੁਖਣ ਤੋਂ ਹਟ ਜਾਂਦਾ, ਜਦ ਗਰੀਬ ਔਰਤ ਦੇ ਨਾਲ ਆਈ ਬਾਬੇ ਦੀ ਚੇਲੀ, ਔਰਤ ਨੂੰ ਪੰਜਾਹ ਜਾਂ ਸੌ ਸੁਪਏ ਬਾਬੇ ਅੱਗੇ ਚੜ੍ਹ ਕੇ ਮੱਥਾ ਟੇਕਣ ਨੂੰ ਕਹਿੰਦੀ ਸੀ। ਤੇ ਔਰਤ ਵਿਚੋਂ ਸਿਖਰ ਦੁਪਹਿਰੇ ਚੁਰੱਸਤੇ ਵਿਚੋਂ ਚਿੰਬੜਿਆ, 'ਚੁਰਾਈਆ, (ਰੋਪੜ ਦੇ ਇਲਾਕੇ ਦਾ ਇਕ ਭੂਤ) ਨਿਕਲ ਕੇ ਭੱਜ ਜਾਂਦਾ।

ਹੌਲੀ-ਹੌਲੀ ਬਾਬਾ ਜੀ ਦੀ ਪ੍ਰਸਿੱਧੀ ਬਹੁਤ ਫੈਲ ਗਈ ਸੀ। ਉਹਨੂੰ ਚੌਂਕੀ ਤੇ ਆਉਣ ਵਾਲੀ ਸੰਗਤ ਦੇ ਨਾਲ ਨਾਲ ਉਹਦੇ ਸਾਕ ਰਿਸ਼ਤੇਦਾਰ, ਜਾਣਕਾਰ ਸਭ ਬਾਬਾ ਜੀ ਕਹਿ ਕੇ ਬੁਲਾਉਣ ਲੱਗ ਪਏ ਸਨ। ਤੇ ਇਕ ਦੂਸਰੇ ਦੀ ਦੇਖਾ ਦੇਖੀ ਉਹਦੇ ਚਰਨਾਂ ਵਿਚ ਡਿੱਗ ਕੇ ਨਮਸਕਾਰ ਵੀ ਕਰਨ ਲੱਗ ਪਏ ਸਨ। ਤੇ ਉਹ ਉਹਨਾਂ ਨੂੰ ਆਸ਼ੀਰਵਾਦ ਦਿੰਦੀ ਤੇ ਰਹਿਮਤਾਂ ਬਖਸ਼ਸ ਕਰਦੀ। ਫਿਰ ਤਾਂ ਇਥੋਂ ਤੱਕ ਕਿ ਪਿਆਰ ਕੌਰ ਦੇ ਪੇਕੇ, ਉਹਦੇ ਭਰਾ, ਭਰਜਾਈਆਂ ਬੱਚੇ ਵੀ ਉਹਨੂੰ 'ਬਾਬਾ ਜੀ' ਕਹਿਣ ਲੱਗ ਪਏ ਤੇ ਉਹ ਦੂਰ ਨੇੜੇ ਦੇ ਦੁਖੀ ਪਰਵਾਰ ਨੂੰ ਲੈ ਕੇ ਬਾਬਾ ਜੀ ਦੀ ਚੌਂਕੀ ਤੇ ਵੀ ਲਿਆਉਣ ਲੱਗ ਪਏ ਸਨ। ਹੁਣ ਬਾਬਾ ਜੀ ਬਣੀ ਪਿਆਰ ਕੌਰ ਨੂੰ ਉਹਦਾ ਪਤੀ ਮਹਿੰਦਰ ਸਿੰਘ, 'ਪਿਆਰੀ' ਜਾਂ ਪਿਆਰ ਕੌਰ' ਕਹਿ ਕੇ ਬੁਲਾਉਂਦਾ ਚੰਗਾ ਨਾ ਲਗਦਾ। ਉਹ ਉਹਨੂੰ ਵੀ ਕਹਿੰਦੀ ਕਿ ਉਹਨੂੰ ਸੰਗਤ ਵਾਂਗ 'ਬਾਬਾ ਜੀ' ਕਹਿ ਕੇ ਬੁਲਾਇਆ ਕਰੇ। ਪਰ ਮਹਿੰਦਰ ਸਿੰਘ ਉਹਨੂੰ ਹਾਸੇ ਵਿਚ ਟਾਲ ਦਿੰਦਾ ਕਿ ਜੇ ਉਹ ਪਿਆਰ ਕੌਰ ਨੂੰ ਬਾਬਾ ਜੀ ਕਾਰਨ ਕਹਿ ਕੇ ਬੁਲਾਵੇਗਾ ਫਿਰ ਤਾਂ ਉਨ੍ਹਾਂ ਦਾ ਪਤੀ ਪਤਨੀ ਵਾਲਾ ਰਿਸ਼ਤਾ ਹੀ ਸਮਾਪਤ ਹੋ ਜਾਵੇਗਾ। ਇਸ ਲਈ ਉਹ ਸੋਚਦਾ ਕਿ ਸਾਇਦ ਪਿਆਰ ਕੌਰ ਵੀ ਉਹਨੂੰ ਹਾਸੇ ਹਾਸੇ ਵਿਚ ਹੀ 'ਬਾਬਾ ਜੀ' ਕਹਿ ਕੇ ਬੁਲਾਉਣ ਨੂੰ ਕਹਿੰਦੀ ਹੈ। ਉਹ ਪਿਆਰ ਕੌਰ ਦੀ ਬਾਬਾ ਜੀ ਕਹਿ ਕੇ ਬੁਲਾਉਣ ਦੀ ਗੱਲ ਨੂੰ ਟਾਲ ਦਿੰਦਾ। ਆਪਣੇ ਖਿਆਲਾ ਵਿਚ ਉਹਨੂੰ ਆਪਣੀ ਪਤਨੀ ਹੀ ਸਮਝਕੇ ਉਹਦੇ ਨਾਲ ਵਰਤਾ ਬਾਰੇ ਸੋਚਦਾ ਰਹਿੰਦਾ।

ਦੋ ਪੈੱਗ ਲੈ ਕੇ ਰੋਟੀ ਖਾ ਕੇ ਸੁੱਤੇ ਨੂੰ ਉਹਨੂੰ ਅੱਧੀ ਰਾਤ ਨੂੰ ਜਾਗ ਆ ਜਾਂਦੀ। ਉਹ ਉਭੜਵਾਹੇ ਉੱਠ ਕੇ ਬੈਠ ਜਾਂਦਾ। "ਪਿਆਰ ਕੌਰ ਹੈ ਤਾਂ ਉਹਦੀ ਪਤਨੀ ਹੀ... ਕੀ ਹੋਇਆ ਜੇ ਬਾਬਾ ਬਣ ਗਈ।" ਉਹ ਉਹਦੇ ਮੰਜੇ ਵੱਲ ਅਹੁਲਦਾ। ਪਰ ਉਹਦਾ ਬਿਸਤਰਾ ਖਾਲੀ ਪਿਆ ਹੁੰਦਾ। ਉਹਦੇ ਸਿਰ ਨੂੰ ਘੁਮੇਰ ਚੜ੍ਹਦੀ... 'ਹੈਂ ਉਹ ਤਾਂ ਕੱਲ੍ਹ ਦੀ ਬਾਬਿਆਂ ਦੇ ਡੇਰੇ ਗਈ ਹੋਈ ਐ।"

ਜੇ ਉਹ ਘਰ ਹੁੰਦੀ ਵੀ ਤਾਂ ਉਹ ਰਾਤ ਨੂੰ ਉਸਨੂੰ ਕੋਲ ਬੁਲਾਉਣ ਲਈ ਉਸ ਤੋਂ ਪਾਣੀ ਦਾ ਗਲਾਸ ਮੰਗ ਲੈਂਦਾ ਤਾਂ ਉਹ ਉੱਠਦੀ ਉੱਠਦੀ ਓ ਪਹਿਰ ਲਾ ਦਿੰਦੀ ਤੇ ਫਿਰ ਮੂੰਹ ਵਿਚ ਜਾਪ ਕਰਦੀ ਕਰਦੀ ਸੁੱਚੇ ਪਾਣੀ ਦੇ ਕੁੰਭ ਘੜੇ ਚੋਂ ਪਾਣੀ ਦੀ ਚੂਲੀ ਲੈ ਕੇ ਹੱਥ ਸੁੱਚੇ ਕਰਦੀ ਤੇ ਫਿਰ ਗਲਾਸ ਨੂੰ ਸੁੱਚਾ ਕਰਕੇ ਪਾਣੀ ਦਾ ਗਲਾਸ ਭਰ ਕੇ ਲਿਆਉਂਦੀ। ਏਨੇ ਨੂੰ ਉਹਨੂੰ ਸੁੱਤ ਉਣੀਂਦੇ ਨੂੰ ਫਿਰ ਪਤਨੀ ਦੀ ਬੇਰੁੱਖੀ ਕਰਕੇ ਨੀਂਦ ਆਉਣ ਲੱਗ ਪੈਂਦੀ। ਉਹ ਸੋਚਣ ਲੱਗਦਾ ਕਿ ਜੇ ਉਹਨੇ ਬਾਬਾ ਬਣੀ ਪਿਆਰ ਕੌਰ ਨੂੰ ਕੋਲ ਬਿਠਾਉਣ ਲਈ ਉਹਦਾ ਹੱਥ ਫੜ ਵੀ ਲਿਆ ਤਾਂ ਉਹਦਾ ਸ਼ਰਾਬੀ ਦੁਆਰਾ ਹੱਥ ਛੋਹਣ ਕਰਕੇ ਖਵਰੇ ਸੱਤ ਵਾਰੀ ਸੁੱਚੇ ਪਾਣੀ ਨਾਲ ਹੱਥ ਧੋ ਕੇ ਹੱਥ ਸੁੱਚਾ ਕਰੇਗੀ। ਨਾਲੇ ਉਹਨੂੰ ਉਹਦਾ ਹੱਥ ਘੁੱਟਣ ਕਰਕੇ ਸੌ-ਸੌ ਗੱਲਾਂ ਸੁਣਾਵੇਗੀ।

ਕਦੇ ਕਦੇ ਉਹ, ਉਹਦੇ ਰਾਤ ਨੂੰ ਉੱਚੀ ਉੱਚੀ ਬਾਬਿਆਂ ਦਾ ਨਾਮ ਜਪਦੀ ਕੋਲੋਂ ਨੀਂਦ ਨਾ ਆਉਣ ਕਰਕੇ ਤੰਗ ਆ ਜਾਂਦਾ ਤੇ ਵਿਹੜੇ ਵਿਚ ਮੱਝਾਂ ਕੋਲ ਮੰਜਾ ਡਾਹ ਕੇ ਪੈ ਜਾਂਦਾ। ਜੇ ਉਹ ਪੁੱਛਦੀ, 'ਕੀ ਮੇਰੇ ਕਮਰੇ ਵਿਚ ਨੀਂਦ ਨੀ ਆਉਂਦੀ?" ਤਾਂ ਉਹ ਬਹਾਨਾ ਮਾਰਦਾ, "ਵੱਡੀ ਮੱਝ ਛੋਟੀ ਮੱਝ ਨੂੰ ਮਾਰਨ ਲੱਗੀ ਤੀ।" ਉਹਨੂੰ ਰਤਾ ਉੱਚਾ ਸੁਣਦਾ ਹੋਣ ਕਰਕੇ ਪੁੱਛਦੀ, "ਕੀ ਵੱਡੀ ਮੱਝ ਨੇ ਛੋਟੀ ਮੱਝ ਮਾਰ ਦਿੱਤੀ?" ਫਿਰ ਆਪ ਹੀ ਆਖਦੀ, "ਚਲ ਇਹਦੀ ਵੀ ਚੁਰਾਸੀ ਲੱਖ ਜੂਨੀ ਵਿਚੋਂ ਇਕ ਜੂਨੀ ਕੱਟੀ ਗਈ ਤੇ ਖਵਰੇ ਅੱਗੋਂ ਹੋਰ ਕਿਹੜੀ ਜੂਨੀ ਵਿਚ ਪੈ ਗਈ ਹੋਵੇਗੀ... ਪਰ ਮਨੁੱਖ ਦਾ ਜਨਮ ਤਾਂ ਇਹਨੂੰ ਚੁਰਾਸੀ ਲੱਖ ਜੂਨੀ ਭੋਗ ਕੇ ਹੀ ਪ੍ਰਾਪਤ ਹੋਣੈ।" ਉਹ ਸੋਚਦਾ ਕਿ ਇਹ ਪਿਆਰ ਕੌਰ ਬਾਬਾ ਜੀ ਕੀ ਬਣ ਗਈ... ਇਹਨੂੰ ਪੰਜਾਹ ਹਜ਼ਾਰ ਦੀ ਮੱਝ ਮਰੀ (ਹਾਲਾਂਕਿ ਉਹ ਮਰੀ ਨਹੀਂ ਸੀ ਜੋ ਮਰੀ ਵੀ ਹੁੰਦੀ ਦਾ ਕੋਈ ਦੁਖ ਨਹੀਂ, ਪਰ ਉਹਦੀ ਇਕ ਜੂਨੀ ਕੱਟੀ ਜਾਣ ਦੀ ਖੁਸ਼ੀ ਹੈ। ਪਰ ਜੇ ਉਹ ਪੁੱਛ ਲੈਂਦਾ ਕਿ ਭਲਾ ਹੁਣ ਚੁਰਾਸੀ ਲੱਖ ਜੂਨੀਆ ਵਿਚੋਂ ਮੱਝ ਨੂੰ ਮਨੁੱਖ ਦਾ ਜਨਮ ਲੈਣ ਤੱਕ ਹੋਰ ਕਿੰਨੇ ਜਨਮ ਲੈਣੇ ਪੈਣਗੇ? ਤਾਂ ਉਹ ਨਰਾਜ ਹੁੰਦਿਆ ਲੋਹੀ ਲਾਖੀ ਹੋ ਕੇ ਬੋਲਦੀ, "ਸਾਰਾ ਇਲਾਕਾ ਮੇਰੇ ਚੌਂਕੀ ਲਾਉਣ 'ਤੇ ਪੁੱਛਾਂ ਲੈਣ ਆਉਂਦਾ ਆ। ਉਹਨਾਂ ਦੀਆਂ ਸੁਖੀਆਂ, ਸੁੱਖਾਂ ਪੂਰੀਆਂ ਹੁੰਦੀਆਂ... ਮੰਗੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਆ। ਪਰ ਤੂੰ ਮੈਨੂੰ ਚਹੇਡਾ ਕਰਦਾ ਆ। ਨਾਸਤਕ ਕਿਸੇ ਥਾਂ ਦਾ ਤਾਂ ਹੀ ਤਾਂ ਮੈਂ ਤੇਰੇ ਕੋਲ ਖੜ੍ਹਦੀ ਨ੍ਹੀਂ ਹੈਗੀ ਬਹਿੰਦੀ ਨੀ ਹੈਗੀ।"

ਬੇਇੱਜ਼ਤ ਹੋਏ ਮਹਿੰਦਰ ਸਿੰਘ ਤੋਂ ਮੰਜੇ ਤੇ ਪਿਆ ਨਾ ਜਾਂਦਾ। ਉਹਦਾ ਸਰੀਰ ਟੁੱਟੀ ਜਾਂਦਾ। ਸੁਤ ਉਣੀਂਦੇ ਵਿਚ ਪਏ ਕੋਲ ਉਹਦੇ ਨਾਲ ਲਗਦੇ ਮੰਜੇ 'ਤੇ ਪਈ ਪਤਨੀ ਉਸ ਤੋਂ ਕੋਹਾਂ ਦੂਰ ਹੁੰਦੀ। ਤੇ ਕਲਪਨਾ ਵਿਚ ਨਾਲ ਦੇ ਕਮਰੇ ਵਿਚ ਪਈ ਮਟਿਆਰ ਮੱਲੋ ਮੱਲੀ ਉਹਦੀਆਂ ਬਾਹਾਂ ਵਿਚ ਘੁੱਟੀ ਜਾਂਦੀ। ਤੇ ਉਹ ਕਿੰਨਾ ਚਿਰ ਉਹਦੇ ਨਾਲ ਤਰਲੋ ਮੱਛੀ ਹੋਈ ਜਾਂਦਾ ਤੇ ਇਹ ਖੇਡ ਜਿਹੀ ਖੇਡਦਿਆਂ ਪਤਾ ਨਹੀਂ ਉਹਨੂੰ ਕਦੋਂ ਨੀਂਦ ਆ ਜਾਂਦੀ। ਉਹ ਸਵੇਰੇ ਉੱਠ ਕੇ ਸੋਚਦਾ ਕਿ ਭਾਵੇਂ ਕਲਪਨਾ ਵਿਚ ਹੀ ਸਹੀ ਪਰ ਬਹੂ ਰਾਣੀ ਨਾਲ ਉਹਦੇ ਦੁਆਰਾ ਇਸ ਤਰ੍ਹਾਂ ਨਹੀਂ ਸੀ ਹੋਣਾ ਚਾਹੀਦਾ। ਪਰ ਕਦੇ ਕਦਾਈ ਕਲਪਨਾ ਵਿਚ ਅਕਸਰ ਉਸ ਤੋਂ ਇਸ ਤਰ੍ਹਾਂ ਹੋ ਹੀ ਜਾਂਦਾ ਸੀ। ਉਹ ਸੋਚਦਾ ਕਿ ਭਾਵੇਂ ਕਲਪਨਾ ਵਿਚ ਹੀ ਨਹੀਂ ਪਰ ਉਸ ਕੋਲੋਂ ਕਿਸੇ ਹੋਰ ਇਸਤਰੀ ਨਾਲ ਇਸ ਤਰ੍ਹਾਂ ਕਿਉਂ ਨੀਂ ਹੁੰਦਾ? ਜਦਕਿ ਸਰਵਿਸ ਕਰਦਿਆਂ ਕਈ ਇਸਤਰੀਆਂ ਉਸਦੇ ਨੇੜੇ ਆਉਂਦੀਆਂ ਰਹੀਆਂ ਸਨ। ਜਦ ਉਹ ਸੁਪਰਡੰਟ ਪਰਮੋਟ ਹੋ ਕੇ ਸੈਕਸਨ ਅਫ਼ਸਰ ਲੱਗ ਗਿਆ ਸੀ ਤਾਂ ਸਰਲਾ ਤੇ ਸੁਖਮਨ ਕਈ ਵਾਰ ਉਹਨੂੰ ਫਰਲੋ ਮਾਰਨ ਜਾਂ ਦਫ਼ਤਰ ਦੇ ਹੋਰ ਕੰਮ ਕਢਵਾਉਣ ਲਈ ਆਪਣੇ ਘਰ ਬੁਲਾਉਂਦੀਆਂ ਰਹੀਆਂ ਸਨ। ਕਿ 'ਅੱਜ ਮੇਰਾ ਪਤੀ ਬੱਚਿਆਂ ਨੂੰ ਲੈ ਕੇ ਪਿੰਡ ਗਿਆ ਏ ਤੁਸੀਂ ਦਫ਼ਤਰੋਂ ਜਾਂਦੇ ਹੋਏ ਸਾਡੇ ਘਰ ਫੇਰਾ ਪਾ ਕੇ ਜਾਇਓ?" ਉਹ ਮੋਟਰ ਸਾਈਕਲ ਸਟਾਰਟ ਕਰਕੇ ਕਦੇ ਸਰਲਾ ਤੇ ਕਦੇ ਸੁਖਮਨ ਦੇ ਘਰ ਵੱਲ ਚੱਲ ਵੀ ਪੈਂਦਾ ਪਰ ਫਿਰ ਉਹੀ ਸੰਗਾਊ ਜਿਹਾ ਸੁਭਾ ਹੋਣ ਕਰਕੇ 'ਚਲ ਕਦੀ ਫੇਰ ਸਹੀ' ਸੋਚਦਿਆਂ ਰਾਹ ਵਿਚੋਂ ਹੀ ਆਪਣੇ ਘਰ ਵੱਲ ਮੋਟਰ ਸਾਈਕਲ ਮੋੜ ਲੈਂਦਾ ਸੀ। ਇਕ ਵਾਰ ਕਿਸੇ ਕੁਲੀਗ ਦੀ ਲੜਕੀ ਦੇ ਵਿਆਹ 'ਤੇ 'ਕੱਠੇ ਹੋਏ ਉਹਨੇ ਗੱਲਾਂ ਕਰਨ ਦੇ ਬਹਾਨੇ ਸੁਖਮਨ ਨੂੰ ਇਕ ਪਾਸੇ ਬੁਲਾ ਕੇ ਉਹਦੀ ਗਰਦਨ 'ਤੇ ਚੁੰਮ ਲਿਆ ਸੀ। ਉਹ ਤਾਂ ਗੁੱਸੇ ਨਾਲ ਉਬਲ ਪਈ ਸੀ, "ਮੈਂ ਤਾਂ ਨਾਮ ਦਾਨ ਲਿਆ ਹੋਇਆ ...ਮੇਰਾ ਤਾਂ ਹਸਬੈਂਡ ਵੀ ਕੋਲੇ ਪਿਆ ਰਹਿੰਦਾ... ਮਜ਼ਾਲ ਆ ਮੇਰੇ ਨੇੜੇ ਆ ਜੇ... ਮੈਨੂੰ ਤਾਂ ਇਹੋ ਜਿਹਾ ਕੰਮ ਕਰੇ ਨੂੰ ਛੇ ਸੱਤ ਸਾਲ ਹੋ ਗਏ। ਮਸਾਂ ਤਾਂ ਪਵਿੱਤਰ ਹੋਈ ਆ।" ਤੇ ਉਹ ਅੱਖਾਂ ਕੱਢਦਿਆਂ ਮੂੰਹ ਵਿਚ ਨਾਮ ਦਾਨ ਜੱਪਣ ਲੱਗ ਪਈ ਸੀ। ਜਿਵੇਂ ਜੇ ਉਹ ਅੱਗੇ ਵਧਿਆ ਤਾਂ ਉਹਨੂੰ ਉਹਦਾ ਨਾਮ ਦਾਨ ਦੇਣ ਵਾਲਾ ਗੁਰੂ ਆਪਣੀ ਸ਼ਕਤੀ ਨਾਲ ਭਸਮ ਕਰ ਦੇਵੇਗਾ।

ਜਿਵੇਂ ਮਹਿੰਦਰ ਸਿੰਘ ਦੇ ਮਨ ਵਿਚ ਖਿਆਲ ਆਉਂਦੇ ਰਹਿੰਦੇ ਸਨ ਉਹ ਸੋਚਦਾ ਕਿ ਇਸ ਤਰ੍ਹਾਂ ਘਰ ਵਿਚ ਰਹਿੰਦੀ ਭਰ ਜੋਬਨ ਮੁਟਿਆਰ ਬਹੂ ਰਾਣੀ ਦੇ ਮਨ ਵਿਚ ਵੀ ਤਾਂ ਤਰ੍ਹਾਂ-ਤਰ੍ਹਾਂ ਤੇ ਖਿਆਲ ਆਉਂਦੇ

ਰਹਿੰਦੇ ਹੋਣਗੇ। ਭਾਵੇਂ ਉਹ ਉਹਦੇ ਨਾਲ ਵਿਚਾਰ ਸਾਂਝੇ ਨਹੀਂ ਸੀ ਕਰ ਸਕਦਾ ਪਰ ਉਹ ਬਹੂ ਰਾਣੀ ਨੂੰ ਉਹਦਾ ਪਤੀ ਮੋਟਿਆ ਹੋਣ ਕਰਕੇ ਇਕ ਦੁਖੀ ਔਰਤ ਸਮਝਦਾ ਸੀ। ਤੇ ਉਹਦੇ ਨਾਲ ਹਮਦਰਦੀ ਰੱਖਦਾ ਸੀ। ਜੇਕਰ ਉਹਨਾਂ ਦੇ ਘਰ ਬਹੂ ਰਾਣੀ ਨੂੰ ਮਿਲਣ ਕਾਲਜੀਏਟ ਕੁਲਜਿੰਦਰ ਆਉਂਦਾ ਵੀ ਸੀ ਤਾਂ ਉਹ ਉਹਨੂੰ ਬਹੁਤਾ ਬੁਰਾ ਨਹੀਂ ਸੀ ਸਮਝਦਾ ਕਿ ਭਰ ਜੁਆਨ ਔਰਤ ਦੀਆਂ ਵੀ ਇੱਛਾਵਾਂ ਹਨ... ਆਕਾਂਖਿਆਵਾਂ ਹਨ।

ਪਰ ਉਹਨੂੰ ਇਸ ਗੱਲ ਦੀ ਸਮਝ ਨਾ ਲੱਗਦੀ ਕਿ ਬਾਬਾ ਬਣੀ ਉਹਦੀ ਪਤਨੀ ਪਿਆਰ ਕੌਰ ਤਾਂ ਧਰਮ ਕਰਮ ਨੂੰ ਮੰਨਣ ਵਾਲੀ ਔਰਤ ਹੈ। ਫਿਰ ਕੀ ਨੈਤਿਕਤਾ ਤੇ ਧਰਮ ਦੀਆਂ ਮਾਨਤਾਵਾਂ ਅਨੁਸਾਰ ਕੁਲਜਿੰਦਰ ਦਾ ਬਹੂ ਰਾਣੀ ਨਾਲ ਪਾਪ ਨਹੀਂ? ਪਰ ਬਾਪਾ ਬਣੀ ਪਿਆਰ ਕੌਰ ਇਸਦੇ ਬਾਰੇ ਚੁੱਪ ਸੀ। ਜਿਵੇਂ ਉਹ ਕੁਲਜਿੰਦਰ ਦੇ ਉਹਨਾਂ ਦੇ ਘਰ ਆਉਣ ਬਾਰੇ ਧਿਆਨ ਹੀ ਨਾ ਦਿੰਦੀ ਹੋਵੇ। ਉਹ ਤਾਂ ਐਤਵਾਰ ਨੂੰ ਚੌਂਕੀ ਲਾਉਣ ਵੇਲੇ ਵੀ ਉਹਨਾਂ ਦੇ ਘਰ ਆ ਜਾਂਦਾ ਸੀ ਤੇ ਸੇਵਕਾਂ ਤੇ ਸੇਵਕਣੀਆਂ ਦੁਆਰਾ ਚੜ੍ਹਾਈ ਚੜ੍ਹਤ ਨੂੰ ਸਾਂਭਣ ਤੇ ਸੰਗਤ ਲਈ ਚਾਹ ਪਾਣੀ ਦੀ ਸੇਵਾ ਕਰਨ ਵਿਚ ਬਹੁ ਰਾਣੀ ਦਾ ਸਾਥ ਦਿੰਦਾ ਰਹਿੰਦਾ ਸੀ ਪਰ ਅਚਾਨਿਕ ਇਕ ਦਿਨ ਕਾਲਜ ਵਿਚ ਆਈ ਬਦੇਸ਼ੀ ਕੰਪਨੀ ਨੇ ਹੋਰ ਕਾਲਜੀਏਟਾਂ ਨਾਲ ਨੌਕਰੀ ਲਈ ਕੁਲਜਿੰਦਰ ਨੂੰ ਵੀ ਸਲੈਕਟ ਕਰ ਲਿਆ ਸੀ ਤੇ ਉਹ ਦੂਸਰੇ ਦਿਨ ਬਦੇਸ਼ ਚਲਿਆ ਗਿਆ ਸੀ। ਮਹਿੰਦਰ ਸਿੰਘ ਦੇਖਦਾ ਕਿ ਉਹਦੇ ਜਾਣ ਤੋਂ ਬਾਅਦ ਬਹੂ ਰਾਣੀ ਬਹੁਤ ਉਦਾਸ ਰਹਿਣ ਲੱਗ ਪਈ ਸੀ।

ਉਹ ਦੋ ਤਿੰਨ ਦਿਨ ਤੋਂ ਦੇਖਦਾ ਆ ਰਿਹਾ ਸੀ ਕਿ ਕੁਝ ਮੁੰਡੇ ਉਹਨਾਂ ਦੇ ਘਰ ਅੱਗੇ ਗਲੀ ਵਿਚ ਖੜ ਕੇ ਉੱਚੀ ਉੱਚੀ ਗੱਲਾਂ ਕਰਦੇ ਤੇ ਇਕ ਦੂਸਰੇ ਨੂੰ ਹਾਸੇ ਹਾਸੇ ਵਿਚ ਗਾਲੀ ਗਲੋਚ ਕਰਦੇ ਰਹਿੰਦੇ ਸਨ। ਮਹਿੰਦਰ ਸਿੰਘ ਨੇ ਇਕ ਦੋ ਵਾਰ ਉਹਨਾਂ ਦੇ ਕੋਲ ਜਾ ਕੇ ਸਮਝਾਇਆ ਕਿ ਕਿਸੇ ਦੇ ਘਰ ਅੱਗੇ ਖੜ੍ਹਕੇ ਅਬਾ ਤਬਾ ਬੋਲਣਾ ਠੀਕ ਨਹੀਂ... ਜਿਹੜੀ ਵੀ ਗੱਲ ਕਰਨੀ ਹੈ ਉਹ ਆਪਣੇ ਘਰ ਜਾ ਕੇ ਜਾਂ ਆਪਣੇ ਘਰ ਮੂਹਰੇ ਖੜ੍ਹਕੇ ਕਰਨ। ਉਹਦੇ ਕਹਿਣ ਤੇ ਮੁੰਡੇ ਏਧਰ ਉਧਰ ਚਲੇ ਜਾਂਦੇ ਸਨ।

ਪਰ ਇਕ ਦਿਨ ਉਹਨਾਂ ਗੱਲਾਂ ਮਾਰਦੇ ਮੁੰਡਿਆ ਕੋਲ ਬਾਬਾ ਬਣੀ ਪਿਆਰ ਕੌਰ ਚਲੀ ਗਈ ਤੇ ਉਹਨਾਂ ਨੂੰ ਧਰਮ ਉਪਦੇਸ਼ ਦੇਣ ਲੱਗ ਪਈ ਤੇ ਉਹਨਾਂ ਨੂੰ ਉਹਨਾਂ ਦੇ ਘਰ ਐਤਵਾਰ ਨੂੰ ਚੌਂਕੀ ਤੇ ਆ ਕੇ ਗਿਆਨ ਪ੍ਰਾਪਤ ਕਰਨ ਲਈ ਕਹਿਣ ਲੱਗ ਪਈ ਸੀ।

ਬਾਬਾ ਜੀ ਦੁਆਰਾ ਗਲੀ ਵਿਚ ਖੜ੍ਹੇ ਮੁੰਡਿਆ ਨੂੰ ਐਤਵਾਰ ਨੂੰ ਚੌਂਕੀ 'ਤੇ ਆਉਣ ਲਈ ਕਹਿਣ ਦੀ ਦੇਰ ਸੀ ਕਿ ਮੁਹੱਲੇ ਦੀ ਮੁੰਢੀਰ ਐਤਵਾਰ ਨੂੰ ਉਹਨਾਂ ਦੇ ਘਰ ਆਉਣ ਲੱਗ ਪਈ ਸੀ। ਪਰ ਕਾਲਜੀਏਟ ਕੁਲਜਿੰਦਰ ਵਾਂਗ ਉਹਨਾਂ ਮੁੰਡਿਆ ਦਾ ਧਰਮ ਕਰਮ ਦੇ ਕੰਮਾਂ ਵੱਲ ਕੋਈ ਧਿਆਨ ਨਹੀਂ ਸੀ ਉਹ ਬਹੂ ਰਾਣੀ ਵੱਲ ਗੁੱਝੇ ਇਸ਼ਾਰੇ ਕਰੀ ਜਾਂਦੇ ਸਨ, ਉਹਨੂੰ ਗੱਲਾਂ ਗੱਲਾਂ ਵਿਚ ਟਿੱਚਰਾਂ , ਮਖੌਲ ਕਰੀ ਜਾ ਰਹੇ ਸਨ। ਮਹਿੰਦਰ ਸਿੰਘ ਦੇ ਚਿਹਰੇ 'ਤੇ ਮੁੰਡਿਆਂ ਵੱਲ ਦੇਖਕੇ ਕਦੇ ਨਫ਼ਰਤ ਤੇ ਕਦੇ ਗੁੱਸੇ ਦੇ ਭਾਵ ਆਉਂਦੇ ਰਹਿੰਦੇ ਸਨ। ਬਹੂ ਰਾਣੀ ਸਭ ਕੁਝ ਭਾਂਪੀ ਜਾ ਰਹੀ ਸੀ ਤੇ ਮਹਿੰਦਰ ਸਿੰਘ ਦੇ ਨਾਲ-ਨਾਲ ਬਹੁਤ ਦੁਖੀ ਤੇ ਉਦਾਸ ਹੋਈ ਜਾ ਰਹੀ ਸੀ।

ਇਕ ਦਿਨ ਬਹੂ ਰਾਣੀ ਨੇ ਅਪਣੱਤ ਦਿਖਾਉਂਦਿਆਂ ਮਹਿੰਦਰ ਸਿੰਘ ਨੂੰ ਕਿਹਾ, "ਭਾਈਆ ਜੀ ! ਤੁਸੀਂ ਪੁੱਤਰ ਦੇ ਵਿਛੋੜੇ ਦਾ ਏਨਾ ਝੋਰਾ ਨਾ ਕਰਿਆ ਕਰੋ... ਬੀਬੀ ਦੀ ਬੇਰੁੱਖੀ... ਮੈਂ ਖੁਆਡੇ ਦੁਖ ਦਰਦ ਨੂੰ ਸਮਝਦੀ ਆ... ਦੁੱਖੀ ਮੈਂ ਵੀ ਆ... ਪਰ ਦਿਨ ਕਟੀ ਤਾਂ ਕਰਨੀ ਓ ਐ... ਮਰੇ ਨਾਲ ਮਰਿਆ ਨ੍ਹੀਂ ਜਾਂਦਾ... ਅੱਜ ਮੈਂ ਆ...ਅ...।" ਤੇ ਅੱਗੇ ਉਹਦੀ ਜ਼ੁਬਾਨ ਥਥਲਾ ਗਈ ਸੀ।

... ਤੇ ਅੱਜ ਬਾਬਾ ਬਣੀ ਪਿਆਰ ਕੌਰ ਨੂੰ, ਮਹਿੰਦਰ ਸਿੰਘ ਦੀ ਪਹਿਲੀ ਆਖੀ ਗੱਲ ਮੰਨ ਕੇ ਕਿਰਾਏ ਤੇ ਲੈ ਕੇ ਦਿੱਤੇ ਉਹਨਾਂ ਦੇ ਨਾਲ ਦੇ ਮਕਾਨ ਵਿਚ... ਧਰਮ ਉਪਦੇਸ਼ ਦੇਣੇ ਤੇ ਚੌਂਕੀ ਲਾਉਣੀ ਸ਼ੁਰੂ ਕਰਨੀ ਪਈ ਸੀ।

ਮੋਬਾਇਲ-98881-29977

ਕਹਾਣੀ / ਲਾਰਾ/ ਬਲਬੀਰ ਕੌਰ ਸੰਘੇੜਾ

ਤੜਕੇ ਤਿੰਨ ਵਜੇ ਸੈੱਲ ਫੋਨ ਦੀ ਘੰਟੀ ਨੇ 'ਲਾਰਾ' ਦੀ ਜਾਗ ਖੋਲ੍ਹੀ। ਘੰਟੀ ਦੀ ਆਵਾਜ਼ ਸੁਣਦਿਆਂ ਉਸਨੇ ਪਾਸਾ ਪਰਤ ਲਿਆ। ਸੋਚਿਆ, ਹੁਣੇ ਮੇਰੀ ਅੱਖ ਲੱਗੀ ਐ। ਸਵੇਰੇ ਵੇਲੇ ਸਿਰ ਉੱਠਣਾ ਵੀ ਐ। ਜਿਸਨੇ ਵੀ ਗੱਲ ਕਰਨੀ ਹੈ, ਕਲ ਨੂੰ ਕਰੇ। ਐਸ ਵੇਲੇ ਭਲਾ ਫੋਨ ਕਰਨ ਦਾ ਕੀ ਕੰਮ? ਉਸਨੇ ਆਪਣੀਆਂ ਅੱਖਾਂ ਘੁੱਟ ਕੇ ਮੀਚ ਲਈਆਂ। ਫੋਨ ਸੀ, ਘੂੰ-ਘੂੰ ਕਰਨੋ ਹਟ ਨਹੀਂ ਸੀ ਰਿਹਾ। ਉਸਨੇ ਸਿਰਹਾਣਾ ਚੁੱਕ ਕੇ ਆਪਣੇ ਕੰਨਾ ਉੱਤੇ ਧਰ ਲਿਆ। ਪਾਸਾ ਪਰਤਿਆ ਅਤੇ ਸੌਣ ਦੀ ਕੋਸ਼ਿਸ਼ ਕਰਨ ਲੱਗੀ। ਫੋਨ ਕੁੱਝ ਚਿਰ ਹੋਰ ਖੜਕਦਾ ਰਿਹਾ ਤੇ ਫੇਰ ਬੰਦ ਹੋ ਗਿਆ।

ਲਾਰਾ ਦੇ ਮਨ ਨੂੰ ਅੱਚਵੀ ਲੱਗ ਚੁੱਕੀ ਸੀ। ਕਿਸਦਾ ਫੋਨ ਹੋਵੇਗਾ? ਸੋਚ ਦਿਮਾਗ ਵਿੱਚ ਜਿਵੇਂ ਕੁਰਬਲ-ਕੁਰਬਲ ਕਰਦੀ ਸੁੰਡੀ ਦੀ ਤਰ੍ਹਾਂ ਘੁੰਮ ਰਹੀ ਸੀ। ਉਹ ਊਂਘਦੀ ਹੋਈ ਉੱਠੀ ਅਤੇ ਪਾਸਾ ਪਰਤਦਿਆਂ ਹੋਇਆਂ ਉਸਨੇ ਆਪਣਾ ਸੈੱਲਫੋਨ ਚੁੱਕ ਲਿਆ। ਅੱਧ ਸੁੱਤੀ ਜਿਹੀ ਨੇ ਆਪਣੀਆਂ ਅੱਖਾਂ ਮਲ਼ੀਆਂ ਅਤੇ ਸਵਿੱਚ ਦੱਬ ਕੇ ਨੰਬਰ ਦੇਖਣ ਦੀ ਕੋਸ਼ਿਸ਼ ਕੀਤੀ। ਨੰਬਰ ਅਤੇ ਨਾਂ ਜਾਣੇ ਪਛਾਣੇ ਸਨ। ਉਸਨੇ ਆਪਣੀਆਂ ਅੱਖਾਂ ਨੂੰ ਫੇਰ ਮਲ਼ਿਆ ਤੇ ਫੇਰ ਨੰਬਰ ਦੇਖਿਆ। ਉਹ ਗ਼ਲਤ ਨਹੀਂ ਸੀ। ਉਸਨੇ ਨੰਬਰ ਅਤੇ ਨਾਂ ਦੀ ਸਹੀ ਪਛਾਣ ਕਰ ਲਈ ਸੀ। ਫੋਨ 'ਜੈਰੀ' ਦਾ ਹੀ ਸੀ। ਜੈਰੀ ਉਸਦਾ ਰਹਿ ਚੁੱਕਾ ਬੁਆਏ ਫਰੈਂਡ। ਜਿਸ ਨਾਲ਼ ਹੁਣ ਉਸਦੀ ਅਣਬਣ ਹੋ ਚੁੱਕੀ ਸੀ। ਪਰ ਉਸਦਾ ਰਾਤ ਦੇ ਤਿੰਨ ਵਜੇ ਟੈਲੀਫੋਨ ਕਰਨਾ? ਲਾਰਾ ਸੋਚੀਂ ਪੈ ਗਈ। ਇਸ ਵੇਲੇ? ਕਿਉਂ ਫੋਨ ਕੀਤਾ ਸੀ ਓਸਨੇ? ਉਸਨੂੰ ਸਮਝ ਨਹੀਂ ਸੀ ਆ ਰਹੀ।

ਸੋਚ ਉਸਦੇ ਅੰਦਰ ਨੂੰ ਲੱਗੇ ਘੁਣ ਵਾਂਗ, ਜਿਵੇਂ ਖਾਣ ਲੱਗ ਪਈ। ਵੀਹ ਵਰ੍ਹਿਆਂ ਦੀ ਲਾਰਾ ਫ਼ਿਕਰ ਵਿੱਚ ਲਹਿ ਤੁਰੀ। ਜੈਰੀ ਨੂੰ, ਲਾਰਾ ਨਾਲ਼ ਕਿਸੇ ਕਿਸਮ ਦਾ ਵੀ ਰਾਬਤਾ ਰੱਖਣ ਦੀ ਕਨੂੰਨੀ ਤੌਰ 'ਤੇ ਮਨਾਹੀ ਸੀ। ਸੈੱਲਫੋਨ ਦਾ ਨੰਬਰ ਦੇਖ ਕੇ, ਲਾਰਾ ਦੀ ਨੀਂਦ ਜਿਵੇਂ ਉੱਡ-ਪੁੱਡ ਗਈ। ਉਹ ਫੋਨ ਹੱਥ ਵਿੱਚ ਫੜੀ, ਘੁਮਾਉਣ ਲੱਗ ਪਈ। ਮਨ ਸੀ ਜਿਵੇਂ ਟਿਕ ਨਹੀਂ ਸੀ ਰਿਹਾ।

ਉਹ ਕਦੀ ਲੰਮੀ ਪੈ ਜਾਵੇ ਅਤੇ ਕਦੀ ਫੇਰ ਉੱਠ ਕੇ ਬੈਠ ਜਾਵੇ। ਅਸ਼ਾਂਤ ਹੋਈ ਉਹ, ਕਦੀ ਸੈੱਲਫੋਨ ਦਾ ਨੰਬਰ ਘੁਮਾਉਣ ਬਾਰੇ ਸੋਚਣ ਲੱਗ ਪਵੇ। ਉਸਦਾ ਮਨ ਬਹੁਤ ਬੇਚੈਨ ਹੋ ਗਿਆ। ਉਹ ਸੋਚਣ ਲੱਗੀ, "ਕਿਉਂ ਜੈਰੀ ਮੈਨੂੰ ਟਿਕਣ ਨਹੀਂ ਦਿੰਦਾ?" ਇਹ ਸੋਚਦਿਆਂ ਹੋਇਆਂ, ਜਿਵੇਂ ਗੁੱਸੇ ਨਾਲ਼ ਉਸਦਾ ਚਿਹਰਾ ਤਣ ਗਿਆ। ਮੱਥੇ ਉੱਤੇ ਪਰੇਸ਼ਾਨੀ ਨਾਲ਼ ਪਸੀਨੇ ਦੀਆਂ ਬੂੰਦਾਂ ਉੱਭਰ ਆਈਆਂ।

ਉਸਦਾ ਜੀਅ ਕੀਤਾ ਜੈਰੀ ਦਾ ਟੈਲੀਫੋਨ ਨੰਬਰ ਮਿਲਾ ਕੇ ਉਹ, ਉਸਨੂੰ ਖੂਬ ਡਾਂਟੇ। ਤੱਤੀਆਂ-ਠੰਢੀਆਂ ਸੁਣਾਵੇ। ਪਰ ਉਹ ਇਸ ਤਰ੍ਹਾਂ ਵੀ ਨਹੀਂ ਸੀ ਕਰ ਸਕਦੀ। ਕਨੂੰਨ ਨੇ ਉਸਦੇ ਵੀ ਹੱਥ ਬੰਨੇ ਹੋਏ ਸਨ। ਉਹ ਆਪਣੇ ਮੌਮ-ਡੈਡ ਨੂੰ ਵੀ ਨਹੀਂ ਸੀ ਦੱਸ ਸਕਦੀ ਕਿਉਂਕਿ ਮੌਮ ਨੇ ਇਹ ਖ਼ਬਰ ਸੁਣਦਿਆਂ ਸਾਰ, ਪੁਲੀਸ ਨੂੰ ਫੋਨ ਕਰ ਦੇਣਾ ਸੀ। ਤੇ ਫੇਰ ਪੁਲੀਸ ਜੈਰੀ ਨਾਲ਼ ਕੀ ਕਰੇ? ਪਤਾ ਨਹੀਂ।

ਘੰਟਾ ਭਰ ਸੋਚਾਂ ਦੇ ਸਮੁੰਦਰ ਵਿਚ ਡੁੱਬੀ ਉਹ ਊਂਘਣ ਲੱਗ ਪਈ। ਸਾਰੇ ਦਿਨ ਦੀ ਥੱਕੀ ਹਾਰੀ ਦੀ ਫੇਰ ਅੱਖ ਲੱਗ ਗਈ। ਉਸਦਾ ਸਾਰਾ ਦਿਨ ਕੰਮ ਕਰਦਿਆਂ ਅਤੇ ਸ਼ਾਮ ਤੋਂ ਇਕ ਵਜੇ ਸਵੇਰ ਤੱਕ ਪੜ੍ਹਦਿਆਂ ਬੀਤਿਆ ਸੀ। ਸਵੇਰੇ ਫੇਰ ਉਸਨੇ ਯੂਨੀਵਰਸਿਟੀ ਪਹੁੰਚਣਾ ਸੀ, ਜਿੱਥੇ ਉਹ ਬੀ.ਏ. ਔਨਰਜ਼ ਦੀ ਸਟੱਡੀ ਕਰ ਰਹੀ ਸੀ।

ਲਾਰਾ ਲੰਮੀ-ਲੰਝੀ, ਸੋਹਣੀ-ਸੁਨੱਖੀ ਟੀਨਏਜ ਦਿਨਾਂ ਵਿੱਚੋਂ ਟੱਪ ਕੇ ਜੁਆਨੀ ਦੀਆਂ ਬਰੂਹਾਂ ਤੇ ਖੜੀ, ਪਤਲੀ ਜਿਹੀ, ਤਿੱਖੇ-ਤਿੱਖੇ ਨੈਣ ਨਕਸ਼, ਗੋਰੀ ਚਿੱਟੀ। ਤੁਰਦੀ ਤਾਂ ਲੋਕੀਂ ਮੁੜ ਕੇ ਝਾਕਦੇ। ਪੜ੍ਹਨ ਵਿਚ ਬਹੁਤ ਹੁਸ਼ਿਆਰ। ਮਿਹਨਤੀ। ਵੱਡੇ-ਵੱਡੇ ਸੁਪਨੇ। ਕੁੱਝ ਬਣਨ ਦੀ ਚਾਹਤ। ਸੁਪਨਿਆਂ ਨੂੰ ਚਾਹਤ ਦੀ ਚਾਸ਼ਣੀ ਵਿੱਚ ਭਿਉਂ ਕੇ ਉਹ ਹਰ ਰੋਜ਼ ਘਰੋਂ ਨਿੱਕਲਦੀ। ਸਜ-ਸੰਵਰ ਕੇ। ਕਾਰ ਦੁੜਾਉਂਦੀ ਯੂਨੀਵਰਸਿਟੀ ਪਹੁੰਚ ਜਾਂਦੀ। ਉੱਥੋਂ ਕੰਮ 'ਤੇ। ਜਦੋਂ ਕੰਮ ਛੱਡਦੀ ਤਾਂ ਲਾਇਬਰੇਰੀ। ਉੱਥੋਂ ਨਿੱਕਲਦੀ, ਜਿੱਮ ਚਲੀ ਜਾਂਦੀ। ਗੱਲ ਕੀ ਉਸਨੇ ਐਨੀ ਛੋਟੀ ਉਮਰ ਵਿਚ ਆਪਣੇ ਆਪ ਨੂੰ ਰੁਝੇਵੇਂ ਵਿਚ ਗਲਤਾਨ ਕਰ ਲਿਆ ਸੀ। ਇਹੋ ਉਸਦੀ ਜ਼ਿੰਦਗੀ ਦਾ ਰੁਟੀਨ ਬਣ ਗਿਆ।

ਲਾਰਾ ਪੋਲਿਸ਼ ਪਰਿਵਾਰ ਨਾਲ਼ ਸੰਬੰਧ ਰੱਖਦੀ ਸੀ। ਭਾਵੇਂ ਉਸਦਾ ਜਨਮ ਕੈਨੇਡਾ ਵਿਚ ਹੋਇਆ ਪਰ ਉਸਦੇ ਪੁਰਖਿਆਂ ਦਾ ਪਰਿਵਾਰਕ ਪਿਛੋਕੜ ਪੋਲੈਂਡ ਹੀ ਸੀ। ਜਦੋਂ ਪੋਲੈਂਡ ਨੂੰ ਜਰਮਨ ਨੇ ਤਿੰਨਾਂ ਪਾਸਿਆਂ ਤੋਂ ਘੇਰ ਲਿਆ, ਤੇ ਉਹ ਸਾਰੇ ਯੋਰਪ ਵੱਲ ਮੂੰਹ ਕਰਕੇ ਤੁਰਿਆ, ਉਸਨੂੰ ਰੋਕਣ ਲਈ ਪੋਲੈਂਡ ਦੇ ਪੱਛਮ ਵੱਲੋਂ ਰੂਸ ਨੇ ਉਸਨੂੰ ਘੇਰਾ ਪਾ ਲਿਆ, ਇਹੋ ਦੁਨੀਆਂ ਦੀ ਦੂਜੀ ਜੰਗ ਦੀ ਸ਼ੁਰੂਆਤ ਸਿੱਧ ਹੋਈ। ਐਡੋਲਫ ਹਿਟਲਰ ਨੇ ਲੱਖਾਂ ਬੰਦੇ ਜਿੱਥੇ ਆਪਣੀ ਫੌਜ ਰਾਹੀਂ ਮਾਰ ਮੁਕਾਏ ਉੱਥੇ ਉਸਤੋਂ ਵੀ ਵੱਧ ਕੰਸਨਟਰੇਸ਼ਨ ਕੈਂਪਾਂ ਨੂੰ ਭੇਜ ਕੇ ਮਰਵਾ ਦਿੱਤੇ। ਜਿਹੜੇ ਬੰਦੇ ਗੈਸ ਚੈਂਬਰਾਂ ਵੱਲ ਜਾਂਦੇ ਉਹ ਕਦੀ ਮੁੜ ਕੇ ਵਾਪਿਸ ਨਾ ਪਰਤਦੇ। ਉਸ ਵੇਲੇ ਰੋਮਨ ਕੈਥੋਲਿਕ ਅਤੇ ਯਹੂਦੀ ਦੋਨੋਂ ਹੀ ਖ਼ਤਰੇ ਵਿਚ ਸਨ। ਯਹੂਦੀਆਂ ਨੂੰ ਪਸ਼ੂਆਂ ਵਾਂਗ ਸ਼ਿਕਾਰ ਕਰਕੇ ਭਾਲ਼ਿਆ ਜਾਂਦਾ ਅਤੇ ਗੋਲੀਆਂ ਨਾਲ਼ ਉੜਾ ਦਿੱਤਾ ਜਾਂਦਾ। ਇਸ ਗੱਲੋਂ ਰੋਮਨ ਕੈਥੋਲਿਕ ਫੇਰ ਵੀ ਆਪਣਾ ਬਚਾਅ ਕਰ ਸਕਦੇ ਸਨ। ਉਹ ਆਪਣੇ ਘਰਾਂ ਵਿਚੋਂ ਬਾਹਰ ਨਾ ਨਿੱਕਲਦੇ। ਵਾਹ ਲਗਦੀ ਆਪ ਅਤੇ ਆਂਢੀ-ਗੁਆਂਢੀ ਯਹੂਦੀਆਂ ਨੂੰ, ਜਾਂ ਉਨ੍ਹਾਂ ਦੇ ਬੱਚਿਆਂ ਨੂੰ ਨਾਲ਼ ਲੈ ਕੇ ਅੰਡਰਗਰਾਉਂਡ ਹੋ ਜਾਂਦੇ। ਅੰਡਰਗਰਾਉਂਡ ਹੋਏ ਬੰਦੇ ਕੋਈ ਨਾ ਕੋਈ ਵਿਧ ਬਣਾ ਕੇ ਯਹੂਦੀ ਬੱਚਿਆਂ ਨੂੰ, ਜਾਂ ਯਹੂਦੀਆਂ ਨੂੰ ਨਾਲ਼ ਲੈ ਕੇ ਦੇਸ਼ੋਂ ਬਾਹਰ ਕੱਢ ਦਿੰਦੇ। ਕਈ-ਕਈ ਦਿਨ ਭੁੱਖਣ-ਭਾਣੇ ਰਹਿ ਕੇ, ਘਰਾਂ ਅੰਦਰ ਭੋਰੇ ਕੱਢ ਕੇ, ਉਹ ਲੁਕ ਕੇ ਬੈਠੇ ਰਹਿੰਦੇ। ਸਾਰਾ ਦਿਨ ਖੜਾਕ ਨਾ ਕਰਦੇ। ਆਪਣਾ ਸਾਹ ਬੰਦ ਕਰੀ, ਹਨੇਰੇ ਦੀ ਉਡੀਕ ਕਰਦੇ। ਬਹੁਤ ਲੋਕ ਜੱਥੇਬੰਦੀਆਂ ਨਾਲ਼ ਜਾ ਰਲ਼ੇ, ਜਿਨ੍ਹਾਂ ਨੇ ਮੁਹਿੰਮ ਵਿੱਢੀ ਹੋਈ ਸੀ ਕਿ ਔਰਤਾਂ ਅਤੇ ਬੱਚਿਆਂ ਨੂੰ ਕਿਸ ਤਰ੍ਹਾਂ ਬਚਾਇਆ ਜਾਵੇ ਅਤੇ ਬਾਹਰਲੇ ਦੇਸ਼ਾਂ ਵੱਲ ਕੱਢਿਆ ਜਾਵੇ। ਸੈਂਕੜੇ ਲੋਕਾਂ ਨੂੰ ਉਨ੍ਹਾਂ ਨੇ ਬਸੀਮੇ ਪਾਰ ਕਰਵਾਏ ਤਾਂ ਕਿ ਉਹ ਆਪ ਅਤੇ ਉਨ੍ਹਾਂ ਦੇ ਬੱਚੇ ਆਪਣੀਆਂ ਜਾਨਾਂ ਬਚਾ ਸਕਣ। ਇਸ ਜੱਦੋ ਜਹਿਦ ਵਿਚ ਬੱਚੇ ਮਾਂ-ਬਾਪ ਤੋਂ ਜੁਦਾ ਹੋ ਗਏ। ਬੱਚੇ ਬਚਾਉਣ ਵਾਲਿਆਂ ਨੇ ਉਨ੍ਹਾਂ ਨੂੰ, ਦੇਸ਼ ਤੋਂ ਬਾਹਰ ਇੰਗਲੈਂਡ, ਆਇਰਲੈਂਡ, ਅਸਟਰੇਲੀਆ, ਅਮਰੀਕਾ ਵਰਗੇ ਦੇਸ਼ਾਂ ਵਿੱਚ ਪਹੁੰਚਾ ਦਿੱਤਾ। ਪਰ ਜਰਮਨ ਆਪਣੀ ਧਾਂਕ ਜਮਾਈ ਅੱਗੇ ਵੱਧਦਾ ਰਿਹਾ ਅਤੇ ਫਰਾਂਸ ਤੱਕ ਪਹੁੰਚ ਗਿਆ।

ਲਾਰਾ ਦੀ ਪੜਨਾਨੀ 'ਗੇਬਰੀਐਲਾ' ਉਸ ਵੇਲੇ ਦਸ-ਬਾਰ੍ਹਾਂ ਵਰ੍ਹਿਆਂ ਦੀ ਸੀ ਜੋ ਇਸੇ ਤਰ੍ਹਾਂ ਦੇ ਕਿਸੇ ਕਾਫ਼ਲੇ ਨਾਲ ਪੋਲੈਂਡ ਤੋਂ ਬਾਹਰ ਨਿੱਕਲੀ ਸੀ। ਮਾਂ-ਪਿਓ ਤੋਂ ਵਿਛੜੀ ਧੀ ਅਮਰੀਕਾ ਵਿਚ ਕਿਸੇ ਫੌਸਟਰ ਹੋਮ ਵਿਚ ਰਹੀ। ਉਸਦੇ ਫੌਸਟਰ ਮਾਂ-ਬਾਪ 'ਰੂਥ' ਅਤੇ 'ਪੀਟਰ ਐਂਡਰਿਊਜ਼' ਸਨ ਜਿਨ੍ਹਾਂ ਦੇ ਆਪਣੀ ਔਲਾਦ ਨਹੀਂ ਸੀ। ਕੁਝ ਸਮਾਂ ਪਾ ਕੇ ਉਨ੍ਹਾਂ ਨੇ ਗੇਬਰੀਐਲਾ ਦਾ ਚੰਗਾ ਸੁਭਾਅ ਦੇਖ ਕੇ ਉਸਨੂੰ ਗੋਦ ਲੈ ਲਿਆ। ਅਮਰੀਕਾ ਵਿਚ ਨਸਲਵਾਦ ਬਹੁਤ ਸੀ। ਕਾਲੇ-ਗੋਰਿਆਂ ਦਾ ਰੌਲ਼ਾ ਪਿਆ ਰਹਿੰਦਾ। ਗੇਬਰੀਐਲਾ ਯਹੂਦੀ ਕੁੜੀ ਹੋਣ ਕਾਰਨ ਉਨ੍ਹਾਂ ਨੂੰ ਡਰ ਲੱਗਾ ਰਹਿੰਦਾ ਕਿ ਕੋਈ ਉਨ੍ਹਾਂ ਨਾਲ਼ ਵੀ ਬੁਰਾ ਵਰਤਾ ਨਾ ਕਰੇ। ਜੇ ਕਰ ਕਾਲੇ ਲੋਕਾਂ ਨਾਲ਼ ਵਿਤਕਰਾ ਹੋ ਰਿਹਾ ਸੀ ਤਾਂ ਯਹੂਦੀਆਂ ਨਾਲ਼ ਵੀ ਬਹੁਤਾ ਚੰਗਾ ਵਰਤਾ ਨਹੀਂ ਸੀ ਹੋ ਰਿਹਾ। ਭਾਵੇਂ ਉਨ੍ਹਾਂ ਦੇ ਰੰਗ ਗੋਰੇ ਹੀ ਸਨ।

ਅਮਰੀਕਾ ਦੇ ਨਸਲਵਾਦ ਕਾਰਨ ਮਿਸਟਰ ਅਤੇ ਮਿਸਿਜ਼ ਐਂਡਰਿਊਜ਼ ਗੇਬਰੀਐਲਾ ਨੂੰ ਲੈ ਕੇ ਕੈਨੇਡਾ ਵਿਚ ਆਣ ਵੱਸੇ। ਕੈਨੇਡਾ ਨਵਾਂ ਦੇਸ਼ ਸੀ। ਬਹੁਸੱਭਿਅਕ ਸੀ। ਇੱਥੇ ਕੋਈ ਰੰਗ ਨਸਲ ਦਾ ਭਿੰਨ-ਭੇਦ ਨਹੀਂ ਸੀ ਕਰਦਾ। ਗੇਬਰੀਐਲਾ ਨੇ ਕੈਨੇਡਾ ਆ ਕੇ ਪੜ੍ਹਾਈ ਕੀਤੀ ਅਤੇ ਕਿਸੇ ਕਨੇਡੀਅਨ ਨਾਲ਼ ਵਿਆਹ ਵੀ ਕਰਵਾ ਲਿਆ। ਲਾਰਾ ਦੀ ਨਾਨੀ 'ਇਜ਼ਬੈਲਾ' ਦਾ ਜਨਮ ਕੈਨੇਡਾ ਹੀ ਹੋਇਆ ਸੀ। ਭਾਵੇਂ ਇਹ ਪਰਿਵਾਰ ਹੁਣ ਕਨੇਡੀਅਨ ਹੀ ਕਹਾਉਂਦਾ ਹੈ ਕਿਉਂਕਿ ਤਿੰਨ ਪੀੜ੍ਹੀਆਂ ਤੋਂ ਉਹ ਇੱਥੇ ਵੱਸਦੇ ਵਿਚਰਦੇ ਆ ਰਹੇ ਹਨ। ਕੈਨੇਡਾ ਉਨ੍ਹਾਂ ਦਾ ਵੀ ਘਰ ਬਣ ਚੁੱਕਾ ਹੈ ਪਰ ਫੇਰ ਵੀ ਕਦੀ ਕਦਾਈਂ ਪੋਲਿਸ਼ ਰਸਮਾਂ ਉਹ ਘਰ ਵਿਚ ਕਰਦੇ ਹਨ। ਲਾਰਾ ਦੀ ਨਾਨੀ ਭਾਵ ਨੈਨਾ 'ਇਜ਼ਬੈਲਾ' ਮਾੜੀ ਮੋਟੀ ਪੋਲਿਸ਼ ਬੋਲੀ ਵੀ ਬੋਲ ਲੈਂਦੀ ਜਿਹੜੀ ਉਸਨੇ ਆਪਣੀ ਮਾਂ ਤੋਂ ਸਿੱਖੀ ਸੀ। ਇਜ਼ਬੈਲਾ ਨੇ ਆਪਣੀ ਧੀ ਐਂਜਲੀਨਾ ਨੂੰ ਪੋਲਿਸ਼ ਸਿਖਾਲਣ ਦੀ ਬਥੇਰੀ ਕੋਸ਼ਿਸ਼ ਕੀਤੀ। ਐਂਜਲੀਨਾ ਸਮਝ ਤਾਂ ਲੈਂਦੀ, ਪਰ ਸ਼ੁੱਧ ਬੋਲ ਨਹੀਂ ਸੀ ਸਕਦੀ। ਜੇ ਕਰ ਐਂਜਲੀਨਾ ਨਹੀਂ ਬੋਲ ਸਕਦੀ, ਭਲਾ ਲਾਰਾ ਨੇ ਕਿੱਥੋਂ ਬੋਲਣੀ ਸੀ। ਨੈਨਾ ਜਦੋਂ ਗੁੱਸੇ ਵਿਚ ਆਉਂਦੀ ਤਾਂ ਪੋਲਿਸ਼ ਬੋਲਦੀ। ਐਂਜਲੀਨਾ ਅਤੇ ਉਸਦਾ ਪਤੀ ਡੇਵਿਡ ਹੱਸਦੇ ਕਿ, 'ਅਜ ਮੌਮ ਨੂੰ ਪੋਲੈਂਡ ਦਾ ਅਟੈਕ ਹੋ ਗਿਆ ਹੈ।'

ਲਾਰਾ ਜਦੋਂ ਛੋਟੀ ਜਿਹੀ ਸੀ, ਉਸ ਵੇਲੇ ਤੋਂ ਐਂਜਲੀਨਾ ਅਤੇ ਡੇਵਿਡ ਆਪਣੇ ਕੰਮ ਵਿਚ ਮਸਰੂਫ਼ ਰਹਿੰਦੇ। ਲਾਰਾ ਅੰਦਰ ਇਕ ਖਲਾਅ ਸੀ। ਉਮਰ ਵੱਧਣ ਨਾਲ਼ ਖਲਾਅ ਵੀ ਵੱਧਦਾ ਗਿਆ। ਉਸਨੂੰ ਪੂਰਨ ਲਈ ਨਾ ਉਸਦੀ ਮੌਮ ਕੋਲ ਵਕਤ ਸੀ ਤੇ ਨਾ ਡੈਡ ਕੋਲ। ਉਹ ਦੋਨੋਂ ਦੁਨੀਆਂ ਦੀ ਦੌੜ ਵਿਚ ਪੈਸਾ ਇੱਕਠਾ ਕਰ ਰਹੇ ਹੁੰਦੇ। ਐਂਜਲੀਨਾ ਅਤੇ ਡੇਵਿਡ ਲਾਰਾ ਅਤੇ ਐਂਡੀ ਦੀ ਚਾਹਤ ਸਮਝ ਨਾ ਸਕਦੇ। ਇਸਦਾ ਕਾਰਨ ਵੀ ਕੈਨੇਡਾ ਦੀ ਆਰਥਿਕਤਾ ਸੀ। ਜਿਸਨੇ ਉਨ੍ਹਾਂ ਦੇ ਅੰਦਰ ਬੇਭਰੋਸਗੀ ਭਰ ਦਿੱਤੀ ਸੀ। ਇਕ ਵੇਰ ਡੇਵਿਡ ਦਾ ਕੰਮ ਛੁੱਟ ਗਿਆ। ਉਹ ਸਾਲ ਭਰ ਵਿਹਲਾ ਤੁਰਿਆ ਫਿਰਦਾ ਰਿਹਾ। ਜੇਬ ਵਿਚ ਬੱਸ 'ਤੇ ਜਾਣ ਆਉਣ ਦੇ ਪੈਸੇ ਵੀ ਨਾ ਹੁੰਦੇ। ਐਂਜਲੀਨਾ ਦੀ ਕਮਾਈ ਨਾਲ਼ ਘਰ ਚੱਲਦਾ। ਉਸ ਔਖੇ ਸਮੇਂ ਨੇ ਉਨ੍ਹਾਂ ਦੋਹਾਂ ਨੂੰ ਹੱਡ ਭੰਨਵੀ ਮਿਹਨਤ ਕਰਨ ਵੱਲ ਧੱਕ ਦਿੱਤਾ। ਡੇਵਿਡ ਨੇ ਆਪਣੇ ਆਪ ਨਾਲ਼ ਫ਼ੈਸਲਾ ਕੀਤਾ ਹੋਇਆ ਸੀ ਕਿ ਉਹ ਮੁੜ ਕੇ ਕਦੀ ਵੀ ਇਸ ਤਰ੍ਹਾਂ ਦੀ ਸਿਚੂਏਸ਼ਨ ਵਿਚੀਂ ਨਹੀਂ ਗੁਜ਼ਰੇਗਾ। ਇਸੇ ਲਈ ਉਹ ਦੋਨੋਂ ਸਭ ਕੁਝ ਹਾਸਿਲ ਕਰਨ ਲਈ ਟੁੱਟ-ਟੁੱਟ ਮਰਦੇ ਤਾਂ ਕਿ ਉਨ੍ਹਾਂ ਦੇ ਬੱਚੇ ਕਿਸੇ ਗੱਲੋਂ ਵਿਰਵੇਂ ਨਾ ਰਹਿਣ। ਉਹ ਲਾਰਾ ਅਤੇ ਐਂਡੀ ਵਾਸਤੇ ਦੁਨੀਆਂ ਦੀ ਹਰ ਸ਼ੈਅ ਖਰੀਦਣ ਲਈ ਕੰਮ ਵਿਚ ਬਿਜ਼ੀ ਰਹਿੰਦੇ। ਉਹ ਸ਼ਾਇਦ ਸੋਚਦੇ ਹੋਣਗੇ ਕਿ ਬੱਚਿਆ ਵਾਸਤੇ ਵਧੀਆ ਘਰ, ਬਰੈਂਡ ਨੇਮ ਕੱਪੜੇ, ਹਰ ਉਹ ਵਸਤ ਜਿਹੜੀ ਮਾਰਕਿਟ ਵਿਚ ਆਉਂਦੀ ਸੀ, ਲੈਣ ਤੋਂ ਬਿਨਾਂ ਬੱਚਿਆਂ ਨੂੰ ਹੋਰ ਚਾਹੀਦਾ ਕੀ ਸੀ?

ਡੇਵਿਡ ਲਾਰਾ ਅਤੇ ਐਂਡੀ ਲਈ ਕਦੀ-ਕਦਾਈਂ ਵਕਤ ਕੱਢ ਲੈਂਦਾ। ਉਹ ਉਨ੍ਹਾਂ ਦੋਹਾਂ ਨੂੰ ਬਾਹਰ ਘੁੰਮਾ ਲਿਆਉਂਦਾ। ਮੂਵੀ ਦਿਖਾਲ ਲਿਆਉਂਦਾ। ਮੈਕਡੌਨਲਡ ਲੈ ਜਾਂਦਾ। ਕੋਈ ਖਿਡਾਉਣਾ ਲੈ ਦਿੰਦਾ। ਮੌਮ ਹੋਰ ਨਿੱਕੇ ਮੋਟੇ ਕੰਮ ਕਰ ਦਿੰਦੀ ਜਿਵੇਂ ਡਾਕਟਰ ਦੇ ਲੈ ਕੇ ਜਾਣਾ, ਡੈਨਟਿਸਟ ਦੇ ਲਿਜਾਣਾ। ਇਸ ਤਰ੍ਹਾਂ ਦੇ ਸਮੇਂ ਨਾਲ਼ ਵੀ ਲਾਰਾ ਖੁਸ਼ ਹੁੰਦੀ। ਸਕੂਲ ਜਾ ਕੇ ਉਹ ਆਪਣੀਆਂ ਸਹੇਲੀਆਂ ਨੂੰ ਗੱਲਾਂ ਜੋੜ-ਜੋੜ ਕੇ, ਇੱਕ ਦੀਆਂ ਚਾਰ-ਚਾਰ ਬਣਾ ਕੇ ਦੱਸਦੀ।

ਦੁਨੀਆਂ ਦੀ ਹਰ ਸ਼ੈਅ ਦੋਹਾਂ ਕੋਲ ਸੀ। ਘਰ ਇਲੈਕਟਰੌਨਿਕ ਖਿਡਾਉਣਿਆਂ ਨਾਲ਼ ਭਰਿਆ ਭਕੁੰਨਿਆ ਪਿਆ ਸੀ। ਐਂਜਲੀਨਾ ਅਤੇ ਡੇਵਿਡ ਦਾ ਔਖਾ ਸਮਾਂ ਨਿੱਕਲ ਗਿਆ ਸੀ। ਤੇ ਹੁਣ ਸਮੇਂ ਦੇ ਨਾਲ਼ ਘਰ ਵੀ ਵੱਡੇ ਤੋਂ ਵੱਡਾ ਹੋਈ ਜਾ ਰਿਹਾ ਸੀ। ਘਰ ਦੇ ਬੈਕ ਯਾਰਡ ਵਿਚ ਸਵਿਮਿੰਗ ਪੂਲ। ਟੈਨਿਸ ਕੋਰਟ ਯਾਰਡ। ਬੇਸਮੈਂਟ ਵਿੱਚ ਸੌਣਾ। ਗਾਰਡਨ ਵਿੱਚ ਫਾਊਂਟੇਨ, ਗਜ਼ੀਬੋ, ਪੀਂਘਾਂ, ਗੱਲ

ਕੀ ਹਰ ਸੁਵਿਧਾ ਸੀ ਬੱਚਿਆਂ ਵਾਸਤੇ। ਸਿਰਫ਼ ਮਾਂ-ਬਾਪ ਕੰਮ ਤੇ ਬਿਜ਼ੀ ਰਹਿੰਦੇ ਸਨ। ਉਨ੍ਹਾਂ ਦੇ ਮਾਂ-ਬਾਪ ਦਾ ਵਕਤ ਉਨ੍ਹਾਂ ਵਾਸਤੇ ਦਿਨੋਂ ਦਿਨ ਘਟੀ ਜਾ ਰਿਹਾ ਸੀ। ਐਂਜਲੀਨਾ ਅਤੇ ਡੇਵਿਡ ਦੋਨੋਂ ਸਵੇਰੇ ਵੇਲੇ ਸਿਰ ਕੰਮ ਤੇ ਚਲੇ ਜਾਂਦੇ। ਰਾਤ ਦੇ ਕੱਪੜਿਆਂ ਵਿੱਚ, ਬੱਚਿਆਂ ਨੂੰ ਨੈਨਾ ਕੋਲ ਛੱਡ ਜਾਂਦੇ। ਨੈਨਾ ਦੋਹਾਂ ਭੈਣ-ਭਰਾ ਨੂੰ ਤਿਆਰ ਕਰਕੇ ਸਕੂਲ ਭੇਜਦੀ ਅਤੇ ਸਕੂਲੋਂ ਵਾਪਸ ਪਰਤਦਿਆਂ ਨੂੰ ਸੰਭਾਲਦੀ। ਉਨ੍ਹਾਂ ਨੂੰ ਖਿਲਾਉਂਦੀ-ਪਿਲਾਉਂਦੀ। ਉਨ੍ਹਾਂ ਨਾਲ਼ ਗੇਮਾਂ ਖੇਡਦੀ। ਕਹਾਣੀਆਂ ਸੁਣਾਉਂਦੀ। ਐਂਜਲੀਨਾ ਅਤੇ ਡੇਵਿਡ ਕਈ ਵੇਰ ਰਾਤ ਨੂੰ ਘਰ ਵੀ ਬਹੁਤ ਲੇਟ ਆਉਂਦੇ। ਇਸ ਤਰ੍ਹਾਂ ਦੇ ਵੇਲੇ ਲਾਰਾ ਅਤੇ ਐਂਡੀ ਨੈਨਾ ਕੋਲ ਸੌਂ ਜਾਂਦੇ। ਨੈਨਾ ਸਵੇਰੇ ਫਿਰ ਦੋਹਾਂ ਨੂੰ ਤਿਆਰ ਕਰਦੀ ਅਤੇ ਸਕੂਲ ਬੱਸ ਤੱਕ ਛੱਡ ਆਉਂਦੀ। ਨੈਨਾ ਦਾ ਰੁਝੇਵਾਂ ਵੀ ਬਣਿਆ ਰਹਿੰਦਾ। ਬੱਚਿਆਂ ਨੂੰ ਵੀ ਬਾਹਰ ਕਿਸੇ ਹੋਰ ਬੇਵੀ ਸਿਟਰ ਕੋਲ ਨਾ ਛੱਡਣਾ ਪੈਂਦਾ। ਨੈਨਾ ਨੂੰ ਬੇਵੀ ਸਿਟਰ ਦੇ ਪੈਸਿਆਂ ਦਾ ਫ਼ਿਕਰ ਖਾ ਰਿਹਾ ਹੁੰਦਾ ਕਿ ਕਿਵੇਂ ਉਹ ਬੰਦੇ ਦੀ ਅੱਧੀ ਤਨਖਾਹ ਲੈ ਜਾਂਦੀਆਂ ਹਨ। ਉਸਦੀ ਆਪਣੀ ਮਾਂ ਨੇ ਉਸਨੂੰ ਕਿਵੇਂ ਔਖੇ ਹੋ ਕੇ ਪਾਲ਼ਿਆ ਸੀ, ਉਹ ਸੋਚਦੀ।

ਅੱਠਵੀਂ ਪਾਸ ਕਰਕੇ ਲਾਰਾ 'ਸੇਂਟ ਮਾਈਕਲ' ਹਾਈ ਸਕੂਲ ਚਲੀ ਗਈ ਉੱਥੇ ਜਾ ਕੇ ਉਸ ਵਿਚ ਕੁਝ ਤਬਦੀਲੀ ਆ ਗਈ। ਪੀਅਰ ਪਰੈਸ਼ਰ ਨੇ ਉਸਦੀ ਸੋਚ ਬਦਲ ਦਿੱਤੀ। ਉਹ ਚਿੜਚਿੜੀ ਜਿਹੀ ਰਹਿਣ ਲੱਗ ਪਈ। ਆਉਂਦੇ ਸਾਲ ਐਂਡੀ ਵੀ ਉਸੇ ਸਕੂਲ ਦਾਖ਼ਲ ਹੋ ਗਿਆ। ਜਿਸ ਤਰ੍ਹਾਂ ਹੋਰ ਬੱਚਿਆਂ ਨੇ ਲਾਰਾ ਨੂੰ ਬੁੱਲੀ ਕੀਤਾ ਸੀ, ਉਸੇ ਤਰ੍ਹਾਂ ਜਦੋਂ ਐਂਡੀ ਨਾਲ਼ ਬੀਤਣ ਲੱਗੀ ਤਾਂ ਲਾਰਾ ਕੰਧ ਬਣ ਕੇ ਮੋਹਰੇ ਖੜੋ ਜਾਂਦੀ। ਉਹ ਆਪਣਾ ਅਤੇ ਐਂਡੀ ਦਾ ਧਿਆਨ ਰੱਖਣ ਲੱਗ ਪਈ। ਇੱਥੇ ਹੀ ਬੱਸ ਨਹੀਂ, ਜੋ ਵਤੀਰਾ ਉਸ ਨਾਲ਼ ਹੁੰਦਾ ਸੀ, ਉਹ ਹੋਰ ਬੱਚਿਆਂ ਨਾਲ਼ ਵੀ ਉਸੇ ਤਰ੍ਹਾਂ ਦਾ ਵਤੀਰਾ ਕਰਨ ਲੱਗ ਪਈ। ਕਿਸੇ ਨੇ ਉਸਦੇ ਇੱਕ ਮਾਰੀ ਤਾਂ ਉਹ ਦੋ ਮਾਰਦੀ। ਕਿਸੇ ਨੇ ਮਾੜਾ-ਚੰਗਾ ਬੋਲਿਆ ਹੁੰਦਾ ਤਾਂ ਲਾਰਾ ਵੀ ਗਾਲ਼ਾਂ ਕੱਢਣ ਤੇ ਉੱਤਰ ਆਉਂਦੀ। ਉਹ ਵੀ ਦੂਜੇ ਮੁੰਡੇ-ਕੁੜੀਆਂ ਨੂੰ ਬੁੱਲੀ ਕਰਦੀ। ਮਾਰਦੀ ਕੁੱਟਦੀ। ਉਨ੍ਹਾਂ ਦੇ ਬੈਗ ਵਿੱਚੋਂ ਚੀਜ਼ਾਂ ਕੱਢ ਕੇ ਭੰਨ ਤੋੜ ਸੁੱਟਦੀ।

ਘਰ ਵਿਚ ਵੀ ਉਹ ਢੀਠ ਜਿਹੀ ਹੋ ਗਈ। ਉਸਦੇ ਸੁਭਾਅ ਵਿਚ ਜੋ ਤਬਦੀਲੀ ਆਈ, ਉਸਨੇ ਨੈਨਾ ਨੂੰ ਚਿੰਤਤ ਕਰ ਦਿੱਤਾ। ਨੈਨਾ ਕਈ ਵੇਰ ਐਂਜਲੀਨਾ ਅਤੇ ਡੇਵਿਡ ਨੂੰ ਆਖਦੀ, "ਐਂਜਲੀਨਾ! ਬੱਚੇ ਬਦਲ ਰਹੇ ਹਨ। ਵੱਡੇ ਹੋ ਰਹੇ ਹਨ। ਇਨ੍ਹਾਂ ਦੇ ਸੁਭਾਅ ਵਿੱਚ ਵੀ ਫ਼ਰਕ ਪੈ ਰਿਹਾ ਹੈ। ਬੱਚਿਆਂ ਦਾ ਬਚਪਨ ਤੁਹਾਥੋਂ ਦੋਹਾਂ ਬਿਨਾਂ ਬੀਤ ਜਾਣਾ ਹੈ। ਇਸ ਬਚਪਨ ਨੇ ਮੁੜ ਕੇ ਨਹੀਂ ਪਰਤਣਾ। ਹਨੀ! ਇੰਜੁਆਏ ਦੀਅਰ ਚਾਇਲਡਹੁੱਡ। ਵਰਕ ਵਿੱਲ ਵੀ ਦਿਅਰ ਟੁਮਾਰੋ। ਹੈੱਲ ਵਿੱਦ ਦ ਵਰਕ। ਤੁਸੀਂ ਇਨ੍ਹਾਂ ਦੇ ਕੀਮਤੀ ਵਕਤ ਨੂੰ ਮਾਣੋ। ਵਰਨਾ।"

ਐਂਜਲੀਨਾ ਮਾਂ ਦੀ ਗੱਲ ਦਾ ਜਵਾਬ ਔਖੀ ਹੋ ਕੇ ਦਿੰਦੀ। ਕਹਿੰਦੀ, "ਮੌਮ! ਤੁਹਾਡਾ ਸਮਾਂ ਚਲੇ ਗਿਆ, ਬੀਤ ਗਿਆ, ਗੌਨ। ਆਈ ਨੋ ਵੱਟ ਆਈ ਐਮ ਡੂਇੰਗ। ਮੈਨੂੰ ਪਤਾ, ਮੈਂ ਕੀ ਕਰਦੀ ਹਾਂ। ਅੱਜ ਦੇ ਸਮੇਂ ਬੱਚਿਆਂ ਦੀਆਂ ਲੋੜਾਂ ਵਾਸਤੇ ਸਾਨੂੰ ਭੱਜਣਾ ਪੈਣਾ ਹੈ। ਇੱਟਸ ਏ ਫਾਸਟ ਲਾਈਫ ਟੂਡੇ। ਵੀ ਹੈਵ ਟੂ ਮੂਵ ਵਿੱਦ ਇੱਟ। ਬੱਚਿਆਂ ਨੂੰ ਵੀ ਨਾਲ਼ ਹੀ ਮੂਵ ਹੋਣਾ ਪਵੇਗਾ। ਵੈਸੇ ਵੀ ਅੱਜ ਦੀ ਜੈਨਰੇਸ਼ਨ ਬਹੁਤ ਇੰਟੈਲੀਜੈਂਟ ਹੈ। ਹੁਣ ਬੱਚੇ ਮੰਮੀ-ਡੈਡੀ ਦੀ ਬੁੱਕਲ ਵਿਚ ਬੈਠਣਾ ਪਸੰਦ ਨਹੀਂ ਕਰਦੇ। ਇੱਕੋ ਘਰ ਵਿਚ ਸਾਰੇ ਆਪਣੀ-ਆਪਣੀ ਦੁਨੀਆਂ ਵਿਚ ਰਹਿੰਦੇ ਹਨ। ਲਾਰਾ ਆਪਣੇ ਫੋਨ ਤੇ ਲੱਗੀ ਰਹਿੰਦੀ ਹੈ ਅਤੇ ਐਂਡੀ ਆਪਣੇ ਤੇ। ਵੱਟ ਵੀ ਕੈਨ ਡੂ? ਅਸੀਂ ਆਪਣੇ ਰੁਝੇਵੇਂ ਵਿਚ ਉਲਝੇ ਰਹਿੰਦੇ ਹਾਂ। ਵੀ ਬੋਥ ਹੈਵ ਆਵਰ ਹੈੱਡਏਕਸ। ਸਿਰ ਚੱਕਰਾ ਜਾਂਦਾ ਹੈ ਸਾਡਾ। ਸੋ ਚਿੱਲ ਮੌਮ।"

ਹਾਈ ਸਕੂਲ ਵਿੱਚ ਲਾਰਾ ਅਤੇ ਐਂਡੀ ਦੇ ਬਹੁਤ ਸਾਰੇ ਨਵੇਂ ਦੋਸਤ ਵੀ ਬਣ ਗਏ। ਉਨ੍ਹਾਂ ਵਿਚ

ਕਈ ਖਰੂਦੀ ਬੱਚੇ ਵੀ ਸਨ ਜਿਹੜੇ ਦੂਜੇ ਬੱਚਿਆਂ ਨੂੰ ਜਾਂ ਆਪ ਤੋਂ ਛੋਟੇ ਬੱਚਿਆਂ ਦੀ ਰੈਗਿੰਗ ਕਰਦੇ। ਉਹ ਬੱਚੇ ਜਿੰਨਾ ਹੱਲਾ-ਗੁੱਲਾ ਸ਼ੋਰ ਮਚਾਉਂਦੇ, ਉਨੇ ਹੀ ਸਕੂਲ ਵਿਚ ਮਸ਼ਹੂਰ ਹੋ ਕੇ ਤੁਰੇ ਫਿਰਦੇ। ਕੁੜੀਆਂ ਉਨ੍ਹਾਂ ਦੇ ਮਗਰ-ਮਗਰ ਤੁਰੀਆਂ ਫਿਰਦੀਆਂ। ਉਨ੍ਹਾਂ ਵਿੱਚੋਂ ਹੀ, ਲਾਰਾ ਨੂੰ ਜੈਰੀ ਮਿਲਿਆ ਸੀ। ਜੈਰੀ ਵੈਨਕੂਵਰ ਤੋਂ ਟੋਰਾਂਟੋ ਆਇਆ ਸੀ। ਲਾਰਾ ਉਸ ਵੇਲੇ ਦਸਵੀਂ ਵਿਚ ਪੜ੍ਹਦੀ ਸੀ ਤੇ ਜੈਰੀ ਗਿਆਰਵੀਂ ਵਿਚ। ਜੈਰੀ ਸਤਾਰਾਂ ਸਾਲ ਦਾ ਸੀ ਅਤੇ ਕਾਰ ਚਲਾਉਣ ਦਾ ਟੈਸਟ ਪਾਸ ਕਰ ਚੁੱਕਾ ਸੀ। ਉਹ ਆਪਣੀ ਲਾਲ ਰੰਗ ਦੀ ਸਪੋਰਟਸ ਕਾਰ ਸਕੂਲ ਲਿਆਉਂਦਾ। ਅਮੀਰਜ਼ਾਦਿਆਂ ਵਾਂਗ ਦਿਖਾਵਾ ਕਰਕੇ ਸਭ ਤੇ ਰੋਹਬ ਜਮਾਉਂਦਾ। ਵਰ੍ਹਿਆਂ ਬਾਅਦ ਉਹ ਆਪਣੀ ਮਾਂ ਕੋਲ ਪਰਤਿਆ ਸੀ। ਉਹ ਛੋਟਾ ਜਿਹਾ ਸੀ ਜਦੋਂ ਉਸਦੀ ਮੌਮ ਅਤੇ ਡੈਡ ਦਾ ਝਗੜਾ ਹੋਇਆ ਸੀ। ਵਰ੍ਹਿਆਂ ਦੇ ਪਾੜੇ ਨੇ ਜੈਰੀ ਨੂੰ ਜਜ਼ਬਾਤੀ ਤੌਰ ਤੇ ਕਿਸੇ ਨਾਲ਼ ਨਾ ਜੋੜਿਆ। ਉਸਨੂੰ ਗਿਲਾ ਸੀ ਆਪਣੀ ਮਾਂ ਹੈਲੀਨਾ ਨਾਲ਼ ਜਿਸਨੇ ਉਸਨੂੰ ਅੱਠ ਵਰ੍ਹਿਆਂ ਦੀ ਉਮਰ ਵਿਚ, ਉਸਦੇ ਸ਼ਰਾਬੀ ਪਿਓ ਵਿਲੀਅਮ ਨਾਲ਼ ਤੋਰ ਦਿੱਤਾ ਸੀ। ਉਹ ਕਿਵੇਂ ਪਲ਼ਿਆ, ਉਸਨੂੰ ਹੀ ਪਤਾ ਸੀ। ਵਿਲੀਅਮ ਜਦੋਂ ਸ਼ਰਾਬ ਪੀ ਲੈਂਦਾ ਤਾਂ ਜੈਰੀ ਨੂੰ ਬਹੁਤ ਕੁੱਟਦਾ। ਜੈਰੀ ਦਾ ਗਰੈਂਡ-ਡੈਡ ਹੀ ਉਸਦੀ ਦੇਖ ਭਾਲ਼ ਕਰਦਾ ਸੀ। ਉਹ ਹੀ ਆਪਣੇ ਸ਼ਰਾਬੀ ਪੁੱਤ ਵਿਲੀਅਮ ਅਤੇ ਪੋਤੇ ਜੈਰੀ ਨੂੰ ਸਾਂਭਦਾ। ਇਸੇ ਤਰ੍ਹਾਂ ਜੈਰੀ ਰੁਲ਼-ਖੁਲ਼ ਕੇ ਪਲ਼ਿਆ ਸੀ। ਜਦੋਂ ਉਸਦੇ ਡੈਡ ਨੇ ਸ਼ਰਾਬ ਪੀ ਕੇ ਕਾਰ ਦਾ ਐਕਸੀਡੈਂਟ ਕਰ ਲਿਆ ਅਤੇ ਕਿਸੇ ਛੋਟੇ ਬੱਚੇ ਨੂੰ ਮਾਰ ਦਿੱਤਾ ਤਾਂ ਉਹ ਜੇਲ੍ਹ ਚਲਾ ਗਿਆ। ਜੈਰੀ ਉਸ ਵੇਲੇ ਦਸਵੀਂ ਵਿੱਚ ਪੜ੍ਹ ਰਿਹਾ ਸੀ। ਉਸਦੇ ਬਾਬੇ ਨੇ ਜੈਰੀ ਨੂੰ ਉਸਦੀ ਮਾਂ ਕੋਲ ਵਾਪਿਸ ਭੇਜ ਦਿੱਤਾ। ਇਹ ਆਖ ਕੇ ਕਿ, "ਮੈਂ ਇਸ ਉਮਰ ਵਿੱਚ ਇਸਨੂੰ ਕਿਵੇਂ ਸਾਂਭਾਂ?" ਵੈਸੇ ਵੀ ਟੀਨਏਜ ਮੁੰਡੇ ਦੀ ਉਹ ਕਿੱਥੇ ਖ਼ਬਰ-ਸਾਰ ਲੈਂਦਾ ਫਿਰੇ। ਉਸਦੀ ਮਾਂ ਦੂਜੇ ਪਤੀ ਰੌਜਰ ਨਾਲ਼ ਰਹਿਣ ਲੱਗ ਪਈ ਸੀ। ਉਸਨੇ ਵਿਲੀਅਮ ਤੋਂ ਡਾਇਵੋਰਸ ਲੈ ਕੇ ਰੌਜਰ ਨਾਲ਼ ਵਿਆਹ ਕਰਵਾ ਲਿਆ ਸੀ। ਜੈਰੀ ਦੀ ਮਾਂ ਨੇ ਅਤੇ ਸਟੈੱਪ ਡੈਡ ਰੌਜਰ ਨੇ ਉਸਨੂੰ ਬੀਤੇ ਸਮੇਂ ਦੇ ਇਵਜਾਨੇ ਵੱਜੋਂ ਹਰ ਉਹ ਸ਼ੈਅ ਲੈ ਕੇ ਦੇਣ ਦੀ ਕੋਸ਼ਿਸ਼ ਕੀਤੀ ਜੋ ਉਹ ਖਰੀਦ ਸਕਦੇ ਸਨ। ਉਸਦੇ ਸਟੈੱਪ ਡੈਡ ਦਾ ਬਿਜ਼ਨੈੱਸ ਚੰਗਾ ਚਲ ਰਿਹਾ ਸੀ। ਪੈਸੇ-ਧੇਲੇ ਦੀ ਕੋਈ ਕਮੀ ਨਹੀਂ ਸੀ। ਜੈਰੀ ਇਸ ਨਵੀਂ ਦੁਨੀਆਂ ਵਿਚ ਪੈਰ ਧਰਦਾ ਹੀ ਸਭ ਦਾ ਚਹੇਤਾ ਬਣ ਗਿਆ। ਉਸਦੀ ਸੁਹਣੀ-ਸੁਨੱਖੀ ਦਿੱਖ, ਗੋਰਾ-ਚਿੱਟਾ ਰੰਗ, ਰਿਸ਼ਟ-ਪੁਸ਼ਟ ਸਰੀਰ, ਉਸਦੇ ਪਹਿਨਣ-ਪਚਰਨ ਦੇ ਢੰਗ ਤੋਂ ਲਾਰਾ ਪ੍ਰਭਾਵਤ ਹੋ ਗਈ।

ਸੋਲ਼ਾਂ ਸਾਲਾਂ ਦੀ ਲਾਰਾ ਦੇ ਅੰਦਰ ਪਿਆਰ ਦੀ ਪਹਿਲੀ ਹਲਚਲ ਪੈਦਾ ਹੋਈ। ਜੈਰੀ ਵੀ ਲਾਰਾ ਦੇ ਸੁਹੱਪਣ ਵੱਲ ਖਿਚਿਆ ਗਿਆ। ਲਾਰਾ ਬਾਕੀ ਕੁੜੀਆਂ ਵਾਂਗ, ਸਕੂਲੋਂ ਜੈਰੀ ਨਾਲ਼ ਘੁੰਮਣ ਚਲੇ ਜਾਂਦੀ। ਉਸਦੀ ਕਾਰ ਵਿਚ ਬੈਠ ਕੇ ਫ਼ਖ਼ਰ ਮਹਿਸੂਸ ਕਰਦੀ ਅਤੇ ਹੋਰਨਾਂ ਕੁੜੀਆਂ ਨੂੰ ਚਿੜਾਉਂਦੀ ਜਿਵੇਂ ਆਖ ਰਹੀ ਹੋਵੇ, 'ਦੇਖੋ! ਮੈਂ ਕਿੰਨੇ ਸੋਹਣੇ ਮੁੰਡੇ ਨਾਲ਼ ਘੁੰਮਦੀ ਹਾਂ।' ਭਾਵੇਂ ਉਸਦੇ ਡੈਡ ਵੱਲੋਂ ਉਸਨੂੰ ਚਿਤਾਵਨੀ ਦਿੱਤੀ ਹੁੰਦੀ ਕਿ ਕਿਸੇ ਨਾਲ਼ ਇਸ ਤਰ੍ਹਾਂ ਇਕੱਲੇ ਨਹੀਂ ਜਾਣਾ। ਪਰ ਕਾਰ ਵਿੱਚ ਬੈਠਦਿਆਂ ਸਾਰ ਲਾਰਾ ਨੂੰ ਸਭ ਭੁੱਲ ਜਾਂਦਾ। ਉਸਨੂੰ ਜੈਰੀ ਨਾਲ਼ ਘੁੰਮਣਾ ਤੇ ਉਸਦਾ ਹੱਥ ਫੜ ਕੇ ਤੁਰਨਾ ਜਿਵੇਂ ਚੰਗਾ ਲੱਗਦਾ। ਜਦੋਂ ਉਹ ਦੋਨੋਂ ਇਕ-ਦੂਜੇ ਦਾ ਕਲਾਵਾ ਭਰ ਕੇ ਤੁਰਦੇ ਤਾਂ ਉਨ੍ਹਾਂ ਦਾ ਸਾਥ ਸਹਿਪਾਠੀਆਂ ਨੂੰ ਦੰਦੀਆਂ ਚਿੜਾ ਰਿਹਾ ਹੁੰਦਾ। ਜੈਰੀ ਨੂੰ ਪ੍ਰਭਾਵਤ ਕਰਨ ਲਈ, ਲਾਰਾ ਦੀ ਸੋਚਣੀ ਵਿਚ, ਵਿਹਾਰ ਵਿਚ ਬਹੁਤ ਅੰਤਰ ਆ ਗਿਆ। ਉਸਦੇ ਪਹਿਰਾਵੇ ਦਾ ਰੰਗ-ਢੰਗ ਬਦਲ ਗਿਆ। ਉਹ ਸਲੀਵ ਲੈੱਸ ਅਤੇ ਨੀਂਵੇ ਗਲਮੇ ਵਾਲੇ ਬਲਾਊਜ਼ ਪਹਿਨਣ ਲੱਗ ਪਈ। ਸੂਹਾ ਮੇਕਅੱਪ ਕਰਨ ਲੱਗ ਪਈ। ਕੰਨਾਂ ਵਿੱਚ ਵੱਡੇ-ਵੱਡੇ ਗੋਲ਼ ਵਾਲ਼ੇ ਲਮਕਾਉਂਦੀ। ਬਲੱਸ਼ਰ

ਨਾਲ ਮੂੰਹ ਲਾਲ ਕਰ ਲੈਂਦੀ। ਇਸ ਤਰ੍ਹਾਂ ਕਰਨ ਨਾਲ਼ ਉਹ ਆਪਣੇ ਆਪ ਨੂੰ ਵੱਡੀ ਹੋਈ ਮਹਿਸੂਸ ਕਰਦੀ।

ਨੈਨਾ ਨੂੰ ਲਾਰਾ ਦਾ ਰੰਗ-ਢੰਗ ਚੰਗਾ ਨਾ ਲੱਗਦਾ। ਨੈਨਾ ਨੂੰ ਜਾਪਦਾ ਜਿਵੇਂ ਇਸ ਤਰ੍ਹਾਂ ਦਾ ਘਟੀਆ ਪਹਿਰਾਵਾ ਅਤੇ ਮੇਕਅੱਪ ਬਜ਼ਾਰੂ ਕਿਸਮ ਦਾ ਹੋਵੇ। ਲਾਰਾ ਤਾਂ ਸੁਲਝੇ ਹੋਏ ਘਰ ਦੀ ਧੀ ਸੀ, ਉਹ ਸੋਚਦੀ। ਉਹ ਨਹੀਂ ਸੀ ਚਾਹੁੰਦੀ ਕਿ ਹੋਰ ਮੁੰਡੇ ਵੀ ਲਾਰਾ ਦੀ ਦਿੱਖ ਦਾ ਗ਼ਲਤ ਫ਼ਾਇਦਾ ਉਠਾਉਣ। ਲਾਰਾ ਦਾ ਪਹਿਰਾਵਾ ਸਭ ਨੂੰ ਗ਼ਲਤ ਸੁਨੇਹਾ ਦੇ ਰਿਹਾ ਹੁੰਦਾ। ਗਰਮੀਆਂ ਦੇ ਦਿਨਾਂ ਵਿਚ ਲਾਰਾ ਨਿੱਕੀ ਜਿਹੀ ਨਿੱਕਰ ਪਾ ਕੇ ਬਾਹਰ ਘੁੰਮਦੀ। ਗੁਆਂਢੀਆਂ ਦੇ ਮੁੰਡੇ ਉਸਨੂੰ ਦੇਖਦਿਆਂ ਸੀਟੀਆਂ ਮਾਰਦੇ। ਨੈਨਾ ਦਾ ਜਿਵੇਂ ਕਾਲਜਾ ਸੁੰਗੜ ਜਾਂਦਾ। ਡਰ ਉਸਦੇ ਮਨ ਵਿਚ ਘਰ ਕਰ ਲੈਂਦਾ। ਇਸ ਉਮਰ ਦੀਆਂ ਕੁੜੀਆਂ ਨਾਲ਼ ਕੀ ਬੀਤ ਜਾਵੇ ਜਾਂ ਬੀਤ ਸਕਦਾ ਹੈ? ਉਸ ਅੰਦਰ ਇਹ ਦਹਿਲ ਰਹਿੰਦਾ।

ਲਾਰਾ ਨੂੰ ਮੌਮ ਦਾ ਘਰ ਨਾ ਆਉਣਾ ਜਾਂ ਡੈਡ ਦਾ ਲੇਟ ਕੰਮ ਕਰਨਾ ਹੁਣ ਬੁਰਾ ਨਾ ਲੱਗਦਾ। ਜੈਰੀ ਦੇ ਗਰੁੱਪ ਵਿਚ ਅਮੀਰ ਘਰਾਂ ਦੇ ਵਿਗੜੇ-ਤਿਗੜੇ ਹੋਏ ਮੁੰਡੇ ਕੁੜੀਆਂ ਸਨ। ਜਿਨ੍ਹਾਂ ਦਾ ਕੰਮ ਮਸਤੀ ਕਰਨਾ, ਵਧੀਆ ਕਾਰਾਂ ਵਿਚ ਘੁੰਮਣਾ ਸੀ। ਲਾਰਾ ਸਭ ਕੁੱਝ ਜਾਣਦਿਆਂ ਹੋਇਆਂ ਵੀ, ਨੈਨਾ ਕੋਲ ਕੋਈ ਨਾ ਕੋਈ ਬਹਾਨਾ ਬਣਾ ਕੇ ਜੈਰੀ ਨਾਲ਼ ਬਾਹਰ ਚਲੇ ਜਾਂਦੀ। ਸ਼ਾਪਿੰਗ ਮਾਲ ਵਿਚ ਸਾਰੇ ਇਕੱਠੇ ਹੋ ਕੇ ਉਹ ਘੁੰਮਦੇ। ਵਰਨਾ ਟਿੱਮ ਹੌਰਟਨ ਕੌਫ਼ੀ ਵਿਚ ਰਲ਼ ਬੈਠਦੇ। ਕਦੀ ਕਿਸੇ ਦੋਸਤ ਦੇ ਘਰ ਵੀ ਚਲੇ ਜਾਂਦੇ। ਅਕਸਰ ਮੁੰਡਿਆਂ ਦੀ ਪਾਰਟੀ ਵਿਚ ਇਕੱਲੀ ਲਾਰਾ ਹੀ ਕੁੜੀ ਹੁੰਦੀ ਅਤੇ ਉਹ ਮੁੰਡਿਆਂ ਦੇ ਬਰਾਬਰ ਵਾਈਨ ਵੀ ਪੀ ਲੈਂਦੀ। ਬੀਅਰ ਦੀਆਂ ਚੁਸਕੀਆਂ ਭਰ ਲੈਂਦੀ। ਬੀਅਰ ਅਤੇ ਵਾਈਨ ਤਾਂ ਉਹ ਕਿਸੇ ਖਾਸ ਦਿਨ ਤੇ ਘਰ ਵੀ ਪੀ ਲੈਂਦੀ ਸੀ। ਮੌਮ-ਡੈਡ ਨੇ ਕਦੀ ਰੋਕਿਆ ਨਹੀਂ ਸੀ। ਪਰ ਉਸਦੀ ਮਾਤਰਾ ਐਨੀ ਨਾ ਹੁੰਦੀ ਜਿੰਨੀ ਉਹ ਬਾਹਰ ਦੋਸਤਾਂ ਵਿਚ ਪੀਂਦੀ। ਵੱਡੀ ਉਮਰ ਦੇ ਮੁੰਡੇ-ਕੁੜੀਆਂ ਨਾਲ਼ ਘੁੰਮਦਿਆਂ, ਜਿਵੇਂ ਉਹ ਵੀ ਆਪਣੇ ਆਪ ਨੂੰ ਜਵਾਨ ਹੋ ਗਈ ਮਹਿਸੂਸ ਕਰਦੀ।

ਨੈਨਾ ਅਕਸਰ ਲਾਰਾ ਨੂੰ ਸਮਝਾਉਂਦੀ, ਲਾਰਾ ਦੀ ਕਲਾਸਫੈਲੋ ਸਹੇਲੀ ਨਸੀਮਾ ਵੀ ਉਸਨੂੰ ਸਮਝਾਉਂਦੀ। ਨਸੀਮਾ ਗੁਜਰਾਤੀ ਮੁਸਲਮਾਨ ਹੋਣ ਕਾਰਨ ਆਪਣੇ ਪਹਿਰਾਵੇ ਦਾ ਖਾਸ ਧਿਆਨ ਰੱਖਦੀ। ਉਹ ਆਪਣਾ ਸਿਰ ਹਮੇਸ਼ਾਂ ਹਿਜਾਬ ਨਾਲ਼ ਢੱਕੀ ਰੱਖਦੀ। ਕਦੀ ਮੇਕਅੱਪ ਨਾ ਕਰਦੀ। ਇੱਕ ਵੇਰ ਨਸੀਮਾ ਨੇ ਸਕੂਲ ਜਾ ਕੇ ਹਿਜਾਬ ਲਾ ਲਿਆ ਸੀ। ਉਸਦੇ ਅੱਬਾ ਨੇ ਸਕੂਲ ਦੇ ਬਾਹਰ ਖੜੀ ਨਸੀਮਾ ਦੇਖ ਲਈ। ਨਸੀਮਾ ਦਾ ਘਰ ਆ ਕੇ ਜੋ ਹਾਲ ਹੋਇਆ, ਉਹ, ਉਹ ਹੀ ਜਾਣਦੀ ਸੀ। ਉਸਨੂੰ ਡਰ ਪੈ ਗਿਆ ਸੀ ਕਿ ਉਸਦੇ ਅੱਬਾ ਨੇ ਉਸਨੂੰ ਗੁਜਰਾਤ ਭੇਜ ਦੇਣਾ ਹੈ। ਨਸੀਮਾ ਦੇ ਪੈਰ ਜ਼ਮੀਨ ਉੱਤੇ ਅਟਕ ਗਏ ਅਤੇ ਉਹ ਹਰ ਤਰ੍ਹਾਂ ਨਾਲ਼ ਆਪਣਾ ਧਿਆਨ ਰੱਖਣ ਲੱਗ ਪਈ। ਪਰ ਲਾਰਾ ਖੁੱਲ੍ਹੇ ਮਹੌਲ ਵਿੱਚ ਪਲ਼ ਕੇ ਵੀ ਕੁਝ ਨਹੀਂ ਸੀ ਸਮਝ ਰਹੀ। ਨਸੀਮਾ ਦੀ ਕੋਈ ਗੱਲ ਜਿਵੇਂ ਲਾਰਾ ਦੇ ਪਿੜ ਪੱਲੇ ਨਹੀਂ ਸੀ ਪੈ ਰਹੀ। ਉਹ ਨਸੀਮਾ ਦੀ ਆਦਤ ਨੂੰ ਉਸਦੀ ਸੱਭਿਅਤਾ ਨਾਲ਼ ਜੋੜ ਕੇ ਲਾਂਭੇ ਕਰ ਛੱਡਦੀ। ਲਾਰਾ ਐਨੀ ਛੋਟੀ ਵੀ ਨਹੀਂ ਸੀ, ਜਿਸਨੂੰ ਝਿੜਕ ਝੰਬ ਕੇ ਬਿਠਾਲ ਲਿਆ ਜਾਂਦਾ। ਅੰਡਰ ਏਜ਼ ਹੋਣ ਕਾਰਨ ਡੇਵਿਡ ਨੇ ਕਈ ਵੇਰ ਵਾਰਨਿੰਗ ਦਿੱਤੀ ਵੀ ਪਰ ਲਾਰਾ ਤੇ ਜਿਵੇਂ ਕੋਈ ਅਸਰ ਨਾ ਹੋਇਆ। ਵੈਸੇ ਵੀ ਉਹ ਸੋਚਦਾ, 'ਜ਼ੋਰ ਜ਼ਬਰਦਸਤੀ ਕੀਤੀ ਜਾਵੇ ਤਾਂ ਬੱਚੇ ਝੱਟ ਨਾਈਨ ਵੱਨ-ਵੱਨ ਡਾਇਲ ਕਰ ਦਿੰਦੇ ਹਨ ਅਤੇ ਪੁਲੀਸ ਦੀਆਂ ਗੱਡੀਆਂ ਦਰ ਉੱਤੇ ਆ ਧਮਕਦੀਆਂ ਹਨ।'

ਇੱਕ ਦਿਨ ਲਾਰਾ ਦੀ ਚਾਚੀ ਐਮਿਲੀ ਨੇ ਜੈਰੀ ਦੀ ਕਾਰ ਵਿੱਚ ਲਾਰਾ ਨੂੰ ਦੇਖਿਆ। ਕਾਰ ਦੇ

ਸ਼ੀਸ਼ੇ ਖੁੱਲ੍ਹੇ ਸਨ। ਉੱਚਾ ਮਿਊਜ਼ਿਕ ਸ਼ੋਰ ਮਚਾ ਰਿਹਾ ਸੀ। ਐਮਿਲੀ ਨੇ ਕਾਰ ਦੀ ਖਿੜਕੀ ਕੋਲ ਜਾ ਕੇ ਲਾਰਾ ਅਤੇ ਜੈਰੀ ਨੂੰ ਡਾਂਟਿਆ ਵੀ। ਉਸਨੇ ਜੈਰੀ ਨੂੰ ਡਰਾਵਾ ਵੀ ਦਿੱਤਾ ਕਿ ਤੂੰ ਨਾਬਾਲਗ ਕੁੜੀ ਨੂੰ ਗ਼ਲਤ ਰਾਹ 'ਤੇ ਤੋਰ ਰਿਹੈਂ। ਪਰ ਜੈਰੀ ਕਿੱਥੇ ਮੰਨਣ ਵਾਲਾ ਸੀ। ਉਸਨੇ ਆਂਟੀ ਐਮਿਲੀ ਨੂੰ, 'ਮਾਂਈਂਡ ਯੂਅਰ ਓਨ ਬਿਜ਼ਨੈੱਸ ਯੂ ਬਲੱਡੀ ਬਿੱਚ' ਆਖ ਕੇ ਚੁੱਪ ਕਰਾ ਦਿੱਤਾ। ਐਮਿਲੀ ਨੇ ਘਰ ਆ ਕੇ ਰੌਲ਼ਾ ਪਾਇਆ, ਐਂਜਲੀਨਾ ਅਤੇ ਡੇਵਿਡ ਨੂੰ ਦੱਸਿਆ ਪਰ ਕਿਸੇ ਨੇ ਐਮਿਲੀ ਨੂੰ ਗੰਭੀਰਤਾ ਨਾਲ਼ ਨਾ ਲਿਆ। ਉਨ੍ਹਾਂ ਲਈ 'ਐਮਿਲੀ' ਵਿਹਲੜ, ਗੱਲਾਂ ਬਣਾਉਣ ਜੋਗੀ ਸੀ। ਵੈਸੇ ਵੀ ਇਸ ਨਿੱਕੀ ਜਿਹੀ ਗੱਲ ਵੱਲ ਧਿਆਨ ਦੇਣ ਲਈ ਕਿਸੇ ਕੋਲ ਵਕਤ ਕਿੱਥੇ ਸੀ? ਉਹ ਸੋਚਦੇ, ਕੁੜੀਆਂ ਮੁੰਡੇ ਇਸ ਉਮਰ ਵਿਚ ਇੱਕਠੇ ਘੁੰਮਦੇ ਫਿਰਦੇ ਹੀ ਹਨ। ਇਕ ਦੂਜੇ ਨੂੰ ਬੱਚੇ ਇਸੇ ਤਰ੍ਹਾਂ ਹੀ ਜਾਨਣਗੇ। ਇਹ ਸੋਚਦਿਆਂ ਹੋਇਆਂ, ਐਂਜਲੀਨਾ ਆਪਣੇ ਸ਼ਿਫ਼ਟ ਵਰਕ ਵਿੱਚ ਰੁੱਝੀ ਰਹੀ ਅਤੇ ਡੇਵਿਡ ਆਪਣੀਆਂ ਦੋ ਜੌਬਾਂ ਵਿਚ।

ਨੈਨਾ ਦੁਖੀ ਹੋਈ। ਤੇ ਉਸਨੇ ਲਾਰਾ ਨੂੰ ਕੋਲ ਬਿਠਾਲ ਕੇ ਬਹੁਤ ਕੁੱਝ ਸਮਝਾਇਆ। ਉਸਨੇ ਕਿਹਾ, "ਲਾਰਾ ਡਾਰਲਿੰਗ! ਜੈਰੀ ਦੀ ਕਾਰ ਵਿੱਚ ਜਾਣਾ ਸਹੀ ਨਹੀਂ। ਉਹ ਤੇਰੀ ਐਡਵਾਂਟੇਜ ਲੈ ਸਕਦਾ ਹੈ। ਤੈਨੂੰ ਮੁਲੈਸਟ ਕਰ ਸਕਦਾ ਹੈ। ਪਤਾ ਨਹੀਂ ਤੇਰੇ ਨਾਲ਼ ਕੀ ਹੋ ਜਾਵੇ?" ਉਸਨੇ ਇਹ ਵੀ ਆਖਿਆ ਕਿ, "ਜਿਸ ਤਰ੍ਹਾਂ ਦਾ ਲਿਬਾਸ ਤੂੰ ਪਹਿਨਦੀ ਏਂ, ਇਹ ਲਿਬਾਸ ਘਟੀਆ ਹੈ, ਬਜ਼ਾਰੂ ਦਿੱਖ ਦਾ ਹੈ। ਮੁੰਡੇ ਇਸਦਾ ਗ਼ਲਤ ਮਤਲਬ ਕੱਢ ਲੈਂਦੇ ਹਨ। ਮੁੰਡੇ ਅਕਸਰ ਸੋਚਦੇ ਹਨ ਕਿ ਇਹ ਕੁੜੀ ਸੁਖਾਲੀ ਫਸ ਸਕਦੀ ਹੈ। ਜਦੋਂ ਤੂੰ ਛੋਟੀ ਸੀ ਤਾਂ ਗੱਲ ਹੋਰ ਸੀ। ਪਰ ਹੁਣ।" ਤੇ ਉਸਨੇ ਗੱਲ ਅਧੂਰੀ ਰਹਿਣ ਦਿੱਤੀ।

ਪਰ ਲਾਰਾ ਦੇ ਪਿੜ ਪੱਲੇ ਕੁੱਝ ਨਾ ਪਿਆ। ਉਹ ਨੈਨਾ ਨਾਲ਼ ਵੀ ਔਖੀ ਹੋ ਗਈ। ਉਸਨੇ ਆਪਣੀਆਂ ਕਿਤਾਬਾਂ ਕਾਪੀਆਂ ਚੁੱਕੀਆਂ, ਦਰ ਠਾਹ ਕਰਦਾ ਮਾਰਦੀ ਉੱਪਰਲੇ ਕਮਰੇ ਨੂੰ ਚਲੀ ਗਈ।

ਨੈਨਾ ਨੇ ਇੱਕ ਦਿਨ ਐਂਜਲੀਨਾ ਅਤੇ ਡੇਵਿਡ ਨੂੰ ਬਿਠਾਲ ਕੇ ਸਮਝਾਇਆ। ਐਂਜਲੀਨਾ ਦਾ ਜਵਾਬ ਸਾਫ਼ ਸੀ, "ਆਈ ਕਾਂਟ ਵੀ ਐਵਰੀਵਿਅਰ ਮੌਮ। ਇਸਨੂੰ ਖੁਦ ਸੋਚਣਾ ਪਵੇਗਾ ਕਿ ਮੇਰੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੋਵੇ। ਜੇ ਕਰ ਲਾਰਾ ਗ਼ਲਤੀ ਕਰੇਗੀ ਤਾਂ ਭੁਗਤਣੀ ਵੀ ਇਸੇ ਨੂੰ ਪਵੇਗੀ। ਸ਼ੀ ਇੱਜ਼ ਨੌਟ ਏ ਚਾਈਲਡ ਐਨੀ ਮੋਰ। ਸ਼ੀ ਇੱਜ਼ ਏ ਯੰਗ ਲੇਡੀ ਔਫ ਸੈਵਨਟੀਨ। ਕਲ ਨੂੰ ਅਠਾਰਾਂ ਦੀ ਹੋਵੇਗੀ ਤਾਂ ਆਪਣੀ ਜਿੰਮੇਵਾਰੀ ਵੀ ਇਸਨੂੰ ਖੁਦ ਚੁੱਕਣੀ ਪਵੇਗੀ।" ਤੇ ਉਹ ਫੇਰ ਬੋਲੀ, "ਮੌਮ! ਮੈਂ ਸਖ਼ਤ ਮਿਹਨਤ ਕਰਦੀ ਹਾਂ। ਕਦੀ ਓਵਰ ਟਾਈਮ ਨਹੀਂ ਛੱਡਦੀ। ਕਿਸ ਲਈ? ਅਸੀਂ ਦੋਨੋਂ ਸਖ਼ਤ ਮਿਹਨਤ ਬੱਚਿਆਂ ਦੀ ਸੁੱਖ-ਸੁਵਿਧਾ ਲਈ ਹੀ ਕਰਦੇ ਹਾਂ।" ਐਂਜਲੀਨਾ ਦਾ ਗੱਲ ਕਰਦਿਆਂ ਚਿਹਰਾ ਵਿਗੜ ਗਿਆ ਸੀ।

ਡੇਵਿਡ ਹਮੇਸ਼ਾ ਐਂਜਲੀਨਾ ਦੀ ਬੋਲੀ ਬੋਲਦਾ ਸੀ। ਕਹਿਣ ਲੱਗਾ, "ਸਟੈਪ ਪਰੋਟੈਕਟਿੰਗ ਹਰ ਲਾਈਕ ਏ ਬੇਵੀ ਮੌਮ। ਜੇ ਕਰ ਇਸਨੇ ਆਪਣੀ ਜ਼ਿੰਦਗੀ ਤਬਾਹ ਕਰਨੀ ਹੈ, ਕਰੀ ਜਾਵੇ। ਆਈ ਡੌਂਟ ਕੇਅਰ। ਕਿੱਥੇ ਤੱਕ ਇਸਦੇ ਮਗਰ-ਮਗਰ ਤੁਰੇ ਫਿਰਾਂਗੇ। ਇੱਟਸ ਹਰ ਲਾਈਫ਼। ਸ਼ੀ ਸ਼ੁੱਡ ਨੋ ਹਾਓ ਟੂ ਲੁੱਕ ਆਫਟਰ ਹਰ ਸੈਲਫ਼। ਸ਼ੀ ਵਿੱਲ ਹੈਵ ਟੂ ਗੋ ਇਨ ਦਾ ਵਰਲਡ ਟੂਮਾਰੋ। ਕਲ ਇਸਨੂੰ ਦੁਨੀਆਂ ਦਾ ਸਾਮ੍ਹਣਾ ਕਰਨਾ ਪਵੇਗਾ। ਇਸਨੂੰ ਇਹ ਸਿੱਖਣ ਦੀ ਲੋੜ ਹੈ। ਅਸੀਂ ਕੀ ਕਰੀਏ? ਅਸੀਂ ਹਰ ਸੁੱਖ-ਸੁਵਿਧਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਬੱਚਿਆਂ ਦੀ ਵੀ ਕੋਈ ਜਿੰਮੇਵਾਰੀ ਬਣਦੀ ਹੈ।"

ਨੈਨਾ ਉਨ੍ਹਾਂ ਦੋਹਾਂ ਦੀ ਗੱਲ ਸੁਣ ਕੇ, ਆਪਣਾ ਢਿੱਡ ਫੜ ਕੇ ਬੈਠ ਗਈ। ਆਪਣੀ ਧੀ ਅਤੇ

ਜਵਾਈ ਦੀ ਸੋਚ ਤੇ ਉਸਨੂੰ ਰੰਜਿਸ਼ ਵੀ ਹੋਈ। ਰੰਜਿਸ਼ ਤੋਂ ਵੱਧ ਉਨ੍ਹਾਂ ਤੇ ਤਰਸ ਆਇਆ। ਧੀ-ਜੁਆਈ ਤੇ ਗੁੱਸਾ ਵੀ ਬਹੁਤ ਆਇਆ। ਉਸਦਾ ਜੀ ਕੀਤਾ ਆਪਣੀ ਧੀ ਨੂੰ ਝੰਝੋੜੇ ਅਤੇ ਸਮਝਾਵੇ ਕਿ, 'ਅੱਜ ਦੇ ਸਮੇਂ ਬੱਚੇ ਨੂੰ ਛੱਡਣ ਨਾਲੋਂ ਉਨ੍ਹਾਂ ਦੇ ਪਿੱਛੇ ਭੱਜਣਾ ਪੈਂਦਾ ਹੈ ਤਾਂ ਹੀ ਬੱਚੇ ਬਚ ਸਕਦੇ ਹਨ। ਬਾਹਰ ਐਨੇ ਤਰ੍ਹਾਂ ਦੇ ਅੰਸਰ ਹਨ ਜਿਹੜੇ ਬੱਚਿਆਂ ਨੂੰ ਵਰਗਲਾ ਰਹੇ ਹਨ।' ਪਰ ਉਹ ਚੁੱਪ ਰਹੀ। ਉਸਨੂੰ ਮਹਿਸੂਸ ਹੋਇਆ ਜਿਵੇਂ ਸੁਣਨ ਅਤੇ ਸਮਝਣ ਵਾਲੇ ਕੰਨ ਬੰਦ ਹੋਣ। ਉਹ ਆਪਣੇ ਮਨ ਵਿੱਚ ਸੋਚਣ ਲੱਗੀ ਕਿ, "ਤੁਸੀਂ ਇਨ੍ਹਾਂ ਬੱਚਿਆਂ ਲਈ ਕੀਤਾ ਹੀ ਕੀ ਹੈ? ਕੰਮ ਤੁਸੀਂ ਆਪਣੇ ਲਈ ਕਰਦੇ ਹੋ। ਘਰ ਤੁਸੀਂ ਆਪਣੇ ਬਣਾਉਂਦੇ ਹੋ। ਤੇ ਟੁੱਟਦੀ ਮੈਂ ਹਾਂ। ਹੱਡ ਮੈਂ ਆਪਣੇ ਰਗੜਦੀ ਹਾਂ। ਤੁਹਾਡੇ ਲਈ ਵੀ ਅਤੇ ਇਨ੍ਹਾਂ ਬੱਚਿਆਂ ਲਈ ਵੀ।"

ਨੈਨਾ ਨੇ ਆਪਣੇ ਮਨ ਨਾਲ਼ ਫ਼ੈਸਲਾ ਕਰ ਲਿਆ ਤੇ ਉਸਨੇ ਲਾਰਾ ਦਾ ਪੱਲਾ ਨਾ ਛੱਡਿਆ। ਜਦੋਂ ਵੀ ਉਸਨੂੰ ਵਕਤ ਮਿਲਦਾ, ਉਹ ਲਾਰਾ ਨਾਲ਼ ਗੱਲੀਂ ਪੈ ਜਾਂਦੀ। ਉਸਨੂੰ ਤਰੀਕੇ-ਤਰੀਕੇ ਨਾਲ਼ ਸਮਝਾਉਂਦੀ। ਲਾਰਾ ਕਈ ਵੇਰ ਛਟਪਟਾਉਂਦੀ ਤੇ ਫੇਰ ਹੌਲੀ-ਹੌਲੀ ਨੈਨਾ ਦੇ ਆਖੇ ਵੀ ਲੱਗਣ ਲੱਗ ਪਈ। ਨੈਨਾ ਉਸਨੂੰ ਕਿਸੇ ਕੰਮ ਵਿੱਚ ਬਿਜ਼ੀ ਕਰ ਲੈਂਦੀ। ਉਸਨੂੰ ਨਾਲ਼ ਲੈ ਕੇ ਸ਼ੌਪਿੰਗ ਚਲੇ ਜਾਂਦੀ ਤਾਂ ਕਿ ਉਸਦਾ ਮਨ ਉਲਝਿਆ ਰਹੇ। ਹੋਮ ਵਰਕ ਕਰਨ ਲਈ ਪ੍ਰੇਰਦੀ। ਘਰ ਆ ਕੇ ਉਸਨੂੰ ਕਿਚਨ ਵਿਚ ਆਪਣੇ ਨਾਲ਼ ਕੰਮ ਕਰਨ ਲਾ ਲੈਂਦੀ। ਉਸ ਨਾਲ਼ ਕੇਕ ਬਣਵਾਉਂਦੀ। ਉਸ ਤੋਂ ਹੋਰ ਨਿੱਕੇ-ਮੋਟੇ ਕੰਮ ਕਰਵਾਉਂਦੀ ਜਿਸ ਨਾਲ਼ ਲਾਰਾ ਨੂੰ ਵਿਹਲ ਨਾ ਮਿਲੇ।

ਲਾਰਾ ਜਿਵੇਂ ਦੋ ਪੁੜਾਂ ਵਿਚਾਲੇ ਪਿਸ ਰਹੀ ਸੀ। ਇਕ ਪਾਸੇ ਨੈਨਾ ਦੀ ਸਿੱਕ ਅਤੇ ਦੂਜੇ ਬੰਨੇ ਜੈਰੀ ਦਾ ਪਿਆਰ, ਜਿਹੜਾ ਉਹ ਛੱਡਣਾ ਨਹੀਂ ਸੀ ਚਾਹੁੰਦੀ। ਉਹ ਨੈਨਾ ਦਾ ਆਖਾ ਵੀ ਨਾ ਮੋੜਦੀ। ਬਾਰਵੀਂ ਵਿੱਚ ਗਰੇਜੂਏਟ ਹੋਣ ਤੱਕ ਇਹੋ ਸਿਲਸਿਲਾ ਚੱਲਦਾ ਰਿਹਾ। ਨੈਨਾ ਸੋਚਦੀ ਸੀ ਕਿ ਜਦੋਂ ਲਾਰਾ ਯੂਨੀਵਰਸਿਟੀ ਚਲੇ ਗਈ ਤਾਂ ਜੈਰੀ ਦਾ ਸਾਥ ਆਪੇ ਛੁੱਟ ਜਾਵੇਗਾ। । ਯੂਨੀਵਰਸਿਟੀ ਦੀ ਪੜ੍ਹਾਈ ਨੇ ਲਾਰਾ ਨੂੰ ਬਿਜ਼ੀ ਕਰ ਦੇਣਾ ਹੈ। ਇਸਨੂੰ ਵਕਤ ਹੀ ਨਹੀਂ ਮਿਲਣਾ ਕਿ ਕਿਸੇ ਹੋਰ ਬਾਰੇ ਸੋਚੇ। ਫੇਰ ਨਵੇਂ ਮਿੱਤਰ-ਦੋਸਤ ਵੀ ਮਿਲਣਗੇ। ਵੈਸੇ ਵੀ ਇਹ ਟੀਨਏਜ ਦਿਨਾਂ ਦਾ ਫਤੂਰ ਹੈ ਜੋ ਉੱਤਰ ਜਾਵੇਗਾ।

ਜੈਰੀ ਬਾਰ੍ਹਵੀਂ ਤੋਂ ਬਾਅਦ, ਸਕੂਲ ਛੱਡ ਕੇ ਦੋ ਵਰ੍ਹੇ ਵਿਹਲਾ ਘੁੰਮਦਾ ਰਿਹਾ। ਨਾ ਉਸਨੇ ਕਾਲਜ ਜੁਆਇੰਨ ਕੀਤਾ ਅਤੇ ਨਾ ਉਸਦੇ ਯੂਨੀਵਰਸਿਟੀ ਜਾਣ ਵਾਲੇ ਨੰਬਰ ਸਨ। ਉਹ ਐਥੇ-ਉੱਥੇ ਪਾਰਟ ਟਾਈਮ ਕੰਮ ਕਰ ਲੈਂਦਾ। ਕੁਝ ਦੇਰ ਕੰਮ ਕਰਦੇ ਨੂੰ ਹੁੰਦਾ ਤਾਂ ਕਿਸੇ ਨਾ ਕਿਸੇ ਨਾਲ਼ ਲੜ-ਝਗੜ ਕੇ ਘਰ ਆ ਬੈਠਦਾ। ਉਸਦਾ ਗੁਸੈਲ਼ਾ ਸੁਭਾਅ ਹਮੇਸ਼ਾਂ ਮੁਸੀਬਤਾਂ ਖੜੀਆਂ ਰੱਖਦਾ। ਉਹ ਵਿਹਲੜ ਮੁੰਡਿਆਂ ਨਾਲ਼ ਬਾਹਰ ਘੁੰਮਦਾ। ਸਿਗਰਟਾਂ ਫੂਕਦਾ। ਮਸਤੀ ਕਰਦਾ। ਉਸਦੀ ਇਸ ਆਦਤ ਤੋਂ ਲਾਰਾ ਵੀ ਚਿੜਦੀ। ਜਿਉਂ-ਜਿਉਂ ਲਾਰਾ ਦੀ ਉਮਰ ਵੱਧ ਰਹੀ ਸੀ, ਤਿਉਂ ਉਸ ਵਿੱਚ ਸਿਆਣਪ ਆ ਰਹੀ ਸੀ। ਬਚਪਨ ਉਸਦੇ ਹੱਥੋਂ ਛੁੱਟ ਰਿਹਾ ਸੀ। ਉਹ ਅਠਾਰਾਂ ਨੂੰ ਟੱਪ ਰਹੀ ਸੀ ਅਤੇ ਉਹ ਸਮਝ ਨਾਲ਼ ਵੀ ਚੱਲਣ ਲੱਗ ਪਈ ਸੀ। ਪੜ੍ਹਨ ਦਾ ਰੁਟੀਨ, ਖਰਚਣ ਦਾ ਰੁਟੀਨ ਸਭ ਉਸਦੀ ਜਿੰਮੇਵਾਰੀ ਵਿੱਚ ਸ਼ਾਮਿਲ ਹੋਣ ਲੱਗ ਪਏ ਸਨ। ਆਪਣੇ ਪੈਸਿਆਂ ਦਾ ਬੱਜਟ ਕਿਵੇਂ ਰੱਖਣਾ ਹੈ, ਉਹ ਵੀ ਉਸਦੀ ਜਿੰਮੇਵਾਰੀ ਵਿਚ ਸ਼ਾਮਿਲ ਹੋ ਗਿਆ ਸੀ। ਉਹ ਆਪਣੀ ਜ਼ਿੰਦਗੀ ਦੇ ਟੀਚੇ ਵੀ ਮਿਥਣ ਲੱਗ ਪਈ। ਪੜ੍ਹਣਾ, ਕੰਮ ਕਰਨਾ, ਸੈਟਲ ਹੋਣਾ, ਵਿਆਹ ਕਰਾਉਣਾ ਸਭ ਦੀ ਰੂਪ ਰੇਖਾ ਉਹ ਜਿਵੇਂ ਘੜਣ ਲੱਗ ਪਈ।

ਲਾਰਾ ਦਾ ਅਠਾਰਵਾਂ ਜਨਮ ਦਿਨ ਆਇਆ। ਮੌਮ-ਡੈਡ, ਨੈਨਾ ਸਭ ਨੇ ਉਸਦਾ ਜਨਮ ਦਿਨ

ਧੂਮ-ਧਾਮ ਨਾਲ਼ ਮਨਾਇਆ। ਲਾਰਾ ਆਪਣੀਆਂ ਸਹੇਲੀਆਂ ਨਾਲ਼ ਡਿਨਰ ਤੇ ਗਈ। ਉਸਦੀ ਮੌਮ ਨੇ ਛੋਟੀ ਜਿਹੀ ਪਾਰਟੀ ਵੀ ਘਰ ਰੱਖ ਲਈ। ਐਂਜਲੀਨਾ ਨੇ ਲਾਰਾ ਦੇ ਦੋਸਤਾਂ-ਸਹੇਲੀਆਂ ਨੂੰ ਵੀ ਸੱਦਿਆ ਜਿਨ੍ਹਾਂ ਵਿਚ ਜੈਰੀ ਵੀ ਸੀ। ਸਾਰੇ ਮਿੱਤਰ-ਸਹੇਲੀਆਂ ਆਏ। ਤੋਹਫ਼ੇ ਲਿਆਏ। ਪਰ ਜੈਰੀ ਨਾ ਪਹੁੰਚਾ। ਨਾ ਉਹ ਆਪ ਆਇਆ ਤੇ ਨਾ ਉਸਨੇ ਲਾਰਾ ਨੂੰ ਕੋਈ ਤੋਹਫਾ ਭੇਂਟ ਕੀਤਾ ਜਾਂ ਭੇਜਿਆ। ਉਸਦੇ ਕੋਲ ਪੈਸੇ ਹੁੰਦੇ ਤਾਂ ਹੀ ਉਹ ਗਿਫ਼ਟ ਖਰੀਦਦਾ। ਲਾਰਾ ਪੂਰਾ ਦਿਨ ਉਸਨੂੰ ਉਡੀਕਦੀ ਰਹੀ। ਉਸਨੂੰ ਸਹੇਲੀਆਂ ਦੇ ਤੋਹਫ਼ੇ, ਘਰ ਦਿਆਂ ਦੇ ਤੋਹਫ਼ੇ ਬੇਮਾਇਨਾ ਜਿਹੇ ਜਾਪਦੇ। ਉਸ ਰਾਤ ਜਦੋਂ ਸਾਰੇ ਆਪੋ-ਆਪਣੇ ਘਰੀਂ ਚਲੇ ਗਏ ਤਾਂ ਲਾਰਾ ਰਜਾਈ ਵਿੱਚ ਮੂੰਹ ਦੇ ਕੇ ਰੋਂਦੀ ਰਹੀ। ਜੈਰੀ ਨੇ ਲਾਰਾ ਨੂੰ ਹੈਪੀ ਬਰਥ ਡੇ ਦਾ ਫੋਨ ਵੀ ਨਾ ਕੀਤਾ। ਜਦੋਂ ਲਾਰਾ ਨੇ ਜੈਰੀ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਫੋਨ ਬੰਦ ਆ ਰਿਹਾ ਸੀ। ਲਾਰਾ ਨੂੰ ਫ਼ਿਕਰ ਸੀ ਕਿ ਕਿੱਧਰੇ ਉਸਨੂੰ ਕੁਝ ਹੋ ਨਾ ਗਿਆ ਹੋਵੇ?

ਪਰ ਨਹੀਂ, ਜੈਰੀ ਗੁਆਚਾ ਰਿਹਾ। ਲਾਰਾ ਨੇ ਜੈਰੀ ਦੀ ਮਾਂ ਨੂੰ ਫੋਨ ਕਰਕੇ ਪੁੱਛਿਆ। ਉਸਦੀ ਮਾਂ ਨੇ ਕੁਝ ਨਾ ਦੱਸਿਆ। ਉਸਨੇ ਜੈਰੀ ਦੀ ਭੈਣ ਤੋਂ ਪੁੱਛਿਆ ਕਿ, " ਜੈਰੀ ਕਿੱਥੇ ਹੈ?" ਉਸਦੀ ਭੈਣ ਨੇ ਐਨਾ ਹੀ ਕਿਹਾ, "ਹੀ ਇੱਜ਼ ਐਟ ਵਰਕ।"

ਲਾਰਾ ਨੂੰ ਇਹ ਤਾਂ ਪਤਾ ਲੱਗ ਗਿਆ ਕਿ ਉਹ ਠੀਕ-ਠਾਕ ਹੈ। ਪਰ ਲਾਰਾ ਫੇਰ ਵੀ ਜੈਰੀ ਦਾ ਫੋਨ ਨੰਬਰ ਘੁਮਾਈ ਜਾ ਰਹੀ ਸੀ। ਫੋਨ ਦੀ ਟੋਨ ਬੰਦ ਆਈ ਜਾ ਰਹੀ ਸੀ।

ਕਈ ਦਿਨ ਜੈਰੀ ਲਾਪਤਾ ਰਿਹਾ ਤੇ ਲਾਰਾ ਅੱਪਸੈੱਟ ਰਹੀ। ਫੇਰ ਇਕ ਦਿਨ ਬੈਠੀ-ਬੈਠੀ ਲਾਰਾ ਨੈਨਾ ਨੂੰ ਆਖਣ ਲੱਗੀ, "ਨੈਨਾ! ਜੇ ਉਸ ਕੋਲ ਪੈਸੇ ਨਹੀਂ ਸਨ ਤਾਂ ਉਹ ਇਕ ਡਾਲਰ ਦਾ ਬਰਥ ਡੇ ਕਾਰਡ ਤਾਂ ਮੈਨੂੰ ਦੇ ਸਕਦਾ ਸੀ। ਮੈਨੂੰ ਕੌਫੀ ਪੀਣ ਲਿਜਾ ਸਕਦਾ ਸੀ। ਮੈਂ ਕਦੋਂ ਚਾਹਿਆ ਸੀ ਕਿ ਉਹ ਮੈਨੂੰ ਕੋਈ ਮਹਿੰਗਾ ਤੋਹਫ਼ਾ ਦੇਵੇ। ਉਹ ਘੱਟੋ-ਘੱਟ ਮੈਨੂੰ ਫੋਨ ਕਰ ਸਕਦਾ ਸੀ।" ਤੇ ਉਹ ਡੁਸਕਣ ਲੱਗ ਪਈ। ਨੈਨਾ ਨੇ ਫੇਰ ਸਮਝਾਇਆ। ਲਾਰਾ ਸਭ ਸੁਣ ਲੈਂਦੀ ਪਰ ਉਸਦੀ ਟਿੱਕਟਿਕੀ ਜੈਰੀ 'ਚ ਹੀ ਲੱਗੀ ਰਹਿੰਦੀ।

ਕਈ ਦਿਨ ਲਾਰਾ ਖਿੱਝ-ਖਿੱਝ ਕੇ ਅੱਕ ਗਈ। ਨੈਨਾ ਲਾਰਾ ਦੀਆਂ ਸ਼ਿਕਾਇਤਾਂ ਸੁਣ-ਸੁਣ ਥੱਕ ਗਈ। ਇਸਤੋਂ ਬਾਅਦ ਅੱਕੀ ਹੋਈ ਲਾਰਾ ਨੇ, ਅੱਧਾ ਹਫ਼ਤਾ ਜੈਰੀ ਨੂੰ ਫੋਨ ਵੀ ਨਾ ਕੀਤਾ। ਦੋ ਕੁ ਦਿਨ ਬਾਅਦ ਉਹ ਨੈਨਾ ਨੂੰ ਆਖਣ ਲੱਗੀ, "ਨੈਨਾ! ਆਈ ਐਮ ਐਟ ਪੀਸ ਨਾਓ। ਹੁਣ ਮੈਂ ਸਮਝਦੀ ਹਾਂ ਕਿ ਡੂੰ ਕੀ ਕਹਿ ਰਹੀ ਸੀ। ਜਦੋਂ ਮੈਂ ਜੈਰੀ ਦੇ ਨਾਲ਼ ਹੁੰਦੀ ਹਾਂ, ਮੈਂ ਹਮੇਸ਼ਾਂ ਟੈਨਸ਼ਨ ਵਿੱਚ ਰਹਿੰਦੀ ਹਾਂ। ਤੇ ਹੁਣ ਜਿਵੇਂ ਮੇਰਾ ਮਨ ਸਕੂਨ ਵਿਚ ਹੈ। ਦਫ਼ਾ ਹੋਵੇ। ਜਾਵੇ ਜਿੱਥੇ ਜਾਣਾ ਹੈ। ਹੁਣ ਮੈਂ ਨਹੀਂ ਉਸਨੂੰ ਫੋਨ ਕਰਨਾ। ਜੇ ਉਹ ਮੇਰੀ ਕੇਅਰ ਨਹੀਂ ਕਰਦਾ ਤਾਂ ਮੈਂ ਉਸਦੀ ਕੇਅਰ ਕਿਉਂ ਕਰਾਂ?"

ਇਕ ਦਿਨ ਜੈਰੀ ਉਸਨੂੰ ਲਾਇਬਰੇਰੀ ਮਿਲਣ ਆ ਗਿਆ। ਦੋਨੋਂ ਲੜੇ-ਝਗੜੇ ਤੇ ਫੇਰ ਇਕ ਮਿਕ ਹੋ ਗਏ। ਇਸੇ ਤਰ੍ਹਾਂ ਬਹੁਤੇ ਦਿਨ ਨਾ ਨਿੱਕਲਦੇ, ਜਦੋਂ ਉਹ ਦੋਨੋਂ ਲੜਦੇ, ਜੈਰੀ ਉਸਨੂੰ ਟੈਲੀਫੋਨ ਕਰਦਾ, ਕੁਝ ਪਲ ਲੜਾਈ ਹੁੰਦੀ ਤੇ ਫੇਰ ਮੁੱਢ ਤੋਂ ਉਹੀ ਰੁਟੀਨ ਚਲ ਪੈਂਦਾ।

ਇਸ ਦੇ ਬਾਵਜੂਦ ਵੀ ਲਾਰਾ ਨੂੰ ਹੌਲੀ-ਹੌਲੀ ਸਮਝ ਆਉਣ ਲੱਗ ਪਈ ਅਤੇ ਉਹ ਮਹਿਸੂਸ ਵੀ ਕਰਨ ਲੱਗ ਪਈ ਕਿ ਉਹ ਜੈਰੀ ਵਾਸਤੇ ਇੱਕ ਕਿਸਮ ਦੀ ਲਾਟਰੀ ਹੈ। ਉਹ, ਉਸਦੀ ਉਸ ਵੇਲੇ ਸਾਰ ਲੈਂਦਾ ਹੈ, ਜਦੋਂ ਉਸਨੂੰ ਕੁਝ ਚਾਹੀਦਾ ਹੋਵੇ। ਆਪ ਜੈਰੀ ਦੋ ਹਫ਼ਤੇ ਇੱਥੇ ਅਤੇ ਉੱਥੇ ਕੰਮ ਕਰਦਾ ਤੇ ਫੇਰ ਘਰ ਬੈਠ ਜਾਂਦਾ। ਹੋਰ ਮੁੰਡਿਆਂ ਨਾਲ਼ ਵਿਹਲੜ ਤੁਰਿਆ ਫਿਰਦਾ। ਉਸਦੇ ਸਟੈੱਪ ਡੈਡ ਨੇ ਵੀ ਉਸਨੂੰ ਡਾਂਟਿਆ ਕਿ ਉਹ ਕੁਝ ਕਰਦਾ ਕਿਉਂ ਨਹੀਂ? ਜੈਰੀ ਉਸ ਨਾਲ਼ ਵੀ ਔਖਾ ਹੋ ਗਿਆ।

ਕਹਿਣ ਲੱਗਾ, "ਯੂ ਆਰ ਨੌਟ ਮਾਈ ਫਾਦਰ। ਸੋ ਸ਼ੱਟ ਯੂਅਰ ਮਾਊਥ।"

ਇਹ ਸੁਣਦਿਆਂ ਰੌਜਰ ਨੇ ਉਸਨੂੰ ਘਰੋਂ ਜਾਣ ਲਈ ਆਖ ਦਿੱਤਾ। ਕਹਿਣ ਲੱਗਾ, "ਆਈ ਐਮ ਨੌਟ ਗੋਇੰਗ ਟੂ ਟੇਕ ਯੂਅਰ ਨੌਨਸੈਂਸ। ਤੂੰ ਹੁਣ ਅਡਲਟ ਹੈਂ। ਆਪਣਾ ਕਮਾ ਕੇ ਖਾ ਸਕਦੈਂ।" ਪਰ ਜੈਰੀ ਦੇ ਸੁਭਾ ਵਿਚ ਕੋਈ ਅੰਤਰ ਨਾ ਆਇਆ। ਉਸਦੀ ਮਾਂ ਚੋਰੀ ਛਿਪੇ ਕੁਝ ਡਾਲਰ ਉਸਦੀ ਜੇਬ ਵਿਚ ਪਾ ਦਿੰਦੀ ਰਹੀ।

ਲਾਰਾ ਪੜ੍ਹਦੀ ਸੀ ਅਤੇ ਪਾਰਟ ਟਾਈਮ ਕੱਪੜਿਆਂ ਦੇ ਸਟੋਰ ਵਿਚ ਕੰਮ ਵੀ ਕਰਦੀ ਸੀ। ਉਹ ਜੋ ਕਮਾਉਂਦੀ, ਉਹ ਆਪਣੀਆਂ ਕਿਤਾਬਾਂ ਦੇ ਖਰਚੇ, ਟਰੈਵਲ ਦਾ ਖਰਚਾ ਪੂਰਾ ਕਰਦੀ। ਜੋ ਬਚਦਾ ਉਹ ਜੈਰੀ ਦੀ ਕਾਰ ਦਾ ਪਟਰੋਲ ਪੈ ਜਾਂਦਾ ਅਤੇ ਲੰਚ ਵਗੈਰਾ ਉੱਤੇ ਖਰਚ ਹੋ ਜਾਂਦਾ। ਜੈਰੀ ਦੀਆਂ ਆਦਤਾਂ ਤੋਂ ਉਹ ਵੀ ਚਿੜਣ ਲੱਗ ਪਈ। ਦੋਹਾਂ ਵਿਚਾਲੇ ਫੇਰ ਲੜਾਈ ਹੁੰਦੀ। ਉਸ ਲੜਾਈ ਵਿਚ ਅਕਸਰ ਲਾਰਾ ਨੂੰ ਹਾਰਨਾ ਪੈਂਦਾ। ਜਦੋਂ ਜੈਰੀ ਰੋਂਦਾ ਹੋਇਆ ਉਸਨੂੰ ਸੱਦਦਾ ਤਾਂ ਲਾਰਾ ਫੇਰ ਉਸ ਕੋਲ ਦੌੜ ਜਾਂਦੀ। ਵਾਪਿਸ ਪਰਤਦੀ ਤਾਂ ਉਸਦੀਆਂ ਅੱਖਾਂ ਸੁੱਜੀਆਂ ਹੁੰਦੀਆਂ। ਤੇ ਘਰ ਵਾਪਿਸ ਪਰਤ ਕੇ ਲਾਰਾ ਨੈਨਾ ਨੂੰ ਬੀਤੀਆਂ ਕਹਾਣੀਆਂ ਸੁਣਾਉਂਦੀ ਤੇ ਪੁੱਛਦੀ, "ਨੈਨਾ ਡਾਰਲਿੰਗ! ਤੂੰ ਦੱਸ ਮੈਂ ਕੀ ਕਰਾਂ ਹੁਣ?"

ਨੈਨਾ ਫੇਰ ਲਾਰਾ ਨੂੰ ਸਮਝਾਉਂਦੀ ਕਿ, "ਲਾਰਾ ਮਾਈ ਡੀਅਰ! ਤੇਰਾ ਇਹ ਰਿਸ਼ਤਾ ਚੰਗਾ ਨਹੀਂ ਹੈ। ਜਿਹੜਾ ਰਿਸ਼ਤਾ ਮਨ ਨੂੰ ਦੁਖੀ ਕਰੇ, ਉਹ ਕਦੀ ਵੀ ਸਾਰਥਿਕ ਨਹੀਂ ਹੋ ਸਕਦਾ। ਇਸ ਤਰ੍ਹਾਂ ਦਾ ਰਿਸ਼ਤਾ ਅਬਿਊਸਿਵ ਹੈ। ਪਹਿਲਾਂ ਜੈਰੀ ਲੜਦਾ-ਝਗੜਦਾ ਹੈ ਤੇ ਫੇਰ ਮੁਆਫ਼ੀਆਂ ਮੰਗਦਾ ਹੈ। ਮੁਆਫ਼ੀ ਮੰਗੀ, ਫੁੱਲ ਦਿੱਤੇ ਜਿਵੇਂ ਕੁੱਝ ਹੋਇਆ ਹੀ ਨਹੀਂ, ਤੇ ਫੇਰ ਹਨੀਮੂਨ ਪੀਰੀਅਡ ਸ਼ੁਰੂ ਹੋ ਗਿਆ। ਤਕਲੀਫ਼ ਦੇਹ ਇਨਸਾਨ ਕਦੀ ਨਹੀਂ ਸੋਚਦਾ ਕਿ ਉਹ ਕਿਸੇ ਨੂੰ ਤਕਲੀਫ਼ ਦੇ ਰਿਹਾ ਹੈ। ਉਸ ਵਾਸਤੇ ਸਭ ਕੁਝ ਨੌਰਮਲ ਹੈ। ਉਸਦੀ ਮਾਨਸਿਕਤਾ ਵਿਚ ਕਿੱਧਰੇ ਘਰ ਕਰ ਚੁੱਕਾ ਹੁੰਦਾ ਹੈ ਕਿ ਬਾਕੀ ਸਾਰੇ ਉਸ ਨਾਲ਼ ਧ੍ਰੋਅ ਕਰ ਰਹੇ ਹਨ। ਇਸੇ ਵਾਸਤੇ ਉਹ ਆਪਣੇ ਆਪ ਨੂੰ ਬਚਾਉਣ ਖਾਤਿਰ ਹਰ ਦੂਜੇ ਬੰਦੇ ਨੂੰ ਤਕਲੀਫ਼ ਦਿੰਦਾ ਹੈ ਅਤੇ ਆਪ ਬਿਚਾਰਾ ਬਣ ਜਾਂਦਾ ਹੈ। ਲਾਰਾ! ਤੈਨੂੰ ਇਸ ਸੋਚ ਤੋਂ ਬਚਣ ਦੀ ਲੋੜ ਹੈ। ਇਹ ਨਾ ਹੋਵੇ ਤੂੰ ਇਸ ਅਬਿਊਜ਼ ਦੀ ਆਦੀ ਹੋ ਜਾਵੇਂ। ਜਦੋਂ ਜੈਰੀ ਗ਼ਲਤੀਆਂ ਕਰਦਾ ਹੈ ਤੇ ਤੂੰ ਉਸਨੂੰ ਬਚਾਉਣ ਲਈ ਆਖ ਦਿੰਦੀ ਹੈਂ ਕਿ ਮੇਰਾ ਹੀ ਕਸੂਰ ਸੀ। ਜੇ ਕਰ ਮੈਂ ਉਸਦਾ ਕਹਿਣਾ ਮੰਨ ਗਈ ਹੁੰਦੀ ਤਾਂ ਉਹ ਇਸ ਤਰ੍ਹਾਂ ਨਾ ਕਰਦਾ। ਬੱਚੀਏ! ਇਹ ਕਲਾਸਿਕ ਸੰਕੇਤ ਹਨ ਅਬਿਊਜ਼ ਦੇ। ਗਿਲਟ ਫੀਲਿੰਗ ਤੇਰੇ ਅੰਦਰ ਉੱਠਣਗੀਆਂ ਤੇ ਉਹ ਸੋਚੇਗਾ ਕਿ ਮੈਂ ਜਿੱਤ ਗਿਆ। ਤੂੰ ਇਸ ਨੂੰ ਸਮਝ ਮੇਰੀ ਬੱਚੀ। ਪਿਆਰ ਕਦੀ ਦਰਦ ਨਹੀਂ ਦਿੰਦਾ ਹੁੰਦਾ।"

ਲਾਰਾ ਧਿਆਨ ਨਾਲ਼ ਸੁਣਦੀ ਰਹੀ। ਨੈਨਾ ਨੇ ਬਹੁਤ ਕੁਝ ਦੱਸਿਆ-ਸਮਝਾਇਆ। ਨੈਨਾ ਦੇ ਗੱਲਾਂ ਕਰਦਿਆਂ ਜੈਰੀ ਦਾ ਟੈਲੀਫੋਨ ਆਇਆ, ਲਾਰਾ ਫੇਰ ਨੈਨਾ ਨੂੰ ਆਖਦਿਆਂ ਹੋਇਆਂ, "ਆਈ ਵਿੱਲ ਵੀ ਬੈਕ ਸੂਨ।" ਉਹ ਦੌੜ ਗਈ। ਨੈਨਾ ਮੱਥਾ ਫੜ ਕੇ ਬੈਠ ਗਈ।

ਜੈਰੀ ਲਈ ਜ਼ਿੰਦਗੀ ਜਿਵੇਂ ਇਕ ਖੇਡ ਸੀ। ਉਹ ਉਸ ਖੇਡ ਵਿੱਚ ਹੀ ਪਰਚਿਆ ਰਹਿੰਦਾ। ਦਾਰੂ ਪੀਂਦਾ। ਭੰਨ ਤੋੜ ਕਰਦਾ। ਮੁੰਡਿਆਂ ਨਾਲ਼ ਕਈ ਵੇਰ ਚੋਰੀ-ਚਕਾਰੀ ਵੀ ਕਰਦਾ। ਲਾਰਾ ਖਿੱਝਦੀ-ਖੱਪਦੀ। ਇਸ ਮਾਨਸਿਕ ਤਨਾਓ ਨਾਲ਼ ਲਾਰਾ ਦਾ ਭਾਰ ਘਟਣ ਲੱਗ ਪਿਆ। ਜਾਭ੍ਹਾਂ ਅੰਦਰ ਵੜ ਗਈਆਂ। ਰੰਗ ਪੀਲਾ ਭੂਕ ਹੋ ਗਿਆ। ਜੇ ਕਰ ਉਹ ਕਿਸੇ ਨੂੰ ਜੈਰੀ ਬਾਰੇ ਦੱਸਦੀ ਤਾਂ ਸਾਰੇ ਉਸਨੂੰ ਇਹੀ ਸਲਾਹ ਦਿੰਦੇ ਕਿ ਜੈਰੀ ਦਾ ਪਿੱਛਾ ਛੱਡ ਦੇ। ਇਸ ਲਈ ਉਹ ਸਭ ਆਪਣੇ ਅੰਦਰ ਦੱਬੀ ਜਾਂਦੀ।

ਲਾਰਾ ਬਚਪਨ ਤੋਂ ਬਹੁਤ ਬਰੀਕ ਬੀਨੀ ਨਾਲ਼ ਸੋਚਣ ਵਾਲੀ ਕੁੜੀ ਸੀ। ਉਹ ਕੁੱਝ ਬਣਨਾ ਲੋਚਦੀ ਸੀ। ਉਸਨੇ ਆਪਣੇ ਮਾਂ-ਬਾਪ ਨੂੰ ਹੱਢ-ਭੰਨਵੀਂ ਮਿਹਨਤ ਕਰਦਿਆਂ ਤੱਕਿਆ ਸੀ। ਉਸਦੇ ਮੰਮੀ-ਡੈਡੀ ਨੇ ਇਸੇ ਮਿਹਨਤ ਨਾਲ਼ ਬਹੁਤ ਕੁੱਝ ਬਣਾਇਆ ਸੀ। ਭਾਵੇਂ ਉਹ ਬੱਚਿਆਂ ਨੂੰ ਵਕਤ ਨਹੀਂ ਸਨ ਦੇ ਸਕੇ। ਪਰ ਜਿਹੜਾ ਵੀ ਵਕਤ ਦਿੰਦੇ, ਉਹ ਕੀਮਤੀ ਹੁੰਦਾ। ਤੇ ਫੇਰ ਨੈਨਾ ਦੇ ਸਿਰ ਤੇ ਉਨ੍ਹਾਂ ਨੂੰ ਕੋਈ ਫ਼ਿਕਰ ਵੀ ਨਹੀਂ ਸੀ।

ਬਾਰਵੀਂ ਤੋਂ ਬਾਅਦ ਲਾਰਾ ਯੂਨੀਵਰਸਿਟੀ ਚਲੀ ਗਈ ਸੀ। ਯੂਨੀਵਰਸਿਟੀ ਜਾ ਕੇ ਲਾਰਾ ਨਵੇਂ ਮਿੱਤਰਾਂ-ਸਹੇਲੀਆਂ ਵਿੱਚ ਹਰਮਨ ਪਿਆਰੀ ਹੁੰਦੀ ਗਈ। ਹਰ ਦਿਨ ਉਸਦੀਆਂ ਸਹੇਲੀਆਂ, ਅਤੇ ਨਾਲ਼ ਪੜ੍ਹਣ ਵਾਲੇ ਦੋਸਤ ਮੁੰਡੇ ਉਸਨੂੰ ਯੂਨੀਵਰਸਿਟੀ ਵਿਚ ਉਡੀਕਦੇ। ਉਹ ਲੇਟ ਹੋ ਜਾਂਦੀ ਤਾਂ ਫੋਨ ਕਰਕੇ ਪੁੱਛਦੇ। ਉਨ੍ਹਾਂ ਸਭ ਦੇ ਸੰਪਰਕ ਵਿਚ ਲਾਰਾ ਦੀ ਸੋਚਣੀ ਬਦਲਣ ਲੱਗ ਪਈ। ਸੋਚਣੀ ਬਦਲਣ ਦਾ ਕਾਰਨ ਇਹ ਵੀ ਸੀ ਕਿ ਨਾਲ਼ ਪੜ੍ਹਣ ਵਾਲੇ ਸਾਥੀਆਂ ਨਾਲ਼ ਉਹ ਹਰ ਵਿਸ਼ੇ ਤੇ ਵਿਚਾਰ ਸਾਂਝੇ ਕਰ ਸਕਦੀ ਸੀ ਪਰ ਜੈਰੀ ਨਾਲ਼ ਕਦੀ ਵੀ ਵਿਚਾਰਾਂ ਦੀ ਸਾਂਝ ਨਾ ਪੈਂਦੀ। ਜੈਰੀ ਨਾਲ਼ ਜਿਹੜਾ ਵੀ ਸਮਾਂ ਬੀਤਦਾ, ਜਾਂ ਲੜਾਈ ਹੁੰਦੀ ਜਾਂ ਜੈਰੀ ਦੇ ਦੋਸਤ ਮੁੰਡੇ ਉਨ੍ਹਾਂ ਦੇ ਨਾਲ਼ ਘੁੰਮਦੇ ਜੋ ਲਾਰਾ ਨੂੰ ਚੰਗਾ ਨਾ ਲੱਗਦਾ। ਉਹ ਅਕਸਰ ਜੈਰੀ ਨੂੰ ਕਹਿੰਦੀ, "ਦੇਖ ਜੈਰੀ! ਮੈਂ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਲੈ ਕੇ ਤੈਨੂੰ ਮਿਲਣ ਆਉਂਦੀ ਹਾਂ ਤੇ ਤੂੰ ਪੰਜ ਸੱਤ ਮੁੰਡੇ ਨਾਲ਼ ਲਈ ਫਿਰਦੈਂ। ਮੈਨੂੰ ਇਹ ਚੰਗਾ ਨਹੀਂ ਲੱਗਦਾ। ਹੁਣ ਆਪਾਂ ਅਡੱਲਟ ਹੋ ਚੁੱਕੇ ਹਾਂ। ਤੇ ਹੁਣ ਲੋੜ ਹੈ ਆਪਾਂ ਆਪਣੇ ਕੈਰੀਅਰ ਤੇ ਫੋਕਸ ਕਰੀਏ। ਵੈਸੇ ਵੀ ਜਦੋਂ ਮਿਲੀਏ ਤਾਂ ਉਹ ਕੀਮਤੀ ਸਮਾਂ ਸਿਰਫ਼ ਤੇਰਾ-ਮੇਰਾ ਹੋਣਾ ਚਾਹੀਦੈ।"

"ਉਹ ਵੀ ਆਪਣੇ ਮਿੱਤਰ ਹਨ। ਫੇਰ ਕੀ ਪਰੌਬਲਮ ਹੈ?" ਜੈਰੀ ਕਦੀ ਸਮਝਦਾ ਹੀ ਨਾ।

"ਜੇ ਕਰ ਮੈਂ ਆਪਣੇ ਨਾਲ਼ ਹੋਰ ਕੁੜੀਆਂ ਨੂੰ ਲਿਆਵਾਂ, ਉਨ੍ਹਾਂ ਨਾਲ਼ ਗੱਲਾਂ ਕਰੀ ਜਾਵਾਂ, ਤਾਂ ਤੂੰ ਕੀ ਮਹਿਸੂਸ ਕਰੇਂ? ਤੈਨੂੰ ਚੰਗਾ ਲਗੇਗਾ ਸਾਡੇ ਨਾਲ਼ ਘੁੰਮਦੇ ਫਿਰਦੇ ਨੂੰ?" ਲਾਰਾ ਪੁੱਛਦੀ।

ਲਾਰਾ ਦੇ ਸਵਾਲਾਂ ਨਾਲ਼ ਜੈਰੀ ਫੇਰ ਤਨਜ਼ ਵਿੱਚ ਆ ਜਾਂਦਾ। ਗੁੱਸਾ ਜਿਵੇਂ ਉਸਦੇ ਨੱਕ ਤੇ ਪਿਆ ਰਹਿੰਦਾ। ਉਹ ਬੀਅਰ ਦਾ ਡੱਬਾ ਵਗਾਹ ਮਾਰਦਾ ਅਤੇ ਦੌੜ ਜਾਂਦਾ।

ਇਸ ਤਰ੍ਹਾਂ ਦੇ ਵੇਲੇ ਲਾਰਾ ਦੇ ਜ਼ਿਹਨ ਵਿਚ ਨੈਨਾ ਦੀਆਂ ਹਦਾਇਤਾਂ ਟੱਲੀ ਵਾਂਗ ਖੜਕਦੀਆਂ। ਉਹ ਅਪਸੈੱਟ ਹੋਈ ਖਾਣਾ ਨਾ ਖਾਂਦੀ। ਮੰਮੀ ਤੋਂ ਲੁਕ ਕੇ ਰੋਂਦੀ। ਪਰ ਫੇਰ ਵੀ ਉਹ ਅੱਧੀ-ਅੱਧੀ ਰਾਤ ਤੱਕ ਪੜ੍ਹਦੀ। ਜੈਰੀ ਨਾਲ਼ ਬਿਤਾਏ ਸਮੇਂ ਜਾਂ ਅਪਸੈੱਟ ਹੋਣ ਕਾਰਨ ਮਿੱਸ ਕੀਤੇ ਪੀਰੀਅਡ ਦੇ ਨੋਟਸ ਉਹ ਹੋਰ ਸਹੇਲੀਆਂ ਤੋਂ ਲੈ ਲੈਂਦੀ। ਪਰ ਆਪਣੀ ਪੜ੍ਹਾਈ ਵਿਚ ਕੋਈ ਫਰਕ ਨਾ ਪੈਣ ਦਿੰਦੀ। ਹਰ ਟੈਸਟ ਵੇਲੇ ਉਸਦੇ ਗਰੇਡ ਚੰਗੇ ਆਉਂਦੇ।

ਇਕ ਦਿਨ ਐਂਜਲੀਨਾ ਨੇ ਵੀ ਲਾਰਾ ਨੂੰ ਬਿਠਾਲ ਕੇ ਆਖਿਆ ਸੀ, "ਲਾਰਾ ਸਵੀਟੀ! ਤੂੰ ਹੁਣ ਵੱਡੀ ਹੋ ਗਈ ਏਂ। ਤੇਰੀਆਂ ਗ਼ਲਤੀਆਂ ਤੇਰੀ ਸਜ਼ਾ। ਜੇ ਕਰ ਕਨੂੰਨੀ ਤੌਰ ਤੇ ਤੂੰ ਕਿਸੇ ਮੁਸੀਬਤ ਵਿਚ ਪੈ ਜਾਵੇਂ ਤਾਂ ਹੁਣ ਮੈਂ ਅਤੇ ਤੇਰੇ ਡੈਡ ਤੇਰੀ ਕੋਈ ਮੱਦਦ ਨਹੀਂ ਕਰ ਸਕਾਂਗੇ। ਕਿਉਂਕਿ ਤੂੰ ਹੁਣ ਬਾਲਗ ਹੈਂ।" ਐਂਜਲੀਨਾ ਅਤੇ ਡੇਵਿਡ ਨੇ ਦੋਹਾਂ ਬੱਚਿਆਂ ਨੂੰ ਇਹ ਗੱਲ ਵਾਰ-ਵਾਰ ਸਪਸ਼ਟ ਆਖੀ ਹੋਈ ਸੀ, "ਜੇ ਕਰ ਗ਼ਲਤੀ ਕਰੋਂਗੇ ਤਾਂ ਤੁਹਾਨੂੰ ਹੀ ਭੁਗਤਣੀ ਪੈਣੀ ਹੈ। ਇਹੋ ਇਥੋਂ ਦਾ ਕਾਨੂੰਨ ਹੈ। ਮੇਕ ਸ਼ੂਅਰ ਦੈਟ ਯੂ ਡੋਂਟ ਮੇਕ ਐਨੀ ਮਿਸਟੇਕ।"

ਜਿਉਂ ਲਾਰਾ ਅਤੇ ਜੈਰੀ ਵੱਡੇ ਹੋ ਰਹੇ ਸਨ, ਤਿਉਂ ਉਨ੍ਹਾਂ ਦੇ ਝਗੜੇ ਦਿਨੋਂ ਦਿਨ ਵੱਧਦੇ ਗਏ। ਦੋ ਦਿਨ ਲੜ ਪਏ ਅਤੇ ਦੋ ਦਿਨ ਫੇਰ ਇਕੱਠੇ। ਲੜਾਈ ਤੋਂ ਬਾਅਦ ਜੈਰੀ ਮੁਆਫ਼ੀਆਂ ਮੰਗਣ ਤੁਰ

ਪੈਂਦਾ। ਕਦੀ ਉਹ ਉਸਨੂੰ ਲਾਇਬਰੇਰੀ ਜਾ ਭਾਲ਼ਦਾ ਤੇ ਕਦੀ ਕੌਫੀ ਸ਼ੌਪ ਵਿਚ। ਉਹ ਲਾਰਾ ਵਾਸਤੇ ਫੁੱਲ ਲਿਆਉਂਦਾ, ਚੌਕਲੇਟ ਦਾ ਡੱਬਾ ਲਿਆਉਂਦਾ। ਰੋਂਦਾ, ਮੁਆਫ਼ੀਆਂ ਮੰਗਦਾ ਕਹਿੰਦਾ, "ਤੈਨੂੰ ਪਤੈ ਮੇਰਾ ਸਿਰ ਘੁੰਮ ਜਾਂਦੈ। ਮੈਂ ਸਟੂਪਿੱਡ ਹਾਂ। ਸੋਚਦਾ ਨਹੀਂ। ਫਰਗਿੱਵ ਮੀ ਲਵ, ਜਸਟ ਵਨਸ ਪਲੀਜ਼ ਪਲੀਜ਼ ਪਲੀਜ਼।"

ਜੈਰੀ ਦੇ ਤਰਲੇ ਲਾਰਾ ਤੇ ਅਸਰ ਕਰ ਜਾਂਦੇ। ਤੇ ਉਹ ਦੋਨੋਂ ਫੇਰ ਇੱਕਠੇ ਹੋ ਜਾਂਦੇ। ਜਿਵੇਂ ਕੁੱਝ ਹੋਇਆ ਹੀ ਨਹੀਂ ਹੁੰਦਾ।

ਲਾਰਾ ਇਸ ਰੁਟੀਨ ਨੂੰ ਜਾਣਦੀ ਤਾਂ ਸੀ, ਪਰ ਇਸ ਤਰ੍ਹਾਂ ਜਾਪਦਾ, ਜਿਵੇਂ ਉਹ ਕਿਸੇ ਜਿੱਲ੍ਹਣ ਵਿਚ ਡੂੰਘੀ ਉੱਤਰਦੀ ਜਾ ਰਹੀ ਹੋਵੇ। ਉਹ ਆਪਣੀਆਂ ਸਹੇਲੀਆਂ ਨੂੰ ਸਫ਼ਾਈਆਂ ਪੇਸ਼ ਕਰਦੀ। ਨੈਨਾ ਨੂੰ ਆਖਦੀ, "ਨੈਨਾ ਉਸਦਾ ਬਚਪਨ ਮੁਸ਼ਕਲਾਂ ਭਰਿਆ ਸੀ। ਸ਼ਾਇਦ ਇਸੇ ਲਈ ਉਹ ਕਿਸੇ ਤੇ ਯਕੀਨ ਨਹੀਂ ਕਰਦਾ। ਇਸੇ ਲਈ ਉਸਦਾ ਸੁਭਾ ਇਸ ਤਰ੍ਹਾਂ ਦਾ ਹੋ ਗਿਆ। ਬਲੀਵ ਮੀ, ਹੀ ਇੱਜ਼ ਏ ਨਾਈਸ ਫੈਲੋ। ਉਹ ਮੈਨੂੰ ਕਦੀ ਤਕਲੀਫ਼ ਨਹੀਂ ਦੇਵੇਗਾ। ਉਹ ਮੇਰੇ ਨਾਲ ਕਦੀ ਕੁਝ ਗ਼ਲਤ ਨਹੀਂ ਕਰੇਗਾ ਅਤੇ ਨਾ ਹੀ ਹੋਣ ਦੇਵੇਗਾ। ਆਈ ਲਵ ਹਿੱਮ।"

ਜੈਰੀ ਦੀ ਮਾਂ ਹੈਲੀਨਾ ਅਤੇ ਸਟੈੱਪ ਡੈਡ ਰੌਜਰ ਵੀ ਉਸਦੀਆਂ ਆਦਤਾਂ ਤੋਂ ਤੰਗ ਆਉਣ ਲਗ ਪਏ। ਉਨ੍ਹਾਂ ਲਈ ਦੋ ਹੀ ਗੱਲਾਂ ਬੱਚੇ ਦੇ ਡਸਿੱਪਲਿਨ ਵਾਸਤੇ ਸਨ। ਬੱਚੇ ਨੂੰ ਖੁਸ਼ ਕਰਨ ਲਈ ਮਹਿੰਗੀਆਂ ਚੀਜ਼ਾਂ ਖਰੀਦ ਦਿਓ ਜਾਂ ਉਸਤੋਂ ਕੋਈ ਪਸੰਦੀਦਾ ਵਸਤ ਖੋਹ ਕੇ ਸਜ਼ਾ ਦੇ ਦਿਓ। ਜੈਰੀ ਦੇ ਨਿਕੰਮੇ ਬਹੇਵੀਅਰ ਤੋਂ ਔਖਾ ਹੋ ਕੇ ਰੌਜਰ ਨੇ ਜੈਰੀ ਕੋਲੋਂ ਆਪਣੀ ਕਾਰ ਖੋਹ ਲਈ। ਕੰਮ ਜੈਰੀ ਕਰਦਾ ਨਹੀਂ ਸੀ। ਉਸਦੀ ਮਾਂ ਨੇ ਵੀ ਜੈਰੀ ਨੂੰ ਪੈਸੇ ਦੇਣੇ ਬੰਦ ਕਰ ਦਿੱਤੇ। ਪੈਸੇ ਕੋਲ ਨਾ ਹੋਣ ਦੀ ਸੂਰਤ ਵਿਚ ਜੈਰੀ ਨੇ ਮਾਂ ਦੇ ਪਰਸ ਵਿੱਚੋਂ ਪੈਸੇ ਚੋਰੀ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਪੰਜ-ਦਸ ਕੱਢ ਲੈਂਦਾ ਤੇ ਫੇਰ ਦਸਾਂ-ਵੀਹਾਂ ਤੋਂ ਵੱਧਦੀ ਗੱਲ ਰੌਜਰ ਦੇ ਅਕਾਉਂਟ ਤੱਕ ਪਹੁੰਚ ਗਈ। ਰੌਜਰ ਕੋਈ ਚੈੱਕ ਲਿਖ ਰਿਹਾ ਸੀ ਵਿੱਚੋਂ ਹੀ ਉਹ ਕੋਈ ਹੋਰ ਕੰਮ ਕਰਨ ਲੱਗ ਪਿਆ। ਉਸਦੇ ਚੈੱਕਬੁੱਕ 'ਤੇ ਸਾਈਨ ਕੀਤਾ ਹੋਇਆ ਚੈੱਕ ਪਿਆ ਸੀ ਤੇ ਜੈਰੀ ਨੇ ਉਸ ਵਿੱਚ ਅਮਾਉਂਟ ਆਪ ਭਰ ਲਿਆ ਅਤੇ ਪੈਸੇ ਆਪਣੇ ਅਕਾਉਂਟ ਵਿੱਚ ਟਰਾਂਸਫਰ ਕਰਵਾ ਲਏ। ਰੌਜਰ ਸਭ ਕੁੱਝ ਝੱਲ ਸਕਦਾ ਸੀ ਪਰ ਇਹ ਹੇਰਾ-ਫੇਰੀ ਨਹੀਂ। ਰੌਜਰ ਨੇ ਉਸੇ ਵੇਲੇ ਸਿੱਧਾ ਪੁਲੀਸ ਨੂੰ ਟੈਲੀਫੋਨ ਕਰ ਦਿੱਤਾ। ਜੈਰੀ ਘਰੋਂ ਦੌੜਿਆ ਅਤੇ ਦੋਸਤਾਂ ਦੇ ਘਰੀਂ ਜਾ ਲੁਕਿਆ। ਰੌਜਰ ਨੇ ਉਸਦੇ ਘਰ ਆਉਣ ਤੇ ਪਾਬੰਦੀ ਲਗਵਾ ਦਿੱਤੀ। ਉਸਨੇ ਜੈਰੀ ਦਾ ਸਮਾਨ ਚੁੱਕ ਕੇ ਵੀ ਸੜਕ ਦੇ ਕੰਢੇ ਫੁੱਟਪਾਥ 'ਤੇ ਰੱਖ ਦਿੱਤਾ। ਜੈਰੀ ਨਿਆਣਾ ਤਾਂ ਹੈ ਨਹੀਂ ਸੀ। ਉੱਨੀ ਵੀਹ ਵਰ੍ਹਿਆਂ ਦਾ ਹੋ ਗਿਆ ਸੀ। ਰੌਜਰ ਨੇ ਜੈਰੀ ਦੇ ਕਈ ਦੋਸਤਾਂ ਦੇ ਨਾਂ ਪਤੇ ਵੀ ਪੁਲੀਸ ਨੂੰ ਲਿਖਵਾ ਦਿੱਤੇ ਜਿਨ੍ਹਾਂ ਵਿੱਚ ਲਾਰਾ ਦਾ ਨਾਂ ਵੀ ਸ਼ਾਮਿਲ ਸੀ।

ਇਕ ਦਿਨ ਦੋ ਪੁਲੀਸ ਮੈਨ ਲਾਰਾ ਦੀ ਨੈਨਾ ਦੇ ਘਰ ਆ ਟਪਕੇ। ਉਨ੍ਹਾਂ ਨੂੰ ਦੇਖ ਕੇ ਨੈਨਾ ਦੇ ਜਿਵੇਂ ਖਾਨਿਓਂ ਗਈ। ਉਸਨੂੰ ਆਪਣੇ ਪਰਿਵਾਰ ਦੇ ਜੀਆਂ ਦੀ ਚਿੰਤਾ ਹੋ ਗਈ। ਉਸਦੇ ਧੀ, ਜਵਾਈ, ਪੁੱਤਰ, ਨੂੰਹ ਸਭ ਠੀਕ ਹੋਣ। ਕੋਈ ਐਕਸੀਡੈਂਟ ਨਾ ਹੋ ਗਿਆ ਹੋਵੇ। ਉਹ ਮਨ ਵਿੱਚ ਕਈ ਕੁੱਝ ਸੋਚ ਗਈ।

ਨੈਨਾ ਦੀ ਸ਼ਕਲ ਦੇਖਦਿਆਂ ਸਾਰ ਪੁਲੀਸਮੈਨ 'ਬਰਾਊਨ' ਬੋਲਿਆ, "ਮੈਮ ! ਡੂ ਯੂ ਨੋਅ ਵਿਅਰ ਮਿੱਸ ਲਾਰਾ ਇੱਜ਼? ਮਿੱਸ ਲਾਰਾ ਕਿੱਥੇ ਹੈ?"

"ਸ਼ੀ ਇਜ਼ ਇਨ ਯੂਨੀਵਰਸਿਟੀ ਆਈ ਥਿੰਕ। ਹੈਜ਼ ਸ਼ੀ ਡੱਨ ਐਨੀਥਿੰਗ? ਕੀ ਉਸਨੇ ਕੋਈ ਗ਼ਲਤੀ ਕੀਤੀ ਹੈ?"

"ਫ਼ਿਕਰ ਨਾ ਕਰੋ। ਉਸਨੇ ਕੁੱਝ ਨ੍ਹੀ ਕੀਤਾ। ਅਸੀਂ ਉਸਦੇ ਫਰੈਂਡ ਜੈਰੀ ਦੀ ਜਾਣਕਾਰੀ ਲੈਣੀ ਚਾਹੁੰਦੇ ਹਾਂ। ਹੈਜ਼ ਸ਼ੀ ਮੈੱਟ ਹਿੱਮ? ਕੀ ਉਹ ਉਸਨੂੰ ਮਿਲੀ ਜਾਂ ਉਸਦੇ ਨਾਲ ਹੈ?"

"ਮੈਂ ਨਹੀਂ ਜਾਣਦੀ ਸਰ। ਪਰ ਲਾਰਾ ਠੀਕ ਵੇ? ਕੁੱਝ ਹੋਇਆ ਤਾਂ ਨਹੀਂ।" ਨੈਨਾ ਨੇ ਚਿੰਤਾ 'ਚ ਡੁੱਬੀ ਨੇ ਪੁੱਛਿਆ।

"ਲਾਰਾ ਨੇ ਕੁਸ਼ ਨਹੀਂ ਕੀਤਾ ਮੈਮ। ਉਹ ਬਿਲਕੁਲ ਠੀਕ ਹੈ। ਇਹ ਇੰਨਕੁਆਰੀ ਜੈਰੀ ਬਾਰੇ ਹੈ। ਉਹ ਮੁਸੀਬਤ ਵਿਚ ਹੋ ਸਕਦੈ। ਕੋਈ ਨਹੀਂ, ਅਸੀਂ ਚੱਲਦੇ ਹਾਂ। ਲਾਰਾ ਨੂੰ ਕਹਿਣਾ ਕਿ ਜੈਰੀ ਦਾ ਪਤਾ ਲੱਗੇ ਤਾਂ ਦੱਸੇ।" ਦੂਜੇ ਆਫ਼ੀਸਰ 'ਐਡਮਜ਼' ਨੇ ਆਪਣਾ ਨੰਬਰ ਲਿਖ ਕੇ ਨੈਨਾ ਨੂੰ ਫੜਾਇਆ ਅਤੇ ਉਹ ਦੋਨੋਂ ਚੱਲਦੇ ਬਣੇ।

ਨੈਨਾ ਨੇ ਦਰਵਾਜ਼ਾ ਬੰਦ ਕਰਦਿਆਂ ਹੀ ਲਾਰਾ ਨੂੰ ਫੋਨ ਡਾਇਲ ਕਰ ਦਿੱਤਾ। ਉਸਦੇ ਹੱਥ ਕੰਬ ਰਹੇ ਸਨ। ਦਿਲ ਧੜਕ ਰਿਹਾ ਸੀ। ਮੱਥੇ ਉੱਤੇ ਕੱਚੀਆਂ ਤ੍ਰੇਲੀਆਂ ਦੀਆਂ ਬੂੰਦਾਂ ਟਪਕ ਪਈਆਂ ਸਨ। ਨੈਨਾ ਨੇ ਸਾਰੀ ਗੱਲ ਲਾਰਾ ਨੂੰ ਆਖ ਸੁਣਾਈ। ਨੈਨਾ ਦੀ ਗੱਲ ਸੁਣਦਿਆਂ ਲਾਰਾ ਨੇ ਉਸਨੂੰ ਠੰਢੀ ਕੀਤਾ ਅਤੇ ਜੈਰੀ ਵਾਲੀ ਸਾਰੀ ਕਹਾਣੀ ਕਹਿ ਸੁਣਾਈ। ਇਹ ਵੀ ਆਖਿਆ ਕਿ ਉਹ ਫ਼ਿਕਰ ਨਾ ਕਰੇ। ਜੈਰੀ ਨੇ ਕਿਸੇ ਚੈੱਕ ਉੱਤੇ ਦਸਤਖ਼ਤ ਨਹੀਂ ਕੀਤੇ। ਰੌਜਰ ਦਾ ਦਸਤਖ਼ਤ ਕੀਤਾ ਪਿਆ ਚੈੱਕ ਉਸਨੇ ਜ਼ਰੂਰ ਜਮ੍ਹਾ ਕਰਵਾ ਲਿਆ ਹੈ। ਰੌਜਰ ਉਸਨੂੰ ਘਰੋਂ ਕੱਢਣਾ ਚਾਹੁੰਦਾ ਸੀ। ਇਸੇ ਲਈ ਉਹ ਇਸ ਤਰ੍ਹਾਂ ਦੀਆਂ ਹਰਕਤਾ ਕਰ ਰਿਹਾ ਹੈ। ਘਰੋਂ ਉਸਨੇ ਜੈਰੀ ਨੂੰ ਕੱਢ ਵੀ ਦਿੱਤਾ ਹੈ। ਉਸਦਾ ਸਮਾਨ ਚੁੱਕ ਕੇ ਸੜਕ ਵਿੱਚ ਰੱਖ ਦਿੱਤਾ ਹੈ। ਜੈਰੀ ਦੇ ਖ਼ਿਲਾਫ਼ ਉਸਨੇ ਪਰੋਟੈਕਸ਼ਨ ਆਰਡਰ ਵੀ ਲੈ ਲਿਆ ਹੈ। ਜੈਰੀ ਹੁਣ ਘਰ ਦੇ ਆਸ-ਪਾਸ ਵੀ ਨਹੀਂ ਜਾ ਸਕਦਾ। ਮੈਂ ਜੈਰੀ ਦੇ ਨਾਲ਼ ਉਸਦਾ ਸਮਾਨ ਚੁੱਕਵਾ ਕੇ ਉਸਦੇ ਦੋਸਤ ਕੋਲ ਛੱਡ ਆਈ ਹਾਂ।"

"ਉਸਦੀ ਮਾਂ ਨੇ ਨਹੀਂ ਕੁੱਝ ਕਿਹਾ?" ਨੈਨਾ ਨੇ ਸਵਾਲ ਕੀਤਾ।

"ਨੋ ਨੈਨਾ। ਸ਼ੀ ਇਜ਼ ਸੋ ਮਿਕਸਡਅੱਪ। ਉਹ ਵੀ ਰੌਜਰ ਦਾ ਸਾਥ ਦੇ ਰਹੀ ਹੈ। ਜੈਰੀ ਦਾ ਕਸੂਰ ਤਾਂ ਹੈ। ਪਰ ਮੈਂ ਸੋਚਦੀ ਹਾਂ ਸ਼ਾਇਦ ਇਸ ਹਾਦਸੇ ਨਾਲ਼ ਜੈਰੀ ਨੂੰ ਅਕਲ ਵੀ ਆ ਜਾਵੇ।"

"ਹੁਣ ਕਿੱਥੇ ਤੇ ਕਿਹੜੇ ਦੋਸਤ ਕੋਲ ਹੈ ਉਹ?" ਨੈਨਾ ਨੇ ਫੇਰ ਪੁੱਛਿਆ।

"ਕਿਸੇ ਦੋਸਤ ਦੀ ਗੈਰਾਜ਼ ਉੱਤੇ ਕਮਰਾ ਹੈ। ਬੈੱਡ ਸਿੱਟ ਯੂ ਨੋ। ਉੱਥੇ ਹੈ। ਚਲੋ ਮੈਂ ਘਰ ਆਉਂਦੀ ਹਾਂ ਤੇ ਫੇਰ ਗੱਲ ਕਰਦੇ ਹਾਂ।" ਆਖ ਲਾਰਾ ਨੇ ਫੋਨ ਬੰਦ ਕਰ ਦਿੱਤਾ।

ਜੈਰੀ ਦੋਸਤਾਂ ਦੇ ਘਰੀਂ ਵਕਤ ਕੱਟਦਾ ਰਿਹਾ। ਪੁਲੀਸ ਨੇ ਪੁੱਛ-ਪੜਤਾਲ ਕਰਕੇ, ਉਸਨੂੰ ਘਰ ਦੇ ਨੇੜੇ ਨਾ ਜਾਣ ਦੀ ਵਾਰਨਿੰਗ ਦੇ ਦਿੱਤੀ। ਜੈਰੀ ਸੁਧਰਿਆ ਫੇਰ ਵੀ ਨਾ। ਜੇ ਕਰ ਉਸਨੂੰ ਕੁਝ ਨਾ ਮਿਲਦਾ ਤਾਂ ਉਹ ਖੋਹ ਖਿੱਚ ਲੈਂਦਾ। ਤੇ ਇਹੋ ਹਾਲ ਲਾਰਾ ਅਤੇ ਜੈਰੀ ਦਾ ਸੀ। ਲਾਰਾ ਵੀ ਉਨ੍ਹਾਂ ਵਸਤਾਂ ਵਿੱਚ ਸ਼ਾਮਿਲ ਹੋ ਗਈ ਸੀ ਜਿਹੜੀਆਂ ਜੈਰੀ ਦੀ ਮਲਕੀਅਤ ਬਣਦੀਆਂ ਸਨ ਜਾਂ ਉਹ ਬਣਾਉਣਾ ਚਾਹੁੰਦਾ ਸੀ।

ਲਾਰਾ ਦੇ ਮਾਂ-ਬਾਪ ਨੇ ਵੀ ਉਸਨੂੰ ਅਠਾਰਵੇਂ ਜਨਮ ਦਿਨ ਤੇ ਜਿਹੜੀ ਕਾਰ ਖਰੀਦ ਦਿੱਤੀ ਸੀ, ਹੁਣ ਉਸੇ ਵਿਚ ਉਹ ਦੋਨੋਂ ਘੁੰਮਦੇ।

ਲਾਰਾ ਦੀ ਮਾਂ ਐਂਜਲੀਨਾ, ਲਾਰਾ ਨੂੰ ਕਈ ਵੇਰ ਆਖ ਚੁੱਕੀ ਸੀ ਕਿ, "ਜੈਰੀ ਨੂੰ ਆਖ ਕਿਸੇ ਦਿਨ ਸਾਨੂੰ ਆ ਕੇ ਮਿਲੇ। ਅਸੀਂ ਵੀ ਜਾਨਣਾ ਚਾਹੁੰਦੇ ਹਾਂ ਕਿ ਉਹ ਕਿਸ ਕਿਸਮ ਦਾ ਮੁੰਡਾ ਹੈ? ਅਸੀਂ ਦੇਖਣਾ ਚਾਹੁੰਦੇ ਹਾਂ ਕਿ ਤੂੰ ਕਿਸ ਤਰ੍ਹਾਂ ਦੇ ਇਨਸਾਨ ਨਾਲ਼ ਤੁਰੀ ਫਿਰਦੀ ਹੈਂ?"

ਲਾਰਾ ਟਾਲਮਟੋਲ ਕਰੀ ਜਾ ਰਹੀ ਸੀ। ਉਸਨੂੰ ਪਤਾ ਸੀ ਕਿ ਜੈਰੀ ਕਿਸੇ ਨਾਲ਼ ਗੱਲ-ਬਾਤ ਦੀ

ਸਾਂਝ ਪਾ ਹੀ ਨਹੀਂ ਸਕਦਾ। ਉਹ ਘਰ ਆ ਵੀ ਗਿਆ ਤਾਂ ਚੁੱਪ ਕਰਕੇ ਬੈਠਾ ਰਹੇਗਾ। ਕਿਸੇ ਗੱਲ ਦਾ ਜਵਾਬ ਨਹੀਂ ਦੇ ਸਕੇਗਾ। ਤੇ ਮੌਮ ਨੇ ਉਸਨੂੰ ਸਵਾਲਾਂ ਦੇ ਸਵਾਲ ਪੁੱਛਣੇ ਹਨ। ਇਸ ਲਈ ਲਾਰਾ ਕੋਈ ਨਾ ਕੋਈ ਬਹਾਨਾ ਬਣਾ ਕੇ ਗੱਲ ਟਾਲ ਦਿੰਦੀ ਰਹੀ।

ਇਕ ਦਿਨ ਸਧਾਰਨ ਜਿਹਾ ਦਿਨ ਸੀ ਜਦੋਂ ਲਾਰਾ ਨੇ ਨੈਨਾ ਨੂੰ ਫੋਨ ਕੀਤਾ ਅਤੇ ਐਂਡੀ ਬਾਰੇ ਪੁੱਛਿਆ। ਐਂਡੀ ਕਾਲਜ ਤੋਂ ਘਰ ਨਹੀਂ ਸੀ ਆਇਆ। ਨੈਨਾ ਨੇ ਲਾਰਾ ਨੂੰ ਦੱਸ ਦਿੱਤਾ। ਲਾਰਾ ਤੇਜ਼-ਤੇਜ਼ ਬੋਲੀ, "ਨੈਨਾ! ਜਦੋਂ ਐਂਡੀ ਘਰ ਆਵੇ ਤਾਂ ਉਸਨੂੰ ਆਖੀਂ ਮੈਨੂੰ ਫੋਨ ਕਰ ਲਵੇ। ਬਹੁਤ ਜ਼ਰੂਰੀ ਹੈ। ਇੱਟਸ ਐਨ ਐਮਰਜੈਂਸੀ।"

ਲਾਰਾ ਦੀ ਗੱਲ ਸੁਣ ਕੇ ਨੈਨਾ ਵੀ ਫਿਕਰਮੰਦ ਹੋ ਗਈ ਪਰ ਲਾਰਾ ਨੇ ਕੋਈ ਵੀ ਗੱਲ ਨੈਨਾ ਦੇ ਪਿੜ ਪੱਲੇ ਨਾ ਪਾਈ।

ਐਂਡੀ ਉਸ ਦਿਨ ਨੈਨਾ ਦੇ ਘਰ ਨਾ ਆਇਆ। ਉਹ ਆਪਣੀ ਮੰਮੀ ਨਾਲ਼ ਸਿੱਧਾ ਆਪਣੇ ਘਰ ਚਲੇ ਗਿਆ। ਨੈਨਾ ਦਾ ਅੰਦਰ ਘੁਣ ਲੱਗੀ ਲੱਕੜੀ ਵਾਂਗੂ ਖਾ ਹੋਣ ਲੱਗ ਪਿਆ। ਇਕ ਪਲ ਉਹ ਆਪਣੇ ਆਪ ਨੂੰ ਆਖੇ, "ਮੈਨੂੰ ਕੀ। ਹੋਊ ਕੋਈ ਗੱਲ? ਆਪੇ ਉਨ੍ਹਾਂ ਦੀ ਮਾਂ ਸਮਝੂ-ਸਿੱਝੂ।" ਤੇ ਦੂਜੇ ਪਲ ਫੇਰ ਉਸਦਾ ਚਿੱਤ ਘਾਊਂ-ਮਾਊਂ ਜਿਹਾ ਹੋਣ ਲੱਗ ਪਵੇ। ਇਸੇ ਤਰ੍ਹਾਂ ਸੋਚਦਿਆਂ ਉਸਦੀ ਰਾਤ ਬੀਤੀ।

ਦੂਜੀ ਸਵੇਰ ਐਂਜਲੀਨਾ ਨੈਨਾ ਦੇ ਦਰ ਆ ਬੈਠੀ। ਨੈਨਾ ਨੇ ਚਾਹ ਬਣਾਈ ਅਤੇ ਇਕ ਪਿਆਲੀ ਐਂਜਲੀਨਾ ਦੇ ਹੱਥ ਫੜਾਈ ਅਤੇ ਦੂਜੀ ਆਪ ਫੜ ਕੇ ਪੀਣ ਬੈਠ ਗਈ। ਉਸਨੂੰ ਪਤਾ ਸੀ ਐਂਜਲੀਨਾ ਕੋਈ ਗੱਲ ਕਰਨ ਆਈ ਹੈ। ਪਤਾ ਦੋਹਾਂ ਨੂੰ ਨਹੀਂ ਸੀ ਕਿ ਕਿੱਥੋਂ ਗੱਲ ਸ਼ੁਰੂ ਕੀਤੀ ਜਾਵੇ।

ਚਾਹ ਦੀ ਪਿਆਲੀ ਪੀਂਦੀ ਹੋਈ ਐਂਜਲੀਨਾ ਬੋਲੀ, "ਮੌਮ! ਆਈ ਹੈਵ ਟੂ ਟੈੱਲ ਯੂ ਸਮਥਿੰਗ।"

ਇਹ ਸੁਣਦਿਆਂ ਨੈਨਾ ਦੇ ਜਿਵੇਂ ਖਾਨਿਓਂ ਗਈ। ਉਹ ਇਕ ਟੱਕ ਐਂਜਲੀਨਾ ਵੱਲ ਦੇਖਣ ਲੱਗ ਪਈ।

ਐਂਜਲੀਨਾ ਖੰਘੂਰਾ ਜਿਹਾ ਮਾਰਦੀ ਨੇ ਸਵਾਲ ਕੀਤਾ, "ਮੌਮ! ਕਲ ਲਾਰਾ ਦਾ ਟੈਲੀਫੋਨ ਵੀ ਆਇਆ ਸੀ?"

"ਆਹੋ ਆਇਆ ਸੀ। ਬੜੀ ਕਾਹਲੀ ਜਿਹੀ 'ਚ ਸੀ। ਐਂਡੀ ਨੂੰ ਟੋਲ਼ਦੀ ਸੀ।" ਨੈਨਾ ਨੇ ਸਭ ਵਿਥਿਆ ਆਖ ਸੁਣਾਈ।

"ਮੌਮ! ਤੈਨੂੰ ਪਤੈ ਕਿ ਉਹ ਕਿਉਂ ਐਂਡੀ ਨੂੰ ਟੋਲ਼ਦੀ ਸੀ?" ਐਂਜਲੀਨਾ ਗੰਭੀਰ ਸੀ।

"ਨਹੀਂ ਐਂਜੂ ਬੇਵੀ, ਮੈਂ ਕੀ ਜਾਣਾ?" ਨੈਨਾ ਨੇ ਇਸ ਤਰ੍ਹਾਂ ਆਖਿਆ ਜਿਵੇਂ ਉਹ ਹਰ ਵੇਲੇ ਦੀ ਤਰ੍ਹਾਂ ਬੱਚਿਆਂ ਨੂੰ ਬਚਾਉਂਦੀ ਆ ਰਹੀ ਸੀ। ਅਕਸਰ ਉਹ ਐਂਜਲੀਨਾ ਅਤੇ ਡੇਵਿਡ ਨੂੰ ਬੱਚਿਆਂ ਦੀਆਂ ਸ਼ਰਾਰਤਾਂ ਜਾਂ ਸਕੂਲੋਂ ਲੇਟ ਆਉਣਾ ਵਰਗੀਆਂ ਗੱਲਾਂ ਲੁਕੋ ਲੈਂਦੀ ਸੀ। ਤੇ ਅੱਜ ਵੀ ਉਸਨੂੰ ਧੁੜਕੂ ਲੱਗ ਗਿਆ ਸੀ ਕਿ ਬੱਚਿਆਂ ਉੱਤੇ ਕੀ ਆਫ਼ਤ ਆਣ ਪਈ। ਉਸਨੂੰ ਐਂਜਲੀਨਾ ਦੇ ਗੁੱਸੇ ਦਾ ਪਤਾ ਸੀ। ਉਸ ਵੇਲੇ ਉਹ ਬੱਚਿਆਂ ਨੂੰ ਐਂਜਲੀਨਾ ਦੇ ਗੁੱਸੇ ਤੋਂ ਬਚਾਉਣ ਬਾਰੇ ਸੋਚ ਰਹੀ ਸੀ। ਉਸਨੂੰ ਐਂਜਲੀਨਾ ਦਾ ਮੂਡ ਦਿਖਾਈ ਦਿੰਦਾ ਸੀ। ਉਸਦੇ ਮੂਡ ਤੋਂ ਪਤਾ ਲੱਗਦਾ ਸੀ ਕਿ ਰੱਬ ਖ਼ੈਰ ਕਰੇ।

ਐਂਜਲੀਨਾ ਚਾਹ ਦੀਆਂ ਚੁਸਕੀਆਂ ਭਰਦੀ ਆਖਣ ਲੱਗੀ, "ਮੌਮ! ਜਿਹੜੇ ਮੁੰਡੇ ਨਾਲ਼ ਲਾਰਾ ਤੁਰੀ ਫ਼ਿਰਦੀ ਐ, ਉਸਨੇ ਲਾਰਾ ਦੀ ਕਾਰ ਲੋਹੇ ਦੇ ਰੌਡ ਨਾਲ਼ ਭੰਨ ਦਿੱਤੀ ਐ।"

"ਹੈਂ? ਉਹ ਕਿਉਂ? ਕੁੜੀ ਤੇ ਠੀਕ ਵੇ?" ਨੈਨਾ ਦੇ ਜਿਵੇਂ ਖਾਨਿਓਂ ਗਈ। ਗੱਲ ਸੁਣਦਿਆਂ

ਉਸਦਾ ਰੰਗ ਪੀਲਾ ਫਿਰ ਗਿਆ। ਉਸਦਾ ਦਿਲ ਦਹਿਲ ਗਿਆ।

"ਮੌਮ! ਲਾਰਾ ਕਿਸੇ ਨਾਲ਼ ਫੋਨ 'ਤੇ ਗੱਲ ਕਰਦੀ ਸੀ। ਜੈਰੀ ਪੁੱਛਣ ਲੱਗਾ ਕਿ ਕਿਸਦਾ ਫੋਨ ਹੈ? ਲਾਰਾ ਨੂੰ ਉਸਦੇ ਗੁੱਸੇ ਦਾ ਪਤਾ ਸੀ ਤੇ ਉਸਨੇ ਆਖ ਦਿੱਤਾ, ਐਂਡੀ ਦਾ। ਪਰ ਫੋਨ ਲਾਰਾ ਦੀ ਕਿਸੇ ਸਹੇਲੀ ਦਾ ਸੀ ਜਿਸਨੂੰ ਜੈਰੀ ਪਸੰਦ ਨਹੀਂ ਸੀ ਕਰਦਾ। ਜੈਰੀ ਨੇ ਲਾਰਾ ਹੱਥੋਂ ਫੋਨ ਖਿੱਚਿਆ ਅਤੇ ਉਹੋ ਨੰਬਰ ਰੀਡਾਇਲ ਕਰ ਦਿੱਤਾ। ਮੋਹਰੇ ਬੋਲਣ ਵਾਲੇ ਦੀ ਆਵਾਜ਼ ਜੈਰੀ ਨੇ ਪਛਾਣ ਲਈ। ਉਸਨੇ ਗੁੱਸੇ ਵਿੱਚ ਆ ਕੇ ਲਾਰਾ ਦਾ ਫੋਨ ਵੀ ਸੜਕ ਵਿਚ ਵਗਾਹ ਮਾਰਿਆ ਤੇ ਜਿਸ ਗੈਰਾਜ਼ ਵਿਚ ਲਾਰਾ ਕਾਰ ਦੀ ਸਰਵਿਸ ਕਰਵਾਉਣ ਗਈ ਹੋਈ ਸੀ ਉੱਥੋਂ ਲੋਹੇ ਦਾ ਸਰੀਆ ਚੁੱਕਿਆ ਅਤੇ ਕਾਰ ਦੀ ਸਕਰੀਨ ਤੋੜ ਦਿੱਤੀ। ਲਾਈਟਾਂ ਭੰਨ ਦਿੱਤੀਆਂ। ਦਰਵਾਜ਼ੇ ਵਿਚ ਚਿੱਬ ਪਾ ਦਿੱਤੇ।"

" ਉਹ ਗੌਡ? ਬੇੜਾ ਗਰਕ ਹੋਵੇ ਉਹਦਾ। ਤੇ ਹੁਣ? ਲਾਰਾ ਕਿੱਦਾਂ? ਪੁਲੀਸ ਨੂੰ ਫੋਨ ਕੀਤਾ?" ਨੈਨਾ ਕਈ ਸਵਾਲ ਇਕੋ ਸਾਹੇ ਪੁੱਛ ਗਈ।

"ਯੈੱਸ ਮੌਮ, ਮੈਂ ਪੁਲੀਸ ਨੂੰ ਫੋਨ ਕਰ ਦਿੱਤੈ। ਲਾਰਾ ਠੀਕ ਐ। ਕੰਨਫਿਊਜ਼ਡ ਹੈ। ਡਰੀ ਹੋਈ ਹੈ। ਬਿੱਟ ਸ਼ੇਕੀ ਯੂ ਨੋ। ਇਸ ਕੁੜੀ ਨੇ ਸਾਨੂੰ ਦੱਸਣਾ ਠੀਕ ਨਹੀਂ ਸਮਝਿਆ। ਆਪੇ ਕਾਰ ਦੀ ਸਕਰੀਨ ਫਿਕਸ ਕਰਵਾ ਲਈ। ਤਿੰਨ ਸੌ ਡਾਲਰ ਲੱਗੇ। ਪਰ ਬਾਕੀ ਕਾਰ ਐਨੀ ਛੇਤੀਂ ਕਿਸ ਤਰ੍ਹਾਂ ਠੀਕ ਹੋ ਜਾਂਦੀ? ਜਦੋਂ ਅਜ ਸਵੇਰੇ ਡੇਵਿਡ ਨੇ ਕਾਰ ਦੇਖੀ ਤਾਂ ਉਹ ਅੱਗ ਬਬੂਲਾ ਹੋ ਗਿਆ। ਪੁੱਛਣ ਤੇ ਲਾਰਾ ਫੇਰ ਵੀ ਆਖੀ ਜਾਵੇ, "ਡੈਡ! ਮੈਂ ਉਸਨੂੰ ਚਾਰਜ ਨਹੀਂ ਕਰਾਉਣਾ। ਉਸਦੀ ਜ਼ਿੰਦਗੀ ਖਰਾਬ ਹੋ ਜਾਣੀ ਹੈ। ਪਰ ਮੌਮ ਨੇ ਉਸਦੀ ਇਕ ਨਹੀਂ ਸੁਣੀ। ਮੈਂ ਪੁਲੀਸ ਨੂੰ ਫੋਨ ਕਰ ਦਿੱਤਾ। ਲਾਰਾ ਨੂੰ ਨਾਲ਼ ਲਿਜਾ ਕੇ ਰਿਪੋਰਟ ਵੀ ਲਿਖਵਾ ਦਿੱਤੀ। ਲਾਰਾ ਫੇਰ ਵੀ ਆਖੀ ਜਾਵੇ, ਜੈਰੀ ਇਸ ਤਰ੍ਹਾਂ ਦਾ ਮੁੰਡਾ ਨਹੀਂ ਹੈ। ਉਹ ਦਸਤਖ਼ਤ ਕਰਨ ਨੂੰ ਤਿਆਰ ਨਹੀਂ ਸੀ। ਫੇਰ ਪੁਲੀਸ ਨੇ ਵੀ ਲਾਰਾ ਨੂੰ ਬਹੁਤ ਸਮਝਾਇਆ। ਪਰ ਮੌਮ ਉਹ ਸਮਝਦੀ ਹੀ ਨਹੀਂ। ਔਖੇ-ਸੌਖੇ ਲਾਰਾ ਨੇ ਦਸਤਖ਼ਤ ਤਾਂ ਕਰ ਦਿੱਤੇ। ਪਰ ਸਾਡੇ ਨਾਲ਼ ਲੜੀ ਜਾ ਰਹੀ ਹੈ। ਮੈਂ ਕੀ ਕਰਦੀ? ਆਈ ਹੈਡ ਟੂ ਡੂ ਇੱਟ ਮੌਮ। ਆਈ ਹੈਡ ਟੂ ਟੇਕ ਚਾਰਜ।" ਐਂਜਲੀਨਾ ਨੇ ਫ਼ਿਕਰ ਵਿਚ ਗਲਤਾਨ ਹੁੰਦਿਆਂ ਆਖਿਆ।

ਨੈਨਾ ਵੀ ਚਿੰਤਾ ਵਿੱਚ ਲਹਿ ਤੁਰੀ। ਕੁੱਝ ਸੋਚਦਿਆਂ ਹੋਇਆਂ ਉਹ ਬੋਲੀ, "ਯੈੱਸ ਡਾਰਲਿੰਗ ਐਂਜੂ! ਯੂ ਡਿੱਡ ਰਾਈਟ। ਜੈਰੀ ਨੂੰ ਸਬਕ ਸਿੱਖਣ ਦੀ ਲੋੜ ਹੈ ਤੇ ਸਾਨੂੰ ਆਪਣੀ ਕੁੜੀ ਨੂੰ ਪਰੋਟੈਕਟ ਕਰਨ ਦੀ ਲੋੜ ਹੈ। ਤੂੰ ਡਰ ਨਾ। ਮੈਂ ਤੇਰੇ ਨਾਲ਼ ਐਗਰੀ ਕਰਦੀ ਹਾਂ।"

ਨੈਨਾ ਦੇ ਬੋਲ ਸੁਣ ਕੇ ਐਂਜਲੀਨਾ ਨੂੰ ਵੀ ਸੁਖ ਦਾ ਸਾਹ ਆਇਆ। ਚਾਹ ਪੀਂਦਿਆਂ ਉਸਨੇ ਖਿੱਚ ਕੇ ਸਾਹ ਲਿਆ ਜਿਵੇਂ ਬਹੁਤ ਸਾਰਾ ਭਾਰ ਉਸਦੇ ਮਨ ਤੋਂ ਉੱਤਰ ਗਿਆ ਹੋਵੇ।

ਨੈਨਾ ਫੇਰ ਬੋਲੀ, "ਹੁਣ ਕੀ ਹੋਵੇਗਾ ਐਂਜੂ ਡਾਰਲਿੰਗ?"

"ਹੋਣਾ ਕੀ ਐ, ਜੈਰੀ ਨੂੰ ਕੋਰਟ ਵਿਚ ਜਾਣਾ ਪਵੇਗਾ। ਕੋਰਟ ਉਸਨੂੰ ਵਾਰਨਿੰਗ ਦੇਵੇਗਾ ਕਿ ਉਹ ਲਾਰਾ ਦੇ ਨੇੜੇ ਨਹੀਂ ਆ ਸਕਦਾ। ਜੇ ਕਰ ਆਇਆ ਤਾਂ ਉਸਨੂੰ ਜੇਲ੍ਹ ਜਾਣਾ ਪਵੇਗਾ ਕਿਉਂਕਿ ਉਹ ਕਨੂੰਨ ਦੀ ਉਲੰਘਣਾ ਹੋਵੇਗੀ"

"ਐਨਾ ਗੰਭੀਰ ਮਸਲਾ ਹੈ?" ਨੈਨਾ ਨੇ ਪੁੱਛਿਆ।

"ਯੈੱਸ ਮੌਮ, ਮੈਂ ਪਰੋਟੈਕਸ਼ਨ ਆਰਡਰ ਲਈ ਅਪਲਾਈ ਕੀਤਾ ਹੈ। ਲਾਰਾ ਮੰਨਦੀ ਨਹੀਂ ਸੀ। ਉਹ ਇਮੋਸ਼ਨਲੀ ਸੋਚਦੀ ਹੈ। ਪਹਿਲਾ ਪਿਆਰ ਹੈ ਨਾ। ਪਰ ਮੌਮ! ਮੈਨੂੰ ਆਪਣੀ ਧੀ ਨੂੰ ਪਰੋਟੈਕਟ ਕਰਨਾ ਜ਼ਰੂਰੀ ਹੈ। ਕੀ ਪਤੈ ਘਰ ਵੇਲੇ ਕੁਵੇਲੇ ਆ ਕੇ ਉਹ ਕੀ ਆਫ਼ਤ ਲਿਆ ਦੇਵੇ। ਇੱਦਾ ਦੇ ਬੰਦੇ ਦਾ ਕੀ ਭਰੋਸਾ।"

"ਸ਼ੁਅਰ ਹਨੀ। ਤੂੰ ਫ਼ਿਕਰ ਨਾ ਕਰ। ਤੂੰ ਜੋ ਕੀਤਾ ਸਹੀ ਕੀਤਾ ਹੈ। ਸਾਨੂੰ ਕੁੜੀ ਨੂੰ ਅਤੇ ਆਪਣਾ ਆਪ ਪਰੋਟੈਕਟ ਕਰਨ ਦੀ ਲੋੜ ਹੈ। ਨੇ ਜਾਣੀਏ, ਇੱਦਾਂ ਦਾ ਬੰਦਾ ਕੀ ਕਰੇ। ਤੌਬਾ-ਤੌਬਾ।" ਨੈਨਾ ਨੇ ਕੰਨਾਂ ਨੂੰ ਹੱਥ ਲਾਏ।

"ਪਰ ਮੌਮ, ਲਾਰਾ ਬਹੁਤ ਗੁੱਸੇ ਵਿਚ ਹੈ।" ਐਂਜਲੀਨਾ ਨੂੰ ਜੁਆਨ ਧੀ ਦਾ ਫ਼ਿਕਰ ਵੀ ਖਾ ਰਿਹਾ ਸੀ ਕਿ ਉਨ੍ਹਾਂ ਮਾਂ-ਧੀ ਦੇ ਰਿਸ਼ਤੇ ਤੇ ਇਸ ਗੱਲ ਦਾ ਕੀ ਅਸਰ ਹੋਵੇਗਾ? ਲਾਰਾ ਪਹਿਲਾਂ ਹੀ ਆਪਣੀ ਮਾਂ ਨਾਲ਼ ਉੱਖੜੀ-ਉੱਖੜੀ ਰਹਿੰਦੀ ਸੀ। ਉਸ ਨਾਲ਼ ਦਿਲ ਦੀ ਗੱਲ ਨਹੀਂ ਸੀ ਕਰਦੀ।

ਨੈਨਾ ਐਂਜਲੀਨਾ ਦੀ ਦੁਵਿਧਾ ਸਮਝ ਗਈ। ਉਹ ਬੋਲੀ, "ਐਂਜਲੀਨਾ! ਕਿਉਂ ਫ਼ਿਕਰ ਕਰਦੀ ਐਂ। ਸਾਡੀ ਲਾਰਾ ਬਹੁਤ ਸਮਝ ਵਾਲੀ ਕੁੜੀ ਹੈ। ਦੋ ਚਾਰ ਦਿਨ ਵਿਗੜੇਗੀ ਤੇ ਫੇਰ ਉਸਦੀ ਸਮਝ ਵਿਚ ਆਪੇ ਆ ਜਾਵੇਗਾ।"

"ਆਈ ਹੋਪ ਸੋ ਮੌਮ।" ਐਂਜਲੀਨਾ ਡਰਦੀ ਹੋਈ ਬੋਲੀ। ਤੇ ਉਹ ਕਿੰਨਾ ਚਿਰ ਨੈਨਾ ਨਾਲ਼ ਬੈਠੀ ਗੱਲਾਂ ਕਰਦੀ ਰਹੀ। ਚਾਹ ਦੀ ਖਾਲੀ ਪਿਆਲੀ ਟੇਬਲ 'ਤੇ ਰੱਖਦੀ ਹੋਈ ਬੋਲੀ, "ਅੱਛਾ ਮੈਂ ਜਾਨੀ ਹਾਂ। ਜੇ ਹੋ ਸਕਿਆ ਤਾਂ ਮੌਮ ਉਸਨੂੰ ਸਮਝਾਉਣਾ। ਅਸੀਂ ਐਸ ਤਰ੍ਹਾਂ ਆਪਣੀ ਬੇਵੀ ਦੀ ਜ਼ਿੰਦਗੀ ਤਬਾਹ ਨਹੀਂ ਹੋਣ ਦੇ ਸਕਦੇ।"

ਐਂਜਲੀਨਾ ਨੂੰ ਫ਼ਿਕਰ ਕਰਦਿਆਂ ਦੇਖ ਕੇ ਨੈਨਾ ਨੂੰ ਚੰਗਾ ਲੱਗਾ। ਉਸਨੇ ਫੇਰ ਐਂਜਲੀਨਾ ਨੂੰ ਭਰੋਸਾ ਦੁਆਇਆ, "ਤੂੰ ਸ਼ਾਂਤ ਰਹੁ। ਸਭ ਕੁਝ ਠੀਕ ਹੋ ਜਾਵੇਗਾ।"

ਉਸੇ ਸ਼ਾਮ ਲਾਰਾ ਮੋਟਾ ਜਿਹਾ ਮੂੰਹ ਬਣਾਈ ਨੈਨਾ ਕੋਲ ਆਈ। ਇਕ ਦੋ ਵੇਰ ਪੁੱਛਣ ਤੇ ਵੀ ਲਾਰਾ ਨੇ ਕੋਈ ਗੱਲ ਨਾ ਕੀਤੀ। ਨੈਨਾ ਵੀ ਚੁੱਪ ਹੋ ਗਈ। ਸੋਚਣ ਲੱਗੀ, ਜਦੋਂ ਲਾਰਾ ਆਪ ਗੱਲ ਤੋਰੇਗੀ ਤਾਂ ਹੀ ਠੀਕ ਰਹੇਗਾ। ਨੈਨਾ ਟੀ.ਵੀ ਉੱਤੇ ਖ਼ਬਰਾਂ ਦੇਖਦੀ ਰਹੀ। ਉਹ ਚੋਰ ਅੱਖ ਨਾਲ਼ ਲਾਰਾ ਵੱਲ ਵੀ ਦੇਖ ਲੈਂਦੀ। ਕੁਝ ਹੀ ਸਮੇਂ ਅੰਦਰ ਲਾਰਾ ਫਿੱਸ ਪਈ। ਕਹਿਣ ਲੱਗੀ, "ਵਾਈ ਮੌਮ ਕਰੀਏਟਸ ਏ ਪਰੋਬਲਮ ਨੈਨਾ? ਉਹ ਜੈਰੀ ਦੀ ਜ਼ਿੰਦਗੀ ਤਬਾਹ ਕਰ ਦੇਵੇਗੀ। ਉਸਦੀ ਇਕ ਗ਼ਲਤੀ ਤੇ ਪੁਲੀਸ ਕੇਸ ਦਰਜ ਹੋਣ ਨਾਲ਼ ਸਾਰੀ ਉਮਰ ਲਈ ਰਿਕਾਰਡ ਵਿੱਚ ਧੱਬਾ ਲੱਗ ਜਾਵੇਗਾ। ਕੀ ਮੌਮ ਨੂੰ ਇਹ ਸੋਚਣਾ ਨਹੀਂ ਸੀ ਚਾਹੀਦਾ? ਸ਼ੀ ਇੱਜ ਟੂ ਮੱਚ।"

ਨੈਨਾ ਨੂੰ ਵੀ ਮੌਕਾ ਮਿਲ ਗਿਆ ਦਿਲ ਦੀ ਗੱਲ ਕਰਨ ਦਾ। ਨੈਨਾ ਕਹਿਣ ਲੱਗੀ, "ਮੇਰਾ ਖਿਆਲ ਹੈ ਜੋ ਐਂਜਲੀਨਾ ਨੇ ਕੀਤਾ ਸਹੀ ਕੀਤਾ। ਮੈਂ ਵੀ ਇਹੋ ਕਰਦੀ। ਜੋ ਜੈਰੀ ਨੇ ਕੀਤਾ, ਬਹੁਤ ਗ਼ਲਤ ਕੀਤਾ। ਜੇ ਕਰ ਉਸਨੂੰ ਮੁਆਫ਼ ਕਰ ਦਿੱਤਾ ਜਾਵੇ ਤਾਂ ਇਹ ਉਸਦੀ ਗ਼ਲਤੀ ਨੂੰ ਬੜਾਵਾ ਦੇਣਾ ਹੋਵੇਗਾ। ਮੈਂ ਇਹ ਹੋਣ ਨਹੀਂ ਦੇ ਸਕਦੀ। ਅੱਜ ਤੇਰੀ ਕਾਰ ਉਸਨੇ ਸਰੀਏ ਨਾਲ਼ ਭੰਨੀ ਹੈ, ਤੂੰ ਇਹ ਸੋਚ ਕਿ ਇਸ ਤਰ੍ਹਾਂ ਦਾ ਗੁਸੈਲਾ ਬੰਦਾ ਕੱਲ ਨੂੰ ਇਹੋ ਸਰੀਆ ਤੇਰੇ ਸਿਰ ਵਿਚ ਮਾਰ ਸਕਦਾ ਹੈ। ਮੈਂ ਇਹ ਰਿਸਕ ਨਹੀਂ ਲੈ ਸਕਦੀ।" ਨੈਨਾ ਨੇ ਆਪਣਾ ਵਿਚਾਰ ਸਪਸ਼ਟ ਰੂਪ ਵਿਚ ਦਰਸਾ ਦਿੱਤਾ।

"ਪਰ ਨੈਨਾ, ਪੁਲੀਸ ਦੇ ਰਿਪੋਰਟ ਕਿਉਂ ਦੇਣੀ ਸੀ? ਮੈਨੂੰ ਜੈਰੀ ਨੂੰ ਮਿਲਣ ਤੋਂ ਰੋਕਿਆ ਜਾ ਸਕਦਾ ਸੀ।"

"ਕੀ ਤੂੰ ਰੁਕਦੀ? ਕੀ ਤੂੰ ਐਨੇ ਸਾਲਾਂ ਦੀ ਰੁਕੀ? ਨਹੀਂ ਨਾ? ਇਹੋ ਸਹੀ ਤਰੀਕਾ ਹੈ ਬੇਵੀ। ਤੂੰ ਇਕ ਗੱਲ ਸਮਝ ਲੈ ਕਿ ਉਸਦੇ ਮਾਂ-ਪਿਓ ਨੇ ਵੀ ਉਸਨੂੰ ਘਰੋਂ ਕੱਢਿਆ ਸੀ। ਉਨ੍ਹਾਂ ਨੇ ਕੁਝ ਸੋਚ ਕੇ ਹੀ ਇਹ ਕਦਮ ਚੁੱਕਿਆ ਹੋਵੇਗਾ। ਉਸਦੀ ਮਾਂ ਨੇ ਵੀ ਜੈਰੀ ਦੇ ਖ਼ਿਲਾਫ਼ ਪਰੋਟੈਕਸ਼ਨ ਆਰਡਰ ਲਿਆ ਸੀ। ਉਹ ਤੇ ਉਸਦੀ ਆਪਣੀ ਸਕੀ ਮਾਂ ਸੀ। ਤੇ ਅਸੀਂ ਆਪਣੀ ਧੀ ਨੂੰ ਇਸ ਖ਼ਤਰੇ 'ਚੋਂ ਕਿਉਂ ਨਾ ਕੱਢੀਏ। ਸਾਡੇ ਲਈ ਤੇਰੀ ਜ਼ਿੰਦਗੀ ਪਹਿਲਾਂ ਹੈ ਤੇ ਜੈਰੀ ਦਾ ਭਵਿੱਖ ਬਾਅਦ ਦੀ ਗੱਲ

ਹੈ। ਐਂਜਲੀਨਾ ਅਤੇ ਡੇਵਿਡ ਦਾ ਫ਼ੈਸਲਾ ਸਹੀ ਹੈ। ਮੈਂ ਵੀ ਉਨ੍ਹਾਂ ਦੇ ਫ਼ੈਸਲੇ ਨਾਲ਼ ਖੜੀ ਹਾਂ। ਉਨ੍ਹਾਂ ਦੇ ਫ਼ੈਸਲੇ ਨੂੰ ਸਪੋਰਟ ਕਰਦੀ ਹੋਈ। ਮੈਂ ਤੈਨੂੰ ਜੈਰੀ ਦੇ ਨੇੜੇ ਵੀ ਨਹੀਂ ਆਉਣ ਦਿਆਂਗੀ। ਸਮਝੀ ਤੂੰ?"

ਨੈਨਾ ਨੇ ਸਭ ਕੁਝ ਇੱਕੋ ਸਾਹੇ ਆਖ ਸੁਣਾਇਆ।

ਨੈਨਾ ਦੀਆਂ ਗੱਲਾਂ ਸੁਣ ਕੇ ਲਾਰਾ ਚੁੱਪ ਹੋ ਗਈ। ਉਸਨੂੰ ਮਹਿਸੂਸ ਹੋਇਆ ਕਿ ਉਸਦੀ ਕਿੱਧਰੇ ਵੀ ਦਾਲ਼ ਨਹੀਂ ਗਲਣ ਲੱਗੀ।

ਹਫ਼ਤਾ ਕੁ ਲਾਰਾ ਛਟਪਟਾਈ। ਕਨੂੰਨੀ ਤੌਰ ਤੇ ਜੇ ਕਰ ਜੈਰੀ ਗ਼ਲਤੀ ਨਾਲ਼ ਵੀ ਲਾਰਾ ਨਾਲ਼ ਸੰਪਰਕ ਕਰਦਾ ਹੈ ਤਾਂ ਉਹ ਉਸੇ ਵਕਤ ਅਰੈਸਟ ਹੋ ਸਕਦਾ ਸੀ। ਹੁਣ ਨਾ ਉਹ ਘਰ ਰਹਿ ਰਿਹਾ ਸੀ ਤੇ ਉਸਦਾ ਇੱਕੋ ਇਕ ਸਹਾਰਾ ਲਾਰਾ ਵੀ ਉਸ ਕੋਲੋਂ ਖੁੱਸ ਗਈ ਸੀ। ਉਹ ਆਨੇ ਬਹਾਨੇ ਮਿੱਤਰਾਂ ਦੋਸਤਾਂ ਰਾਹੀਂ ਸੁਨੇਹੇ ਭੇਜਣ ਲੱਗਾ। ਪਰ ਲਾਰਾ ਨੂੰ ਆਪਣੇ ਮੌਮ ਡੈਡ ਦੇ ਆਦਤ ਸੁਭਾ ਦਾ ਪਤਾ ਹੋਣ ਕਾਰਨ ਉਸਨੇ ਕੋਈ ਹੁੰਘਾਰਾ ਨਾ ਭਰਿਆ ਤਾਂ ਕਿ ਜੈਰੀ ਅਰੈਸਟ ਨਾ ਹੋ ਜਾਵੇ।

ਇਸ ਵਿੱਥ ਨੇ ਲਾਰਾ ਨੂੰ ਕੁਝ ਸਮਾਂ ਦੇ ਦਿੱਤਾ ਕਿ ਉਹ ਸੋਚ ਸਕੇ। ਕੁੱਝ ਦਿਨਾਂ ਵਿੱਚ ਲਾਰਾ ਖੁਦ ਮਹਿਸੂਸ ਕਰਨ ਲੱਗ ਪਈ ਕਿ ਉਹ ਹੁਣ ਆਜ਼ਾਦੀ ਨਾਲ਼ ਸਾਹ ਲੈ ਸਕਦੀ ਸੀ। ਜਿਸ ਨਾਲ਼ ਗੱਲ ਕਰਨੀ ਚਾਹਵੇ, ਕਰ ਸਕਦੀ ਸੀ। ਜਿੱਥੇ ਜਾਣਾ ਚਾਹਵੇ, ਜਾ ਸਕਦੀ ਸੀ। ਉਸਨੂੰ ਇਹ ਚਿੰਤਾ ਨਹੀਂ ਰਹਿੰਦੀ ਕਿ ਉਹ ਕੀ ਕਰਦੀ ਸੀ, ਕਿੱਥੇ ਜਾਂਦੀ ਸੀ, ਕਿਸ ਨਾਲ਼ ਗੱਲ ਕਰਦੀ ਸੀ। ਉਸਨੂੰ ਆਪਣੇ ਵਕਤ ਦਾ ਹਿਸਾਬ ਹੁਣ ਜੈਰੀ ਨੂੰ ਨਹੀਂ ਦੇਣਾ ਪੈਂਦਾ। ਇਹ ਨਵੀਂ ਮਿਲੀ ਆਜ਼ਾਦੀ ਉਸਨੂੰ ਚੰਗੀ ਲੱਗਣ ਲੱਗੀ। ਉਹ ਇਹ ਵੀ ਮਹਿਸੂਸ ਕਰਨ ਲੱਗੀ ਕਿ ਜੈਰੀ ਨਾਲ਼ ਤੁਰਨਾ ਫਿਰਨਾ ਬਚਪਨ ਦਾ ਇਕ ਝੱਲ ਸੀ। ਉਨ੍ਹਾਂ ਵਿੱਚ ਕੁਝ ਵੀ ਸਾਂਝਾ ਨਹੀਂ ਸੀ। ਖਿਆਲਾਂ ਦੀ ਸਾਂਝ ਤਾਂ ਹੈ ਹੀ ਨਹੀਂ ਸੀ। ਲਾਰਾ ਜਾਂ ਤਾਂ ਪੈਸੇ ਖਰਚ ਰਹੀ ਹੁੰਦੀ ਤੇ ਜਾਂ ਜੈਰੀ ਅਤੇ ਉਸਦੇ ਮਿੱਤਰਾਂ ਨਾਲ਼ ਘੁੰਮ ਰਹੀ ਹੁੰਦੀ। ਇਹ ਸਿਰਫ਼ ਸਹੇਲੀਆਂ ਨੂੰ ਦਿਖਾਉਣ ਵਾਸਤੇ ਸੀ ਕਿ ਉਹ ਜੈਰੀ ਵਰਗੇ ਮੁੰਡੇ ਨਾਲ਼ ਤੁਰੀ ਫਿਰਦੀ ਸੀ। ਜਿਸ ਨਾਲ਼ ਉਸਦੀ ਪੜ੍ਹਾਈ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਸੀ। ਜੈਰੀ ਨੂੰ ਪੜ੍ਹਾਈ ਦੀ ਕੋਈ ਕਦਰ ਨਹੀਂ ਸੀ। ਕਿਸੇ ਕੰਮ ਵਿਚ ਰੁਚੀ ਨਹੀਂ ਸੀ।

ਰਾਤ ਦੇ ਤਿੰਨ ਵਜੇ, ਜਦੋਂ ਜੈਰੀ ਦਾ ਟੈਲੀਫੋਨ ਨੰਬਰ ਉਸਨੇ ਆਪਣੇ ਸੈੱਲ ਫੋਨ ਤੇ ਦੇਖਿਆ ਸੀ ਤਾਂ ਉਹ ਫ਼ਿਕਰ ਵਿਚ ਲਹਿ ਤੁਰੀ ਸੀ। ਰਾਤ ਦਾ ਬਾਕੀ ਸਮਾਂ ਉਸਨੇ ਉੱਸਲਵੱਟੇ ਲੈਂਦੀ ਨੇ ਕੱਟਿਆ। ਫ਼ਿਕਰ ਦੀਆਂ ਚਿਣਗਾਂ ਜਿਵੇਂ ਤ੍ਰੇਲੀ ਬਣ ਕੇ ਉਸਦੇ ਮੱਥੇ ਉੱਤੇ ਉੱਭਰਦੀਆਂ ਰਹੀਆਂ ਸਨ। ਉਹ ਕੀ ਕਰੇ? ਕੀ ਨਾ ਕਰੇ? ਦੀ ਚਿੰਤਾ ਨੇ ਉਸ ਦੁਆਲੇ ਘੇਰਾ ਬਣਾ ਲਿਆ। ਸੋਚਾਂ ਵਿਚ ਡੁੱਬੀ ਨੇ ਮਨ ਵਿੱਚ ਬਹੁਤ ਕੁੱਝ ਭੰਨਿਆ-ਤੋੜਿਆ। ਘੁੰਮਣਘੇਰੀਆਂ ਵਿੱਚ ਉਲਝੀ ਦੀ ਉਸਦੀ ਅੱਖ ਲੱਗ ਗਈ।

ਸਵੇਰੇ ਲਾਰਾ ਸੁੱਤੀ ਉੱਠੀ। ਨਹਾਤੀ। ਤਾਜ਼ਾ ਧੋਤੇ ਹੋਏ ਕੱਪੜੇ ਪਹਿਨੇ। ਉਸਨੇ ਮੱਠੀ ਜਿਹੀ ਮੇਕ ਅੱਪ ਕੀਤੀ। ਆਪਣੀਆਂ ਫਾਈਲਾਂ ਇਕੱਠੀਆਂ ਕੀਤੀਆਂ ਅਤੇ ਉਹ ਹੇਠਾਂ ਕਿਚਨ ਵਿੱਚ ਆ ਕੇ ਮਾਂ ਕੋਲ ਖੜੀ ਹੋ ਗਈ। ਮਾਂ ਨੂੰ ਜੱਫੀ ਵਿਚ ਲੈ ਕੇ ਗੁੱਡ ਮੌਰਨਿੰਗ ਵੀ ਆਖਿਆ। ਐਂਜਲੀਨਾ ਨੇ ਵੀ ਲਾਰਾ ਦੇ ਬਦਲੇ ਤੇਵਰ ਨੋਟ ਕੀਤੇ। ਉਸਦੇ ਚਿਹਰੇ ਉੱਤੇ ਵੀ ਜਿਵੇਂ ਮੱਠੀ ਜਿਹੀ ਮੁਸਕਾਨ ਆ ਗਈ। ਤੇ ਫੇਰ ਬਿਨਾਂ ਕੁਝ ਬੋਲਿਆਂ ਲਾਰਾ ਨੇ ਜੈਰੀ ਦਾ ਟੈਲੀਫੋਨ 'ਤੇ ਮਿੱਸ ਕਾਲ ਨੰਬਰ ਕੱਢ ਕੇ ਆਪਣਾ ਟੈਲੀਫੋਨ ਮੌਮ ਦੇ ਮੋਹਰੇ ਰੱਖ ਦਿੱਤਾ

Add:Balbir Sanghera, 1266, ROPER DRIVE,
MILTON, ONTARIO, L 9 T 6 E 6, CANADA, Ph. 905-878-6499

ਕਹਾਣੀ / ਕਾਮਿਨੀ / ਪ੍ਰੋ. ਐਚ. ਐਸ. ਡਿੰਪਲ

ਜੇ ਉਹ ਮੇਰੀ ਜਿੰਦਗੀ ਵਿਚ ਨਾ ਆਉਂਦੀ ਤਾਂ ਸ਼ਾਇਦ ਮੈਂ ਅਧੂਰਾ ਹੀ ਰਹਿੰਦਾ.....

ਅਧੂਰਾ ਤਾਂ ਹੁਣ ਵੀ ਹਾਂ ਮੈਂ। ਪੂਰਾ ਕੌਣ ਹੈ? ਹਰ ਕਿਸੇ ਦੀਆਂ ਖਵਾਹਿਸ਼ਾਂ ਹੁੰਦੀਆਂ ਹਨ। ਪੂਰੀਆਂ ਹੋ ਕੇ ਵੀ ਕਈ ਬਚ ਜਾਂਦੀਆਂ ਹਨ। ਜਿਉਂ-ਜਿਉਂ ਛੋਟੀਆਂ ਇਛਾਵਾਂ ਪੂਰੀਆਂ ਹੁੰਦੀਆਂ ਹਨ, ਨਵੀਂਆਂ ਜਨਮ ਲੈਂਦੀਆਂ ਹਨ। ਇਕ ਅਮੁੱਕ ਸਿਲਸਿਲਾ। ਇਹੀ ਜਿੰਦਗੀ ਹੈ। ਉਂਜ ਪ੍ਰੋ: ਦਲੀਪ ਭਟਨਾਗਰ ਦੀ ਮਨੋਵਿਗਿਆਨ ਦੀ ਪ੍ਰਯੋਗਸ਼ਾਲਾ ਵਿਚ ਵੱਡੇ-ਮੋਟੇ ਅੱਖਰਾਂ ਵਿਚ ਲਿਖੇ ਸ਼ਬਦ "ਮਨੁੱਖ ਦੀਆਂ ਇਛਾਵਾਂ ਕਦੇ ਖਤਮ ਨਹੀਂ ਹੁੰਦੀਆਂ" ਵਾਰ-ਵਾਰ ਮਨ ਦੀ ਕੰਧ ਨਾਲ ਟਕਰਾਉਂਦੇ ਹਨ। ਪ੍ਰੋ: ਭਟਨਾਗਰ ਤਾਂ ਅਕਸਰ ਇਹ ਵੀ ਆਖਦਾ ਸੀ, "ਹਰ ਮਨੁੱਖ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ।" ਖਾਸ ਕਰਕੇ ਐਨਜਵਾਏ ਲਾਈਫ ਸੈਮੀਨਾਰ ਲਗਾਉਣ ਪਿਛੋਂ ਤਾਂ ਉਸਦੇ ਮੂੰਹੋਂ ਰੋਜ਼ਾਨਾ ਦੋ-ਤਿੰਨ ਵਾਰ ਇਹ ਸ਼ਬਦ ਜ਼ਰੂਰ ਸੁਣੀਦੇ ਸਨ। ਪਰ ਮੈਨੂੰ ਇਹ ਲਫ਼ਜ਼ ਹਮੇਸ਼ਾ ਝੂਠ ਜਾਪਦੇ। ਹਮੇਸ਼ਾ। ਉਂਜ ਇਹ ਸ਼ਬਦ ਬਹੁਤ ਵੱਡਾ ਧਰਵਾਸਾ ਵੀ ਹਨ। ਭਾਵੇਂ ਇਛਾਵਾਂ ਤਾਂ ਅਜਿਹੀ ਖਾਈ ਵਾਂਗ ਹਨ, ਜਿਨ੍ਹਾਂ ਦਾ ਹੇਠਲਾ ਸਿਰਾ ਹੀ ਨਾ ਹੋਵੇ।

ਖ਼ੈਰ! ਸੱਚਮੁੱਚ ਮੇਰੀ ਜਿੰਦਗੀ ਅਧੂਰੀ ਰਹਿਣੀ ਸੀ, ਜੇਕਰ ਮੇਰੀ ਜਿੰਦਗੀ ਵਿਚ ਕਾਮਿਨੀ ਦੀ ਆਮਦ ਨਾ ਹੁੰਦੀ। ਜਵਾਨੀ, ਜਾਂ ਕਹਿ ਲਵੋ, ਵਿਆਹ ਤੋਂ ਪਹਿਲਾਂ ਤਾਂ ਕੈਰੀਅਰ, ਪੜ੍ਹਾਈ ਅਤੇ ਹੋਰ ਫ਼ਿਕਰਾਂ ਨੇ ਹੀ ਸ਼ੁਦਾਈ ਕਰ ਰੱਖਿਆ ਸੀ। ਵਿਆਹ ਬਾਅਦ ਘਰੇਲੂ ਜਿੰਮੇਵਾਰੀਆਂ ਅਤੇ ਕਬੀਲਦਾਰੀ ਨੇ ਵਿਹਲ ਨਾ ਆਉਣ ਦਿੱਤੀ। ਕਿਸੇ ਨਾਲ ਅੱਖ-ਮਟੱਕਾ ਤਾਂ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਵਿਆਹ ਬਾਅਦ ਬੱਚੇ, ਨੌਕਰੀ ਅਤੇ ਜਿੰਦਗੀ ਇਕ ਲਾਈਨ ਤੇ ਪੈ ਗਈ ਸੀ। ਹੁਣ ਕਦੇ ਇਸ਼ਕ-ਮੁਸ਼ਕ ਬਾਰੇ ਸੋਚਿਆ ਵੀ ਨਹੀਂ ਸੀ ਅਤੇ ਲੋੜ ਵੀ ਨਹੀਂ ਸੀ ਅਤੇ ਸਭ ਤੋਂ ਵੱਡੀ ਗੱਲ ਇਸ ਦੀ ਸੰਭਾਵਨਾ ਵੀ ਨਹੀਂ ਸੀ ਜਾਪੀ। ਇਸਦੇ ਬਾਵਜੂਦ....

ਮੇਰੀ ਜਿੰਦਗੀ, ਮੇਰੇ ਦਿਲ ਅਤੇ ਮੇਰੇ ਦਿਮਾਗ ਵਿਚ ਕਾਮਿਨੀ ਦਾ ਪ੍ਰਵੇਸ਼ ਹੁੰਦਾ ਹੈ। ਕਿਤਾਬਾਂ ਅਤੇ ਫ਼ਿਲਮਾਂ ਵਿਚ ਪਿਆਰ ਦੇ ਕਿੱਸੇ ਅਤੇ ਘਟਨਾਵਾਂ ਦਾ ਜੋ ਵਰਣਨ ਵੇਖਿਆ, ਪੜ੍ਹਿਆ ਤੇ ਸੁਣਿਆ ਸੀ, ਹੁਣ ਹੰਢਾਉਣ ਦਾ ਮੌਕਾ ਸੀ। ਵਿਆਹ ਤੋਂ ਚਾਰ ਸਾਲ ਬਾਅਦ ਮੇਰੀ ਬਦਲੀ ਕਾਫ਼ੀ ਦੂਰ ਫਿਰੋਜ਼ਪੁਰ ਜਿਲ੍ਹੇ ਦੇ ਪਿੰਡ ਵੱਸਣਪੁਰ ਵਿਚ ਹੋ ਗਈ ਸੀ ਅਤੇ ਭਾਵੇਂ ਮੈਂ ਸ਼ਹਿਰ ਵਿਚ ਹੀ ਰਹਿੰਦਾ ਸੀ, ਪਰ ਡਿਊਟੀ ਤੇ ਜਾਣ ਸਮੇਂ ਬੱਸ ਵਿਚ ਕਾਮਿਨੀ ਦਾ ਲਗਾਤਾਰ ਸਾਥ ਹੀ ਸਬੱਬ ਬਣਿਆ ਸੀ। ਸਬੱਬ ਵੀ ਫਿਲਮੀ ਹੀ ਸੀ। ਇਕ ਦਿਨ ਕਿਸੇ ਪੰਜਾਬੀ ਦੇ ਮੈਗਜ਼ੀਨ ਵਿਚ ਛਪੀ ਮੇਰੀ ਕਹਾਣੀ "ਤਿੰਨ ਗੱਲਾਂ" ਪੜ੍ਹ ਕੇ ਉਸਨੇ ਮੈਨੂੰ ਫੋਨ ਕੀਤਾ ਸੀ ਅਤੇ ਸੰਯੋਗਵੱਸ ਉਸੇ ਬੱਸ ਵਿਚ ਪਿਛਲੀ ਸੀਟ ਤੇ ਮੈਂ ਬੈਠਾ ਸੀ ਅਤੇ ਮੋਟੇ ਰੂਪ ਵਿਚ ਉਸਦਾ ਸਾਹਿਤ ਦੀ ਪਾਠਕ ਹੋਣਾ ਅਤੇ ਮੇਰਾ ਲੇਖਕ ਹੋਣਾ ਹੀ ਸਾਨੂੰ ਦੋਹਾਂ ਨੂੰ ਇਕ-ਦੂਜੇ ਦੇ ਨਜ਼ਦੀਕ ਲਿਆਇਆ ਸੀ। ਅਸੀਂ ਸਾਹਿਤ ਬਾਰੇ ਗੱਲਾਂ ਕਰਦੇ, ਸਾਹਿਤਕਾਰਾਂ ਬਾਰੇ ਗੱਲਾਂ ਕਰਦੇ ਅਤੇ ਫਿਰ ਹੌਲੀ-ਹੌਲੀ, ਆਪਣੇ-ਆਪਣੇ ਜੀਵਨ ਬਾਰੇ ਗੱਲਾਂ ਕਰਦੇ ਕਰਦੇ ਇਕ ਦੂਜੇ ਦੀਆਂ ਲੋੜਾਂ, ਖਵਾਹਿਸ਼ਾਂ, ਰੁਚੀਆਂ, ਆਦਤਾਂ ਅਤੇ ਮੁਸੀਬਤਾਂ ਤੋਂ ਜਾਣੂ ਹੋ ਗਏ ਸਾਂ। ਘੱਟੋ-ਘੱਟ ਮੈਂ ਤਾਂ ਇੰਜ ਹੀ ਸੋਚਦਾ ਸੀ। ਤੇ ਸ਼ਾਇਦ ਇਹ ਸੱਚ ਵੀ ਸੀ। ਸਾਹਿਤ ਲੋਕਾਂ ਨੂੰ ਜੋੜਦਾ ਹੈ। ਸਾਹਿਤ ਨੇ ਦੋ ਦਿਲਾਂ ਨੂੰ ਬਹੁਤ ਨਜ਼ਦੀਕ ਲੈ ਆਂਦਾ ਸੀ। ਐਨਾ ਨਜ਼ਦੀਕ ਕਿ....

ਉਹ ਮੇਰੇ ਨੇੜੇ ਹੋਣ ਦਾ ਯਤਨ ਕਰਦੀ। ਮੈਂ ਵੀ ਉਸਦੇ ਨੇੜੇ ਹੋਣ ਦੀਆਂ ਸਕੀਮਾਂ ਬਣਾਉਂਦਾ। ਫਿਰ ਵੀ ਸਾਡੇ ਵਿਚਕਾਰ ਇਕ ਮੱਧਮ ਜਿਹਾ ਵਕਫ਼ਾ ਬਣਿਆ ਰਹਿੰਦਾ। ਬਾਰੀਕ ਜਿਹੀ ਦੂਰੀ। ਇਸ ਵਕਫ਼ੇ ਤੇ ਦੂਰੀ ਨੂੰ ਪੂਰਨ ਜਾਂ ਖਤਮ ਕਰਨ ਲਈ ਮੈਂ ਆਪਣੇ ਆਪ ਨੂੰ ਹੋਰ ਸੁਚੱਜਾ ਕਰਨ ਦੀ ਕੋਸ਼ਿਸ਼ ਕਰਦਾ। ਆਪਣੀਆਂ ਆਦਤਾਂ ਸੁਧਾਰਦਾ, ਨਵੇਂ ਬਰੈਂਡਿਡ ਕੱਪੜੇ ਖਰੀਦਦਾ। ਸਾਹਿਤਕ ਸ਼ਾਹਕਾਰ ਖ਼ੈਰੇ ਕਿਧਰ ਗੁੰਮ ਹੋ ਗਏ। ਮੇਰੀਆਂ ਕਿਤਾਬਾਂ ਵਿਚ ਹੁਣ "ਕੁੜੀਆਂ ਨੂੰ ਕਿਵੇਂ ਭਰਮਾਈਏ" ਤੋਂ ਲੈ ਕੇ ਜੌਹਨ ਗ੍ਰੇਅ ਦੀ ਸ਼ਾਹਕਾਰ "ਇਮਪ੍ਰੈਸਿੰਗ ਆਪੋਜ਼ਿਟ ਸੈਕਸ" ਤੱਕ ਸ਼ੁਮਾਰ ਹੋ ਗਈਆਂ। ਇਨ੍ਹਾਂ ਕਿਤਾਬਾਂ ਵਿਚਲੇ ਫਾਰਮੂਲੇ ਅਪਣਾ ਕੇ ਮੈਂ ਇਸ ਪਿਆਰ ਦੀ ਗੰਢ ਨੂੰ ਹੋਰ ਪੀਡੀ ਕਰਨਾ ਚਾਹੁੰਦਾ ਸਾਂ।

ਹਾਂ, ਇਕ ਗੱਲ ਤਾਂ ਤੁਹਾਨੂੰ ਦੱਸਣੀ ਭੁੱਲ ਹੀ ਗਿਆ। ਤੁਹਾਡੇ ਮਨ ਵਿਚ ਵੀ ਰਹਿ-ਰਹਿ ਕੇ ਇਹੀ ਸਵਾਲ ਲਟਕ ਰਿਹਾ ਹੋਵੇਗਾ - ਕੀ ਉਹ ਵਿਆਹੀ ਸੀ ਜਾਂ ਕੁਆਰੀ? ਖ਼ੈਰ! ਇਸ ਸਵਾਲ ਦਾ ਇਸ ਕਥਾ ਨਾਲ ਕੋਈ ਸਿੱਧਾ ਸੰਬੰਧ ਨਹੀਂ। ਇਸ ਸਵਾਲ ਦੇ ਜਵਾਬ ਦਾ ਮੇਰੇ ਤੇ ਕੋਈ ਜ਼ਿਆਦਾ ਅਸਰ ਵੀ ਨਹੀਂ ਸੀ। ਮੈਂ ਤਾਂ ਸਿਰਫ਼ ਜਿੰਦਗੀ ਨੂੰ ਹੱਦ ਤੱਕ ਮਾਣਨਾ ਚਾਹੁੰਦਾ ਸੀ। ਉਂਜ ਤੁਹਾਨੂੰ ਦੱਸ ਦਵਾਂ ਕਿ ਉਹ ਆਪਣੇ ਪਤੀ ਤੋਂ ਅਲੱਗ ਰਹਿ ਰਹੀ ਸੀ। ਪਤੀ ਨੇ ਤਲਾਕ ਦੀ ਅਰਜ਼ੀ ਦਿੱਤੀ ਸੀ ਅਤੇ ਉਸਨੂੰ ਤਲਾਕ ਦੇ ਕਾਗਜ਼ਾਂ ਤੇ ਹਸਤਾਖ਼ਰ ਕਰਨ ਤੋਂ ਕੋਈ ਹਰਜ਼ ਵੀ ਨਹੀਂ ਸੀ, ਬਸ਼ਰਤੇ ਕਿ ਉਂਜ ਮੇਰੇ ਲਈ ਇਹ ਸਮਾਂ ਇਕ ਸੁਪਨੇ ਵਰਗਾ ਸੀ, ਚੰਗੇ ਸੁਪਨੇ ਵਰਗਾ, ਜਿਸ ਬਾਰੇ ਹਮੇਸ਼ਾ ਫ਼ਿਕਰ ਲੱਗਾ ਰਹਿੰਦਾ ਹੈ ਕਿ ਨੀਂਦ ਟੁੱਟਣ ਤੇ ਇਹ ਬਿਖ਼ਰ ਨਾ ਜਾਵੇ। ਇਸੇ ਲਈ ਮੈਂ ਦੂਜਿਆਂ ਦੇ ਅਨੁਭਵਾਂ ਅਤੇ ਕਿਤਾਬਾਂ ਦੇ ਨੁਕਤਿਆਂ ਤੋਂ ਸਿੱਖ ਕੇ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾ ਕੇ ਇਸ ਰੋਮਾਂਟਿਕ ਪੀਰੀਅਡ ਦੀ ਅਵਧੀ ਵੱਧ ਤੋਂ ਵੱਧ ਲੰਮੀ ਕਰਨਾ ਚਹੁੰਦਾ ਸਾਂ, ਪਰ ਇਸ ਦੌਰਾਨ ਉਸ ਵਲੋਂ ਮੈਨੂੰ "ਤੋੜ-ਵਿਛੋੜੇ" ਦੇ ਬਿਜਲਈ ਝਟਕੇ ਵੀ ਮਿਲਦੇ ਰਹਿੰਦੇ। ਐਨੀ ਸਾਵਧਾਨੀ ਦੇ ਬਾਵਜੂਦ। ਮੈਂ ਬੋਚ ਬੋਚ ਕੇ ਪੈਰ ਰੱਖਦਾ, ਕਿਤੇ ਮੇਰੀ ਕਿਸੇ ਗੱਲ ਤੋਂ ਉਹ ਗੁੱਸੇ ਨਾ ਹੋ ਜਾਵੇ। ਮਤੇ ਉਸਦੀ ਸ਼ਾਨ ਖ਼ਿਲਾਫ਼ ਕੁਝ ਕਿਹਾ ਨਾ ਜਾਵੇ।

ਉਹ ਸਵੇਰ ਸਾਰ ਗੁੱਡ ਮਾਰਨਿੰਗ ਆਖਦੀ, ਫੋਨ ਕਰਕੇ। ਕਈ ਵਾਰ ਮੇਰੀ ਦੁਪਹਿਰ ਦੀ ਰੋਟੀ ਪੈਕ ਕਰ ਕੇ ਲਿਆਉਂਦੀ। ਘਰ ਪਹੁੰਚ ਕੇ ਪਹਿਲਾਂ ਮੈਨੂੰ ਮੈਸੇਜ ਕਰਕੇ ਹਾਲ ਪੁੱਛਦੀ। ਰਾਤ ਨੂੰ ਵੀ ਸ਼ਬਾ ਖ਼ੈਰ ਕਹਿਣਾ ਨਾ ਭੁੱਲਦੀ। ਆਪਣੇ ਰੁਟੀਨ ਬਾਰੇ ਮੈਨੂੰ ਦੱਸਦੀ ਰਹਿੰਦੀ। ਮੈਨੂੰ ਆਪਣਾ ਰੁਟੀਨ ਭਾਵੇਂ ਭੁੱਲ ਜਾਂਦਾ, ਪਰ ਉਸਦਾ ਕਦੇ ਨਹੀਂ ਸੀ ਭੁੱਲਿਆ। ਇਸ ਮਾਇਆ ਜਾਲ ਵਿਚ ਮੈਂ ਆਪਣੇ ਬੱਚਿਆਂ ਅਤੇ ਬੀਵੀ ਪ੍ਰਤੀ ਜ਼ਰਾ ਵੀ ਲਾਪ੍ਰਵਾਹ ਜਾਂ ਅਵੇਸਲਾ ਨਹੀਂ ਸੀ ਹੋਇਆ। ਮੈਂ ਘਰੋਂ ਦੂਰ ਬੈਠਾ ਸੀ। ਉਹ ਸਵੇਰੇ ਫੋਨ ਕਰਕੇ ਗੁੱਡ ਮੌਰਨਿੰਗ ਕਹਿਣ ਤੋਂ ਵੀ ਪਹਿਲਾਂ ਇਹ ਪੁੱਛਦੀ - ਘਰ ਫੋਨ ਕੀਤਾ? ਦੁਪਹਿਰ ਤੇ ਸ਼ਾਮ ਨੂੰ ਵੀ। ਮੇਰੀ ਬੀਵੀ ਅਤੇ ਬੱਚਿਆਂ ਲਈ ਉਹ ਤੋਹਫ਼ੇ ਖਰੀਦਦੀ, ਜਿਹੜੇ ਮੈਂ ਖੁਦ ਆਪਣੇ ਵੱਲੋਂ ਉਨ੍ਹਾਂ ਨੂੰ ਦਿੰਦਾ। ਮੇਰੇ ਬੱਚਿਆਂ, ਬੀਵੀ ਅਤੇ ਮੇਰੇ ਜਨਮ ਦਿਨ ਤੋਂ ਲੈ ਕੇ ਵਿਆਹ ਦੀ ਵਰ੍ਹੇਗੰਢ ਤੱਕ ਸਭ ਤਾਰੀਖਾਂ ਉਸਨੂੰ ਜ਼ੁਬਾਨੀ ਯਾਦ ਸਨ। ਪਰ ਮੈਨੂੰ ਕਈ ਵਾਰ ਉਸਦਾ ਪੂਰਾ ਨਾਮ ਵੀ ਭੁੱਲ ਜਾਂਦਾ। ਉਸਦਾ ਪੂਰਾ ਨਾਮ ਕਾਮਿਨੀ ਅਸਮੰਜਿਸੀ ਸੀ ਅਤੇ ਇਹ ਉਪਨਾਮ ਮੈਨੂੰ ਅਕਸਰ ਯਾਦ ਨਹੀਂ ਸੀ ਰਹਿੰਦਾ। ਯਾਦ ਤਾਂ ਮੈਨੂੰ ਉਸਦੇ ਲੜਕੇ ਦੀ ਜਨਮ ਤਾਰੀਖ ਵੀ ਨਹੀਂ ਰਹਿੰਦੀ ਸੀ। ਸ਼ਾਇਦ ਇਸੇ ਕਰਕੇ....

ਤਾਂ ਹੀ ਸ਼ਾਇਦ ਇਸ਼ਕ ਸਲਾਹਕਾਰਾਂ ਦੇ ਨੁਕਤੇ ਅਪਣਾਉਣ ਦੇ ਬਾਵਜੂਦ ਹਮੇਸ਼ਾ ਉਸ ਨਾਲ ਆਹਮੋ-ਸਾਹਮਣੇ ਜਾਂ ਫੋਨ ਤੇ ਵੀ ਰੂਬਰੂ ਹੋਣ ਤੇ ਉਹ ਮੈਨੂੰ ਲਾਪ੍ਰਵਾਹ ਤੇ ਖਾਸ ਕਰਕੇ "ਮੇਰੇ ਪ੍ਰਤੀ ਲਾਪ੍ਰਵਾਹ" ਕਹਿ ਕੇ ਖਾਮੋਸ਼ ਕਰ ਦਿੰਦੀ।

"ਤੁਸੀਂ ਐਹੋ ਜਿਹੇ ਹੀ ਹੋ। ਮੈਂ ਹੀ ਬੇਵਕੂਫ਼ ਹਾਂ ਜੋ।" ਤੇ ਫਿਰ ਉਸਦੇ ਗਿਲੇ ਸ਼ਿਕਵੇ ਇਕ ਦੂਜੇ ਨਾਲ

ਜਰਬ ਹੁੰਦੇ ਰਹਿੰਦੇ। ਮੈਨੂੰ ਪਿਆਰ ਪਤੰਗ ਟੁੱਟਦੀ ਨਜ਼ਰ ਆਉਂਦੀ। ਉਸਤੋਂ ਬਾਅਦ ਮੇਰਾ ਨਿਰਾਸ਼ਾ ਦਾ ਦੌਰ ਆਰੰਭ ਹੋ ਜਾਂਦਾ, ਤੇ ਇਹ ਉਦੋਂ ਤੱਕ ਰਹਿੰਦਾ, ਜਦੋਂ ਤੱਕ ਦੁਬਾਰਾ ਉਸ ਨਾਲ ਫੋਨ, ਜਾਂ ਮੈਸਿਜ ਰਾਹੀਂ ਜਾਂ ਆਹਮਣੇ-ਸਾਹਮਣੇ ਗੱਲ ਨਾ ਹੁੰਦੀ। ਇਸ਼ਕ ਰੁਆਉਂਦਾ ਵੀ ਹੈ, ਹਸਾਉਂਦਾ ਵੀ ਹੈ, ਵਾਲੇ ਮਸ਼ਹੂਰ ਕਥਨ ਦੇ ਮਆਨੇ ਮੈਨੂੰ ਹੁਣ ਸਮਝ ਆਏ ਸਨ। ਜਾਂ ਇਸ ਗੀਤ ਦੇ - ਇਸ਼ਕ ਆਖਦਾ ਏ ਤੇਰਾ, ਕੱਖ ਰਹਿਣ ਵੀ ਨੀ ਦੇਣਾ, ਕੁਝ ਕਹਿਣ ਵੀ ਨੀ ਦੇਣਾ, ਚੁੱਪ ਰਹਿਣ ਵੀ ਨੀ ਦੇਣਾ।

"ਤੁਸੀਂ ਬੋਲਦੇ ਕਿਉਂ ਨਹੀਂ?" ਉਸਦੀਆਂ ਗੱਲਾਂ ਮੈਂ ਸੁਣਦਾ ਰਹਿੰਦਾ, ਸੁਣਦਾ ਰਹਿੰਦਾ ਅਤੇ ਉਹ ਆਖਦੀ, "ਤੁਸੀਂ ਤਾਂ ਕੁਝ ਬੋਲਦੇ ਨਹੀਂ, ਅੱਗੇ ਤੋਂ ਮੈਂ ਗੱਲ ਹੀ ਨਹੀਂ ਕਰਦੀ। ਬੱਸ ਆਪਣੀ ਦੋਸਤੀ ਐਥੋਂ ਤੱਕ ਸੀ।" ਪਰ ਜਦੋਂ ਕਦੇ ਮੈਂ ਬੋਲਣ ਦੀ ਸਹੁੰ ਤੋੜ ਕੇ ਉਸਦੇ ਸੂਟ, ਹੇਅਰ ਸਟਾਈਲ ਜਾਂ ਕਿਸੇ ਹੋਰ ਗੱਲ ਦੀ ਤਾਰੀਫ਼ ਕਰ ਦਿੰਦਾ, ਤਾਂ ਉਸਦਾ ਜਵਾਬ ਮੈਨੂੰ ਲਾਜਵਾਬ ਕਰ ਦਿੰਦਾ, "ਇਹ ਸੂਟ ਤਾਂ ਮੈਨੂੰ ਜ਼ਰਾ ਪਸੰਦ ਨਹੀਂ।" ਜਾਂ "ਅੱਜ ਤਾਂ ਮੈਂ ਵਾਲ ਵਾਹੁਣੇ ਹੀ ਭੁੱਲ ਗਈ ਸਾਂ। ਤੁਹਾਨੂੰ ਤਾਂ ਮੈਂ ਐਂ ਅਣਸੰਵਰੀ ਹੀ ਚੰਗੀ ਲੱਗਦੀ ਹਾਂ। ਕਿੰਨੇ ਪੁਰਾਣੇ ਖ਼ਿਆਲਾਤ ਨੇ ਤੁਹਾਡੇ। ਕੱਲ੍ਹ ਮੈਂ ਕਟਿੰਗ ਕਰਵਾਈ ਸੀ, ਉਹਦੀ ਤਾਂ ਤੁਹਾਡੇ ਤੋਂ ਤਾਰੀਫ਼ ਕੀਤੀ ਨੀ ਗਈ। ਤੁਹਾਨੂੰ ਪਤਾ ਹੀ ਨੀ ਲੱਗਾ ਹੋਣਾ। ਤੁਸੀਂ ਕਿਹੜਾ ਮੇਰੇ ਵੱਲ ਵੇਖਦੇ ਹੋ? ਤੁਸੀਂ ਤਾਂ ਉਹ।" ਤੇ ਉਹ ਕਿਸੇ ਹੋਰ ਲੜਕੀ ਦਾ ਨਾਮ ਲੈ ਦਿੰਦੀ, ਜੋ ਇਸੇ ਬੱਸ ਵਿਚ ਕਦੇ ਕਦੇ ਦਿਸਦੀ ਸੀ। ਤੇ ਉਸਦੀ ਕੀਤੀ ਗੱਲ ਦੀ ਤਾਰੀਫ਼ ਤੇ ਉਸਦੇ ਬੋਲ ਹੁੰਦੇ, "ਇਹ ਮੇਰੀ ਨਹੀਂ ਕਿਸੇ ਹੋਰ ਲੇਖਕ ਦੀ ਕਹੀ ਗੱਲ ਹੈ, ਜੋ ਮੈਂ ਕਿਤੋਂ ਪੜ੍ਹੀ ਸੀ। ਮੇਰੀ ਗੱਲ ਤਾਂ ਤੁਹਾਨੂੰ ਕਦੇ ਪਸੰਦ ਆਈ ਹੀ ਨਹੀਂ, ਨਾ ਹੀ ਆ ਸਕਦੀ ਹੈ। ਤੁਹਾਨੂੰ ਤਾਂ ਮੇਰਾ ਕੁਝ ਵੀ ਪਸੰਦ ਨਹੀਂ, ਮੈਨੂੰ ਪਤਾ ਹੈ।"

ਔਰਤਾਂ ਆਪਣੀ ਪ੍ਰਸੰਸਾ ਸੁਣ ਕੇ ਖੁਸ਼ ਹੁੰਦੀਆਂ ਹਨ। ਇਹ ਉਕਤੀ ਉਸਦੇ ਮਾਮਲੇ ਵਿਚ ਹਮੇਸ਼ਾਂ ਫੇਲ੍ਹ ਹੋ ਜਾਂਦੀ। ਇਕ ਦਿਨ ਤਾਂ ਹੱਦ ਹੋ ਗਈ। ਮੈਂ ਜਿਸ ਪੈੱਨ ਨਾਲ ਲਿਖ ਰਿਹਾ ਸੀ, ਖਤਮ ਹੋ ਗਿਆ ਤਾਂ ਉਹ ਬੋਲੀ, "ਉਹ ਪੈੱਨ ਕਿੱਥੇ ਹੈ?"

"ਕਿਹੜਾ?"

"ਤੁਹਾਨੂੰ ਤਾਂ ਯਾਦ ਹੀ ਨਹੀਂ। ਤੁਸੀਂ ਮੇਰੀ ਕਦਰ ਕੀ ਕਰਨੀ ਆ, ਮੇਰਾ ਦਿੱਤਾ ਗਿਫ਼ਟ ਵੀ ਤੁਹਾਨੂੰ ਚੇਤੇ ਨਹੀਂ। ਤੁਸੀਂ ਉਹ ਪ੍ਰਿਅੰਕਾ ਮੈਡਮ ਨੂੰ ਦੇ ਦਿੱਤਾ ਹੋਵੇਗਾ, ਜਿਹੜੀ ਕੱਲ੍ਹ ਤੁਹਾਡੇ ਨਾਲ ਬੈਠੀ ਸੀ। ਬੱਸ ਵਿਚ।" ਉਹ ਗੁੱਸੇ ਵਿਚ ਬੋਲੀ।

"ਉਹ ਪੈੱਨ ਤਾਂ ਮੇਰਾ ਅਲਮਾਰੀ ਵਿਚ ਸੰਭਾਲਿਆ ਪਿਆ ਹੈ।"

"ਮੈਨੂੰ ਪਤਾ ਜਾਂ ਤੁਹਾਡੇ ਤੋਂ ਗੁੰਮ ਗਿਆ ਹੋਣਾ ਜਾਂ ਤੁਸੀਂ।"

ਮੇਰਾ ਮਨ ਨਿਰਾਸ਼ਾ ਵਿਚ ਡਿੱਕ-ਡੋਲੇ ਖਾਣ ਲੱਗਾ। ਮੈਂ ਸੋਚਣ ਲੱਗਦਾ ਕਿ ਉਸ ਨਾਲ ਗੱਲ ਕਰਦਿਆਂ ਮੈਨੂੰ ਪੂਰੀ ਤਰ੍ਹਾਂ ਚੇਤੰਨ ਰਹਿਣਾ ਚਾਹੀਦਾ ਹੈ, ਕਿਉਂਕਿ ਉਹ ਨਿੱਕੀ ਤੋਂ ਨਿੱਕੀ ਗ਼ਲਤੀ, ਭਾਵੇਂ ਗ਼ਲਤੀ ਨਾ ਹੀ ਹੋਵੇ, ਫੜ ਕੇ ਮੈਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੀ। ਪਰ ਗੱਲ ਕਰਦੀ ਹੋਈ ਮੇਰੇ ਬਹੁਤ ਨੇੜੇ ਆਉਣ ਦਾ ਯਤਨ ਕਰਦੀ ਹੋਈ ਵੀ ਇਕ ਅੰਤਰ ਬਣਾ ਕੇ ਰੱਖਦੀ। ਤੇ ਕਈ ਵਾਰ ਬਹੁਤ-ਬਹੁਤ ਨੇੜੇ ਆ ਕੇ ਵੀ.....

ਕੁਝ ਸੀ ਜੋ ਮੈਨੂੰ ਉਸ ਵੱਲ ਆਕਰਸ਼ਤ ਕਰਦਾ ਸੀ। ਬਹੁਤ ਜ਼ਿਆਦਾ।

ਅੱਜ ਦੁਪਹਿਰ ਦੀ ਤਕਰਾਰ ਬਾਅਦ ਸ਼ਾਮ ਨੂੰ ਉਸਦਾ ਫੋਨ ਆਇਆ।

"ਤੁਸੀਂ ਫਰੀ ਹੋ?" ਮੈਂ ਬਿਜ਼ੀ ਹੋਣ ਦੇ ਬਾਵਜੂਦ ਝੂਠ ਬੋਲਿਆ।

"ਹਾਂ ਜੀ।" ਉਸ ਨਾਲ ਗੱਲ ਕਰਨ ਦਾ ਕੋਈ ਮੌਕਾ ਮੈਂ ਖੁਝਾਉਣਾ ਨਹੀਂ ਸੀ ਚਾਹੁੰਦਾ।

"ਮੈਂ ਪਾਰਲਰ ਜਾ ਰਹੀ ਹਾਂ... ਲਗਭਗ ਘੰਟਾ ਲੱਗਣਾ, ਨਾਲ-ਨਾਲ ਜੇ ਹੋਇਆ ਤਾਂ ਆਪਾਂ ਗੱਲ ਕਰਦੇ ਰਹਾਂਗੇ।"

ਅਚੇਤ ਰੂਪ ਵਿਚ ਮੈਂ ਕਾਮਿਨੀ ਦੀ ਤੁਲਨਾ ਆਪਣੀ ਪਤਨੀ ਊਸ਼ਾ ਨਾਲ ਕਰਨ ਲੱਗਾ ਸੀ।

ਕਿੱਥੇ ਊਸ਼ਾ ਜੋ ਕਿਸੇ ਮਰਦ ਨਾਲ ਗੱਲ ਕਰਨ ਸਮੇਂ ਸਿਰ ਉੱਚਾ ਨਹੀਂ ਚੁੱਕਦੀ ਅਤੇ ਕਿੱਥੇ ਕਾਮਿਨੀ, ਜੋ ਹਮੇਸ਼ਾਂ ਅੱਖਾਂ ਵਿਚ ਅੱਖਾਂ ਮਿਲਾ ਕੇ ਗੱਲ ਕਰਦੀ ਹੈ। ਊਸ਼ਾ ਨੇ ਵਿਆਹ ਤੋਂ ਬਾਅਦ ਕਦੇ ਵੀ ਜ਼ੀਨ-ਟਾਪ ਪਾਉਣ ਦੀ ਜੁਅਰਤ ਨਹੀਂ ਸੀ ਕੀਤੀ, ਭਾਵੇਂ ਮੈਂ ਉਸਨੂੰ ਕਈ ਮਾਡਰਨ ਕੱਪੜੇ ਲਿਆ ਕੇ ਵੀ ਦਿੱਤੇ ਸੀ। ਉਹ ਤਾਂ ਰਾਤ ਨੂੰ ਵੀ....

ਤੇ ਦੂਜੇ ਪਾਸੇ ਕਾਮਿਨੀ ਅਕਸਰ ਸਲੀਵਲੈੱਸ ਕੁੜਤਾ, ਜ਼ੀਨਜ ਅਤੇ ਗੌਗਲਜ਼ ਪਹਿਣ ਕੇ ਰੱਖਦੀ। ਹਰ ਦੂਜੇ ਹਫ਼ਤੇ ਪਾਰਲਰ ਜਾਂਦੀ। ਆਪਣੀ ਸਿਹਤ ਦਾ ਕਿੰਨਾ ਖ਼ਿਆਲ ਰੱਖਦੀ ਸੀ। ਜਿੱਮ ਵੀ ਜਾਂਦੀ ਸੀ। ਅੰਗਰੇਜ਼ੀ ਵੀ ਬੋਲਦੀ ਸੀ। ਕਿਤਾਬਾਂ ਵੀ ਪੜ੍ਹਦੀ ਸੀ। ਸਿਆਸਤ ਦੀਆਂ ਮੋਟੀਆਂ-ਮੋਟੀਆਂ ਗੱਲਾਂ ਤੋਂ ਲੈ ਕੇ ਕਲਾ ਅਤੇ ਦਰਸ਼ਨ ਦੀਆਂ ਬਾਰੀਕ ਗੱਲਾਂ। ਗੱਲ ਕੀ ਮੇਰੀ ਮਾਨਸਿਕ ਅਤੇ ਸਿਰਜਨਾਤਮਿਕ ਸੰਤੁਸ਼ਟੀ ਵੀ ਕਰਦੀ ਸੀ ਅਤੇ ਸਰੀਰਕ ਸ਼ੰਤੁਸ਼ਟੀ ਲਈ ਵੀ ਸ਼ਾਇਦ।

ਰਾਤ ਨੂੰ ਮੇਰੇ ਮਨ ਵਿਚ ਕਾਮਿਨੀ ਛਾਈ ਰਹਿੰਦੀ।

ਇਕ ਦਿਨ ਮੈਨੂੰ ਸੁਪਨਾ ਆਇਆ।

ਮੈਨੂੰ ਊਸ਼ਾ ਨੇ ਤਲਾਕ ਦੇ ਦਿੱਤਾ, ਤੇ ਕਾਮਿਨੀ ਨੇ ਆਪਣੇ ਪਤੀ ਦੇ ਤਲਾਕ ਦੇ ਕਾਗਜ਼ਾਂ ਤੇ ਦਸਤਖਤ ਕਰ ਦਿੱਤੇ। ਅਸੀਂ ਦੋਵੇਂ ਆਪਸ ਵਿਚ.....

ਮੈਂ ਇਹ ਗੱਲ ਦੂਜੇ ਦਿਨ ਕਾਮਿਨੀ ਨੂੰ ਦੱਸੀ। ਉਸਨੇ ਕੋਈ ਪ੍ਰਤੀਕ੍ਰਿਆ ਨਾ ਦਿੱਤੀ। ਉਸਤੋਂ ਬਾਅਦ ਦੋ ਦਿਨ ਸਾਡੀ ਕੋਈ ਗੱਲਬਾਤ ਨਾ ਹੋਈ। ਮੈਂ ਪਛਤਾਉਂਦਾ ਰਿਹਾ ਕਿ ਇਹ ਗੱਲ ਉਸਨੂੰ ਕਿਉਂ ਕਹਿਣੀ ਸੀ। ਫਿਰ ਦੋ ਛੁੱਟੀਆਂ ਆ ਗਈਆਂ। ਕਾਮਿਨੀ ਦਾ ਫੋਨ ਵੀ ਬੰਦ ਆ ਰਿਹਾ ਸੀ। ਡਰ ਨਿਰਾਸ਼ਾ ਅਤੇ ਪਛਤਾਵੇ ਦੀਆਂ ਲਕੀਰਾਂ ਮੇਰੇ ਮਨ ਵਿਚ ਗੂੜ੍ਹੀਆਂ ਹੋਣ ਬਾਅਦ ਮੇਰੇ ਮੱਥੇ ਤੇ ਉਭਰਣ ਲੱਗੀਆਂ। ਲਗਾਤਾਰ ਦੋ ਛੁੱਟੀਆਂ ਹੋਣ ਕਰਕੇ ਮੈਂ ਘਰ ਸੀ।

"ਅੱਜ ਬੜਾ ਉਦਾਸ ਉਦਾਸ ਲੱਗ ਰਹੇ ਹੋ। ਕਿਉਂ ਦਫ਼ਤਰ ਵਿਚ ਕੋਈ ਗੱਲ ਹੋਈ।" ਊਸ਼ਾ ਦੇ ਇਸ ਵਾਕ ਨੇ ਮੈਨੂੰ ਅਵਾਕ ਕਰ ਦਿੱਤਾ। ਔਰਤਾਂ ਦੀ ਇਹ ਇਕ ਖੂਬੀ ਹੁੰਦੀ ਹੈ ਕਿ ਉਹ ਤੁਹਾਡੇ ਦਿਲ ਦੀ ਗੱਲ ਤੁਹਾਡੇ ਚਿਹਰੇ ਤੋਂ ਪੜ੍ਹ ਲੈਂਦੀਆਂ ਹਨ। ਪਰ ਇਸਨੂੰ ਲੁਕਾਉਣ ਦੀ ਹਿੰਮਤ ਵੀ ਉਨ੍ਹਾਂ ਅੰਦਰ ਹੁੰਦੀ ਹੈ।

ਮੇਰੇ ਪਿਤਾ ਜੀ ਦਸ ਸਾਲ ਪਹਿਲਾਂ ਇਕ ਸੜਕ ਹਾਦਸੇ ਵਿਚ ਗੁਜ਼ਰ ਚੁੱਕੇ ਸਨ। ਮਾਂ ਬੀਮਾਰ ਹੋ ਕੇ ਮੰਜੇ ਤੇ ਪਈ ਸੀ। ਬਹੁਤ ਇਲਾਜ ਕਰਵਾਇਆ। ਆਖ਼ਰ ਇਕ ਦਿਨ ਉਹ ਵੀ ਪਿਤਾ ਜੀ ਕੋਲ ਚਲੀ ਗਈ।

ਕਾਮਿਨੀ ਦੀਆਂ ਅੱਖਾਂ ਵਿਚ ਅੱਜ ਪਹਿਲੀ ਵਾਰ ਮੈਂ ਹੰਝੂ ਵੇਖੇ ਸਨ। ਤੈਨੂੰ ਤਾਪ ਚੜ੍ਹੇ ਮੈਂ ਹੂੰਘਾਂ, ਵਾਲਾ ਲੋਕ ਮੁਹਾਵਰਾ ਮੈਨੂੰ ਅੱਜ ਸੱਚ ਜਾਪਿਆ ਸੀ।

ਸਾਡੀ ਪਿਆਰ ਦੀ ਲੁਕਣ-ਮੀਟੀ ਦਾ ਦੌਰ ਚਲਦਾ ਰਿਹਾ। ਐਨੇ ਨੂੰ ਮੇਰੀ ਬਦਲੀ ਦੇ ਹੁਕਮ ਆ ਗਏ। ਘਰ ਦੇ ਨੇੜੇ ਹੀ ਮੇਰੇ ਜ਼ਿਲ੍ਹੇ ਵਿਚ ਹੀ ਮੇਰੀ ਬਦਲੀ ਹੋ ਗਈ। ਹੁਣ ਵੀ ਕਾਮਿਨੀ ਦਾ ਫੋਨ ਕਦੀ-ਕਦਾਈਂ ਆਉਂਦਾ।

ਮੈਂ ਰੋਜ਼ ਪਤਨੀ ਨੂੰ ਉਸਦੇ ਸਕੂਲ ਛੱਡ ਕੇ ਆਉਂਦਾ। ਪਤਨੀ ਮੇਰੇ ਨਾਲ ਗੱਲਾਂ ਕਰਦੀ, ਖੁੱਲ੍ਹ ਕੇ ਦਿਲ

ਦਾ ਭਾਰ ਹੌਲਾ ਕਰਦੀ। ਮੈਨੂੰ ਪੁੱਛਦੀ, ਕੁਰੇਦਦੀ ਅਤੇ ਮੇਰੀ ਇੱਛਾ ਅਤੇ ਸੌਂਕ ਅਨੁਸਾਰ ਆਪਣੇ ਆਪ ਨੂੰ ਢਾਲਦੀ। ਰਾਤ ਨੂੰ ਸੌਣ ਤੋਂ ਪਹਿਲਾਂ ਇਕ ਦਿਨ ਉਸਨੇ ਮੇਰੇ ਦਿਲ ਤੇ ਹੱਥ ਰੱਖਿਆ, "ਰਮੇਸ਼! ਮੈਂ ਤੈਨੂੰ ਮੁਹੱਬਤ ਕਰਦੀ ਹਾਂ। ਮੇਰਾ ਸਭ ਕੁਝ ਤੁਸੀਂ ਹੋ। ਮੈਨੂੰ ਤੁਹਾਡੀਆਂ ਖਵਾਹਿਸ਼ਾਂ ਦਾ ਇਲਮ ਹੈ। ਪਰ ਜਿਨ੍ਹਾਂ ਗੱਲਾਂ ਤੋਂ ਮਾਂ ਜੀ ਨੂੰ ਨਫ਼ਰਤ ਸੀ, ਉਹ ਮੈਂ ਕਿਵੇਂ ਕਰ ਸਕਦੀ ਸਾਂ? ਹੁਣ।" ਕਹਿੰਦਿਆਂ ਉਸਦੀਆਂ ਅੱਖਾਂ ਵਿਚ ਵੀ ਹੰਝੂਆਂ ਦਾ ਸੈਲਾਬ ਆ ਗਿਆ। ਬਿਲਕੁਲ ਕਾਮਿਨੀ ਵਾਂਗ। ਮੈਨੂੰ ਜਾਪਿਆ ਜਿਵੇਂ ਊਸ਼ਾ ਨਹੀਂ ਕਾਮਿਨੀ ਰੋ ਰਹੀ ਹੋਵੇ।

ਮੇਰੀਆਂ ਅੱਖਾਂ ਵਿਚ ਦੋ ਚਿਹਰੇ ਘੁਲਣ ਲੱਗੇ।

ਲਗਭਗ ਦੋ ਮਹੀਨੇ ਬੀਤ ਗਏ। ਕਾਮਿਨੀ ਦਾ ਕੋਈ ਫੋਨ ਜਾਂ ਮੈਸੇਜ ਨਾ ਆਇਆ। ਮੈਂ ਵੀ ਆਪਣੇ ਘਰੇਲੂ ਕਬੀਲਦਾਰੀ ਵਿਚ ਰੁੱਝ ਗਿਆ ਸੀ। ਇਕ ਦੋ ਮੈਸੇਜ ਭੇਜੇ, ਪਰ ਕੋਈ ਜਵਾਬ ਨਾ ਆਇਆ। ਇਕ-ਦੋ ਕਾਲਾਂ ਵੀ ਕੀਤੀਆਂ, ਪਰ ਉਸਨੇ ਫੋਨ ਨਾ ਚੁੱਕਿਆ। ਉਸ ਦਿਨ ਸਾਡੀ ਵਿਆਹ ਦੀ ਵਰ੍ਹੇ ਗੰਢ ਸੀ। ਦੋਹੇਂ ਅਸੀਂ ਢਿਲੋਂ ਜੂਸ ਬਾਰ ਵਿਚ ਬੱਚੇ ਨਵਦੀਪਕ ਨਾਲ ਬੈਠੇ ਸਾਂ। ਅਚਾਨਕ ਮੈਸੇਜ ਆਇਆ। ਮੈਂ ਫੋਨ ਚੁੱਕ ਕੇ ਪੜ੍ਹਿਆ। ਕਾਮਿਨੀ ਦਾ ਮੈਸੇਜ ਸੀ, "ਵਿਆਹ ਦੀ ਵਰ੍ਹੇ ਗੰਢ ਦੀਆਂ ਢੇਰ ਸਾਰੀਆਂ ਮੁਬਾਰਕਾਂ।" ਮੈਂ ਮੈਸੇਜ ਪੜ੍ਹ ਕੇ ਡਿਲੀਟ ਕਰ ਦਿੱਤਾ। ਤੇ ਫੋਨ ਫਿਰ ਟੇਬਲ ਤੇ ਰੱਖ ਦਿੱਤਾ।

"ਕਿਉਂ? ਡਿਲੀਟ ਕਿਉਂ ਕਰ ਦਿੱਤਾ?"

"ਵੈਸੇ ਹੀ?"

"ਕਾਮਿਨੀ ਦਾ ਤਾਂ ਨ੍ਹੀਂ ਸੀ?"

"ਕਾਮਿਨੀ?" ਮੈਂ ਸਵਾਲ ਕੀਤਾ। ਜਿਵੇਂ ਮੈਂ ਕਾਮਿਨੀ ਨੂੰ ਜਾਣਦਾ ਹੀ ਨਾ ਹੋਵਾਂ!

"ਕਿਉਂ ਘਬਰਾ ਕਿਉਂ ਗਏ?"

ਮੈਂ ਲਾਜਵਾਬ ਸੀ।

ਕੀ ਊਸ਼ਾ ਨੂੰ ਸਭ ਕੁਝ ਪਤਾ ਹੈ? ਕਿਤੇ ਊਸ਼ਾ ਨੇ ਮੇਰੇ ਪੁਰਾਣੇ ਮੈਸੇਜ? ਪਰ ਮੈਸੇਜ ਤਾਂ ਮੈਂ ਨਾਲੋਂ-ਨਾਲ ਡਿਲੀਟ ਕਰ ਦਿੰਦਾ ਹਾਂ। ਕਾਮਿਨੀ ਦਾ ਫੋਨ ਨੰਬਰ ਵੀ ਮੈਂ ਆਪਣੇ ਮੋਬਾਈਲ ਵਿਚ ਰਾਜੂ ਬੌਸ ਨਾਂ ਹੇਠ ਸੇਵ ਕੀਤਾ ਹੋਇਆ ਹੈ। ਮੇਰਾ ਸਾਰਾ ਸਰੀਰ ਕੰਬ ਉੱਠਿਆ। ਪੁੱਛਦਾ ਤਾਂ ਉਸਨੂੰ ਕੀ ਪੁੱਛਦਾ? ਮੇਰੀ ਹਾਲਤ ਵਸੋਂ ਬਾਹਰ ਸੀ।

ਔਰਤ ਦੀ ਇਕ ਖੂਬੀ ਇਹ ਵੀ ਹੁੰਦੀ ਹੈ ਕਿ ਕਿ ਉਹ ਤੁਹਾਡੇ ਦਿਲ ਦੀ ਗੱਲ ਤੁਹਾਡੇ ਚਿਹਰੇ ਤੋਂ ਪੜ੍ਹ ਲੈਂਦੀਆਂ ਹਨ। ਪਰ ਇਸਨੂੰ ਲੁਕਾਉਣ ਦੀ ਹਿੰਮਤ ਵੀ ਉਨ੍ਹਾਂ ਅੰਦਰ ਹੁੰਦੀ ਹੈ।" ਜੌਹਨ ਗਰੇ ਦੇ ਇਹ ਸ਼ਬਦ ਤੀਰ ਬਣ ਕੇ ਮੇਰੇ ਮਨ-ਮਸਤਕ ਵਿਚ ਵੱਜ ਰਹੇ ਸਨ।

ਅਚਾਨਕ ਮੈਂ ਮਹਿਸੂਸ ਕੀਤਾ ਕਿ ਮੈਂ ਘਰ ਬੈਠਾ ਹਾਂ ਤੇ ਮੇਰੇ ਪੱਟਾਂ ਤੇ ਸਿਰ ਰੱਖ ਕੇ ਊਸ਼ਾ ਬੋਲ ਰਹੀ ਹੈ। ਮੈਂ ਘਰ ਕਿਵੇਂ ਪੁੱਜਾ? ਮੈਨੂੰ ਕੁਝ ਖ਼ਿਆਲ ਨਹੀਂ। ਮੈਂ ਮਨ ਅੰਦਰ ਚੱਲਦੇ ਸਵਾਲਾਂ ਦੀ ਲੜੀ ਨੂੰ ਵਿਰਾਮ ਦਿੰਦਾ ਹਾਂ, ਤਾਂ ਗੱਲ੍ਹਾਂ ਤੇ ਊਸ਼ਾ ਦੇ ਨਰਮ ਹੱਥਾਂ ਦੀ ਸਪੱਰਸ਼ ਮਹਿਸੂਸ ਕਰਦਾ ਹਾਂ, "ਪਤੀ ਦੇਵ! ਕਿੱਧਰ ਧਿਆਨ ਚਲਾ ਗਿਆ ਤੁਹਾਡਾ? ਕਾਮਿਨੀ ਵੱਲ?"

ਮੈਂ ਸ਼ਰਮਸ਼ਾਰ ਵੀ ਸੀ, ਹੈਰਾਨ ਵੀ। ਮੇਰੇ ਮਨ ਅੰਦਰ ਦਹਿਸ਼ਤ ਤੇ ਡਰ ਦਾ ਇਕ ਰਹੱਸਮਈ ਵਾਤਾਵਰਣ ਖੌਰੂ ਪਾ ਰਿਹਾ ਸੀ, ਜਿਸ ਨੂੰ ਕਾਬੂ ਕਰਦਿਆਂ ਮੈਂ ਊਸ਼ਾ ਦੀ ਆਵਾਜ਼ ਸੁਣਨ ਦਾ ਯਤਨ ਕਰਦਾ ਹਾਂ। ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਦੀ ਜੁਅਰਤ ਗਵਾ ਚੁੱਕਾ ਸਾਂ।

"ਮੇਰੀ ਇਕ ਦੋਸਤ ਹੈ। ਬਠਿੰਡੇ ਅਸੀਂ ਇਕੱਠਿਆਂ ਕੀਤੀ ਸੀ ਬੀ-ਐੱਡ-। ਉਦੋਂ ਹੀ ਉਸਦਾ

ਵਿਆਹ ਹੋ ਗਿਆ ਸੀ। ਫੇਰ ਪਤੀ ਨਾਲ ਤਕਰਾਰ ਹੋਣ ਕਰਕੇ ਪਤੀ ਨੇ ਤਲਾਕ ਦੀ ਅਰਜ਼ੀ ਦੇ ਦਿੱਤੀ ਸੀ। ਪਰ ਜਿੰਦਾ ਦਿਲ ਔਰਤ ਆ ਉਹ। ਡੋਲੀ ਨੀ ਭੋਰਾ। ਬਾਕੀ ਹਰ ਕਿਸੇ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਆ। ਥੋੜੀ ਭਾਵੁਕ ਵੀ ਆ। ਆਪ ਭਾਵੇਂ ਖਾਵੇ, ਭਾਵੇਂ ਨਾ, ਪਰ ਦੂਜਿਆਂ ਨੂੰ ਖਵਾ ਕੇ ਉਸਨੂੰ ਖੂਬ ਸੰਤੁਸ਼ਟੀ ਮਿਲਦੀ ਆ। ਵਧੀਆ, ਮਹਿੰਗੇ ਅਤੇ ਨਵੇਂ ਕੱਪੜੇ ਪਾਉਣ ਦਾ ਬੜਾ ਸ਼ੌਂਕ ਆ ਉਹਨੂੰ। ਦੂਜਿਆਂ ਨੂੰ ਵੀ ਸਲਾਹਾਂ ਦਿੰਦੀ ਨੀ ਥੱਕਦੀ।" ਉਹ ਬੋਲੀ ਜਾ ਰਹੀ ਸੀ, ਅਤੇ ਮੈਂ ਕਾਮਿਨੀ ਵੱਲ ਅੰਤਰ-ਧਿਆਨ ਹੋ ਚੁੱਕਾ ਸਾਂ, ਜਿਸਨੂੰ ਅਚਾਨਕ ਊਸ਼ਾ ਨੂੰ ਆਈ ਛਿੱਕ ਨੇ ਤੋੜ ਦਿੱਤਾ, ਤੇ ਮੈਨੂੰ ਊਸ਼ਾ ਦੀ ਆਵਾਜ਼ ਸੁਣਾਈ ਦੇਣ ਲੱਗੀ, "ਹੁਣ ਜਦੋਂ ਤੁਹਾਡੀ ਬਦਲੀ ਇਧਰ ਹੋਈ ਤਾਂ ਮੈਂ ਇਸ ਬਾਰੇ ਤੁਰੰਤ ਉਸਨੂੰ ਦੱਸਿਆ, ਤੇ ਉਸਨੇ ਆਖਿਆ ਸੀ, "ਮੈਂ ਖ਼ਿਆਲ ਰੱਖੂੰ।"

"ਹਰ ਔਰਤ ਦੇ ਅੰਦਰ ਆਪਣੇ ਮਰਦ ਬਾਰੇ ਇਕ ਤੌਖਲਾ ਤਾਂ ਹੁੰਦਾ ਹੀ ਹੈ, ਪਤੀ ਭਾਵੇਂ ਕਿੰਨਾ ਵੀ ਸਾਊ ਕਿਉਂ ਨਾ ਹੋਵੇ। ਮੇਰੇ ਵਲੋਂ ਇਹ ਤੌਖਲਾ ਹੋਠਾਂ ਤੇ ਲਿਆਉਣ ਤੋਂ ਪਹਿਲਾਂ ਹੀ ਉਸਨੇ ਕਹਿ ਦਿੱਤਾ, "ਫ਼ਿਕਰ ਨਾ ਕਰ, ਮੈਂ ਆਪਣੀ ਬਦਲੀ ਹੀ ਉੱਥੇ ਕਰਵਾ ਲੈਣੀ ਹੈ, ਤਾਂ ਜੋ।" ਉਂਜ ਮੇਰੇ ਇਸ ਡਰ ਨੂੰ ਉਸ ਨੇ 'ਸਾਊ ਹੋਵੇ ਲੱਖ, ਪਰ ਮਰਦ ਹੁੰਦਾ ਤਾਂ ਆਖ਼ਰ ਮਰਦ ਈ ਆ। ਕਹਿ ਕੇ ਹੋਰ ਵਧਾਇਆ ਹੀ ਨਹੀਂ, ਸਗੋਂ ਇਸ ਦੀ ਪੁਸ਼ਟੀ ਵੀ ਕਰ ਦਿੱਤੀ ਸੀ। ਨਾਲ ਹੀ ਇਹ ਵੀ ਹੱਸਦਿਆਂ ਕਹਿ ਦਿੱਤਾ ਸੀ, "ਫੇਰ ਨਾ ਕਹੀਂ - ਮੇਰਾ ਮਾਹੀ ਤੈਂ ਪੱਟਿਆ।" ਮੈਂ ਕੁਝ ਪਲ ਲਈ ਤਾਂ ਖਾਮੋਸ਼ ਹੋ ਗਈ ਸੀ, ਪਰ ਨਾਲ ਹੀ ਉਸਨੇ ਇਹ ਵੀ ਕਿਹਾ ਸੀ, "ਮੇਰੇ ਤੇ ਕਿੰਨਾ ਯਕੀਨ ਹੈ ਤੈਨੂੰ?" ਤੇ ਮੈਂ ਆਖਿਆ ਸੀ, "ਦੋਹਾਂ ਤੇ ਰੱਬ ਜਿੰਨਾ।" ਉਸਦੇ ਪਿਤਾ ਜੀ ਇਕ ਚੰਗਾ ਚੱਲਦਾ-ਪੁਰਜ਼ਾ ਨੇ। ਹਾਂ, ਕੁੜੀ ਦੇ ਵਿਆਹ ਲਈ ਜ਼ਰੂਰ ਥੋੜੀ ਕਾਹਲੀ ਕਰ ਗਏ, ਥੋੜ੍ਹਾ ਧੋਖਾ ਖਾ ਗਏ, ਪਰ ਹੁਣ ਉਸਦੇ ਪਤੀਦੇਵ ਨੇ ਵੀ ਤਲਾਕ ਦੀ ਅਰਜ਼ੀ ਵਾਪਸ ਲੈ ਲਈ ਹੈ। ਤੁਸੀਂ ਉਸਨੂੰ ਵਧਾਈ ਦੇ ਦਵੋ।" ਕਹਿੰਦਿਆਂ ਉਸਨੇ ਫੋਨ ਮੇਰੇ ਹਵਾਲੇ ਕੀਤਾ।

"ਕੌਣ ਆ ਉਹ?"

"ਕਾਮਿਨੀ।"

ਇਥੇ ਕਹਾਣੀ ਖਤਮ ਹੁੰਦੀ ਹੈ।

ਉਹ ਬੋਲੀ ਜਾ ਰਹੀ ਸੀ, ਅਤੇ ਮੇਰਾ ਹੱਥ ਨਵਦੀਪਕ ਦੇ ਮੱਥੇ ਤੇ ਫਿਰਦਾ ਹੋਇਆ, ਉਸਦੇ ਸੌਣ ਬਾਅਦ ਊਸ਼ਾ ਦੇ ਹੋਠਾਂ ਤੇ ਆ ਗਿਆ, "ਬੱਸਪਲੀਜ਼। ਲਾਈਟ ਬੰਦ ਕਰ ਦਵਾਂ?"

"....."

"ਅੱਜ ਦੁਪਹਿਰੇ ਵੀ ਤਾਂ ਆਪਾਂ।"

"....." ਮੈਂ ਬਿਨਾਂ ਜਵਾਬ ਦਿੱਤਿਆਂ ਬੱਤੀ ਬੁਝਾ ਦਿੱਤੀ ਸੀ। ਜਾਪਦਾ ਸੀ, ਚਾਨਣ ਅਜੇ ਵੀ ਕਮਰੇ ਵਿਚ ਪਸਰਿਆ ਹੋਇਆ ਸੀ। ਚਾਰੇ ਪਾਸੇ।

ਇਕ ਰਾਤ ਦੀ ਮਾਸ਼ੂਕ -

ਗੋਲ ਚਿਹਰੇ ਵਾਲੀ ਲੜਕੀ

ਇਹ ਨੰਬਰ ਮੌਜੂਦ ਨਹੀਂ ਹੈ

ਮੈਂ ਭੱਜ ਕੇ ਟਰੇਨ ਫੜੀ ਸੀ। ਗੱਡੀ ਨਾਲ ਦੌੜਦਿਆਂ ਮੇਰੇ ਮਨ ਵਿਚ ਵਿਚਾਰਾਂ ਨੇ ਜੋ ਖੌਰੂ ਪਾਇਆ ਸੀ, ਗੱਡੀ ਫੜਣ ਸਾਰ ਇਕ ਵਾਰ ਤਾਂ ਖਾਮੋਸ਼ ਹੋ ਗਿਆ ਸੀ। ਮੈਂ ਅੰਦਰ ਦੇ ਸੀਟਾਂ ਵਿਚਕਾਰਲੇ ਸਥਾਨ ਤੇ ਆਪਣਾ ਬੈਗ ਰੱਖਿਆ ਤੇ ਸਾਹਮਣੇ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਿਆ। ਸ਼ਰਟ ਨੂੰ ਪੈਂਟ ਵਿਚ ਕਸਿਆ ਅਤੇ ਫਿਰ ਇਕ ਖ਼ਾਲੀ ਜਾਪਦੇ ਕੰਪਾਰਟਮੈਂਟ ਵਿਚ ਵੜ ਗਿਆ। ਅਜੇ ਪੰਜ ਕੁ ਮਿੰਟ ਹੀ ਮੈਂ

ਬੈਠਾ ਹੋਵਾਂਗਾ ਕਿ ਇਕ ਲੜਕੀ ਆਪਣਾ ਦੁਪੱਟਾ ਠੀਕ ਕਰਦੀ ਅੰਦਰ ਵੜੀ ਅਤੇ ਮੈਨੂੰ ਅੰਦਰ ਬੈਠਾ ਵੇਖ ਕੇ ਚੌਂਕ ਗਈ। ਮੈਂ ਤਾਂ ਖੁਦ ਉਸ ਨੂੰ ਵੇਖ ਕੇ ਹੈਰਾਨ ਰਹਿ ਗਿਆ ਸੀ। ਮੈਂ ਤਾਂ ਸੋਚਿਆ ਸੀ ਕਿ ਇਹ ਕੰਪਾਰਟਮੈਂਟ ਖ਼ਾਲੀ ਹੈ। ਉਹ ਦੋ ਪਲ ਤਾਂ ਖਾਮੋਸ਼ ਖੜੀ ਰਹੀ। ਉਸਦੇ ਖ਼ੂਬਸੂਰਤ ਚਿਹਰੇ ਤੇ ਕੋਈ ਮੇਕਅੱਪ ਨਾ ਕੀਤਾ ਵੇਖ ਕੇ ਮੈਨੂੰ ਜਾਪਿਆ ਕਿ ਉਹ ਜ਼ਰੂਰ ਆਪਣਾ ਮੂੰਹ ਧੋ ਕੇ ਆਈ ਹੈ। ਕਿਉਂਕਿ ਉਸਦੇ ਚਿਹਰੇ ਤੇ ਗਿੱਲੇਪਣ ਦੇ ਸੰਕੇਤ ਵੀ ਵਿਖਾਈ ਦੇ ਰਹੇ ਸਨ। ਫਿਰ ਬੋਲੀ, "ਤੁਸੀਂ?"

"...." ਮੈਨੂੰ ਕੋਈ ਜਵਾਬ ਨਾ ਔੜਿਆ।

ਤੇ ਗੋਲ ਚਿਹਰੇ ਵਾਲੀ ਲੜਕੀ ਨੇ ਆਪਣੇ ਵਾਲ ਪਿਛਾਂਹ ਕੀਤੇ ਅਤੇ ਅਪਣੇ ਦੋਵਾਂ ਹੱਥਾਂ ਨੂੰ ਆਪਣੇ ਖ਼ੂਬਸੂਰਤ ਚਿਹਰੇ ਤੇ ਹੌਲੀ-ਹੌਲੀ ਰਗੜਦੀ ਹੋਈ, ਕਮਰੇ ਦੇ ਅੰਦਰ ਵੜੀ। ਜਿਸ ਤਰ੍ਹਾਂ ਉਹ ਬੜੇ ਹੀ ਹੌਲੇ-ਹੌਲੇ ਆਪਣੇ ਸਮਾਨ ਨੂੰ ਇਧਰ-ਉਧਰ ਕਰਕੇ ਸੈੱਟ ਕਰ ਰਹੀ ਸੀ, ਉਸਤੋਂ ਉਹ ਇਕ ਅਮੀਰ ਅਤੇ ਵੈੱਲ-ਟੂ-ਡੂ ਫੈਮਿਲੀ ਦੀ ਨੂੰਹ-ਧੀ ਜਾਪ ਰਹੀ ਸੀ। ਉਸਦੇ ਸੋਫਿੱਸਟੀਕੇਟਿਡ ਮੈਨਰਜ਼ ਅਤੇ ਬਾਰੀਕ ਪਰ ਮਹਿੰਗੇ ਕੱਪੜੇ ਇਸ ਗੱਲ ਦੀ ਸਾਖੀ ਭਰ ਰਹੇ ਸਨ, ਕਿ ਉਹ ਕਿਸੇ ਵੱਡੇ ਘਰਾਣੇ ਨਾਲ ਵਾਬਸਤਾ ਹੈ।

"ਇਕੱਲੇ ਹੋ ਤੁਸੀਂ? ਆਈ ਮੀਨ - ਯੋਅਰ ਫੈਮਲੀ, ਚਿਲਡਰਨ ਸਮਥਿੰਗ, ਸਮਬੌਡੀ?" ਆਪਣੇ ਬੈਗ ਦੀ ਬਾਰਹਲੀ ਜੇਬ ਵਿਚੋਂ ਇਕ ਕਰੀਮ ਦੀ ਟਿਊਬ ਕੱਢਦੀ ਹੋਈ ਉਹ ਬੋਲੀ।

"ਜੀ, ਜੀ ਮੈਂ ਇਕੱਲਾ ਹੀ ਹਾਂ। ਵਾਏ ਦੀ ਵੇਅ, ਆਏਮ ਸੌਰੀ! ਮੈਂ ਕਿਸੇ ਹੋਰ ਕੰਪਾਰਟ।" ਮੈਂ ਸਮਾਨ ਚੁੱਕਦਿਆਂ ਆਖਿਆ।

"ਨੋ ਇਸ਼ੂਜ਼। ਯੂ ਕੈਨ। ਨੋ ਪਰਾਬਲਮ।" ਉਸਨੇ ਪੂਰੇ ਸਵੈ-ਵਿਸ਼ਵਾਸ਼ ਨਾਲ ਆਖਿਆ।

ਥੋੜੀ ਹਿਚਕਚਾਹਟ ਦਿਖਾਉਂਦਿਆਂ ਮੈਂ ਆਪਣਾ ਸਮਾਨ ਮੁੜ ਹੇਠਾਂ ਰੱਖ ਦਿੱਤਾ ਤੇ ਸੀਟ ਤੇ ਬੈਠ ਗਿਆ। ਉਹ ਵੀ ਸਾਹਮਣੇ ਵਾਲੀ ਸੀਟ ਤੇ ਬੈਠ ਗਈ।

ਉਹ ਬੋਲਦੀ ਰਹੀ, "ਮੈਂ ਇਕ ਕਾਲ ਸੈਂਟਰ ਵਿਚ ਕੰਮ ਕਰਦੀ ਹਾਂ। ਪਿਤਾ ਜੀ ਬਿਜ਼ਨੈੱਸਮੈਨ ਨੇ। ਘਰ ਵਿਚ ਪੈਸੇ ਦੀ ਕੋਈ ਕਮੀ ਨਹੀਂ। ਪਰ ਮੈਂ ਆਪਣੇ ਪੈਰਾਂ ਤੇ ਖੜਣਾ ਚਾਹੁੰਦੀ ਹਾਂ।" ਮੈਂ ਵੇਖਿਆ ਉਹ ਆਪਣੇ ਪੈਰਾਂ ਤੇ ਖੜੀ ਸੀ - ਸਿੱਧੀ-ਸਪਾਟ। ਤੇ ਬੜੇ ਹੀ ਆਤਮ ਵਿਸ਼ਵਾਸ਼ ਨਾਲ ਬੋਲਦੀ ਰਹੀ, "ਪਿਤਾ ਜੀ ਨੇ ਵੀ ਮੇਰੇ ਨਾਲ ਹੀ ਸੀਟ ਬੁੱਕ ਕਰਵਾਈ ਸੀ। ਪਰ ਐਨ ਮੌਕੇ ਤੇ ਉਨ੍ਹਾਂ ਨੂੰ ਕਿਤੇ ਜਾਣਾ ਪੈ ਗਿਆ, ਤੇ ਮੈਨੂੰ ਇਕੱਲੀ ਆਉਣਾ ਪੈ ਗਿਆ। ਖ਼ੈਰ! ਡਰੇ ਨੂੰ ਡਰਾਉਂਦੀ ਆ ਦੁਨੀਆਂ। ਨਾਲੇ ਡਰਨਾ ਕਿਉਂ ਐ। ਮੇਰੇ ਕੋਲ ਰਿਵਾਲਵਰ ਹੈ, ਜੇ ਕਿਸੇ ਨੇ ਜੁਅਰਤ ਕੀਤੀ ਤਾਂ।" ਮੈਨੂੰ ਜਾਪਿਆ ਜਿਵੇਂ ਉਹ ਮੈਨੂੰ ਸਾਵਧਾਨ ਕਰਨਾ ਚਾਹੁੰਦੀ ਸੀ। ਪਰ ਜਿਸ ਤਰੀਕੇ ਨਾਲ ਉਹ ਬੜੀ ਛੇਤੀ ਮੇਰੇ ਨਾਲ ਘੁਲ-ਮਿਲ ਗਈ ਸੀ, ਮੈਂ ਉਸਦੀ ਤੁਲਨਾ ਆਪਣੀ ਪਤਨੀ ਸਵਿੱਤਰੀ ਨਾਲ ਕਰਨ ਲੱਗਾ ਸਾਂ। ਸਵਿੱਤਰੀ ਤਾਂ ਕਿਸੇ ਓਪਰੇ ਮਰਦ ਨਾਲ ਅੱਖ ਨਾਲ ਅੱਖ ਮਿਲਾ ਕੇ ਗੱਲ ਕਰਨ ਤੋਂ ਸ਼ਰਮਾਉਂਦੀ ਰਹਿੰਦੀ ਹੈ। ਕਿਸੇ ਨਾਲ ਘੁਲ-ਮਿਲ ਨਹੀਂ ਸਕਦੀ। ਹਮੇਸ਼ਾ ਘਰੇਲੂ ਜਿਹੇ, ਪ੍ਰੰਪਰਾਗਤ ਪਹਿਰਾਵੇ ਵਿਚ ਸਿਮਟੀ ਪਤਾ ਨਹੀਂ ਕਿਸ ਦੁਨੀਆਂ ਵਿਚ ਰਹਿੰਦੀ ਹੈ, ਤੇ ਦੂਜੇ ਪਾਸੇ ਇਹ ਲੜਕੀ। ਜ਼ੀਨ ਅਤੇ ਟੱਾਪ ਵਿਚ ਕਿਸੇ ਪਰੀ ਤੋਂ ਘੱਟ ਨਹੀਂ ਲੱਗ ਰਹੀ। ਸਵਿੱਤਰੀ ਕਦੇ ਵੀ ਵਾਲ ਖੁੱਲ੍ਹੇ ਨਹੀਂ ਛੱਡਦੀ। ਪਾਰਲਰ ਵੀ ਕਦੇ ਕਿਸੇ ਵਿਆਹ-ਸ਼ਾਦੀ ਮੌਕੇ ਜਾਂਦੀ ਹੈ ਸਿਰਫ਼। ਤੇ ਇਧਰ ਇਹ ਲੜਕੀ ਇਸ ਤਰ੍ਹਾਂ ਜਾਪਦੀ ਸੀ, ਜਿਵੇਂ ਹੁਣੇ ਪਾਰਲਰ ਵਿਚੋਂ ਬਾਹਰ ਆਈ ਹੋਵੇ, ਭਾਵੇਂ ਉਸਨੇ ਮੇਕਅੱਪ ਨਹੀਂ ਸੀ ਕੀਤਾ, ਪਰ ਚੰਗੀ ਤਰ੍ਹਾਂ ਸੰਵਾਰੇ ਤੇ ਟਰਿੱਮ ਕੀਤੇ ਵਾਲ ਅਤੇ ਕਮਾਨੀਦਾਰ ਭਰਵੱਟੇ ਵੇਖਣ ਵਾਲੇ ਨੂੰ ਅੱਖ ਨਹੀਂ ਝਪਕਣ ਦਿੰਦੇ।

"ਚਲੋ, ਤੁਸੀਂ ਆਰਾਮ ਕਰੋ, ਮੈਂ ਕਿਸੇ ਹੋਰ ਕੰਪਾਰਟਮੈਂਟ ਵਿਚ ਚਲਾ ਜਾਂਦਾ ਹਾਂ।" ਭਾਵੇਂ ਮੇਰਾ ਜੀਅ

ਤਾਂ ਨਹੀਂ ਸੀ ਕਰਦਾ, ਪਰ ਇਕ ਮਰਿਯਾਦਾ ਅਤੇ ਜਿੰਮੇਵਾਰੀ ਖ਼ਿਆਲ ਕਰਕੇ ਮੈਂ ਉਸ ਨੂੰ ਇਹ ਕਹਿ ਕੇ ਇਕ ਵਾਰ ਫਿਰ ਆਪਣੇ ਸਿਆਣੇਪਣ ਦਾ ਰੋਹਬ ਅਤੇ ਅਹਿਸਾਸ ਕਰਾਉਣਾ ਚਾਹੁੰਦਾ ਸੀ।

"ਨਹੀਂ, ਨਹੀਂ। ਐਹੋ ਜਿਹੀ ਕੋਈ ਗੱਲ ਨਹੀਂ। ਮੈਨੂੰ ਕੋਈ ਇਤਰਾਜ਼ ਨਹੀਂ। ਬਦ-ਬਦਮਾਸ਼ ਲੋਕਾਂ ਨੂੰ ਤਾਂ ਮੈਂ ਸਮੈੱਲ ਤੋਂ ਪਛਾਣ ਲੈਂਦੀ ਹਾਂ। ਤੁਸੀਂ ਬੈਠੋ ਅਰਾਮ ਨਾਲ।" ਕਹਿ ਕੇ ਉਹ ਸੀਟ ਨਾਲ ਢੋਅ ਲਗਾ ਕੇ ਬੈਠ ਗਈ। ਆਪਣੇ ਛੋਟੇ ਬੈਗ ਵਿਚੋਂ ਉਸਨੇ ਇਕ ਸ਼ੀਸ਼ਾ ਅਤੇ ਇਕ ਨਿੱਕਾ ਜਿਹਾ ਬਾੱਕਸ ਕੱਢਿਆ ਅਤੇ ਮੇਕਅੱਪ ਕਰਨ ਲੱਗੀ। ਪੰਦਰਾਂ ਮਿੰਟ ਵਿਚ ਉਸਨੇ ਆਪਣੇ ਚਿਹਰੇ ਤੇ ਹਲਕਾ ਜਿਹਾ ਮੇਕਅੱਪ ਕਰ ਲਿਆ ਸੀ, ਅਤੇ ਫਿਰ ਆਪਣੇ ਬੈਗ ਵਿਚ ਮੇਕਅੱਪ ਕਿੱਟ ਪਾਉਂਦੀ ਕਹਿਣ ਲੱਗੀ, "ਇਹ ਵੀ ਸਿਆਪਾ ਈ ਆ। ਬੰਦਿਆਂ ਨੂੰ ਮੌਜ ਐ, ਕੋਈ ਮੇਕਅੱਪ ਨਹੀਂ, ਕੋਈ ਵਾਧੂ ਸਮਾਨ ਨਹੀਂ। ਬੱਸ ਚਾਰ ਕੱਪੜੇ ਪਾਏ ਬੈਗ ਵਿਚ ਤੇ ਚੱਲ ਪਓ ਜਿਧਰ ਜਾਣਾ।" ਮੈਨੂੰ ਉਸਦੀ ਸ਼ਪੱਸ਼ਟ ਬਿਆਨੀ ਚੰਗੀ ਲੱਗ ਰਹੀ ਸੀ। ਮਨ ਹੀ ਮਨ ਮੈਂ ਆਪਣੀ ਪਤਨੀ ਨਾਲ ਉਸਦੀ ਤੁਲਨਾ ਕਰੀ ਜਾ ਰਿਹਾ ਸੀ। ਕੀ ਸਵਿੱਤਰੀ ਕਦੇ ਐਹੋ ਜਿਹੀ ਗੱਲ ਕਰਦੀ ਹੈ? ਉਹ ਤਾਂ ਹਮੇਸ਼ਾ ਆਪਣੇ ਗਿਲੇ-ਸ਼ਿਕਵੇ ਸਾਂਝੇ ਕਰਦੀ ਰਹਿੰਦੀ ਹੈ। ਇਹ ਸ਼ਾਇਦ ਉਸਦੇ ਪੇਂਡੂ ਪਿਛੋਕੜ ਕਰਕੇ ਹੈ, ਜਾਂ ਘੱਟ ਪੜ੍ਹੇ ਲਿਖੇ ਹੋਣ ਕਰਕੇ ਜਾਂ ਕੋਈ ਹੋਰ ਕਾਰਣ। ਇਹ ਗੱਲ ਮੇਰੇ ਮਨ ਵਿਚ ਵਾਰ-ਵਾਰ ਆ ਰਹੀ ਸੀ।

"ਅੱਛਾ! ਤੁਸੀਂ ਦੱਸਿਆ ਹੀ ਨਹੀਂ, ਤੁਸੀਂ ਕੀ ਕਰਦੇ ਹੋ?"

"ਮੈਂ ਤਾਂ ਇਕ ਬੀਮਾ ਕੰਪਨੀ ਵਿਚ ਕੰਮ ਕਰਦਾ ਹਾਂ। ਯੂ ਕੈਨ ਕਾਲ ਮੀ ਐਨ ਇੰਸ਼ੋਰੈਂਸ ਏਜੰਟ।"

ਮੇਰੀਆਂ ਅੱਖਾਂ ਵਿਚ ਨੀਂਦ ਤੈਰ ਰਹੀ ਸੀ, ਪਰ ਨੀਂਦ ਤਾਂ ਜਿੱਥੇ ਵੀ ਪੂਰੀ ਕੀਤੀ ਜਾ ਸਕਦੀ ਹੈ, ਪਰ ਇਸ ਹੂਰ-ਪਰੀ ਨਾਲ ਗੱਲਾਂ ਕਰਨ ਦਾ ਸੁਭਾਗ ਰੋਜ਼-ਰੋਜ਼ ਨਹੀਂ ਮਿਲਦਾ।

"ਲਾਈਟ ਜਗਾ ਲਵਾਂ, ਜੇ ਤੁਹਾਨੂੰ ਕੋਈ ਇਤਰਾਜ਼ ਨਾ ਹੋਵੇ ਤਾਂ।" ਹਨੇਰਾ ਕਾਫ਼ੀ ਵਧ ਜਾਣ ਤੇ ਉਸਨੇ ਇਜ਼ਾਜ਼ਤ ਮੰਗਦਿਆਂ ਲਾਈਟ ਦਾ ਬਟਨ ਪ੍ਰੈਸ ਕਰ ਦਿੱਤਾ। ਬਲਵ ਦੀ ਰੌਸ਼ਨੀ ਵਿਚ ਉਸਦਾ ਚਿਹਰਾ ਹੋਰ ਹੁਸੀਨ ਜਾਪ ਰਿਹਾ ਸੀ।

"ਦਰਅਸਲ ਮੈਨੂੰ ਪੁਸਤਕਾਂ ਪੜ੍ਹਣ ਦਾ ਬਹੁਤ ਸੌਂਕ ਹੈ। ਤੇ ਜਾਂ ਫਿਰ ਗੱਲਾਂ ਕਰਨੀਆਂ। ਖਾਸ ਕਰਕੇ ਨੌਜਵਾਨਾਂ ਨਾਲ। ਤੁਹਾਡੇ ਵਰਗੇ ਪੜ੍ਹੇ-ਲਿਖੇ, ਸਮਝਦਾਰ ਅਤੇ ਸੂਝਵਾਨ ਇਨਸਾਨ ਮੇਰੀ ਕਮਜ਼ੋਰੀ ਹਨ। ਪਰ ਇਕ ਗੱਲ ਇਹ ਵੀ ਹੈ ਕਿ ਛੇਤੀ ਕਿਤੇ ਮੈਨੂੰ ਕੋਈ ਪਸੰਦ ਨਹੀਂ ਆਉਂਦਾ।" ਤੇ ਮੇਰੇ ਮਨ ਵਿਚ ਚੱਲਦੇ ਸਵਾਲ ਨੂੰ ਭਾਂਪ ਕੇ ਨਾਲ ਹੀ ਬੋਲੀ, "ਪਰ ਤੁਸੀਂ ਮੈਨੂੰ ਪਸੰਦ ਹੋ।" ਖੁਸ਼ੀ ਦੇ ਲੱਡੂ ਮੇਰੇ ਮਨ ਵਿਚ ਫੁੱਟ ਰਹੇ ਸਨ।

"ਇਹ ਮੇਰੀ ਪਸੰਦੀਦਾ ਕਿਤਾਬ ਹੈ। ਦੋ ਤਿੰਨ ਵਾਰ ਪੜ੍ਹ ਚੁੱਕੀ ਹਾਂ। ਦੋ ਕੁ ਪੰਨੇ ਰਹਿ ਗਏ। ਤੁਸੀਂ ਪੜ੍ਹਦੇ ਹੋ ਕਿਤਾਬਾਂ?"

"ਹਾਂ, ਕਦੇ-ਕਦੇ। ਜੇਕਰ ਕੋਈ ਪੁਸਤਕ ਵਧੀਆ ਲੱਗੇ ਤਾਂ।"

"ਫਿਰ ਮੈਂ ਇਹ ਕਿਤਾਬ ਤੁਹਾਨੂੰ ਗਿਫ਼ਟ ਕਰਦੀ ਹਾਂ। ਆਹ ਦੋ ਪੰਨੇ ਮੁਕਾ ਕੇ।"

ਪੰਜ ਕੁ ਮਿੰਟ ਮੈਂ ਤਾਕੀ ਵਿਚੋਂ ਬਾਹਰ ਦੇਖਦਾ ਰਿਹਾ। ਦੇਖਣ ਦਾ ਤਾਂ ਬਹਾਨਾ ਸੀ, ਮੈਂ ਤਾਂ ਉਡੀਕ ਰਿਹਾ ਸੀ, ਕਦੋਂ ਉਹ ਕਿਤਾਬ ਖਤਮ ਕਰੇ ਅਤੇ ਗੱਲਾਂ ਸ਼ੁਰੂ। ਕਿਤਾਬ ਵਿਚ ਮੇਰੀ ਕੋਈ ਰੁਚੀ ਨਹੀਂ ਸੀ।

"ਆਹ ਲਵੋ। ਮੈਂ ਇਸ ਤੇ ਆਪਣਾ ਫੋਨ ਨੰਬਰ ਅਤੇ ਐਡਰੈੱਸ ਵੀ ਲਿਖ ਦਿੱਤਾ ਹੈ।" ਕਹਿੰਦਿਆਂ ਉਹ ਮੇਰੇ ਨਾਲ ਆ ਕੇ ਬੈਠ ਗਈ। ਅੰਨ੍ਹਾ ਕੀ ਭਾਲੇ, ਦੋ ਅੱਖਾਂ। ਮੈਨੂੰ ਤਾਂ ਜਿਵੇਂ ਚਾਰ ਅੱਖਾਂ ਮਿਲ ਗਈਆਂ ਹੋਣ। ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ ਸੀ ਕਿ ਉਹ ਮੇਰੇ ਐਨਾ ਨਜ਼ਦੀਕ। ਅਜੇ ਵੀ ਸਾਡੇ

ਵਿਚਕਾਰ ਦੋ ਹੱਥ ਫ਼ਾਸਲਾ ਸੀ, ਪਰ ਮੈਂ ਉਸਦੀ ਨੇੜਤਾ ਦਾ ਨਿੱਘ ਮਾਣ ਰਿਹਾ ਸੀ।

"ਤੁਹਾਡਾ ਮੋਬਾਈਲ ਨੰਬਰ?"

"ਆਹ ਲਵੋ।" ਉਸਨੇ ਕਿਤਾਬ ਦੇ ਅਖ਼ੀਰ ਵਿਚ ਖ਼ਾਲੀ ਪੰਨੇ ਦਾ ਕੁਝ ਹਿੱਸਾ ਪਾੜ ਕੇ ਉਸਤੇ ਆਪਣਾ ਨੰਬਰ ਲਿਖ ਕੇ ਮੈਨੂੰ ਫੜਾ ਦਿੱਤਾ। ਕਾਗਜ਼ ਦਾ ਟੁਕੜਾ ਫੜਦਿਆਂ ਉਸਦੀਆਂ ਉਂਗਲਾਂ ਦੇ ਪੋਟੇ ਮੇਰੀਆਂ ਉਂਗਲਾਂ ਨਾਲ ਛੋਹ ਗਏ ਸਨ। ਭਾਵੇਂ ਮੈਂ ਆਪਣੀ ਪਤਨੀ ਦੇ ਹੱਥਾਂ ਨੂੰ ਵੀ ਕਈ ਵਾਰ ਫੜਿਆ ਹੈ, ਪਰ ਇਸ ਮੌਕੇ, ਜਿਸ ਤਰ੍ਹਾਂ ਦੀ ਝਰਨਾਟ ਮੈਂ ਮਹਿਸੂਸ ਕੀਤੀ ਸੀ, ਅਜੀਬ ਸੀ। ਮੈਨੂੰ ਕਾਂਬਾ ਜਿਹਾ ਛਿੜ ਗਿਆ ਸੀ। ਮੈਂ ਉਹ ਟੁਕੜਾ ਜ਼ੀਨ ਦੀ ਖੱਬੀ ਜੇਬ ਵਿਚ ਪਾ ਲਿਆ ਸੀ। ਸੰਭਾਲ ਲਿਆ ਸੀ।

"ਹੋਰ ਆਪਣੇ ਬਾਰੇ ਦੱਸੋ। ਤੁਸੀਂ ਬਹੁਤ ਘੱਟ ਬੋਲਦੇ ਹੋ। ਮੈਨੂੰ ਲੱਗਦਾ ਤੁਹਾਨੂੰ ਮੇਰੇ ਸਾਥ ਦੀ ਬਹੁਤ ਲੋੜ ਹੈ। ਮੇਰਾ ਖ਼ਿਆਲ ਮੇਰੇ ਵਰਗੀ ਕੋਈ ਗਾਲ੍ਹੜ ਕੁੜੀ ਤੁਹਾਡੀ ਜ਼ਿੰਦਗੀ ਵਿਚ ਆਈ ਹੀ ਨਹੀਂ। ਵਿਆਹੇ ਹੋਏ ਹੋ ਤੁਸੀਂ?"

"....." ਉਸਦੀਆਂ ਗੱਲਾਂ ਮੈਨੂੰ ਸ਼ਾਇਰੀ ਵਾਂਗ ਜਾਪ ਰਹੀਆਂ ਸਨ। ਭਾਵੇਂ ਸਾਹਿਤ ਨਾਲ ਮੇਰਾ ਕਦੇ ਦੂਰ ਦਾ ਵੀ ਰਿਸ਼ਤਾ ਨਹੀਂ ਰਿਹਾ, ਪਰ ਉਸਦੀ ਗੱਲਬਾਤ ਸੁਣ ਕੇ ਅਹਿਸਾਸ ਹੋਣ ਲੱਗਾ ਸੀ, ਕਿ ਸਾਹਿਤ ਜ਼ਰੂਰ ਉਸਦੀਆਂ ਗੱਲਾਂ ਵਰਗਾ ਹੋਵੇਗਾ, ਅਤੇ ਇਹ ਸਭ ਉਸਨੇ ਕਿਤਾਬਾਂ ਵਿਚੋਂ ਸਿੱਖਿਆ ਹੋਵੇਗਾ। ਮੈਨੂੰ ਨਹੀਂ ਪਤਾ ਕਿ ਉਸਦੀਆਂ ਗੱਲਾਂ ਵਿਚ ਸੱਚਮੁੱਚ ਕੋਈ ਜਾਦੂ ਸੀ, ਜਾਂ ਨਹੀਂ, ਪਰ ਐਨਾ ਜ਼ਰੂਰ ਸੀ, ਕਿ ਜਿਸ ਤਰ੍ਹਾਂ ਉਹ ਨਿਰੰਤਰ ਮੇਰੇ ਨੇੜੇ ਆ ਕੇ ਮੇਰੇ ਮਨ ਦੀ ਭੁੱਖ ਨੂੰ ਤ੍ਰਿਪਤ ਕਰ ਰਹੀ ਸੀ, ਮੈਨੂੰ ਉਸ ਸਮੇਂ ਸਭ ਕੁਝ ਚੰਗਾ ਲੱਗ ਰਿਹਾ ਸੀ। ਉਹ ਟਰੇਨ, ਉਹ ਸਮਾਂ, ਅਟੈਂਡੈਂਟ, ਬਲਵ, ਕਿਤਾਬ, ਉਸਦਾ ਸਮਾਨ, ਮੇਰਾ ਸਮਾਨ, ਉਸਦੇ ਕੱਪੜੇ, ਮੇਰੇ ਕੱਪੜੇ ਅਤੇ ਇਥੋਂ ਤੱਕ ਕਿ ਇਕ-ਦੋ ਮੱਛਰ ਵੀ, ਜੋ ਪਤਾ ਨਹੀਂ ਕਿੱਥੋਂ ਇਸ ਕਮਰੇ ਵਿਚ ਆ ਵੜੇ ਸਨ।

"ਤੁਸੀਂ ਜਵਾਬ ਨਹੀਂ ਦਿੱਤਾ? ਕੀ ਸੋਚੀਂ ਪੈ ਗਏ ਜਨਾਬ?"

"ਜੀ ਜੀ ਮੈਂ ।" ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਸੱਚ ਬੋਲਾਂ ਜਾਂ ਝੂਠ। ਕਿਉਂਕਿ ਡਰ ਸੀ ਕਿ ਜੇਕਰ ਸੱਚ ਬੋਲ ਦਿੱਤਾ ਤਾਂ ਉਹ ਮੇਰੇ ਤੋਂ ਦੂਰ ਨਾ ਹੋ ਜਾਵੇ।

"ਵੈਸੇ ਇਕ ਗੱਲ ਕਹਾਂ, ਮੈਨੂੰ ਵਿਆਹੇ ਜਵਾਨ ਜ਼ਿਆਦਾ ਚੰਗੇ ਲੱਗਦੇ ਨੇ। ਤੇ ਇਕ ਗੱਲ ਹੋਰ, ਮੈਂ ਚਿਹਰੇ ਤੋਂ ਅਨੁਮਾਨ ਲਗਾ ਸਕਦੀ ਹਾਂ ਕਿ ।"

"ਸੱਚਮੁੱਚ?"

"ਹਾਂ, ਤੇ ਤੁਹਾਡਾ ਚਿਹਰਾ ਦੱਸ ਰਿਹਾ ਹੈ ਕਿ ਤੁਸੀਂ ਵਿਆਹੇ ਹੋ।" ਕਹਿ ਕੇ ਉਹ ਆਪਣੇ ਵਾਲ ਪਿਛਾਂਹ ਕਰਨ ਲੱਗੀ।

"ਤੁਸੀਂ ਆਪਣੇ ਵਾਲ ਬੰਨ੍ਹ ਕਿਉਂ ਨਹੀਂ ਲੈਂਦੇ?" ਮੈਂ ਸਿਰਫ਼ ਬੋਲਣ ਲਈ ਬੋਲਿਆ, ਭਾਵੇਂ ਮੈਨੂੰ ਉਸਦੇ ਖੁੱਲ੍ਹੇ ਵਾਲ ਹੀ ਆਕਰਸ਼ਕ ਲੱਗ ਰਹੇ ਸਨ।

"ਦਰਅਸਲ ਮੇਰੇ ਕੋਲ ਰਬੜ ਨਹੀਂ ਹੈ। ਮੇਰਾ ਤਾਂ ਜੀਅ ਕਰਦਾ ਹੈ ਕਿ ਵਾਲ ਹੋਰ ਛੋਟੇ ਕਰਵਾ ਦੇਵਾਂ, ਪਰ ਪਿਤਾ ਜੀ ਮੈਨੂੰ ਮਾਰ ਦੇਣਗੇ, ਜੇਕਰ ਮੈਂ।" ਕਹਿੰਦਿਆਂ ਉਸਨੇ ਆਪਣੇ ਸੱਜੇ ਹੱਥ ਨੂੰ ਪਿਸਤੌਲ ਬਣਾ ਕੇ ਆਪਣੇ ਮੱਥੇ ਨਾਲ ਛੁਹਾ ਕੇ "ਡਿੱਸ਼ੂੰ" ਸ਼ਬਦ ਦਾ ਉਚਾਰਨ ਕੀਤਾ ਤੇ ਲੰਮੇ ਵਾਲਾਂ ਦੇ ਸਿਰੇ ਨੂੰ ਹੱਥ ਵਿਚ ਲੈ ਕੇ ਨਿਹਾਰਨ ਲੱਗੀ।

"ਅੱਛਾ?" ਮੇਰੇ ਬੈਗ ਵਿਚ ਰਬੜਾਂ ਹੋਣ ਦੇ ਬਾਵਜੂਦ ਇਸ ਗੱਲ ਨੂੰ ਮੈਂ ਲੁਕਾ ਲਿਆ।

"ਕੀ ਤੁਹਾਨੂੰ ਅੱਛਾ, ਕਿਉਂ, ਕੀ, ਕਿੱਥੇ ਤੋਂ ਵੱਧ ਕੋਈ ਗੱਲ ਨਹੀਂ ਆਉਂਦੀ ਮਿਸਟਰ ਭੋਂਦੂ ਜੀ?"

"ਨਹੀਂ ਨਹੀਂ ਦਰਅਸਲ, ਮੇਰੇ ਕੋਲ ਰਬੜਾਂ ਹੁੰਦੀਆਂ ਨੇ, ਕਾਗਜ਼ਾਂ ਤੇ ਚੜ੍ਹਾਉਣ ਨੂੰ, ਪਰ ਘਰ ਰਹਿ ਗਈਆਂ ਕਾਹਲੀ-ਕਾਹਲੀ 'ਚ।"

"ਫ਼ਿਕਰ ਨਾ ਕਰੋ, ਕਿਤੇ ਨੀ ਜਾਣ ਲੱਗੇ ਮੇਰੇ ਵਾਲ। ਕਿਧਰ ਨੂੰ ਜਾ ਰਹੀਆਂ ਨੇ ਸਰਕਾਰਾਂ, ਇਹ ਤਾਂ ਦੱਸੋ ਪਹਿਲਾਂ।"

"ਮੈਂ ਮੁੰਬਈ ਜਾਣਾ। ਕੱਲ੍ਹ ਸ਼ਾਮ ਤੱਕ ਪਹੁੰਚਾਂਗਾ। ਤੁਸੀਂ?"

"ਵਾਹ, ਫਿਰ ਤਾਂ ਆਪਣਾ ਚੰਗਾ ਸਾਥ ਬਣ ਗਿਆ। ਮੈਂ ਵੀ ਮੁੰਬਈ ਈ ਜਾਣਾ।" ਕਹਿ ਕੇ ਉਹ ਮੇਰੇ ਸਾਹਮਣੇ ਪਏ ਟੇਬਲ ਤੇ ਬੈਠ ਗਈ ਅਤੇ ਫਿਰ ਮੇਰੀਆਂ ਗੱਲ੍ਹਾਂ ਵੱਲ ਹੱਥ ਵਧਾਉਂਦੀ ਬੋਲੀ, "ਪਰ ਪਹਿਲਾਂ ਆਹ ਸ਼ੇਵ ਕਰੋ ਚੰਗੀ ਤਰ੍ਹਾਂ। ਮੈਨੂੰ ਐਨ ਕਲੀਨ ਸ਼ੇਵ ਗੱਲ੍ਹਾਂ ਚੰਗੀਆਂ ਲੱਗਦੀਆਂ ਨੇ। ਹੈਗੀ ਆ ਸ਼ੇਵਿੰਗ ਕਿੱਟ ਕਿ ਉਹ ਵੀ ਘਰ ਰਹਿ ਗਈ?"

"ਕਿੱਟ ਤਾਂ ।

"ਮੈਨੂੰ ਪਤਾ ਸੀ। ਹੁਣ ਇਹ ਨਾ ਕਹਿ ਦਈਓ ਬਈ ਕੀ ਮੇਰੇ ਕੋਲ ਮੇਰੇ ਕੋਲ ਤਾਂ ਵੀਟ ਕਰੀਮ ਹੈ। ਜੇ ਯੂਜ਼ ਕਰ ਲਵੋਗੇ ਤਾਂ ਦੱਸ ਦਵੋ।" ਕਹਿ ਕੇ ਉਹ ਮੁਸਕਰਾਉਣ ਲੱਗੀ, "ਸੌਰੀ, ਮਾਂਈਡ ਨਾ ਕਰ ਲਈਓ। ਮੇਰਾ ਤਾਂ ਮਜ਼ਾਕ ਕਰਨ ਦਾ ਸੁਭਾਅ ਹੈ। ਆਪਾਂ ਅਗਲੇ ਸ਼ਟੇਸ਼ਨ ਤੇ ਲੈ ਆਵਾਂਗੇ।" ਮੇਰੀਆਂ ਅੱਖਾਂ ਵਿਚ ਨੀਂਦ ਤੈਰ ਰਹੀ ਸੀ, ਪਰ ਨੀਂਦ ਤਾਂ ਕਿਤੇ ਵੀ ਪੂਰੀ ਕੀਤੀ ਜਾ ਸਕਦੀ ਹੈ, ਪਰ ਇਸ ਹੂਰ-ਪਰੀ ਨਾਲ ਗੱਲਾਂ ਕਰਨ ਦਾ ਸੁਭਾਗ ਰੋਜ਼-ਰੋਜ਼ ਨਹੀਂ ਮਿਲਦਾ। ਦੂਜੀ ਵਾਰ ਇਹ ਖ਼ਿਆਲ ਮੇਰੇ ਮਨ ਵਿਚ ਆਇਆ।

"ਅੱਛਾ, ਮੈਂ ਕੱਪੜੇ ਬਦਲ ਲਵਾਂ ਜ਼ਰਾ। ਰਾਤ ਨੂੰ ਇਹ ਕਸਵੀਂ ਜ਼ੀਨ ਵਿਚ ਘੁੱਟਵਾਂ-ਘੁੱਟਵਾਂ ਮਹਿਸੂਸ ਹੁੰਦਾ ਹੈ।"

"ਤੁਸੀਂ ਅੱਖਾਂ ਬੰਦ ਕਰ ਲਵੋ। ਹੋਰ ਕਿੱਥੇ ਜਾਵਾਂਗੀ ਕੱਪੜੇ ਬਦਲਣ?" ਕਹਿ ਕੇ ਉਸਨੇ ਚਿਟਕਣੀ ਨੂੰ ਚੰਗੀ ਤਰ੍ਹਾਂ ਲੱਗਾ ਦਿੱਤਾ।

"ਕਿਵੇਂ ਲੱਗਦੀ ਆਂ ਮੈਂ ਏਸ ਨਾਈਟ ਡ੍ਰੈੱਸ ਚ?" ਕੱਪੜੇ ਬਦਲਣ ਬਾਅਦ ਉਸਦਾ ਪਹਿਲਾ ਸਵਾਲ ਸੀ।

"ਅੱਖਾਂ ਖੋਲ੍ਹ ਕੇ ਹੀ ਦੱਸਾਂਗਾ?"

"ਤਾਂ ਤੁਸੀਂ ਸੱਚਮੁੱਚ ਅੱਖਾਂ ਬੰਦ ਕਰ ਲਈਆਂ ਸਨ? ਸੱਚਮੁੱਚ ਯੂ ਆਰ ਵੈਰੀ ਇਨੋਸੈਂਟ ਮੈਨ ! ਤਾਂ ਹੀ ਤਾਂ ਮੈਂ ਯਕੀਨ ਕਰਕੇ। ਪਰ ਰਾਤ ਨੂੰ ਆਪਣੀ ਬੀਵੀ ਸਾਹਮਣੇ ਵੀ ਇੰਜ ਭੋਲੇ ਬਣੇ ਰਹਿੰਦੇ ਹੋ, ਮਿਸਟਰ ਮੈਗੀਡ ਮੈਨ?"

"...." ਇਕਦਮ ਬਦਲੇ ਮਾਹੌਲ ਵਿਚ ਮੈਂ ਭੈਭੀਤ ਤੇ ਹੈਰਾਨ ਸੀ।

"ਚਲੋ, ਹੁਣ ਤੁਸੀਂ ਕੱਪੜੇ ਬਦਲ ਲਵੋ। ਮੈਂ ਅੱਖਾਂ ਬੰਦ ਕਰਦੀ ਹਾਂ।" ਕਹਿ ਕੇ ਉਸਨੇ ਮੇਰਾ ਅਟੈਚੀ ਮੇਰੇ ਵੱਲ ਸਰਕਾ ਦਿੱਤਾ।

"ਨਹੀਂ, ਮੈਨੂੰ ਇਹੀ ਠੀਕ ਹੈ। ਬੈਠਾ-ਬੈਠਾ ਹੀ ਸੌਂ ਲੈਣਾ ਮੈਂ ਥੋੜਾ ਜਿਹਾ।"

"ਅੱਛਾ ਜੀ ਮੇਰੇ ਮਾਲਕ। ਹੁਣ ਜ਼ਰਾ ਆਪਣੀਆਂ ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰ ਲਵੋ। ਮੇਰਾ ਮਨ ਨਹੀਂ ਅਜੇ ਸੌਣ ਦਾ। ਜਾਓ।" ਕਹਿੰਦਿਆਂ ਉਸਨੇ ਮੈਨੂੰ ਘੁੱਟ ਕੇ ਕਲਾਵੇ ਵਿਚ ਲਿਆ ਅਤੇ ਮੇਰੇ ਮੂੰਹ ਦੀਆਂ ਕੱਸ ਕੇ ਦੋ ਤਿੰਨ ਚੁੰਮੀਆਂ ਲੈ ਲਈਆਂ ਤੇ ਬੋਲੀ, "ਨਾਲੇ ਆਹ ਗੱਲ੍ਹਾਂ ਵੀ ਧੋ ਆਵੋ।"

ਮੇਰੇ ਲਈ ਇਹ ਇਕ ਸੁਪਨੇ ਤੋਂ ਘੱਟ ਨਹੀਂ ਸੀ। ਇਕ ਜਾਦੂ। ਇਕ ਕਰਾਮਾਤ। ਮੈਂ ਵਾਰ-ਵਾਰ ਰੱਬ ਦਾ ਸ਼ੁਕਰ ਕਰ ਰਿਹਾ ਸੀ, ਕਿਉਂਕਿ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਇਕ ਨਵਾਂ ਅਹਿਸਾਸ ਜੀਅ ਰਿਹਾ

ਸੀ। ਕਿੰਨੀ ਸਿੱਦਤ ਨਾਲ ਉਹ ਮੈਨੂੰ ਪਿਆਰ ਦੇ ਰਹੀ ਸੀ। ਮੈਂ ਫਟਾ-ਫਟ ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰਨ ਚਲਾ ਗਿਆ, ਦਿਲ ਵਿਚ ਇਕ ਅਜੀਬ ਉਮੰਗ ਉੱਸਲਵੱਟੇ ਲੈ ਰਹੀ ਸੀ। ਭਾਵੇਂ ਮੈਂ ਉਸ ਸਾਹਮਣੇ ਆਪਣੇ ਦਿਲ ਦੀ ਗੱਲ ਖੋਲ੍ਹਣ ਵਿਚ ਸਹਿਜ ਮਹਿਸੂਸ ਨਹੀਂ ਸੀ ਕਰ ਰਿਹਾ, ਕਿਉਂਕਿ ਮੈਨੂੰ ਡਰ ਅਤੇ ਹਿਚਕਚਾਹਟ ਨੇ ਘੇਰਿਆ ਸੀ, ਕਿ ਕਿਤੇ ਮੇਰੀ ਕਹੀ ਕੋਈ ਗੱਲ ਉਸਨੂੰ ਬੁਰੀ ਲੱਗੀ ਤਾਂ ਇਸ ਹਸੀਨਾ ਦਾ ਸਾਥ ਛੁੱਟ ਜਾਵੇ, ਭਾਵੇਂ ਇਹ ਕੁਝ ਘੰਟਿਆਂ ਲਈ ਹੀ ਹੈ।

"ਲਓ ਚਾਹ ਪੀਓ। ਦੇਖੋ, ਪੀਓ ਤੇ ਦੱਸੋ ਬਈ ਕਿਹੋ ਜਿਹੀ ਚਾਹ ਬਣਾਉਂਦੀ ਆਂ ਮੈਂ?" ਕਹਿੰਦਿਆਂ ਉਸਨੇ ਮੇਰੇ ਵੱਲ ਗਿਲਾਸ ਵਧਾਇਆ, ਜਿਸ ਵਿਚ ਉਸਨੇ ਮੇਰੇ ਬਾਹਰ ਜਾਣ ਦੌਰਾਨ ਚਾਹ ਬਣਾ ਕੇ ਪਾ ਦਿੱਤੀ ਸੀ।

"ਸ਼ੁਕਰੀਆ ਤੁਹਾਡਾ।" ਕਹਿ ਕੇ ਮੈਂ ਚੁਸਕੀਆਂ ਲੈਂਦਾ ਚਾਹ ਪੀਣ ਲੱਗਾ। ਮੇਰੇ ਨੇੜੇ ਆ ਕੇ ਬੈਠ ਕੇ ਉਹ ਆਪਣਾ ਹੱਥ ਮੇਰੇ ਜਿਸਮ ਨਾਲ ਛੁਹਾਉਂਦੀ ਹੋਈ ਕੁਝ ਕਹਿ ਰਹੀ ਸੀ ਤੇ ਉਸਦੇ ਸਾਥ ਦੇ ਨਸ਼ੇ ਦੇ ਸਰੂਰ ਵਿਚ ਮੈਂ ਝੂਮ ਰਿਹਾ ਸੀ। ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰੇ ਹੋਣ ਦੇ ਬਾਵਜੂਦ ਨੀਂਦ ਨੇ ਮੁੜ ਮੈਨੂੰ ਕਲਾਵੇ ਵਿਚ ਲੈ ਲਿਆ ਸੀ। ਮੈਂ ਉਸਦਾ ਸਾਥ ਮਾਣਨ ਲਈ ਨੀਂਦ ਤੋਂ ਛੁਟਕਾਰਾ ਪਾਉਣ ਲਈ ਪੂਰੀ ਵਾਹ ਲਾ ਰਿਹਾ ਸੀ, ਪਰ

"ਸਾਬ੍ਹ, ਚਾਇ!" ਸਵੇਰੇ ਛੇ ਵਜੇ ਅਟੈਂਡੈਂਟ ਦੀ ਅਵਾਜ਼ ਨੇ ਮੈਨੂੰ ਜਗਾਇਆ। ਅੱਖਾਂ ਖੋਲ੍ਹਦੇ ਸਾਰ ਮੈਂ ਕੱਲ੍ਹ ਦੇ ਸੁਪਨਮਈ ਸੰਸਾਰ ਦੀ ਨਾਇਕਾ ਨੂੰ ਲੱਭਣ ਲੱਗਾ, ਤਾਂ ਅਟੈਂਡੈਂਟ ਬੋਲਿਆ, "ਕਿਆ ਢੂੰਡ ਰਹੇ ਹੋ ਸਾਹਿਬ?"

"ਮੈਡਮ ਕਹਾਂ ਹੈਂ?"

"ਕੌਨ ਮੈਡਮ? ਵੋਹ ਜ਼ੀਨ ਵਾਲੀ ਲੜਕੀ ਜੋ ਕਲ ਆਪ ਕੇ ਸਾਥ ਥੀ ... ਵੋ ਤੋ ਰਾਤ ਕੋ ਹੀ ਉਤਰ ਗਈ ਥੀ। ਉਸਨੇ ਬਤਾਯਾ ਨਹੀਂ ਤੁਮਹੇਂ?"

ਇਹ ਸੋਚ ਕੇ ਕਿ ਮੇਰੇ ਕੋਲ ਉਸਦਾ ਮੋਬਾਈਲ ਨੰਬਰ ਤੇ ਐਡਰੈੱਸ ਤਾਂ ਹੈ, ਮੈਂ ਆਪਣੀਆਂ ਭਾਵਨਾਵਾਂ ਤੇ ਕਾਬੂ ਪਾਇਆ ਅਤੇ ਉਸਤੋਂ ਚਾਹ ਲੈ ਕੇ ਉਸ ਦੁਆਰਾ ਗਿਫ਼ਟ ਕੀਤੀ ਕਿਤਾਬ ਲੱਭਣ ਲੱਗਾ। ਅਟੈਂਡੈਂਟ ਚਲਾ ਗਿਆ ਸੀ। ਪਰ ਨਾ ਤਾਂ ਉੱਥੇ ਕਿਤਾਬ ਸੀ, ਨਾ ਹੀ ਮੇਰਾ ਬੈਗ, ਟਰੰਕ ਅਤੇ ਹੋਰ ਸਮਾਨ। ਮੇਰੇ ਦੋਵੇਂ ਮੋਬਾਈਲ ਵੀ ਗਾਇਬ ਸਨ। ਮੇਰੀ ਜੇਬ ਵਿਚ ਪਰਸ ਵੀ ਨਹੀਂ ਸੀ। ਮੇਰਾ ਲੈਦਰ ਬੈਗ ਜਿਸ ਵਿਚ ਦਸ ਲੱਖ ਨਕਦ ਸੀ, ਵੀ ਗਾਇਬ ਸੀ, ਜੋ ਮੇਰੀ ਹੁਣ ਤੱਕ ਦੀ ਕਮਾਈ ਸੀ, ਜੋ ਮੈਂ ਉਸ ਏਜੰਟ ਨੂੰ ਦੇਣੇ ਸਨ, ਜਿਸ ਨੇ ਮੈਨੂੰ ਦਸ ਲੱਖ ਵਿਚ ਇਕ ਘਰ ਵੇਚਣਾ ਸੀ।

ਜਿਸ ਘਰ ਵਿਚ ਰਹਿਣ ਲਈ ਮੈਂ ਮਨ ਹੀ ਮਨ ਆਪਣੀ ਪਤਨੀ ਸਵਿੱਤਰੀ ਨੂੰ ਤਲਾਕ ਦੇ ਕੇ ਕਾਮਿਨੀ ਨਾਲ ਵਿਆਹ ਕਰਨ ਦਾ ਸੁਪਨਾ ਵੀ ਉਸ ਨਾਲ ਗੱਲਾਂ ਕਰਦਿਆਂ ਵੇਖ ਚੁੱਕਾ ਸੀ।

ਮੈਂ ਆਪਣੀ ਜ਼ੀਨ ਦੀ ਖੱਬੀ ਜੇਬ ਵਿਚੋਂ ਉਸ ਵਲੋਂ ਦਿੱਤਾ ਫੋਨ ਨੰਬਰ ਕੱਢਿਆ। ਰੇਲਵੇ ਅਟੈਂਡੈਂਟ ਦਾ ਹੀ ਮੋਬਾਈਲ ਲੈ ਕੇ ਫੋਨ ਮਿਲਾਇਆ। ਉਧਰੋਂ ਇਕਸਾਰ ਜ਼ਨਾਨਾ ਆਵਾਜ਼ ਆ ਰਹੀ ਸੀ, "ਯੇ ਨੰਬਰ ਮੌਜੂਦ ਨਹੀਂ ਹੈ।"

ਪਤਾ ਆਬਕਾਰੀ ਤੇ ਕਰ ਅਫਸਰ, 2919, ਪਿਲਕਨ ਸਟਰੀਟ,, ਅਨਾਰਕਲੀ ਬਜ਼ਾਰ, ਜਗਰਾਉਂ - 26

ਕਹਾਣੀ / ਲਕੀਰਾਂ ਵਿੱਚ ਘਿਰੇ ਹੋਏ ਲੋਕ / ਗੁਰਮੀਤ ਆਰਿਫ਼

ਹੈਅ ਜੀ...?

ਹਾਂ ਜੀ... ਹਾਂ ਜੀ... ਆਹੋ।

ਮੈਂ ਹੀ ਆਂ ਜੀ ਚੰਦ ਸਿਹੁੰ ਵਲਦ ਬੱਗਾ ਸਿਹੁੰ ਸ਼ੇਰਪੁਰੇ ਆਲਾ।

ਹਾਂ ਜੀ... ਹਾਂ ਜੀ ਆਗਿਆ ਜੀ... ਆ ਗਿਆ ਮਾਲਕੋ।

ਸਾਸਤਰੀ ਕਾਲ ਜੀ...। ਬੜੀ ਅਪਾਰ ਕਿਰਪਾ ਹੋਈ ਆ ਜੀ ਥੋਡੀ... ਦਰਸ਼ਨ ਹੋਗੇ। ਨਈਂ ਤਾਂ ਅੱਗੇ ਮੈਂ ਖਾਲੀ ਹੱਥੀਂ ਮੁੜਦਾ ਰਿਹਾਂ ਜੀ ਦੋ ਤਿੰਨ ਵਾਰੀ। ਪਰ ਐਤਕੀਂ ਤਾਂ ਜਿਵੇਂ ਰੱਬ ਅੱਗੇ ਹੋ ਕੇ ਬਹੁੜਦਾ ਨਾ ਉਵੇਂ ਹੋਈ ਆ। ਸਭ ਤੋਂ ਪਹਿਲਾਂ ਤੁਸੀਂ ਮੈਨੂੰ ਈ 'ਵਾਜ਼ ਮਾਰੀ ਆ ਜੀ। ਇੱਕ ਤਾਂ ਠੰਡ ਬੜੀ ਆ ਉਤੋਂ ਆਹ ਸੰਤਰੀ ਸਾਬ ਨੀ ਅੱਗੇ ਆਉਣ ਦਿੰਦਾ। ਮੈਂ ਤਾਂ ਸਵੇਰ ਦਾ ਬੂਹੇ ਮੂਹਰੇ ਖੜਾਂ ਜੀ ਥੋਡੇ ਦਰਸ਼ਨਾਂ ਨੂੰ। ਹੈਂਅ ਜੀ...। ਐਨਕਵਾਰੀਆਂ ਤਾਂ ਬਹੁਤ ਲੱਗ ਲੀਆਂ ਜੀ। ਆਹ ਸਾਰੇ ਕਾਗਤ ਥੋਡੇ ਮੂਹਰੇ ਈ ਪਏ ਆ ਜੀ। ਪਚੈਤ ਅਫ਼ਸਰ ਤੋਂ ਲੈ ਕੇ ਡੀ. ਸੀ. ਦਫ਼ਤਰ ਤੱਕ ਜਾ ਆਇਆਂ ਜੀ ਮੈਂ। ਆਹ ਹੁਣ ਤੁਸੀਂ ਸੱਦ ਲਿਆ ਵਿਜੀਲੈਂਸ ਵਿੱਚ। ਪਿਛਲੇ ਛੀ ਮਹੀਨਿਆਂ ਤੋਂ ਦਫ਼ਤਰਾਂ ਦੇ ਰਾਹਾਂ ਦਾ। ਬੰਦਾ ਮੁੱਕ ਜਾਂਦਾ ਪਰ ਸਹੁਰੀ ਦੇ ਇਹ ਨੀ ਮੁਕਦੇ। ਹੈਂਅ ਜੀ...। ਲੈ ਨਾ ਜੀ ਨਾ...। ਕੀ ਗੱਲਾਂ ਕਰਦੇ ਆ ਸਰਦਾਰ ਸਾਬ। ਤੁਸੀਂ ਪਾਰਖੂ ਬੰਦੇ ਰੋਜ਼ ਲੋਕਾਂ ਨੂੰ ਮਿਲਣ ਗਿਲਣ ਆਲੇ। ਬੰਦਾ ਕੁਬੰਦਾ ਵੇਖ ਕੇ ਤੁਸੀਂ ਢਿੱਡ ਦੀ ਗੱਲ ਬੁਝ ਲੈਨੇ ਆਂ। ਭਲਾਂ ਮੇਰੇ ਵੱਲ ਵੇਖ ਕੇ ਥੁਆਨੂੰ ਕੀ ਲਗਦਾ ਬਈ ਮੈਂ ਐਹੋ ਜਾ ਬੰਦਾ ਹੋ ਸਕਦਾਂ। ਬੱਚਿਆਂ ਆਲਿਓ ਮੈਂ ਗਰੀਬ ਬੰਦਾ ਰੱਬ ਦੀਆਂ ਦਿੱਤੀਆਂ ਖਾਣ ਆਲਾ। ਇਹਨਾਂ ਘਪਲਿਆਂ 'ਚ ਮੇਰਾ ਕੋਈ ਦੋਸ਼ ਨੀ ਜੀ। ਇਹਨਾਂ ਗੱਲਾਂ ਦਾ ਬਖਸ਼ੇ ਨੂੰ ਭਾਵੇਂ ਪਤਾ ਹੋਵੇ। ਮੈਂ ਤਾਂ ਹੁਣ ਤਾਂਈ ਉਹਦੇ ਕਹਿਣ ਤੇ ਈ ਗੂਠੇ ਲਾਉਂਦਾ ਰਿਹਾਂ ਜੀ। ਜਿਵੇਂ ਉਹ ਕਹਿੰਦਾ ਰਿਹਾ ਮੈਂ ਕਰਦਾ ਰਿਹਾ। ਆਹ ਜਿਹੜੀਆਂ ਗੱਲਾਂ ਤੁਸੀਂ ਪੁੱਛ ਰਹੇ ਆ ਇਹਨਾਂ ਬਾਰੇ ਨੀ ਜੀ ਪਤਾ ਮੈਨੂੰ ਕੁਸ਼।

ਹੈਂਅ ਜੀ...! ਆਹੋ... ਉਹੀ ਬਖਸ਼ੀਸ ਸਿਹੁੰ ਬਖਸ਼ਾ ਫੁੱਦੂਪੰਥੀਆਂ ਦਾ ਖੋਦੀਆਂ ਜੀਆਂ ਮੁੱਛਾਂ ਆਲਾ ਪੁਰਾਣਾਂ ਸਰਪੈਂਚ। ਬੜਾ ਪਤੰਦਰ ਬੰਦਾ ਜੀ ਉਹ। ਬੰਦੇ ਨੂੰ ਸੰਦ ਵਾਂਗੂੰ ਵਰਤਣ ਲੱਗਾ ਮਿੰਟ ਲਾਉਂਦਾ।

ਨਈਂ ਜੀ ਨਈਂ ਕੀ ਗੱਲਾਂ ਕਰਦੇ ਓ ਸਰਦਾਰ ਸਾਬ। ਗੁਰੂ ਪੰਥੀਏ ਤਾਂ ਉਹ ਬਹੁਤ ਪਹਿਲਾਂ ਹੁੰਦੇ ਸੀਗੇ। ਰਣਜੀਤ ਸਿਹੁੰ ਦੇ ਰਾਜ ਤੋਂ ਪਹਿਲਾਂ। ਜਦੋਂ ਇਹਨਾਂ ਦੇ ਬੁੜ੍ਹੇ ਗੁਰੂ ਘਰ ਦੀ ਸੇਵਾ ਕਰਦੇ ਹੁੰਦੇ ਸੀਗੇ। ਫੇਰ ਜਦੋਂ ਪੰਜਾਬ 'ਚ ਗਰੇਜ਼ ਆਗੇ ਇਨ੍ਹਾਂ ਦੇ ਬੁੜੇ ਉਨ੍ਹਾਂ ਦੀ ਚਮਚਾਗੀਰੀ ਕਰਨ ਲਗਪੇ। ਬੜੇ ਦੇਸ਼ ਭਗਤ ਫੜਾਏ ਸੀ ਜੀ ਇਨ੍ਹਾਂ ਨੇ। ਗਰੇਜ਼ਾਂ ਨੇ ਖੁਸ਼ ਹੋ ਕੇ ਇਹਨਾਂ ਨੂੰ ਜਗੀਰਾਂ ਲਾਟ ਕਰਤੀਆਂ। ਆਹ ਜਿੰਨੀ ਵੀ ਜੈਦਾਤ ਆ ਹੁਣ ਇਹਨਾਂ ਦੇ ਕੋਲੇ, ਸਾਰੀ ਗਰੇਜ਼ਾਂ ਦੀ ਟੌਂਟੀ ਚੋਂ ਈ ਬਣਾਈ ਐ ਜੀ। ਪਹਿਲਾਂ ਸਾਰੇ ਇਹਨਾਂ ਨੂੰ ਗੁਰੂਪੰਥੀਏ ਕਹਿੰਦੇ ਸੀ। ਜਦੋਂ ਲੋਕਾਂ ਨੂੰ ਇਹਨਾਂ ਦਾ ਇਹ ਪਤਾ ਲੱਗਾ ਤਾਂ ਫੇਰ ਸਾਰੇ ਇਹਨਾ ਨੂੰ ਫੁਦੂਪੰਥੀਏ ਕਹਿਣ ਲਗਪੇ। ਹੁਣ ਵੀ ਸਾਰੇ ਲਾਕੇ ਦੇ ਲੋਕ ਇਹਨਾਂ ਨੂੰ ਪਿੱਠ ਪਿੱਛੇ ਫੁਦੂਪੰਥੀਏ ਈ ਕਹਿੰਦੇ ਐ। ਊਂ ਕੰਮ ਵੀ ਇਹਨਾਂ ਦੇ ਫੁਦੂਆਂ ਵਾਲੇ ਈ ਆ ਜੀ। ਪਹਿਲਾਂ ਬਖਸ਼ੇ ਦੇ ਪਿਓ ਵਰਿਆਮੇ ਨੇ ਵੀਹ ਪੱਚੀ ਸਾਲ ਪਿੰਡ ਦੀ ਸਰਪੈਂਚੀ ਕੀਤੀ। ਲੋਕ ਮੂੰਹ ਮੁਲਾਜੇ ਨਾਲ ਵੋਟਾਂ ਪਾਉਂਦੇ ਰਹੇ ਵੀ ਚਲੋਂ

ਮੋਹਤਵਰ ਬੰਦਾ, ਸਰਕਾਰੇ ਦਰਬਾਰੇ ਜਾ ਕੇ ਪਿੰਡ ਦੀ ਗੱਲਬਾਤ ਕਰਦਾ। ਗੱਲਬਾਤ ਉਹਨੇ ਕੀ ਸਵਾਹ ਕਰਨੀ ਸੀ। ਸਾਰੀ ਉਮਰ ਪਤੰਦਰ ਆਵਦਾ ਈ ਘਰ ਭਰਦਾ ਰਿਹਾ। ਊਂ ਵੇਖਿਆ ਜਾਵੇ ਤਾਂ ਉਹ ਸਾਡੇ ਵਿਹੜੇ ਦੇ ਸਿਰ ਤੇ ਈ ਸਰਪੈਂਚ ਬਣਦਾ ਰਿਹਾ ਜੀ ਸਾਰੀ ਉਮਰ। ਵਿਹੜੇ ਦੀਆਂ ਬੋਟਾਂ ਹੈਗੀਆਂ ਵਾਹਵਾ ਦੋ ਢਾਈ ਸੌ। ਸਾਰੀ ਉਮਰ ਉਸ ਬੰਦੇ ਨੇ ਵਿਹੜੇ ਵਾਲਿਆਂ ਨੂੰ ਪਟਾਈ ਰੱਖਿਆ ਤੇ ਸਰਪੈਂਚੀ ਘਰੋਂ ਨੀ ਨਿਕਲਣ ਦਿੱਤੀ। ਪਰ ਪਿੰਡ ਦਾ ਕੁਸ਼ ਨੀ ਜੀ ਸਵਾਰਿਆ ਉਹਨੇ। ਪਤੰਦਰ ਨੇ ਆਵਦੇ ਚਬਾਰੇ ਛੱਤ ਲੇ ਤੇ ਸਾਡੇ ਲੋਕਾਂ ਨੂੰ ਪੱਠਿਆਂ ਦੀਆਂ ਪੰਡਾਂ ਪਿਛੇ ਈ ਮਗਰ ਲਾਈ ਫਿਰਦਾ ਰਿਹਾ। ਇਹੋਂ ਹਾਲ ਅੱਗੇ ਉਹਦੇ ਮੁੰਡੇ ਬਖਸ਼ੇ ਦਾ ਬਈ ਕਿਹਾ ਮੋੜਨਾ ਨ੍ਹੀ ਡੱਕਾ ਤੋੜਨਾ ਨੀਂ ਪਰਨਾਲਾ ਉਥੇ ਦਾ ਉਥੇ। ਮਤਲ ਕੀ ਬਈ ਹਾਂ ਜੀ... ਹਾਂ ਜੀ ਕਰੀ ਚਲੋ ਕਰਨਾ ਕਰੌਣਾਂ ਕੁਸ਼ ਨੀ। ਤੇ ਜਦੋਂ ਬੋਟਾਂ ਆਗੀਆਂ ਘਰੋ ਘਰੀ ਦੋ ਚਾਰ ਸੌ ਰੁਪੱਈਆ ਦੇ ਕੇ ਬੋਟਾਂ ਭੋਟ ਲੈਣੀਆਂ। ਐਹੋ ਜੇ ਕੰਮ ਆ ਜੀ ਉਹਦੇ।

ਹੈਅ ਜੀ...! ਦੱਸਦਾਂ ਜੀ ਉਹ ਵੀ ਥੋਨੂੰ ਜੇ ਤੁਸੀਂ ਪੁੱਛ ਈ ਲਿਆ ਤਾਂ ਨਹੀਂ ਅੱਗੇ ਕਿਸੇ ਅਪਸਰ ਨੇ ਕੀ ਪੁੱਛਿਆ ਬਈ ਤੂੰ ਅਨਪੜ੍ਹ ਬੰਦਾ ਕਿਵੇਂ ਐਹੋ ਜੇ ਜਾਲ਼ ’ਚ ਫਸ ਗਿਆ। ਹੁਣ ਤਾਂਈ ਜਿਥੇ ਵੀ ਜਾਂਦਾ ਰਿਹਾ ਸਾਰੇ ਦਬਕੇ ਈ ਮਾਰਦੇ ਰਹੇ ਆ ਜੀ। ਹੁਣ ਤਾਂ ਮੈਂ ਵੀ ਢੀਠ ਜਿਆ ਹੋ ਗਿਆ ਜੀ ਦਬਕੇ ਸੁਣਨ ਨੂੰ। ਪਰ ਮੈਨੂੰ ਤੁਸੀਂ ਭਲੇ ਬੰਦੇ ਲਗਦੇ ਆਂ ਜੀ। ਜਿਹੜੇ ਬੰਦੇ ਦੇ ਅੰਦਰ ਦੀ ਪੀੜ ਨੂੰ ਸਮਝਦੇ ਆ। ਵਾਹੇਗੁਰੂ ਥੋਨੂੰ ਏਦੂੰ ਵੀ ਵੱਡਾ ਅਪਸਰ ਬਣਾਏ। ਮੈਨੂੰ ਤੁਸੀਂ ਨਸਾਫ਼ ਲੈ ਕੇ ਦਿਓ ਜੀ। ਮੈਂ ਬੇਕਸੂਰ ਆ ਜੀ ਮੇਰਾ ਕੋਈ ਦੋਸ਼ ਨੀ। ਹੁਣ ਥੋਡੇ ਕੋਲੇ ਕਾਹਦਾ ਲੁਕੋ ਆ ਜੀ, ਜਦੋਂ ਤੁਸੀਂ ਪੁਛ ਈ ਲਿਆ ਫੇਰ ਦੱਸਣ ’ਚ ਕੀ ਹਰਜ ਆ। ਅਸਲ ’ਚ ਮੈਂ ਇਹਦੇ ਨਾਲ ਸੀਰੀ ਹੁੰਦਾ ਸੀਗਾ ਜੀ। ਇਹਦੇ ਕੋਲੇ ਰੋਜ ਈ ਕੋਈ ਨਾ ਕੋਈ ਅਪਸਰ ਲੀਡਰ ਆ ਕੇ ਬੈਠੇ ਰਹਿੰਦੇ ਹੁੰਦੇ ਸੀਗੇ। ਰੋਜ਼ ਸ਼ਰਾਬਾਂ ਚੱਲਣੀਆਂ ਮੁਰਗੇ ਰਿਝਣੇਂ ਬੜ੍ਹਕਾਂ ਵੱਜਣੀਆਂ। ਮੈਂ ਕਿਹਾ ਜੀ ਕੋਈ ਅੰਤ ਨੀ ਸੀ ਬੰਦੇ ਦੀ ਚੌਧਰ ਦਾ। ਇਹੋ ਜੇ ਨਜ਼ਾਰੇ ਵੇਖ ਕੇ ਮੇਰੇ ਵੀ ਮਨ ’ਚ ਲੂਹਰੀਆਂ ਜੀਆਂ ਉੱਠਣੀਆਂ ਬਈ ਚੰਦ ਸਿਹਾਂ ਜੇ ਕਿਤੇ ਬਖਸ਼ੇ ਆਗ੍ਹੂੰ ਤੂੰ ਵੀ ਸਰਪੈਂਚ ਸਰਪੁੰਚ ਬਣਜੇ ਨਾਂ ਤਾਂ ਤੇਰੀ ਵੀ ਚੌਧਰ ਹੋ ਜੇ ਚਾਰੇ ਪਾਸੇ। ਰੋਜ਼ ਤੇਰੇ ਕੋਲੇ ਵੀ ਅਪਸਰ ਲੀਡਰ ਆ ਕੇ ਬੈਠੇ ਰਹਿਣ। ਬਸ ਜੀ ਐਹੋ ਜੀਆਂ ਗੱਲਾਂ ਨੇ ਮੇਰੇ ਅੰਦਰ ਇੱਕ ਗੰਢ ਜੀ ਬੰਨਤੀ। ਇਸੇ ਉਧੇੜ ਬੁਣ ਵਿੱਚ ਮੈਂ ਕਈ ਦਿਨ ਫਿਰਦਾ ਰਿਹਾ। ਪਰ ਜਿਵੇਂ ਕਹਿੰਦੇ ਹੁੰਦੇ ਆ ਨਾ ਬਈ ਮਾੜੇ ਦੀ ਕਿਸਮਤ ਵਿੱਚ ਸਿਰਫ ਸੁਪਨੇ ਈ ਹੁੰਦੇ ਐ ਜਿਹੇ ਜੇ ਮਰਜ਼ੀ ਲਈ ਜਾਵੇ। ਸੱਚ ਤਾਂ ਉਹੀ ਹੁੰਦੈ ਜੋ ਦਿਸਦਾ ਹੋਵੇ।

ਕੁਦਰਤੀਂ ਅਗਲੀਆਂ ਚੋਣਾਂ ’ਚ ਸਰਪੈਂਚੀ ਜਰਬ ਹੋਗੀ। ਕਈਆਂ ਦੀਆਂ ਮੁੱਛਾਂ ਨੂੰ ਤਾਅ ਦਿੱਤੇ ਧਰੇ ਧਰਾਏ ਰਹਿਗੇ ਤੇ ਸਰਪੈਂਚੀ ਆਲਾ ਊਠ ਸਾਡੇ ਵਿਹੜੇ ਦੀ ਨੁਕਰੇ ਆ ਬੈਠਾ। ਵਿਹੜੇ ’ਚੋਂ ਕੋਈ ਹਾਂ ਨਾ ਕਰੇ ਜੱਗੇ ਦੇ ਵਿਰੁੱਧ ਖੜ੍ਹਨ ਨੂੰ। ਗੱਲ ਵਾਹਵਾ ਰੀਂਗੇ ਜੇ ਪੈਗੀ ਜੀ। ਇੱਕ ਦਿਨ ਬਖਸ਼ਾ ਤੇ ਤਿੰਨ ਚਾਰ ਹੋਰ ਪਚੈਤੀ ਬੰਦੇ ਬੈਠਕ ’ਚ ਬੈਠੇ ਬੋਟਾਂ ਦੀਆਂ ਗੱਲਾਂ ਕਰੀ ਜਾਣ ਬਈ ਐਤਕੀ ਵਿਹੜੇ ਚੋਂ ਕੀਹਨੂੰ ਸਰਪੈਂਚ ਖੜਾ ਕਰੀਏ। ਨਾਲੇ ਪੈਗ ਸ਼ੈਗ ਚੱਲੀ ਜਾਵੇ। ਕੋਲੇ ਉਹਨਾਂ ਦੇ ਭੁੰਜੇ ਬੈਠਾ ਮੈਂ ਵੀ ਦੋ ਤਿੰਨ ਲੰਡੂ ਜੇ ਪੈੱਗ ਪੀ ਗਿਆ। ਜਦੋਂ ਸਰੂਰ ਜਿਆ ਆ ਗਿਆ ਨਾ, ਜਿਵੇਂ ਕਹਿੰਦੇ ਹੁੰਦੇ ਐ ਬਈ ਸ਼ਰਾਬ ਪੀ ਕੇ ਬੰਦਾ ਝੂਠ ਨੀ ਮਾਰਦਾ। ਮੈਂ ਵੀ ਆਪਣੇ ਮਨ ਦੀ ਗੱਲ ਬਖਸ਼ੇ ਕੋਲੇ ਕਰ ਬੈਠਾ। ਬਈ ਸਰਦਾਰ ਜੀ ਅਸੀਂ ਹੈਗੇ ਆਂ ਥੁਆਡੇ ਖੈਰ ਖਵਾਹ, ਥੋਡੀਆਂ ਦਿੱਤੀਆਂ ਖਾਣ ਆਲੇ। ਥੋਡੇ ਤੋਂ ਉੱਤੇ ਤਾਂ ਅਸੀਂ ਹੋ ਨੀ ਸਕਦੇ ਪਰ ਜੇ ਕਹੋਂ ਤਾਂ ਇੱਕ ਗੱਲ ਆਖਾਂ। ਬਈ ਜੇ ਤੁਸੀਂ ਆਵਦੇ ਆਗ੍ਹੂੰ ਮੈਨੂੰ ਵੀ ਇੱਕ ਵਾਰੀ ਪਿੰਡ ਦਾ ਸਰਪੈਂਚ ਬਣਾਂ ਦਿਓ

ਨਾ... ਮੈਂ ਸਾਰੀ ਉਮਰ ਥੋਡਾ ਦੇਣ ਨੀ ਦੇ ਸਕਦਾ। ਪਰ ਜੇ ਤੁਸੀਂ ਕਿਰਪਾ ਕਰੋ ਤਾਂ ਇਹ ਹੋ ਸਕਦਾ। ਥੋਡੇ ਤੋਂ ਬਿਨਾਂ ਨੀ ਗੱਲ ਬਣਨੀਂ।

ਉਹ ਮੈਨੂੰ ਕਹਿੰਦਾ ਕੇਹੜੀਆਂ ਗੱਲਾਂ ਕਰਦੈਂ ਚੰਦ ਸਿਹਾਂ ਤੂੰ। ਤੂੰ ਸਾਡੇ ਕੰਮੀਂ ਥੋੜਾਂ ਸਾਡਾ ਭਾਈ ਐਂ ਭਾਈ। ਮੇਰੇ ਹੁੰਦਿਆਂ ਸਾਰੇ ਪਿੰਡ ’ਚ ਤੇਰੀ ਕੋਈ ਵਾਅ ਵੱਲ ਨੀ ਵੇਖ ਸਕਦਾ। ਸਰਪੈਂਚੀ ਦੀ ਕੇਹੜੀ ਗੱਲ ਕਰਦੈਂ ਇਹ ਤਾਂ ਆਪਣੇ ਘਰ ਦੀ ਗੋਲੀ ਐ ਗੋਲੀ। ਫਿਕਰ ਨਾ ਕਰ ਤੇਰੇ ਲਈ ਤਾਂ ਮੈਂ ਬਹੁਤ ਕੁਸ਼ ਸੋਚੀ ਬੈਠਾਂ। ਸਾਡੇ ਨਾਲ ਯਾਰੀ ਪਾ ਕੇ ਨਾ ਘਾਬਰ ਜਿਵੇਂ ਕਹੋਂ ਕਰਲਾਂਗੇ।

ਬੱਸ ਜੀ ਉਹਦਾ ਐਨਾ ਕਿਹਾ ਈ ਮੇਰੇ ਲਈ ਕਾਫੀ ਸੀ ਜਿਹੜਾ ਉਹਨੇ ਚੰਦ ਸਿਹੁੰ ਕਹਿ ਕੇ ਬੁਲਾਇਆ ਸੀ ਉਸ ਦਿਨ। ਨਈਂ ਚੰਦੂ ਤੋਂ ਬਿਨਾਂ ਨੀ ਸੀ ਬੋਲਿਆ ਕਦੇ। ਮੇਰੀ ਤਾਂ ਹਵਾ ਈ ਬਦਲਗੀ, ਧਰਤੀ ਤੋਂ ਗਿੱਠ ਗਿੱਠ ਉੱਚਾ ਤੁਰਨ ਲਗ ਪਿਆ ਮੈਂ। ਕਈ ਦਿਨਾਂ ਤੱਕ ਐਂ ਲਗਾ ਰਿਹਾ ਜਿਵੇਂ ਹਵੇਲੀ ਕੰਮ ਕਰਾਉਣ ਆਉਂਦੇ ਲੋਕ ਬਖਦੇ ਨੀ ਮੇਰੇ ਪਿਛੇ ਜੀ ਜੀ ਕਰਦੇ ਫਿਰਦੇ ਹੋਣ। ਜਿਵੇਂ ਸਰਪੈਂਚ ਬਖਸ਼ਾ ਨੀ ਮੈਂ ਹੋਵਾਂ।

ਪਰ ਸਰਦਾਰ ਸਾਬ ਜਿਵੇਂ ਕਹਿੰਦੇ ਹੁੰਦੇ ਐ ਨਾ ਬਈ ਜਦੋਂ ਬੰਦੇ ਦੀ ਕਿਸਮਤ ਮਾੜੀ ਹੋਵੇ ਉਦੋਂ ਅਕਲ ਤੇ ਪੜ੍ਹਦਾ ਪੈ ਜਾਂਦਾ। ਫੇਰ ਚੰਗੇ ਮਾੜੇ ਦਾ ਫਰਕ ਨੀਂ ਪਤਾ ਲਗਦਾ। ਮੈਂ ਤਾਂ ਸ਼ਰਾਬ ਦੇ ਨਸ਼ੇ ’ਚ ਈ ਬਖਸ਼ੇ ਮੂਹਰੇ ਮਨ ਦੀ ਭੜਾਸ ਕੱਢੀ ਸੀ ਪਰ ਉਹ ਪਤੰਦਰ ਸੱਚ ਈ ਮੰਨ ਗਿਆ। ਨਈਂ ਸਾਡੇ ਅਰਗੇ ਕੰਮੀਂ ਕਮੀਣਾਂ ਦੀ ਕਿਸਮਤ ਵਿੱਚ ਸਰਪੈਂਚੀਆਂ ਤੇ ਸਰਦਾਰੀਆਂ ਕਿੱਥੋਂ। ਜੇ ਸਾਡੀ ਕਿਸਮਤ ਵਿੱਚ ਇਹ ਸਭ ਹੁੰਦਾ ਤਾਂ ਇੰਦਰਾ ਗਾਂਧੀ ਦੇ ਘਰੇ ਨਾ ਜੰਮਦੇ। ਸਾਲਾ ਥੱਗੇ ਅਮਲੀ ਦੇ ਘਰੇ ਈ ਜੰਮਣਾਂ ਸੀ। ਜਿਹੜਾ ਆਪ ਸਾਰੀ ਉਮਰ ਸੀਰੀ ਰਿਹਾ ਤੇ ਮਰਨ ਲੱਗਾ ਆਵਦੀ ਪੰਜਾਲੀ ਮੇਰੇ ਮੋਢਿਆਂ ਤੇ ਧਰ ਗਿਆ। ਮੈਂ ਜਦੋਂ ਏਹਦੇ ਨਾਲ ਸੀਰੀ ਰਲਿਆ ਸੀ ਉਦੋਂ ਵੀ ਕਰਜਾਈ ਸੀ ਤੇ ਅੱਜ ਵੀਹ ਸਾਲ ਬਾਅਦ ਵੀ ਕਰਜਾਈ ਈ ਆ ਜੀ। ਸ਼ੁਕਰ ਆ ਗਾਂਹ ਮੇਰੇ ਕੋਈ ਮੁੰਡਾ ਹੈਨੀ ਨਈਂ ਇਹ ਲੀਹ ਪਤਾ ਨੀ ਕਿਥੋਂ ਤਾਂਈ ਜਾਂਦੀ।

ਲਉ ਜੀ ਸਰਦਾਰ ਸਾਬ ਫਿਰ ਉਹੀ ਗੱਲ ਹੋਈ ਬੈਠਾ ਬੈਠਾ ਬਖਸ਼ਾ ਮੈਨੂੰ ਇੱਕ ਦਿਨ ਕਹਿੰਦਾ ਚੰਦੂ ਤਕੜਾ ਹੋਜਾ, ਐਤਕੀਂ ਤੈਨੂੰ ਸਰਪੈਂਚ ਬਨਾਉਣਾਂ। ਐਸ ਵਾਰੀ ਤੇਰੇ ਗਲ ’ਚ ਸਰਪੈਂਚੀ ਦੇ ਹਾਰ ਪਵਾ ਦੇਣੇਂ। ਉਠਕੇ ਉਹਦੇ ਮੂੰਹ ਦੀ ਭੜਾਸ ਸੁੰਘਣ ਦੀ ਕੋਸ਼ਿਸ਼ ਕੀਤੀ ਬਈ ਸਰਦਾਰ ਕਿਤੇ ਪੀਤੀ ’ਚ ਤਾਂ ਨੀਂ ਬੋਲ ਰਿਹਾ। ਜਿਵੇਂ ਉਦਣ ਪੀਤੀ ਪੀਤੀ ’ਚ ਈ ਮੇਰੀ ਕੱਛ ’ਚ ਸਰਪੰਚੀ ਆਲਾ ਮੁੰਡਾ ਦੇਤਾ ਸੀ। ਪਰ ਨਈਂ ਜੀ ਉਹ ਸੱਚ ਈ ਬੋਲ ਰਿਹਾ ਸੀ। ਉਹਦੀ ਸ਼ਕਲ ਤੋਂ ਮੈਨੂੰ ਐਂ ਲਗਾ ਜਿਵੇਂ ਬੜਾ ਡੂੰਘਾ ਜਿਆ ਸੋਚੀ ਬੈਠਾ ਸੀ ਜੀ ਉਹ। ਮੈਨੂੰ ਸਮਝ ਨਾ ਆਵੇ ਬਈ ਕੀ ਕਰਾਂ ਹੱਸਾਂ ਜਾਂ ਹੋਵਾਂ। ਦਿਲ ’ਚ ਲੂਹਰੀਆਂ ਜੀਆਂ ਉੱਠਣ। ਗੱਲ ਕਾਹਦੀ ਆ ਜੀ ਮੈਂ ਪੂਰੀ ਤਰ੍ਹਾਂ ਫੁੱਲ ਗਿਆ, ਐਂ ਲੱਗੇ ਜਿਵੇਂ ਉਹਦੀ ਕਹੀਂ ਗੱਲ ਮੌਕੇ ਤੇ ਈ ਸੱਚ ਹੋਗੀ ਹੋਵੇ।

ਹੈਅ ਜੀ... । ਹਾਂ ਹਾਂ ਕਿਉਂ ਨੀ, ਹੋਰ ਵੀ ਬੜੇ ਸਿਆਸਤੀ ਬੰਦੇ ਹੈਗੇ ਆ ਜੀ ਵੇਹੜੇ ’ਚ ਜਿਹੜੇ ਸਿਆਸਤ ਵਿੱਚ ਪੈਰ ਧਰਦੇ ਆ। ਜੱਗਾ ਮੈਂਈਬਰ ਹੈਗਾ ਸਭ ਤੋਂ ਵਧੀਆ ਬੰਦਾ। ਗਰੀਬ ਗੁਰਬੇ ਦੇ ਹੱਕ ਨੂੰ ਬੜਾ ਚੰਗਾ ਬੰਦਾ ਜੀ। ਹਰੇਕ ਦੇ ਦੁਖ ਸੁਖ ਦਾ ਸਾਂਝੀ ਐ ਜੀ ਉਹ। ਤੇ ਜੇ ਕੋਈ ਤੂੰ ਤੜੱਕ ਕਰੇ ਉਹਦੀ ਫੇਰ ਘੀਸੀ ਵੀ ਕਰਾ ਦਿੰਦਾ। ਬੰਦਾ ਨੱਕ ਰਗੜ ਰਗੜ ਭੱਜਦਾ ਉਹਦੇ ਮੂਹਰੇ। ਵੱਡੇ ਵੱਡੇ ਖੱਬੀਖਾਨ ਉਹਤੋਂ ਕੰਨ ਭੰਨਦੇ ਆ। ਆਹ ਬਖਸ਼ਾ ਵੀ ਮਸਾਂ ਬਚਿਆ ਜੀ ਉਹਦੇ ਤੋਂ। ਕੇਰਾਂ ਸੁਸੈਟੀ ਦੀਆਂ ਬੋਟਾਂ ’ਚ ਇਹਨਾਂ

ਦੀ ਆਪਸ ਵਿਚ ਤੂੰ ਤੂੰ ਮੈਂ ਮੈਂ ਹੋਗੀ, ਬਖਸ਼ੇ ਨੇ ਕਿਤੇ ਉਹਨੂੰ ਜਾਤ ਦੀ ਗਾਲ ਕੱਢਤੀ। ਬਸ ਜੀ ਫੇਰ ਕੀ ਸੀ ਉਹਨੇ ਪਾ ਲਿਆ ਕਨੂੰਨੀ ਨਾਗਵਲ਼। ਐਸਾ ਭਜਾਇਆ ਬਈ ਬਖਸ਼ਾ ਉਹਦੇ ਪਿੱਛੇ ਪਿੱਛੇ ਫਿਰੇ ਮਿੰਨਤਾਂ ਕਰਦਾ। ਫੇਰ ਬਾਹਰਲੇ ਬੰਦਿਆਂ ਨੇ ਵਿੱਚ ਪੈ ਕੇ ਰਾਜੀਨਾਮਾਂ ਕਰਾਇਆ। ਗੱਲ ਕਾਹਦੀ ਆ ਜੀ ਉਹ ਬੰਦਾ ਹੈਗਾ ਸੱਚਾ ਤੇ ਸੱਚ ਕਹਿਣੋਂ ਉਹ ਡਰਦਾ ਨੀ ਭਾਵੇਂ ਜਿਹੜਾ ਮਰਜੀ ਆ ਜੇ। ਬਹੁਜਨ ਸਮਾਜ ਪਾਲਟੀ ਆਲਿਆਂ ਨਾਲ ਰਿਹਾ ਜੀ ਉਹ ਪੰਦਰਾਂ ਵੀਹ ਸਾਲ ਤੇ ਹੁਣ ਉਹ ਕੱਲਾ ਈ ਆ ਜੀ ਕਿਸੇ ਪਾਲਟੀ ਨਾਲ ਨੀਂ ਹੈਗਾ। ਆਹ ਜਿਹੜੇ ਬਖਸ਼ੇ ਅਰਗੇ ਰੋਜ ਦਿਹਾੜੀ ਪੱਗਾਂ ਬਦਲਦੇ ਰਹਿੰਦੇ ਆ। ਇਹੋ ਜੇ ਲੋਕਾਂ ਤੋਂ ਉਹ ਬੜੀ ਨਫ਼ਰਤ ਮੰਨਦਾ । ਇਸੇ ਕਰਕੇ ਹੁਣ ਉਹ ਕਿਸੇ ਪਾਲਟੀ ਨਾਲ ਨੀ ਰਲਦਾ। ਊਂ ਸਰਕਾਰੇ ਦਰਬਾਰੇ ਉਹਦੀ ਚਲਦੀ ਆ ਜੀ। ਰਾਜ ਭਾਵੇਂ ਕਿਸੇ ਪਾਲਟੀ ਦਾ ਹੋਵੇ ਉਹ ਆਪਣੇ ਕੰਮ ਕਰਾ ਈ ਲੈਂਦਾ। ਪਰ ਪਿੰਡ ਦੀਆਂ ਬੋਟਾਂ ਤੇ ਆ ਕੇ ਉਹ ਮਾਰ ਖਾ ਜਾਂਦਾ। ਸਾਡੇ ਪਿੰਡ ਦੇ ਲੋਕ ਐਨੇ ਮਾੜੇ ਐ ਬਈ ਕੰਮ ਉਹਤੋਂ ਲੈਣਗੇ ਤੇ ਬੋਟਾਂ ਪੈਸੇ ਲੈ ਕੇ ਹੋਰ ਪਾਸੇ ਪਾ ਜਾਂਦੇ ਆ। ਪੈਸੇ ਧੇਲੇ ਅੱਲੋਂ ਹੈਗਾ ਉਹ ਤੰਗ ਜੀਹਦੇ ਕਰਕੇ ਉਹ ਸਫ਼ਲ ਨੀ ਹੁੰਦਾ। ਵੈਸੇ ਵੀ ਉਹ ਐਹੋ ਜੇ ਘਟੀਆਂ ਕੰਮ ਨੀ ਕਰਦਾ। ਬਸ ਇੱਕ ਅੱਧੀ ਵਾਰੀ ਪਚੈਤ ਮੈਂਈਬਰ ਈ ਬਣਿਆਂ ਉਹ ਪਿੰਡ 'ਚ ਉਂ ਪਾਵਰ ਉਹਦੀ ਸਰਪੈਂਚ ਤੋਂ ਵੀ ਜਾਦੀ ਆ ਜੀ। ਊਂ ਵੈਸੇ ਵੀ ਥੋਡੇ ਮੂਹਰੇ ਖੜਾ ਮੈਂ ਇਹ ਮਸੂਸ ਕਰਦਾਂ ਬਈ ਐਹੋ ਜੇ ਬੰਦੇ ਅੱਗੇ ਆਉਣੇਂ ਚਾਹੀਦੇ ਐ ਜਿਹੜੇ ਸਿਆਸਤ ਨੂੰ ਸਮਝਦੇ ਹੋਣ। ਜਿਨਾਂ ਨੂੰ ਪਤਾ ਹੋਵੇ ਬਈ ਕੰਮ ਹੁੰਦੇ ਕਿਵੇਂ ਐਂ। ਨਈਂ ਮੇਰੇ ਅਰਗੇ ਤਾਂ ਐਵੇਂ ਜੁੱਤੀਆਂ ਤੜਾਉਣ ਨੂੰ ਈ ਮੂਹਰੇ ਹੋ ਜਾਂਦੇ ਐ।

ਜੱਗੇ ਨੇ ਬੋਟਾਂ ਤੋਂ ਪਹਿਲਾਂ ਮੈਨੂੰ ਆਵਦੇ ਘਰੇ ਸੱਦ ਕੇ ਕਿਹਾ ਵੀ ਸੀ ਬਈ ਚੰਦ ਸਿਹਾਂ ਤੂੰ ਕੋਈ ਨਵਾਂ ਚੰਦ ਨਾ ਚੜਾ ਦੇਵੀਂ ਪਿੰਡ 'ਚ। ਤੈਨੂੰ ਹਾਲੇ ਸਿਆਸਤ ਦਾ ਕੋਈ ਇਲਮ ਨੀ, ਸਰਪੈਂਚੀ ਦੇ ਚੱਕਰ 'ਚ ਨਾ ਪੈ ਫੇਰ ਔਖਾ ਹੋਜੇਂਗਾ। ਇਹ ਬਖਸ਼ਾ ਨਿਰੀ ਕੁੱਤੇ ਦੀ ਪੂਛ ਆ ਇਹਨੇ ਤੈਨੂੰ ਸਰਪੈਂਚ ਬਣਾ ਕੇ ਸੰਦ ਵਾਂਗੂੰ ਵਰਤਣਾਂ। ਮੇਰੀ ਬਲਦੇਵ ਸਿਹੁੰ ਨਾਲ ਅੰਦਰਖਾਤੇ ਸਹਿਮਤੀ ਆ, ਉਹ ਮੈਨੂੰ ਖੜਾ ਕਰਨਾ ਚਾਹੁੰਦੇ ਆ। ਵੇਖ ਸਾਰੀ ਉਮਰ ਮੇਰੀ ਲੋਕਾਂ ਦੇ ਕੰਮ ਧੰਦੇ ਕਰਾਉਂਦੇ ਦੀ ਲੰਘਗੀ। ਜੇ ਹੁਣ ਸਰਪੈਂਚੀ ਵਿਹੜੇ 'ਚ ਆਈ ਐ ਤਾਂ ਕੁਸ਼ ਬਣ ਲੈਣ ਦਿਓ ਪਿੰਡ ਦਾ। ਕਿੰਨਾਂ ਚਿਰ ਹੋ ਗਿਐ ਬਖਸ਼ੇ ਨੂੰ ਸਰਪੈਂਚੀ ਕਰਦਿਆਂ। ਕੀ ਸਵਾਰਿਆ ਹੁਣ ਤਾਂਈ ਉਹਨੇ ਪਿੰਡ ਦਾ। ਹੁਣ ਵੀ ਉਹ ਤੈਨੂੰ ਹਥਿਆਰ ਬਣਾਂ ਕੇ ਸਰਪੈਂਚੀ ਆਪ ਕਰਨੀ ਚਹੁੰਦਾ। ਤੂੰ ਉਹਦੇ ਮਗਰ ਨਾ ਲੱਗ ਆਵਦੇ ਭੈਣ ਭਰਾਵਾਂ ਦੀ ਸਲਾਹ ਨਾਲ ਚੱਲ, ਤੈਨੂੰ ਪਤਾ ਭੱਜੀਆਂ ਬਾਹਾਂ ਫੇਰ ਗਲ ਨੂੰ ਈ ਆਉਂਦੀਆਂ ਹੁੰਦੀਆਂ। ਆਪਣੇ ਲੋਕਾਂ ਦਾ ਤੈਨੂੰ ਪਤਾ ਈ ਐ। ਸਭ ਚੋਪੜੀਆਂ ਦੇ ਯਾਰ ਨੇ। ਜੇ ਕੱਲ ਨੂੰ ਕੋਈ ਕੁੰਡੀ ਫਸਗੀ ਫੇਰ ਮੈਨੂੰ ਨਾ ਕਹੀਂ ਆ ਕੇ। ਜੇਹੜੇ ਕੰਮ ਦਾ ਪਤਾ ਨਾ ਹੋਵੇ ਉਹਦੇ 'ਚ ਐਵੇਂ ਲੱਤ ਨੀ ਫਸਾਈਦੀ ਹੁੰਦੀ। ਹੈਂਅ ਜੀ...! ਆਹੋ ਬਲਦੇਵ ਸਿਹੁੰ ਵੀ ਸਾਡੇ ਪਿੰਡ ਦਾ ਬੜਾ ਪੁਰਾਣਾਂ ਕਾਮਰੇਟ ਆਗੂ ਆ ਜੀ। ਪਰ ਅੱਜ ਕੱਲ ਕਾਂਗਰਸ ਪਾਲਟੀ ਨਾਲ ਰਲਿਆ ਹੋਇਆਂ। ਬੰਦਾ ਉਹ ਵੀ ਬੜਾ ਪਹੁੰਚਿਆ ਹੋਇਐ ਜੀ। ਬਿਲਕੁਲ ਜੱਗੇ ਦੀ ਖਾਤਰ ਲੜਨ ਵਾਲੇ ਬੰਦਿਆਂ ਦਾ ਸਾਥ ਅੰਤ ਨੂੰ ਲੋਕ ਈ ਨੀ ਦਿੰਦੇ ਹੁੰਦੇ। ਇਸੇ ਵਜਾ ਕਰਕੇ ਉਹ ਹਾਰ ਜਾਂਦਾ ਰਿਹਾ ਜੀ। ਬਖਸ਼ੇ ਨਾਲ ਬੜੀ ਲਗਦੀ ਐ ਜੀ ਉਹਦੀ। ਉਦੋਂ ਉਹ ਵੀ ਪਤੰਦਰ ਬੜਾ ਜਿਦ ਤੇ ਅੜਿਆ ਹੋਇਆ ਸੀ ਬਈ ਮੈਂ ਫੁਦੂਪੰਥੀਆਂ ਦੇ ਘਰੋਂ ਇੱਕ ਵਾਰੀ ਸਰਪੈਂਚੀ ਕੱਢਣੀ ਜ਼ਰੂਰ ਐ ਭਾਵੇਂ ਜੋ ਮਰਜ਼ੀ ਹੋਜੇ। ਇਸੇ ਕਰਕੇ ਸਰਪੈਂਚੀ ਜਰਬ ਹੋਣ ਤੋਂ ਬਾਅਦ ਉਹ ਜੱਗੇ ਨਾਲ ਜਾ ਰਲਿਆ। ਉਹਨੇ ਵੀ ਮੈਨੂੰ ਬਥੇਰਾ ਸਮਝਾਇਆ ਸੀ ਬਈ ਚੰਦ ਸਿਹਾਂ ਵੇਖ ਲੈ

ਤੈਨੂੰ ਕਿਤੇ ਸਾਡੀ ਲੋੜ ਪੈ ਸਕਦੀ ਆ। ਹੁਣ ਤੈਨੂੰ ਅਸੀਂ ਭਰਾਵਾਂ ਵਾਂਗੂੰ ਸਮਝਾਉਂਦੇ ਆ ਟਲ ਜਾ ਤੂੰ। ਏਸ ਬਖਸ਼ੇ ਨੇ ਤੈਨੂੰ ਮੂਹਰੇ ਲਾ ਕੇ ਸਰਪੈਂਚੀ ਆਪ ਕਰਨੀ ਐ ਹਟ ਜਾ ਤੂੰ। ਉਂਝ ਨਾ ਜੀ ਉਹਨੂੰ ਵੀ ਪਤਾ ਸੀ ਏਸ ਗੱਲ ਦਾ ਬਈ ਵਿਹੜੇ ਦੀਆਂ ਬੋਟਾਂ ਉਹਨਾਂ ਨੂੰ ਨੀ ਪੈਣੀਆਂ। ਥੋਨੂੰ ਪਤਾ ਜੀ ਅੱਜ ਕੱਲ ਲੋਕਾਂ ਦਾ ਕੋਈ ਭਰੋਸਾ ਨੀ ਰਿਹਾ। ਮੂੰਹ ਮੁਲਾਜੇ ਆਲੀਆਂ ਗੱਲਾਂ ਨੀ ਰਹੀਆਂ ਹੁਣ। ਸਭ ਵਿਕਾਊ ਮਾਲ ਹੋ ਚੁਕੈ। ਲੀਡਰ ਆਵਦਾ ਸੂਤ ਲਾਉਂਦੇ ਐ ਤੇ ਲੋਕ ਆਵਦਾ। ਜੀਹਦੇ ਕੋਲ ਪੈਸਾ ਉਹਦੀਆਂ ਬੋਟਾਂ। ਮਾੜੇ ਧੀੜੇ ਨੂੰ ਕੌਣ ਪੁੱਛਦੈ ਅੱਜ ਕੱਲ। ਉਸ ਟੈਮ ਸਾਰਾ ਪਿੰਡ ਵੀ ਵਿਕਣ ਨੂੰ ਫਿਰਦਾ ਸੀ ਪਰ ਜੱਗੇ ਹੁਰੀਂ ਐਹੋ ਜਾ ਕੰਮ ਨੀ ਜੀ ਕਰਦੇ।

ਹੈਂਅ ਜੀ...। ਨਾ ਜੀ ਨਾ, ਮੈਂ ਨੀ ਮੰਨਿਆ ਉਹਨਾਂ ਦੀਆਂ ਗੱਲਾਂ। ਉਦੋਂ ਤਾਂ ਮੈਨੂੰ ਐਂ ਲਗਦਾ ਸੀ ਜਿਵੇਂ ਜੱਗਾ ਆਪ ਸਰਪੈਂਚ ਬਣਨ ਦਾ ਮਾਰਾ ਮੈਨੂੰ ਭਰਮਾ ਰਿਹਾ ਸੀ। ਮੇਰੇ ਸਿਰ ਤੇ ਤਾਂ ਉਦੋਂ ਸਰਪੈਂਚੀ ਦਾ ਭੂਤ ਸਵਾਰ ਹੋਇਆ ਫਿਰਦਾ ਸੀ। ਮੈਂ ਕੀਹਦੀ ਗੱਲ ਸੁਣਨੀ ਸੀ। ਉਹਨਾਂ ਕੋਲੋਂ ਉੱਠ ਕੇ ਮੈਂ ਸਿਧਾ ਬਖਸ਼ੇ ਦੀ ਹਵੇਲੀ ਜਾ ਵੜਿਆ। ਉਹ ਅਗੋਂ ਬੈਠਾ ਤਸੀਲਦਾਰ ਨਾਲ ਸ਼ਰਾਬ ਪੀ ਜਾਏ। ਸਾਰੀ ਗੱਲ ਮੈਂ ਉਹਨੂੰ ਜਾ ਦੱਸੀ। ਲੋਰ ਜਿਹੀ 'ਚ ਆ ਕੇ ਉਹ ਮੈਨੂੰ ਕਹਿੰਦਾ, ਦੇਖ ਚੰਦੂ ਆਹ ਬੈਠਾ ਸਾਬ... ਪਤਾ ਇਹ ਕੌਣ ਐ...? ਨੈਬ ਤਸੀਲਦਾਰ ਗੁਰਜੰਟ ਸਿੰਘ ਇਹਨੇ ਸਰਪੈਂਚ ਬਨਾਉਣਾਂ ਤੈਨੂੰ। ਇਹ ਸਾਡਾ ਵੱਡਾ ਭਾਈ ਐ। ਤੂੰ ਕਿਸੇ ਦੀਆਂ ਗੱਲਾਂ 'ਚ ਨਾ ਆ ਸਰਪੈਂਚੀ ਤਾਂ ਸਮਝ ਆਈ ਤੇਰੇ ਕੋਲ ਭਾਵੇਂ ਮੈਥੋਂ ਲਿਖ ਕੇ ਲੈ ਲਾ। ਜਿਥੋਂ ਤੱਕ ਜੱਗੇ ਦੀ ਗੱਲ ਆ ਉਹ ਸਰਪੈਂਚ ਨੀ ਬਣ ਸਕਦਾ ਭਾਵੇਂ ਮੈਥੋਂ ਇਹ ਵੀ ਲਿਖਵਾ ਲੈ। ਮੈਨੂੰ ਪਤੈ ਬਈ ਜੇ ਉਹ ਇੱਕ ਵਾਰੀ ਪਿੰਡ ਦਾ ਸਰਪੈਂਚ ਬਣ ਗਿਆ ਨਾ ਫੇਰ ਸਾਡੀ ਵਾਰੀ ਨੀ ਆ ਸਕਦੀ। ਐਹੋ ਜਾ ਬੰਦਾ ਪਿੰਡ ਦਾ ਸਰਪੈਂਚ ਨੀ ਹੋਣਾਂ ਚਾਹੀਦਾ। ਸਾਡੇ ਪਿੰਡ ਦੇ ਲੋਕ ਐਹੋ ਜੇ ਆ ਬਈ ਇਹ ਕੰਮ ਕਰਨ ਆਲੇ ਬੰਦੇ ਦੀ ਕੀਮਤ ਈ ਨੀ ਜਾਣਦੇ। ਸਾਢੇ ਚਾਰ ਸਾਲ ਇਨਾਂ ਦੀਆਂ ਰਗਾਂ ਮਲਦੇ ਰਹੋ ਤੇ ਸਿਰਫ ਛੇ ਮਹੀਨੇ ਇਹਨਾਂ ਦੀ ਪੂਚ ਪੂਚ ਕਰੋ ਇਹ ਖੁਸ਼ ਹੋ ਕੇ ਵੋਟਾਂ ਪਾਉਣਗੇ ਤੇ ਜੇ ਇਹਨਾਂ ਦੇ ਕੰਮ ਵੀ ਕਰੀ ਜਾਉ ਨਾ ਇਹ ਬੰਦੇ ਨੂੰ ਕੁਸ਼ ਸਮਝਦੇ ਈ ਨੀ। ਇਹੀ ਹਾਲ ਜੱਗੇ ਦਾ ਐ। ਕਿੰਨੇ ਕੰਮ ਕਰਦਾ ਉਹ ਇਹਨਾਂ ਕਮਜਾਤਾਂ ਦੇ ਪਰ ਪਾਉਂਦਾ ਉਹਨੂੰ ਕੋਈ ਵੋਟ... ਨਈਂ ਨਾ। ਤੈਨੂੰ ਹਾਲੇ ਸਿਆਸਤ ਦਾ ਨੀ ਪਤਾ ਤੂੰ ਚੁੱਪ ਰਿਹਾ ਕਰ। ਨਾਲੇ ਐਂ ਕਰ ਠੰਡ ਹੁਣ ਵਾਹਵਾ ਹੋਗੀ ਮੱਝਾਂ ਅੰਦਰ ਬੰਨ੍ਹ ਦਿਆ ਕਰ। ਆਹ ਝੋਟੀ ਸਵੇਰ ਦੀ ਰੰਭੀ ਜਾਂਦੀ ਆ ਇਹਨੂੰ ਲਵਾ ਲਿਆਈਂ ਸਵੇਰੇ। ਨਾਲੇ ਸਪ੍ਰੇਅ ਆਲੇ ਬੰਦੇ ਲੱਭ ਕਣਕ ਨੂੰ ਦਵਾਈ ਪਾਈਏ ਪੱਤਾ ਪੀਲਾ ਹੋਈ ਜਾਂਦਾ। ਉਹਦੇ ਮੂੰਹੋਂ ਐਹੋ ਜੀਆਂ ਗੱਲਾਂ ਸੁਣ ਕੇ ਮੈਨੂੰ ਐਂ ਲੱਗਾ ਜਿਵੇਂ ਉਹਨੇ ਸਰਪੈਂਚੀ ਦੀ ਕੁਰਸੀ ਤੋਂ ਖਿੱਚ ਕੇ ਮੈਨੂੰ ਹੇਠਾਂ ਸੁਟ ਦਿੱਤਾ ਹੋਵੇ। ਤੇ ਗਾਲ੍ਹ ਕੱਢ ਕੇ ਕਿਹਾ ਹੋਵੇ ਬਈ ਸਾਲਿਆ ਤੇਰੀ ਔਕਾਤ ਕੀ ਆ ਤੇ ਤੂੰ ਕਰੀ ਕੀ ਜਾਨਾਂ। ਅਣ ਮੰਨੇ ਜੇ ਮਨ ਨਾਲ ਮੈਂ ਮੱਝਾਂ ਅੰਦਰ ਬੰਨ੍ਹ ਦਿੱਤੀਆਂ। ਘਰ ਨੂੰ ਆਉਣ ਲੱਗਾ ਤਾਂ ਬਖਸ਼ੇ ਨੇ ਵਾਜ਼ ਮਾਰ ਕੇ ਕੋਲ ਬਹਾ ਲਿਆ। ਤਸੀਲਦਾਰ ਉਦੋਂ ਚਲਾ ਗਿਆ ਸੀ। ਖੰਘੂਰਾ ਜਿਆ ਮਾਰਕੇ ਮੈਨੂੰ ਕਹਿੰਦਾ ਚੰਦਾ ਸਰਪੈਂਚ ਤਾਂ ਤੈਨੂੰ ਬਣਾਂ ਦੇਵਾਂ ਐਂਤਕੀ ਪਰ ਇਹ ਸਾਲਾ ਕੰਮ ਪੈਸੇ ਆਲਾ ਐ। ਪਰ ਫੇਰ ਵੀ ਤੂੰ ਫਿਕਰ ਨਾ ਕਰ, ਜੇ ਤੇਰੇ ਨਾਲ ਵਾਅਦਾ ਕਰ ਲਿਆ ਪੂਰਾ ਕਰਕੇ ਦਿਖਾਵਾਂਗੇ। ਖਰਚਾ ਮੈਂ ਕਰਦੂੰ ਇੱਕ ਵਾਰੀ ਸਾਰਾ। ਪਰ ਤੂੰ ਇਹ ਦੱਸ ਬਈ ਮੋੜੇਂਗਾ ਕਿਵੇਂ। ਬਖਸ਼ਾ ਮੇਰੇ ਮੂੰਹ ਵੱਲ ਝਾਕ ਕੇ ਬੋਲਿਆ।

ਦੇਖੋਂ ਸਰਦਾਰ ਸਾਬ ਅਸੀਂ ਹੈਗੇ ਆਂ ਥੁਆਡੇ ਕੰਮੀ ਕਮੀਂਣ। ਪੈਸੇ ਮੁੜਨ ਮੁੜਾਉਣ ਆਲਾ ਕੰਮ ਤਾਂ

ਸਾਡਾ ਥੋਡੇ ਨਾਲ ਚੱਲੀ ਚਲਾਈ ਜਾਣਾਂ। ਪਹਿਲਾਂ ਵੀ ਤਾਂ ਪਿਓ ਦਾਦੇ ਤੋਂ ਇਹ ਸਾਂਝ ਚੱਲੀ ਈ ਆ ਰਹੀ ਐ। ਅਸੀਂ ਥੋਡੇ ਤੋਂ ਨਾ ਕਈ ਅੱਗੇ ਭੱਜੇ ਆਂ ਨਾ ਹੁਣ ਭੱਜਣਾਂ। ਬਾਕੀ ਜੇ ਕੋਈ ਹੋਰ ਗੱਲ ਐ ਤਾਂ ਉਹ ਤੁਸੀਂ ਦਸ ਦਿਓ।

ਦੇਖ ਚੰਦੂ ਤੇਰੇ ਕੱਲੇ ਤੋਂ ਇਨੇ ਪੈਸੇ ਨੀ ਦੇ ਹੋਣੇ। ਦੋ ਤਿੰਨ ਲੱਖ ਰਪੱਈਆ ਸਹਿਜੇ ਲੱਗ ਜਾਣਾਂ। ਫੇਰ ਵੀ ਤੂੰ ਐਂ ਕਰ, ਤੇਰੀ ਘਰ ਆਲੀ ਪ੍ਰੀਤੋ ਘਰੇ ਵੇਹਲੀ ਈ ਰਹਿੰਦੀ ਐ ਤੇ ਦੋਹੇਂ ਕੁੜੀਆਂ ਵੀ ਹੁਣ ਵਾਹਵਾ ਹੋਗੀਆਂ। ਤੂੰ ਉਹਨਾਂ ਨੂੰ ਹਵੇਲੀ ਲੈ ਆਇਆ ਕਰ। ਸਾਰਾ ਟੱਬਰ ਰਲ ਕੇ ਕੰਮ ਕਰਿਉ, ਦਿਨਾਂ 'ਚ ਈ ਤੇਰਾ ਲਹਿਣਾਂ ਦੇਣਾਂ ਉਡੰਤਰ ਹੋਜੂ। ਤੈਨੂੰ ਤਾਂ ਪਤਾ ਬਈ ਸਰਦਾਰਨੀ ਵੀ ਹੁਣ ਠੀਕ ਨੀ ਰਹਿੰਦੀ। ਜਦੋਂ ਦਾ ਗੋਡਿਆਂ ਦਾ ਉਪਰੇਸ਼ਨ ਹੋਇਆ ਮੰਜੇ ਤੇ ਈ ਬੈਠੀ ਰਹਿੰਦੀ ਐ। ਘਰ ਦਾ ਕੰਮ ਉਹਤੋਂ ਹੁੰਦਾ ਨੀ ਹੁਣ। ਪ੍ਰੀਤੋ ਹੁਰੀਂ ਘਰ ਦਾ ਤੇ ਪਸ਼ੂ ਡੰਗਰ ਸਾਂਭ ਲੈਣਗੀਆਂ ਤੂੰ ਖੇਤ ਬੰਨ੍ਹਾ ਸਾਂਭ ਲੀ, ਜ਼ਮੀਨ ਠੇਕੇ ਤੇ ਹੋਰ ਲੈ ਲੈਨੇ ਆ ਚਾਰ ਕਿਲੇ ਹੈ ਕਿ ਨਈਂ। ਆਪਾਂ ਜ਼ਰੂਰ ਕੋਈ ਹੋਰ ਬੰਦਾ ਰੱਖਣਾਂ ਆਪਣੀ ਤਾਂ ਘਰ ਆਲੀ ਗੱਲ ਐ।

ਬਖਸ਼ੇ ਦੀ ਗੱਲ ਸੁਣ ਕੇ ਇੱਕ ਵਾਰੀ ਤਾਂ ਮੈਨੂੰ ਝਟਕਾ ਜਿਆ ਲੱਗਾ ਬਈ ਇਹ ਸਾਲਾ ਸਾਨੂੰ ਸਾਰੇ ਟੱਬਰ ਨੂੰ ਈ ਸੀਰੀ ਰਲਾਉਣ ਨੂੰ ਫਿਰਦਾ। ਮਨ 'ਚ ਆਈ ਬਈ ਦਿਆਂ ਟਕੇ ਅਰਗਾ ਜਵਾਬ ਬਈ ਸਹੁਰੀ ਦਿਆ ਤੂੰ ਸਾਨੂੰ ਕੀ ਸਮਝਦਾਂ। ਪਰ ਮੰਜੇ ਤੇ ਬੈਠੀ ਸਰਦਾਰਨੀ ਦਾ ਖਿਆਲ ਕਰਕੇ ਮੈਂ ਚੁਪ ਕਰ ਗਿਆ ਜੀ। ਉਹ ਜ਼ਨਾਨੀ ਬੜੀ ਚੰਗੀ ਆ ਜੀ ਰੱਬ ਉਹਨੂੰ ਤੰਦਰੁਸਤੀ ਬਖਸ਼ੇ। ਉਹਦੇ ਘਰੇ ਗਿਆ ਬੰਦਾ ਖਾਲੀ ਹੱਥ ਨੀ ਜੀ ਆ ਸਕਦਾ। ਦੋ ਟੈਮ ਰੱਬ ਨੂੰ ਮੰਨਣ ਆਲੀ ਆ ਜੀ ਉਹ। ਪਰ ਬਖਸ਼ਾ ਭਰੋਸੇ ਆਲਾ ਬੰਦਾ ਨੀ ਜੀ। ਹੁਣ ਥੋਨੂੰ ਕੀ ਦੱਸਾਂ ਤੁਸੀਂ ਲਿਖੀ ਜਾਨੇ ਆ ਨਾਲ ਦੀ ਨਾਲ। ਐਹੇ ਜੀ ਗੱਲ ਕਰਦਿਆਂ ਨੂੰ ਵੀ ਸ਼ਰਮ ਜੀ ਆਉਂਦੀ ਆ ਜੀ। ਪਰ ਫੇਰ ਵੀ ਕਰਨੀ ਪੈ ਜਾਂਦੀ ਆ ਜੀ ਕਈ ਵਾਰੀ ਨਾ ਜੀ... ਉਹ ਫਿਰ... ਉਹ ਬੰਦਾ ਨਾਲੇ ਦਾ ਬੜਾ ਕੱਚਾ ਜੀ। ਬੰਦੇ ਦੀ ਮਜਬੂਰੀ ਦਾ ਨਜੈਜ ਫੈਦਾ ਬੜਾ ਚੱਕਦਾ। ਪਿੰਡ ਦੇ ਬੜੇ ਘਰਾਂ ਦੀ ਇਜਤ ਨੂੰ ਉਹਨੇ ਸੰਨ੍ਹ ਲਾਇਆ ਸੀ। ਮੈਂ ਅੱਖੀਂ ਵੇਖਦਾ ਰਿਹਾਂ ਜੀ ਇਹ ਸਭ। ਮੈਂ ਵੀ ਇਸੇ ਗੱਲੋਂ ਡਰਦਾ ਸੀ। ਪਰ ਸਰਦਾਰਨੀ ਦੇ ਮੂੰਹ ਨੂੰ ਮੈਨੂੰ ਹਾਂ ਕਰਨੀ ਪੈਗੀ ਜੀ। ਉਹਦੇ ਬੜੇ ਸਾਨ ਆ ਜੀ ਮੇਰੇ ਤੇ। ਫੇਰ ਮਨ 'ਚ ਸੋਚਿਆ ਬਈ ਮੈਂ ਸਾਰਾ ਦਿਨ ਉਹਨਾਂ ਦੇ ਨਾਲ ਵੀ ਰਿਹਾ ਕਰਾਂ ਐਂ ਕਿਵੇਂ ਹੋਜੂ। ਨਾਲੇ ਸਰਦਾਰਨੀ ਜੀ ਵੀ ਤਾਂ ਸਾਰਾ ਦਿਨ ਘਰੇ ਈ ਰਹਿੰਦੇ ਨੇ। ਨਾਲੇ ਉਹ ਤਾਂ ਮੈਨੂੰ ਭਰਾਵਾਂ ਤੋਂ ਵੀ ਵੱਧ ਸਮਝਦਾ ਤਾਂ ਹੀ ਤਾਂ ਸਰਪੈਂਚ ਬਨਾਉਣ ਨੂੰ ਅੱਡੀ ਚੋਟੀ ਦਾ ਜੋਰ ਲਾਈ ਫਿਰਦਾ ਨਈਂ ਕੌਣ ਕਿਸੇ ਨੂੰ ਪੁਛਦਾ ਅੱਜ ਕੱਲ। ਐਹੋਂ ਜੀਆਂ ਗੱਲਾਂ ਸੋਚ ਕੇ ਕਈ ਵਾਰੀ ਐਂ ਲਗਣਾਂ ਜਿਵੇਂ ਉਹਦੀਆਂ ਬਦਖੋਈਆਂ ਕਰਕੇ ਮੈਂ ਐਵੇਂ ਈ ਪਾਪ ਸਿਰ ਲਈ ਜਾਂਦਾ ਹੋਵਾਂ। ਪਰ ਨਈਂ ਜੀ ਜਿਵੇਂ ਕਹਿੰਦੇ ਹੁੰਦੇ ਐ ਨਾ ਬਈ ਕੁੱਤੇ ਦੀ ਪੂਛ ਕਦੀ ਸਿੱਧੀ ਨੀ ਹੁੰਦੀ... ਉਵੇਂ ਬਖਸ਼ਾ ਕਦੀ ਭਲਾ ਮਾਣਸ ਨੀ ਹੋ ਸਕਦਾ।

ਹੈਅ ਜੀ! ਲੈ ਜਿੱਤ ਗਿਆ ਜੀ, ਤਾਂ ਹੀ ਤਾਂ ਥੋਡੇ ਮੂਹਰੇ ਖੜਾਂ। ਪੂਰੀ ਸੌ ਬੋਟ ਤੇ ਜਿੱਤਿਆਂ ਜੀ ਮੈਂ। ਵਧਾਈਆਂ ਦੇਣ ਆਲੇ ਲੋਕਾਂ ਨਾ ਘਰ ਭਰ ਗਿਆ ਮੇਰਾ। ਦਿਨਾਂ 'ਚ ਪਿੰਡ 'ਚ ਚੰਦ ਸਰਪੰਚ ਚੰਦ ਸਰਪੈਂਚ ਹੋਣ ਲਗਗੀ। ਇੱਕ ਦਿਨ ਸੱਥ 'ਚ ਬੈਠਾ ਨੰਬਰਦਾਰ ਇੰਦਰ ਸਿਹੁੰ ਮੈਨੂੰ ਕਹਿੰਦਾ ਉਏ ਚੰਦ ਸਿਹਾਂ ਹੁਣ ਤਾਂ ਤੇਰਾ ਜੱਸ ਖੱਟਣ ਦਾ ਵੇਲਾ ਐ, ਖੱਟ ਲੈ ਜੇ ਖੱਟ ਹੁੰਦੈ। ਪਿੰਡ ਦੇ ਕਈ ਕੰਮ ਅੜੇ ਪਏ ਆ ਜਿਹੜੇ ਹੁਣ ਤਾਂਈ ਸਿਰੇ ਨੀ ਲਗੇ। ਇੱਕ ਤਾਂ ਪਿੰਡ ਦੀਆਂ ਗਲੀਆਂ ਨਾਲੀਆਂ ਨੀ ਬਣੀਆਂ ਅਜੇ। ਦੂਜਾ ਪਿੰਡ ਦੀ

ਹੱਡਾਰੋੜੀ ਦੀ ਚਾਰਦੀਵਾਰੀ ਨੀ ਹੋਈ। ਜਦੋਂ ਕਿਤੇ ਤੇਜ ਹਵਾ ਚਲਦੀ ਆ ਤਾਂ ਮੁਸ਼ਕ ਸਾਰੇ ਪਿੰਡ 'ਚ ਫੈਲ ਜਾਂਦਾ। ਤੀਜਾ ਸਕੂਲ ਦੀ ਵੀ ਚਾਰਦੀਵਾਰੀ ਨੀ ਹੋਈ। ਸਭ ਤੋਂ ਪਹਿਲਾਂ ਤੂੰ ਆਹ ਤਿੰਨ ਕੰਮ ਕਰਾਂਈ ਬਾਕੀ ਫੇਰ ਵੇਖਾਂਗੇ। ਨਾਲੇ ਹੁਣ ਤੂੰ ਆਹ ਗੰਦੇ ਮੰਦੇ ਲੀੜੇ ਪਾ ਕੇ ਨਾ ਤੁਰਿਆ ਫਿਰਿਆ ਕਰ। ਵਧੀਆ ਕੱਪੜੇ ਪਾ ਕੇ ਰੱਖਿਆ ਕਰ। ਤੂੰ ਹੁਣ ਪਿੰਡ ਦਾ ਸਰਪੈਂਚ ਐਂ ਬਖਸ਼ੇ ਦਾ ਸੀਰੀ ਨੀ ਸਮਝ ਗਿਐਂ।

ਕੋਈ ਨੀ ਬਈ ਜਿਵੇਂ ਕਹੋਂ ਉਵੇਂ ਈ ਕਰਾਂਗੇ। ਪਰ ਆਹ ਲੀੜਿਆਂ ਆਲੀ ਗੱਲ ਕਰਕੇ ਤਾਂ ਜਿਵੇਂ ਤੂੰ ਮੈਨੂੰ ਚਿੱਕੜ 'ਚੋਂ ਖਿਚ ਲਿਆਂਦਾ ਯਾਰ। ਇਸ ਚੀਜ ਦਾ ਤਾਂ ਮੈਨੂੰ ਧਿਆਨ ਈ ਨੀ ਸੀ। ਇਹ ਤਾਂ ਕਹੇ ਬਈ ਮੈਂ ਸਰਪੈਂਚ ਆਂ ਪਰ ਆਹ ਸੀਰ ਪੁਣੇ ਆਲੀ ਪੂਛ ਤਾਂ ਸ਼ੈਦ ਹੁਣ ਮਰਕੇ ਈ ਲੱਥੇ ਬਾਈ।

ਹੈਅ ਜੀ... ਕੀ ਕਿਹੈ...? ਹਾਂ ਜੀ, ਐਥੋਂ ਈ ਤਾਂ ਗੱਲ ਵਿਗੜੀ ਐ ਸਾਰੀ। ਕਾਗਤਾਂ 'ਚ ਸਰਪੈਂਚ ਤਾਂ ਮੈਂ ਸੀ ਪਰ ਸਰਪੈਂਚੀ ਕਰਦਾ ਸੀ ਬਖਸ਼ਾ। ਮੈਨੂੰ ਤਾਂ ਉਹ ਪਤਾ ਈ ਨਾ ਲਗਣ ਦਿੰਦਾ ਬਈ ਉਹ ਕੀ ਕਰਦਾ ਕੀ ਨਈਂ। ਸਰਕਾਰੇ ਦਰਬਾਰੇ ਵੀ ਉਹ ਆਪ ਈ ਮੂਹਰੇ ਹੁੰਦਾ ਤੇ ਚਿੱਠੀ ਪੱਤਰ ਦਾ ਜਵਾਬ ਵੀ ਉਹ ਆਪ ਈ ਦਿੰਦਾ ਰਿਹਾ ਜੀ। ਮੈਂ ਤਾਂ ਸਵੇਰੇ ਤਿਆਰ ਹੋ ਕੇ ਆਵਦੇ ਟੱਬਰ ਨੂੰ ਨਾਲ ਲੈ ਕੇ ਉਹਦੀ ਹਵੇਲੀ ਤੁਰ ਜਿਆ ਕਰਾਂ। ਪਹਿਲਾਂ ਪਸ਼ੂ ਡੰਗਰ ਦਾ ਕੰਮ ਨਬੇੜ ਫੇਰ ਖੇਤਾਂ 'ਚ ਗੇੜਾ ਮਾਰ ਜਦੋਂ ਵਾਪਸ ਮੁੜਨਾਂ ਉਹਨੇ ਥੱਬਾ ਕਾਗਤਾਂ ਦਾ ਮੇਰੇ ਮੂਹਰੇ ਧਰ ਦੇਣਾਂ। ਲੈ ਬਈ ਚੰਦੂ ਸਿੰਘਾਂ ਲਾ ਕੇਰਾਂ ਗੂਠੇ ਹੁਣ ਪਿੰਡ ਦੇ ਕੰਮ ਵੀ ਕਰ ਲਈਏ। ਮੈਂ ਨੀਲੀ ਸ਼ਾਹੀ ਨਾ ਲਬੇੜ ਲਬੇੜ ਗੂਠੇ ਸ਼ਾਪੀ ਜਾਣੇ। ਕਈ ਕਾਗਤਾਂ ਤੇ ਵਾਹਵਾ ਲਿਖਿਆ ਹੁੰਦਾ ਤੇ ਕਈ ਵਿਚੋਂ ਖਾਲੀ ਹੋਣੇਂ। ਜੇ ਕਈ ਉਹਤੋਂ ਪੁਛਣਾਂ ਬਈ ਸਰਦਾਰ ਸਾਬ ਆਹ ਐਨੇ ਕਾਗਤ ਕਾਹਦੇ ਆ। ਉਹ ਅੱਗੋਂ ਕਹਿ ਦਿਆ ਕਰੇ ਤੈਨੂੰ ਨੀ ਪਤਾ ਸਰਪੈਂਚਾ ਇਹ ਸਰਕਾਰੀ ਕਾਗਤ ਆ। ਤੇਰੇ ਗੂਠੇ ਤੋਂ ਬਿਨਾ ਇਹ ਮੁਰਦਾ ਸਰੀਰ ਵਰਗੇ ਆ। ਜਦੋਂ ਤੇਰੇ ਗੂਠੇ ਲਗਗੇ ਸਮਝੋ ਜਾਨ ਪੈਗੀ ਇਨ੍ਹਾਂ 'ਚ। ਇਹ ਫਿਰ ਭੱਜਣ ਲਗ ਪੈਣਗੇ। ਤੇਰੇ ਗੂਠੇ ਤੋਂ ਬਿਨਾਂ ਇਹ ਸਰਕਾਰ ਦੇ ਘਰੋਂ ਪਾਸ ਨੀ ਹੋ ਸਕਦੇ। ਤੂੰ ਯਾਰ ਮਾਲਕ ਐਂ ਪਿੰਡ ਦਾ ਕੋਈ ਐਰਾ ਗੈਰਾ ਬੰਦਾ ਥੋੜਾਂ। ਉਹਨੇ ਮੈਨੂੰ ਹਵਾ ਦੇਈ ਜਾਣੀਂ ਮੈਂ ਗੂਠੇ ਹੋਰ ਦਬਾ ਦਬਾ ਲਾਉਣੇਂ। ਪਰ ਮੈਨੂੰ ਨੀ ਸੀ ਪਤਾ ਬਈ ਉਹ ਸਰਕਾਰੀ ਗ੍ਰਾਂਟਾ ਅਤੇ ਪਚੈਤੀ ਜ਼ਮੀਨ ਦੀ ਸਾਰੀ ਕਮਾਈ ਅੰਦਰੇ ਅੰਦਰ ਦੱਬੀ ਜਾਂਦਾ ਰਿਹਾ। ਨਾਲ ਰਲਿਆ ਸੀ ਦੇਬੂ ਮੈਂਈਬਰ। ਇਹ ਦੋਹੇਂ ਬੜੇ ਕੁੱਤੇ ਦੀ ਪੂਛ ਆ ਜੀ। ਬਾਕੀ ਮੈਂਈਬਰਾਂ ਨੂੰ ਵੀ ਇਹਨਾਂ ਨੇ ਆਵਦੇ ਵੱਲ ਕਰ ਰੱਖਿਐ ਜੀ। ਉਹ ਵੀ ਸਾਰੇ ਇਹਨਾਂ ਤੋਂ ਬਿਨਾਂ ਕਿਸੇ ਦੀ ਗੱਲ ਨੀ ਸੁਣਦੇ। ਜੇ ਕੋਈ ਮੈਂ ਗੱਲ ਕਰਨੀ ਤਾਂ ਉਹਨਾਂ ਨੇ ਕਹਿਣਾਂ ਸਰਦਾਰ ਜੀ ਨਾਲ ਗੱਲ ਕਰਕੇ ਦੱਸਾਂਗੇ। ਥੋਨੂੰ ਪਤਾ ਈ ਐ ਜੀ ਅਨਜਾਣ ਬੰਦੇ ਨੂੰ ਕੌਣ ਪੁੱਛਦੈ ਅੱਜ ਕੱਲ।

ਹੈਅ ਜੀ...। ਨਈਂ ਜੀ ਨਈਂ ਮੈਨੂੰ ਕਿਥੇ ਪਤਾ ਲਗਣਾਂ ਸੀ। ਉਹ ਤਾਂ ਸ਼ੁਕਰ ਐ ਬਈ ਪਚੈਤ ਸੈਕਟਰੀ ਨੇ ਦੱਸਤਾ। ਨਈਂ ਹੁਣ ਨੂੰ ਪਤਾ ਨੀ ਕੀ ਹੁੰਦਾ। ਅਚਾਨਕ ਇੱਕ ਦਿਨ ਬਖਸ਼ਾ ਬੀਬੀ ਜੀ ਨੂੰ ਨਾਲ ਲੈ ਕੇ ਹਜੂਰ ਸਾਬ ਦੇ ਦਰਸ਼ਨਾਂ ਨੂੰ ਚਲਾ ਗਿਆ। ਪਿਛੋਂ ਕਿਤੇ ਬਢੇਪਾ ਤੇ ਵਿਧਵਾ ਪੈਂਸ਼ਨਾਂ ਆਗੀਆਂ। ਲੋਕ ਮੇਰੇ ਘਰੇ ਗੇੜੇ ਮਾਰਨ, ਮੈਂ ਸੋਚਾਂ ਬਈ ਜੇ ਉਹ ਆਵੇ ਤਾਂ ਪੈਂਸ਼ਨਾਂ ਵੰਡੀਏ। ਪਰ ਥੋਨੂੰ ਪਤਾ ਬਈ ਪਿੰਡਾਂ ਦੇ ਲੋਕ ਕਿਥੇ ਖੜਦੇ ਐ। ਹਾਰ ਕੇ ਮੈਂ ਪਚੈਤ ਸੈਕਟਰੀ ਨੂੰ ਨਾਲ ਲਿਆ ਤੇ ਲਗ ਗਿਆ ਪੈਂਸ਼ਨਾਂ ਵੰਡਣ। ਸਾਰੇ ਪਿੰਡ ਦੀਆਂ ਪੈਂਸ਼ਨਾਂ ਵੰਡੀਆਂ ਗਈਆਂ ਤੇ ਪਿਛੋਂ ਪੰਜ ਹਜ਼ਾਰ ਰੁਪਈਆ ਬਚ ਗਿਆ। ਮੈਂ ਪਚੈਤ ਸੈਕਟਰੀ ਨੂੰ ਕਿਹਾ ਬਈ ਦੇਖ ਤਾਂ ਹੋਰ ਕੇਹੜਾ ਬਚ ਗਿਆ ਪੈਂਸ਼ਨਾਂ ਖੁਣੋਂ। ਜੇਹੜੇ ਉਹਨੇ ਮੈਨੂੰ ਨਾਂ ਦੱਸੇ ਉਹ ਤਾਂ ਮੇਰੇ ਪਿੰਡ ਦੇ ਬੰਦੇ ਈ ਨੀ ਸੀ ਹੈਗੇ। ਮੈਂ ਸੋਚੀਂ ਪੈ ਗਿਆ ਬਈ ਹੈਅ ਆਹ ਕੀ? ਇਹ ਪੈਂਸ਼ਨਾਂ ਕੀਹਦੀਆਂ ਹੋਣ।

ਪੈਸੇ ਮੈਂ ਕੋਲ ਰੱਖ ਲਏ ਪਰ ਕਿਸੇ ਨੂੰ ਦੱਸਿਆ ਨਾ। ਜਦੋਂ ਬਖਸ਼ਾ ਹਜ਼ੂਰ ਸਾਬ ਤੋਂ ਵਾਪਸ ਆਇਆ ਮੈਂ ਸਾਰੀ ਗੱਲ ਉਹਤੋਂ ਪੁਛੀ। ਉਹ ਮੈਨੂੰ ਅਗੋਂ ਖਿਝ ਕੇ ਬੋਲਿਆ। "ਤੂੰ ਕੀ ਲੈਣੇਂ ਇਨ੍ਹਾਂ ਗੱਲਾਂ ਚੋਂ, ਤੇ ਮੇਰਾ ਕੰਮ ਗੂਠੇ ਲਾਉਣ ਦਾ ਐ ਸਵਾਲ ਜਵਾਬ ਕਰਨ ਦਾ ਨਈਂ ਸਮਝ ਗਿਐਂ। ਮੈਂ ਉਹਦੇ ਮੂੰਹ ਵੱਲ ਵੇਖੀ ਜਾਵਾਂ ਬਈ ਉਹ ਬੋਲਦਾ ਕਿਥੋਂ ਐਂ। ਮੇਰੇ ਵੱਲ ਨਹਿਰੀਆਂ ਜੀਆਂ ਕੱਢਦਾ ਉਹ ਖੇਤਾਂ ਵੱਲੀ ਨੂੰ ਚਲਾ ਗਿਆ। ਸੱਚ ਜਾਣਿਓ ਬਈ ਕਈ ਦਿਨਾਂ ਤੱਕ ਮੈਨੂੰ ਨੀਂਦ ਨੀ ਆਈ ਬਈ ਸਾਲਾ ਆਹ ਕੀ ਬਣਿਆ। ਫੇਰ ਇੱਕ ਦਮ ਉਹ ਬਾਹਰ ਅੰਦਰ ਆਉਣੋਂ ਜਾਣੋਂ ਹਟ ਗਿਆ ਜੀ। ਹਰ ਪਾਸੇ ਉਹ ਮੈਨੂੰ ਈ ਤੋਰੀ ਰੱਖਿਆ ਕਰੇ ਕਦੀ ਕਿਸੇ ਪਾਸੇ ਕਦੀ ਕਿਸੇ ਪਾਸੇ। ਥੋਨੂੰ ਤਾਂ ਪਤਾ ਈ ਆ ਜੀ ਬਈ ਅਨਪੜ੍ਹ ਬੰਦਾ ਸਰਕਾਰੇ ਦਰਬਾਰੇ ਜਾ ਕੇ ਕੀ ਕਿਸੇ ਅਪਸਰ ਨਾਲ ਗੱਲ ਬਾਤ ਕਰਲੂ। ਉਥੇ ਤਾਂ ਮਾੜੇ ਧੀੜੇ ਬੰਦੇ ਦੇ ਅਪਸਰ ਪੈਰ ਈ ਨੀ ਲਗਣ ਦਿੰਦੇ। ਗੱਲ ਕਾਹਦੀ ਆ ਜੀ ਅਸਲ 'ਚ ਉਹ ਮੈਨੂੰ ਮਸੂਸ ਕਰਾਉਣਾਂ ਚਾਹੁੰਦਾ ਸੀ ਬਈ ਉਹਤੋਂ ਬਿਨਾਂ ਬਾਹਰ ਮੇਰੀ ਕੋਈ ਪੁਛ ਪ੍ਰਤੀਤ ਨੀ ਹੈਗੀ। ਮੈਂ ਸਵੇਰ ਦੇ ਗੇ ਨੇ ਮੂੰਹ ਹਨੇਰੇ ਤੱਕ ਘਰੇ ਵੜਨਾ। ਉਧਰੋਂ ਮੈਂ ਘਰੇ ਵੜ੍ਹਨਾਂ ਦੂਜੇ ਪਾਸਿਉ ਪ੍ਰੀਤੋ ਨੇ ਕੁੜੀਆਂ ਨੂੰ ਨਾਲ ਲੈ ਕੇ ਤੁਰੇ ਆਉਣਾਂ। ਮੰਜੇ ਤੇ ਪਏ ਨੇ ਕਈ ਵਾਰੀ ਸੋਚਣਾਂ ਬਈ ਆਹ ਸਰਪੈਂਚੀ ਆਲਾ ਪੰਗਾ ਲੈ ਕੇ ਤਾਂ ਗਲ 'ਚ ਸਿਆਪਾ ਈ ਪਾ ਲਿਆ ਚੰਦਾ ਤੂੰ। ਉਹਦੀ ਕਹੀ ਗੱਲ ਚੇਤੇ ਆਉਣੀਂ ਬਈ ਸਰਪੈਂਚੀ ਤਾਂ ਮੈਂ ਆਵਦੇ ਘਰੇ ਝਾੜੂ ਲਾਉਣ ਲਾਦੂੰ। ਸਾਰੀ ਰਾਤ ਪਏ ਦੀ ਨੀਂਦ ਹਰਾਮ ਹੋਈ ਰਹਿਣੀਂ ਸੋਚਣਾਂ ਬਈ ਜੋ ਮੈਂ ਚਹੁੰਦਾ ਸੀ ਉਹ ਤਾਂ ਹੋਇਆ ਨੀ ਉਲਟਾ ਉਹ ਹੋ ਗਿਆ ਜੋ ਉਹ ਚਹੁੰਦਾ ਸੀ। ਸਰਪੈਂਚੀ ਤਾਂ ਫੇਰ ਬਖਸ਼ੇ ਕੋਲ ਈ ਰਹਿਗੀ। ਪੈਸਾ ਸਾਰਾ ਬਖਸ਼ਾ ਖਾਈ ਜਾਂਦਾ ਤੇ ਤੂੰ ਰਹਿ ਗਿਆ ਸੀਰੀ ਦਾ ਸੀਰੀ। ਜੱਗੇ ਨੇ ਠੀਕ ਈ ਕਿਹਾ ਸੀ। ਉਂਝ ਕਈ ਵਾਰੀ ਮਨ 'ਚ ਆਉਣੀ ਬਈ ਸਰਪੈਂਚੀ ਜੱਗੇ ਨੂੰ ਲਿਖ ਦਿਆਂ ਬਈ ਭਰਾਵਾਂ ਤੂੰ ਸਾਂਭ ਲੈ ਮੈਥੋਂ ਨੀ ਰੱਖ ਹੁੰਦੀ। ਫੇਰ ਇਹਦੇ ਵੱਲ ਧਿਆਨ ਜਾਣਾ ਬਈ ਇਹ ਕੀ ਸੋਚੂਗਾ। ਵੀ ਮੈਂ ਇਹਨੂੰ ਏਨੀ ਮਿਹਨਤ ਕਰਕੇ ਮੂਹਰੇ ਲਾਇਆ ਤੇ ਇਹ ਹੁਣ ਵਿਰੋਧੀਆਂ ਦੇ ਗੁੱਟ 'ਚ ਜਾ ਰਲਿਆ। ਬਸ ਆਹੀ ਗੱਲਾਂ ਸੋਚ ਕੇ ਮੈਂ ਇਹਦੇ ਨਾਲ ਅੱਗੇ ਅੱਗੇ ਤੁਰਿਆ ਗਿਆ ਜੀ। ਥੋਨੂੰ ਪਤਾ ਬਈ ਗਰੀਬ ਬੰਦਾ ਛੇਤੀ ਕੀਤਿਆਂ ਕਿਸੇ ਦਾ ਲੂਣ ਹਰਾਮ ਨੀ ਕਰਦਾ ਹੁੰਦਾ।

ਫੇਰ ਇੱਕ ਦਿਨ ਬਖਸ਼ੇ ਦੀ ਹਵੇਲੀ ਕਣਕ ਦਾ ਭਰਿਆ ਟਰੱਕ ਆਇਆ। ਮੈਨੂੰ ਕਹਿੰਦਾ ਚੰਦ ਸਿਹਾਂ ਆਹ ਕਣਕ ਨਰੇਗਾ ਸਕੀਮ ਆਲਿਆਂ ਵਾਸਤੇ ਆਈ ਐ। ਬਈ ਜੇਹੜੇ ਲੋਕਾਂ ਤੋਂ ਆਪਾਂ ਪਿੰਡ ਦਾ ਕੰਮ ਕਰਾਉਨੇ ਆ ਉਨਾਂ ਨੂੰ ਦੇਣੀ ਆ ਵੀਹ ਵੀਹ ਕਿਲੋ। ਪਰ ਯਾਰ ਆਪਣੇ ਪਿੰਡ ਤਾਂ ਨਰੇਗਾ ਸਕੀਮ ਆਲਿਆ ਤੋਂ ਕੋਈ ਕੰਮ ਈ ਨੀ ਲਿਆ ਕਣਕ ਕੀਹਨੂੰ ਦੇਈਏ। ਉ ਇਹੋ ਜੀਆਂ ਚੀਜਾਂ ਦਾ ਕੋਈ ਰਕਾਟ ਰਕੂਟ ਨੀ ਹੁੰਦਾ। ਸਭ ਮੂੰਹ ਜਬਾਨੀ ਆਲੀਆਂ ਗੱਲਾਂ ਹੁੰਦੀਆਂ। ਤੂੰ ਐਂ ਕਰ, ਜਿਹੜੀ ਲਜਾਣੀਂ ਐਂ ਲੈ ਜਾ ਵਿਚੋਂ ਘਰ ਖਾਣ ਨੂੰ, ਨਿਆਣਿਆ ਦਾ ਸਿਆਲ ਸੌਖਾ ਲੰਘਜੂਗਾ। ਬਾਕੀ ਦੀ ਕਣਕ ਆਪਾਂ ਵੇਚ ਦਿੰਨੇ ਆਂ ਜਿਹੜੇ ਪੈਸੇ ਵੱਟੇ ਜਾਣਗੇ ਉਹ ਪਚੈਤੀ ਮਤਾ ਪਾਸ ਕਰਕੇ ਵੇਹੜੇ ਦੀ ਧਰਮਸ਼ਾਲਾ ਬਣਵਾਂ ਦਿਆਂਗੇ।

ਮੈਂ ਮਨ 'ਚ ਸੋਚਿਆ ਬਈ ਜੇ ਇਹ ਸਾਰਾ ਕੁਸ਼ ਵੱਢੀ ਤੁਰਿਆ ਆਉਂਦਾ ਫਿਰ ਸਾਡੇ ਕਿਹੜਾ ਢਿੱਡ ਨੀ ਲੱਗਾ ਹੋਇਆ। ਫੇਰ ਮੇਰੇ ਮਨ 'ਚ ਵੀ ਬਦੀ ਆਗੀ ਜੀ। ਮੈਂ ਕਿਹਾ ਸਰਦਾਰ ਸਾਬ ਐਂ ਕਰੋਂ ਫਿਰ ਦਸ ਬੋਰੀਆਂ ਮੈਨੂੰ ਦੇ ਦਿਉ। ਉਹਨੇ ਮੇਰੀ ਸਹਿਮਤੀ ਲੈ ਕੇ ਖਾਲੀ ਕਾਗਤ ਦੀ ਹੇਠਲੀ ਨੁਕਰ ਤੇ ਮੇਰਾ ਗੂਠਾ ਲਵਾ ਲਿਆ। ਮੇਰੇ ਮਗਰ ਈ ਬਾਕੀ ਮੈਂਬੀਬਰਾਂ ਨੇ ਵੀ ਗੂਠੇ ਚੇਪਤੇ ਤੇ ਮਤਾ ਇਹਨੇ ਆਵਦੇ ਹਸਾਬ ਨਾਲ

ਲਿਖ ਲਿਆ। ਲਉ ਜੀ ਫਿਰ ਅਗਲੇ ਈ ਦਿਨ ਇਹਨੇ ਕਣਕ ਦਾ ਟਰੱਕ ਕਾਲੇ ਦੀ ਆੜ੍ਹਤ ਤੇ ਜਾ ਮੂਧਾ ਮਾਰਿਆ। ਉਨਾ ਪੈਸਿਆਂ ਬਾਰੇ ਮੈਂ ਕਈ ਵਾਰੀ ਇਹਤੋਂ ਪੁੱਛਿਆ ਪਰ ਇਹ ਪਿਉ ਦਾ ਪੁੱਤ ਨਿਆਂ ਕਿਥੋਂ ਦਿੰਦਾ। ਮੈਂ ਮਨੋ ਮਨੀ ਅੰਦਰੋਂ ਡਰਨਾ ਬਈ ਵਰੋਧੀ ਪਾਲਟੀ ਬੜੀ ਭੈੜੀ। ਕੱਲ ਨੂੰ ਜੇ ਕਿਸੇ ਨੇ ਗੱਲ ਚੱਕਲੀ ਇਹ ਸਾਲਾ ਆਪ ਤਾਂ ਮਰੂ ਨਾਲ ਮੇਰੀ ਵੀ ਗਰੀਬ ਮਾਰ ਕਰਵਾਊ। ਪਰ ਜੱਗਾ ਬੰਦਾ ਵਧੀਆ ਜੀ ਉਹ ਛੇਤੀ ਕੀਤਿਆਂ ਕਿਸੇ ਦਾ ਮਾੜਾ ਨੀ ਕਰਦਾ ਹੁੰਦਾ। ਪਰ ਫੇਰ ਵੀ ਥੋਨੂੰ ਪਤਾ ਜੀ ਹਾਰਿਆ ਹੋਇਆ ਬੰਦਾ ਜ਼ਖ਼ਮੀ ਸੱਪ ਵਰਗਾ ਹੁੰਦਾ, ਕੇਹੜੇ ਵੇਲੇ ਡੰਗ ਜੇ ਕੋਈ ਪਤਾ ਨੀ ਲਗਦਾ। ਬਸ ਐਹੋ ਜੀਆਂ ਗੱਲਾਂ ਮਨ ਨੂੰ ਟਿਕਣ ਨੀ ਦਿੰਦੀਆਂ। ਪਰ ਇਹਦੇ ਬਾਰੇ ਮੈਂ ਸੋਚ ਲਿਆ ਜੀ ਬਈ ਕੋਈ ਨੀ ਪੁੱਤ ਤੂੰ ਮੈਨੂੰ ਸੰਦ ਵਾਂਗੂੰ ਵਰਤ ਤਾਂ ਰਿਹੈਂ। ਪਰ ਜੇ ਟੈਮ ਆਉਣ ਤੇ ਤੇਰੀ ਵੀ ਬਰਾਬਰ ਮੰਜੀ ਨਾ ਠੋਕੀ ਤਾਂ ਮੈਨੂੰ ਵੀ ਪਿਓ ਦਾ ਪੁੱਤ ਨਾ ਆਖੀਂ। ਮੋਟੀ ਸਾਰੀ ਗਾਲ ਉਦਣ ਮੇਰੇ ਸੰਘ ਚੋਂ ਨਿਕਲੀ ਸੀ ਇਹਨੂੰ। ਨਈਂ ਮੈਂ ਕਦੀ ਸਰਦਾਰ ਜੀ ਤੋਂ ਬਿਨਾਂ ਨੀ ਸੀ ਬੋਲਿਆ ਇਹਨੂੰ।

ਅਗਲੇ ਦਿਨ ਸਵੇਰੇ ਦਸ ਕੁ ਵਜੇ ਨਾ ਜੀ ਮੈਂ ਖੇਤਾਂ ਦੀ ਗੇੜੀ ਮਾਰ ਕੇ ਰਾਹੋ ਰਾਹ ਤੁਰਿਆ ਆਵਾਂ। ਰਾਹ 'ਚ ਜਾਂਦੇ ਪਚੈਤ ਸੈਕਟਰੀ ਨੇ ਮੈਨੂੰ ਰੋਕ ਲਿਆ। "ਹਾਂ ਬਈ ਸਰਪੈਂਚਾ ਕੀ ਬਣਿਆਂ ਫੇਰ ਪੈਂਸ਼ਨਾਂ ਆਲੇ ਕੇਸ ਦਾ। ਲੱਭੇ ਬੰਦੇ ਕਿ ਨਈ ਫੇਰ।"

"ਬੰਦੇ ਕਾਹਦੇ ਲੱਭਣੇ ਸੀ ਯਾਰ, ਉਹ ਗੱਲ ਤਾਂ ਰੌਲੇ ਗੌਲੇ 'ਚ ਈ ਪੈਗੀ ਸਾਰੀ। ਇਹਨੂੰ ਕਈ ਵਾਰੀ ਪੁੱਛਿਆ ਇਹ ਕੁਸ਼ ਦਸਦਾ ਈ ਨੀਂ।"

"ਦੇਖ ਲਾ ਬਈ ਸਰਪੈਂਚਾ, ਤੂੰ ਹੈਗਾਂ ਭਲਾਮਾਣਸ ਬੰਦਾ ਜੇ ਕੱਲ ਨੂੰ ਕਿਸੇ ਨੇ ਗੱਲ ਚੱਕਲੀ ਤਾਂ ਫਿਰ ਤੇਰੇ ਤੇ ਈ ਆਉਣੀ ਆਂ। ਇਹ ਪੈਂਸ਼ਨਾਂ ਕਈ ਮਹੀਨਿਆਂ ਦੀਆਂ ਚਲਦੀਆਂ। ਜੇ ਕੋਈ ਫਸ ਗਿਆ ਤਾਂ ਸਾਰੇ ਪੈਸੇ ਮੋੜਨੇ ਪੈਣਗੇ ਤੇ ਉਤੋਂ ਸਜਾ ਵੱਖਰੀ। ਚਾਰ ਸੌ ਵੀਹ ਦਾ ਕੇਸ ਸਿੱਧਾ ਪੈਣਾਂ। ਇਹਦਾ ਜਾਣਾਂ ਕੁਸ਼ ਨੀ ਤੇ ਤੇਰਾ ਰਹਿਣਾਂ ਕੱਖ ਨੀ। ਪਰ ਫੇਰ ਵੀ ਤੇਰਾ ਬਚਾਅ ਹੋ ਸਕਦਾ ਜੇ ਮੇਰੀ ਮੰਨੇ ਤਾਂ ਤੈਨੂੰ ਇੱਕ ਕਾਢ ਦਸ ਦਿੰਨਾਂ।

"ਉਹ ਕੀ...?"

"ਤੂੰ ਡੀ ਡੀ ਪੀ ਓ ਨੂੰ ਦਰਖਾਸਤ ਲਿਖ ਦੇ ਦੇ ਕੇ ਬਈ ਆਹ ਸਾਰੇ ਬੰਦੇ ਮੇਰੇ ਪਿੰਡੋਂ ਚਲੇ ਗਏ ਆ। ਇਹਨਾਂ ਦੀਆਂ ਪੈਂਸ਼ਨਾਂ ਕੱਟੀਆਂ ਜਾਣ। ਆਪੇ ਸਾਰੇ ਮਸਲੇ ਹੱਲ ਹੋ ਜਾਣਗੇ।"

"ਹਾਂ ਇਹ ਤੇਰੀ ਗੱਲ ਠੀਕ ਐ... ਇਵੇਂ ਵੀ ਕਰਦੇ ਆਂ।"

ਅਗਲੇ ਈ ਦਿਨ ਜੀ ਮੈਂ ਕਚਹਿਰੀਉਂ ਦਰਖਾਸਤ ਲਿਖਵਾਈ ਤੇ ਪੁੱਛਦਾ ਪੁਛਾਂਉਂਦਾ ਡੀ ਡੀ ਪੀ ਓ ਦੇ ਦਫ਼ਤਰ ਜਾ ਵੱਜਾ। ਅਗੇ ਉਹਦਾ ਚਪੜਾਸੀ ਬੂਹੇ ਮੂਹਰੇ ਬੈਠਾ ਜਰਦਾ ਮਲੀ ਜਾਵੇ। ਮੈਂ ਉਹਨੂੰ ਕਿਹਾ ਬਈ ਸਾਬ ਨੂੰ ਮਿਲਣੈਂ। ਉਹ ਅੱਗੋਂ ਜਰਦੇ ਤੇ ਤਾੜੀ ਮਾਰ ਕੇ ਕਹਿੰਦਾ... ਕੀ ਕੰਮ ਐਂ।

"ਮੈਂ ਸ਼ੇਰਪੁਰ ਦਾ ਸਰਪੈਂਚ ਚੰਦ ਸਿਹੁੰ ਆਂ ਜੀ। ਮੈਂ ਸਾਬ ਨੂੰ ਮਿਲਣ ਆਇਆ ਕੰਮ ਆ ਉਨ੍ਹਾਂ ਤਾਂਈ।"

"ਉਹ ਪਤੰਦਰ ਹੱਸ ਕੇ ਅਗੋਂ ਕਹਿੰਦਾ ਤੇਰੇ ਅਰਗੇ ਪਤਾ ਨੀ ਕਿੰਨੇ ਇਥੇ ਚੰਦ ਤਾਰੇ ਸਾਰਾ ਦਿਨ ਤੁਰੇ ਰਹਿੰਦੇ ਐ। ਤੂੰ ਕੰਮ ਦੱਸ ਕੰਮ।"

"ਮੈਂ ਆਹ ਦਰਖਾਸਤ ਦੇਣ ਆਇਆ। ਮੇਰੇ ਪਿੰਡ ਦੀਆਂ ਕਈ ਪੈਸ਼ਨਾਂ ਕਟਾਉਣੀਆਂ।"

"ਹੈਅ... । ਪੈਂਸ਼ਨਾ ਕਟਾਉਣੀਆਂ ਇਥੇ ਲੋਕ ਪੈਂਸ਼ਨਾ ਲਵਾਉਣ ਨੂੰ ਤਰਲੇ ਮਾਰਦੇ ਐ ਤੂੰ ਕਟਾਉਣ

ਆ ਗਿਐਂ। ਚਲੋ ਕੋਈ ਗੱਲ ਨੀ ਐਂ ਕਰ ਔਹ ਜਿਹੜੀ ਥੜੀ ਬਣੀਂ ਐ ਨਾ ਬਰੋਟੇ ਥੱਲੇ, ਉਹਦੇ ਤੇ ਜਾ ਕੇ ਬੈਠ। ਸਾਥ ਅਜੇ ਆਏ ਨੀ, ਜਦੋਂ ਆਗੇ ਵਾਜ ਮਾਰ ਲੂੰਗਾ।''

''ਕਿਉਂ ਆਏ ਕਿਉਂ ਨੀ ਬਾਹਰ ਬੱਤੀ ਆਲੀ ਗੱਡੀ ਤਾਂ ਖੜ੍ਹੀ ਐਂ।''

''ਜਾਹ ਜਾ ਕੇ ਕੱਢ ਲਾ ਫਿਰ ਗੱਡੀ ਚੋਂ। ਜਦੋਂ ਤੈਨੂੰ ਇੱਕ ਵਾਰੀ ਕਹਿਤਾ ਬਈ ਨਈਂ ਆਏ ਤਾਂ ਫਿਰ ਨਈਂ ਆਏ।'' ਮੇਰੀ ਜੇਬ ਵੱਲ ਵੇਖ ਕੇ ਉਹ ਖਿਝ ਕੇ ਬੋਲਿਆ।

ਮੈਂ ਉਹਦੀਆਂ ਗੱਲਾਂ ਤੋਂ ਸਮਝ ਗਿਆ ਬਈ ਉਹ ਕੀ ਭਾਲਦਾ ਅੰਦਰ ਜਾਣ ਦੇਣ ਦਾ। ਮੈਂ ਪੰਜਾਹ ਦਾ ਨੋਟ ਕੱਢ ਕੇ ਉਹਦੀ ਮੁੱਠੀ 'ਚ ਦੇਤਾ। ਦਰਖਾਸਤ ਫੜ ਕੇ ਉਹ ਮੁਸਕੜੀਆਂ 'ਚ ਹੱਸਦਾ ਅੰਦਰ ਚਲਾ ਗਿਆ। ਮੈਂ ਮਨ 'ਚ ਸੋਚਿਆ ਬਈ ਲੈ ਲਾ ਚਪੜਾਸੀਆ ਤੂੰ ਵੀ ਨਜੈਜ ਫੈਦਾ ਤੇਰਾ ਹੁਣ ਟੈਮ ਆਂ।

ਪੰਜ ਕੁ ਮਿੰਟ ਬਾਦ ਬਾਹਰ ਆ ਕੇ ਉਹ ਮੈਨੂੰ ਕਹਿੰਦਾ ਜਾਓ ਸਰਪੈਂਚ ਸਾਬ ਥੋਨੂੰ ਸਾਬ ਬੁਲਾ ਰਹੇ ਆ। ਮੈਂ ਜੀ ਭਰਾ ਪੀਤਾ ਦਫਤਰ ਦੇ ਅੰਦਰ ਚਲਾ ਗਿਆ। ਦਰਖਾਸਤ ਪੜ੍ਹ ਕੇ ਡੀ ਡੀ ਪੀ ਓ ਮੈਨੂੰ ਕਹਿੰਦਾ ਸਰਪੈਂਚਾ ਆਹ ਕੀ ਕਰਨ ਲੱਗਾ ਤੂੰ। ਆਹ ਪੈਂਸ਼ਨਾਂ ਤਾਂ ਤੁਸੀਂ ਆਪ ਈ ਲਵਾਈਆਂ ਸੀ ਤੇ ਹੁਣ ਆਪ ਈ ਕਟਾਉਣ ਆ ਗਿਐਂ।''

''ਅਸਲ 'ਚ ਇਹ ਬੰਦੇ ਮੇਰੇ ਪਿੰਡੋਂ ਚਲੇ ਗਏ ਆ ਜੀ। ਤਾਂ ਹੀ ਕਟਾਉਣ ਲੱਗੇ ਆਂ ਜੀ।

ਉਹ ਤਾਂ ਠੀਕ ਐ ਪਰ ਮੈਂ ਤੇਰੇ ਕੱਲੇ ਦੇ ਕਹਿਣ ਤੇ ਇਹ ਪੈਂਸ਼ਨਾਂ ਨੀ ਕੱਟ ਸਕਦਾ। ਬਾਕੀ ਮੈਂਬੀਬਰਾਂ ਦੀ ਵੀ ਸਹਿਮਤੀ ਜ਼ਰੂਰੀ ਆ। ਤੁਸੀਂ ਉਨ੍ਹਾਂ ਦੇ ਸਾਈਨ ਕਰਾ ਕੇ ਲੈ ਆਉ ਆਪਾਂ ਕੱਟ ਦਿਆਂਗੇ।''

ਮੈਂ ਮੂੰਹ ਢਿੱਲਾ ਜਿਆ ਕਰਕੇ ਉਥੋਂ ਮੁੜ ਆਇਆ ਜੀ। ਮੈਨੂੰ ਪਤਾ ਉਹ ਸਰਦਾਰ ਵੀ ਬਖਸ਼ੇ ਨੂੰ ਜਾਣਦਾ ਸੀ। ਮੈਂ ਕਈ ਵਾਰੀ ਉਹਨੂੰ ਹਵੇਲੀ ਤੇ ਆਇਆਂ ਵੇਖਿਆ ਸੀ ਮੈਨੂੰ ਪੱਕਾ ਯਕੀਨ ਸੀ ਬਈ ਉਹ ਬਖਸ਼ੇ ਨੂੰ ਜ਼ਰੂਰ ਦੱਸੂਗਾ ਇਹਦੇ ਬਾਰੇ। ਕਿਉਂਕਿ ਇਹ ਚੋਰ ਕੁੱਤੀ ਸਾਰੇ ਰਲੇ ਹੋਏ ਆ ਜੀ। ਇਹੋ ਜੇ ਲੋਕਾਂ ਨੇ ਵੀ ਤਾਂ ਦੇਸ਼ ਦਾ ਭੱਠਾ ਬਠਾਇਆ ਹੋਇਆ। ਸੰਤਰੀ ਤੋਂ ਲੈ ਕੇ ਮੰਤਰੀ ਤੱਕ ਸਾਰੇ ਵੱਢੀ ਖੋਰ ਆ ਜੀ ਹੁਣ। ਇਥੇ ਤਾਂ ਹੁਣ ਨਿੱਕੇ ਨਿੱਕੇ ਬੰਦੇ ਈ ਨੀ ਮਾਣ। ਆਹ ਚਪੜਾਸੀ ਦੀ ਹੀ ਗੱਲ ਲੈ ਲੋ। ਜਦੋਂ ਫੇਰੇ ਦੇਣੇਂ ਨੂੰ ਪੰਜਾਹ ਦਾ ਨੋਟ ਦੇਤਾ ਉਦੋਂ ਸਰਪੈਂਚ ਸਾਬ, ਸਰਪੈਂਚ ਸਾਬ ਕਰਦਾ ਫਿਰੇ, ਨਈਂ ਮੈਨੂੰ ਧੁਪੇ ਈ ਬਹਿਣ ਨੂੰ ਕਹੀ ਜਾਵੇ। ਉਂ ਮੈਂ ਇੱਕ ਚੀਜ ਵੇਖ ਲੀ ਆ ਜੀ ਹੁਣ ਦੁਨੀਆਂ 'ਚ। ਬਈ ਬੰਦੇ ਦੀ ਤਾਂ ਹੁਣ ਬੁਕਤ ਈ ਨੀ ਰਹੀ ਹਰ ਪਾਸੇ ਪੈਸਾ ਈ ਪ੍ਰਧਾਨ ਹੋ ਗਿਐ। ਜੇ ਥੋਡੀ ਜੇਬ 'ਚ ਪੈਸਾ ਹੈਗਾ ਤਾਂ ਸਾਰੇ ਜੀ ਜੀ ਕਰਦੇ ਆ ਨਈਂ ਤਾਂ ਕੋਈ ਨੀ ਸਿਆਣਦਾ ਅੱਜ ਕੱਲ। ਪਤਾ ਨੀ ਇਸ ਕਾਗਤ ਦੇ ਟੁਕੜੇ ਨੂੰ ਬਨਾਉਣ ਵਾਲੇ ਨੇ ਐਹੋ ਜੀ ਕੇਹੜੀ ਸ਼ੈਅ ਭਰਤੀ ਏਹਦੇ 'ਚ ਬਈ ਬੰਦਾ ਇਹਤੋਂ ਬਿਨਾ ਇਕ ਪੈਰ ਨੀ ਪੱਟਦਾ। ਅਮਲੀਆਂ ਆਗੂੰ। ਇਨਸਾਨੀਅਤ ਆਲੀ ਤਾਂ ਹੁਣ ਕੋਈ ਗੱਲ ਈ ਨੀ ਰਹੀ ਲੋਕਾਂ 'ਚ। ਐਹੋ ਜੀਆਂ ਗੱਲਾਂ ਸੋਚਦਾ ਮੈਂ ਪਿੰਡ ਆਲੀ ਬੱਸ ਬਹਿ ਗਿਆ ਜੀ।

ਜਦੋਂ ਮੈਂ ਘਰ ਦੇ ਮੂਹਰੇ ਆਇਆ ਤਾਂ ਬੂਹੇ ਦੀਆਂ ਝੀਥਾਂ ਥਾਣੀਂ ਮੈਂ ਕੀ ਵੇਖਦਾਂ? ਬਖਸ਼ਾ ਵੇਹੜੇ 'ਚ ਮੰਜੇ ਤੇ ਬੈਠਾ ਮੋਬੈਲ ਤੇ ਕਿਸੇ ਨਾਲ ਗੱਲਾਂ ਕਰੀ ਜਾਵੇ ਮੈਨੂੰ ਲੱਗਾ ਜਿਵੇਂ ਡੀ. ਡੀ. ਪੀ ਓ ਨਾਲ ਗੱਲਾਂ ਕਰ ਰਿਹਾ ਹੋਵੇ। ਥੋੜਾ ਜਿਆ ਧਿਆਨ ਨਾਲ ਸੱਜੀ ਅੱਖ ਦਾ ਡੇਲਾ ਘੁਮਾ ਕੇ ਜਦੋਂ ਮੈਂ ਝੀਥ ਵਿਚਦੀ ਵੇਹੜੇ 'ਚ ਨਜ਼ਰ ਘੁਮਾਈ ਤਾਂ ਮੇਰੇ ਪੈਰਾਂ ਹੇਠਲੀ ਧਰਤੀ ਘੁੰਮਗੀ। ਗਿੱਲ ਪਟਵਾਰੀ ਸਾਡੇ ਕੋਠੇ ਦੇ ਬੂਹੇ 'ਚ ਪ੍ਰੀਤੋ ਨੂੰ ਕਲਾਵੇ 'ਚ ਭਰੀ ਖੜਾ ਸੀ। ਉਹਨੂੰ ਵੇਖ ਕੇ ਮੇਰੀਆਂ ਅੱਖਾਂ ਅਗੇ ਭੰਬੂਤਾਰੇ ਨੱਚਣ ਲਗਪੇ। ਥੋਡੀ

ਓ ਭੈਣ ਦੀ ਸਾਲਿਓ ਮੇਰੇ ਈ ਘਰ ਨੂੰ ਸੰਨ੍ਹ ਲਾ ਲਿਆ। ਉੱਚੀ ਸਾਰੀ ਲੇਰ ਮੇਰੇ ਲੰਘ ਚੋਂ ਨਿਕਲੀ। ਪਰ ਜਿਵੇਂ ਲੇਰ ਦੀ ਅਵਾਜ਼ ਬਾਹਰ ਆਉਣ ਦੀ ਥਾਂ ਮੇਰੇ ਅੰਦਰ ਈ ਲਹਿਗੀ ਕਿਧਰੇ। ਖੜੇ ਦਾ ਹਲਕ ਸੁੱਕ ਗਿਆ। ਗਲਾ ਤਰ ਕਰਨ ਨੂੰ ਜੀਭ ਤੇ ਥੁਕ ਵੀ ਨਾ ਬਚਿਆ। ਕੰਧ ਦੀ ਢੋਅ ਲਾ ਕੇ ਮੈਂ ਸਿਰ ਫੜ੍ਹ ਕੇ ਹੇਠਾਂ ਬਹਿ ਗਿਆ। ਬਖਸ਼ਾ ਤੇ ਪਟਵਾਰੀ ਪਿਛਲੇ ਬੂਹੇ ਥਾਂਣੀ ਚਲੇ ਗਏ। ਬਖਸ਼ੇ ਦੇ ਸਟਾਟ ਹੋਏ ਮੋਟਰਸੈਕਲ ਦੀ ਅਵਾਜ਼ ਨੇ ਮੈਨੂੰ ਹਲੂਣਿਆਂ। ਉਥੋਂ ਉੱਠ ਕੇ ਮੈਂ ਘਰ ਦੇ ਅੰਦਰ ਗਿਆ। ਪੁਛੋ ਨਾ ਜੀ ਬਈ ਜਿਵੇਂ ਬੰਦਾ ਵੇਲੇ ਕੁਵੇਲੇ ਸ਼ਾਮਸ਼ਾਨ ਘਾਟ ਵੱਲ ਜਾਣ ਤੋਂ ਡਰਦਾ ਨਾ, ਉਵੇਂ ਮਸੂਸ ਹੋਈ ਜਾਵੇ। ਜਿਵੇਂ ਮੈਂ ਬਲਦੇ ਸਿਵੇ ਦੇ ਸਰਾਂਹਣੇ ਜਾ ਖੜਾ ਹੋਇਆ ਹੋਵਾਂ। ਹਰ ਪਾਸੇ ਭੂਤ ਨਾਚ ਨਜ਼ਰ ਆਈ ਜਾਵੇ। ਪ੍ਰੀਤੋ ਸਹਿਮੀ ਜਿਹੀ ਬਿਟਰ ਬਿਟਰ ਮੇਰੇ ਮੂੰਹ ਵੱਲ ਝਾਕੀ ਜਾਵੇ। ਮੈਂ ਨੀਵੀਂ ਪਾਈ ਹੇਠਾਂ ਝਾਕੀ ਜਾਵਾਂ ਜਿਵੇਂ ਪੈਰਾਂ ਵਿੱਚ ਈ ਨਿਘਰ ਜਾਣਾਂ ਚਾਹੁੰਦਾ ਹੋਵਾਂ। ਮੈਥੋਂ ਧੱਕੇ ਨਾਲ ਉਹਤੋਂ ਐਨਾ ਈ ਪੁੱਛ ਹੋਇਆ ਬਈ ਕੁੜੀਆਂ ਕਿਥੇ ਆ।

''ਉਹ ਹਵੇਲੀ ਤੇ ਹੋਣਗੀਆਂ, ਬੀਬੀ ਜੀ ਕਹਿੰਦੀ ਸੀ ਘਰ ਦੀ ਸਾਫ਼ ਸਫ਼ਾਈ ਕਰਾ ਕੇ ਭੇਜ ਦੇਊਂਗੀ।''

ਤੜਾਕ ਕਰਦੀ ਚਪੇੜ ਮੈਂ ਪ੍ਰੀਤੋ ਦੇ ਮੂੰਹ ਤੇ ਮਾਰੀ। ਭੈਣ ਚੋ ਸਾਲੀਏ ਤੂੰ ਮੇਰੀ ਇੱਜਤ ਦੀ ਰਾਖੀ ਉਨਾਂ ਕੁੱਤਿਆਂ ਨੂੰ ਬਠਾ ਆਈਂ ਐਂ ਜਿਨਾਂ ਨੂੰ ਇੱਜ਼ਤ ਨਾਂ ਦੀ ਕਿਸੇ ਚੀਜ਼ ਦਾ ਪਤਾ ਈ ਨੀ। ਮੈਂ ਵਾਹੋਦਾਹ ਹਵੇਲੀ ਵੱਲ ਨੂੰ ਭੱਜ ਤੁਰਿਆ। ਐਂ ਲਗੇ ਜਿਵੇਂ ਜੇ ਮੈਂ ਛੇਤੀ ਨਾ ਪਹੁੰਚਿਆ ਤਾਂ ਪਤਾ ਨੀ ਕੀ ਅਨਰਥ ਹੋਜੂ। ਜਿਨਾਂ ਚਿਰ ਕੁੜੀਆਂ ਨੂੰ ਸਹੀ ਸਲਾਮਤ ਨਾ ਦੇਖ ਲਿਆ ਉਨਾਂ ਚਿਰ ਦਿਲ ਅਹਿਰਣ ਤੇ ਵਜਦੇ ਹਥੋੜੇ ਵਾਂਗੂੰ ਠਕ ਠਕ ਕਰਦਾ ਰਿਹਾ। ਜੇਹੜੀ ਹਵੇਲੀ ਨੂੰ ਮੈਂ ਬਚਪਨ ਤੋਂ ਲੈ ਕੇ ਜਵਾਨੀ ਤੱਕ ਆਪਣੀ ਸਮਝਦਾ ਰਿਹਾ ਸੀ ਉਹ ਹੁਣ ਮੇਰੇ ਲਈ ਬਗਾਨੀ ਹੋਗੀ ਸੀ। ਪਤਾ ਨੀ ਕਿਉਂ ਵੱਢਿਆਂ ਰੂਹ ਨੀ ਕਰਦੀ ਹੁਣ ਉਧਰ ਮੂੰਹ ਕਰਨ ਨੂੰ ਵੀ। ਹੁਣ ਨੀ ਜਾਂਦਾ ਮੈਂ ਉਥੇ।

ਹੈਅ ਜੀ... ਨਈਂ ਜੀ ਨਈ...। ਥੋਨੂੰ ਪਤਾ ਫਿਰ ਕੰਟਰੋਲ ਤਾਂ ਬੰਦੇ ਨੂੰ ਕਰਨਾ ਈ ਪੈਐਦਾ ਜੀ। ਵੈਸੇ ਵੀ ਜੇਹੜੇ ਬੰਦੇ ਦਾ ਘਰ 'ਚ ਕੰਟਰੋਲ ਨਾ ਹੋਵੇ ਉਹ ਬਾਹਰ ਜਾ ਕੇ ਕੀ ਗੱਲ ਕਰਲੂ। ਉਂ ਮੈਨੂੰ ਪਤਾ ਬਈ ਪ੍ਰੀਤੋ ਐਹੋ ਜੀ ਜਨਾਨੀ ਨੀ। ਬੜੀ ਸਿਦਕ ਆਲੀ ਬੁੜੀ ਆ ਜੀ ਉਹ। ਬੜੀਆਂ ਹਵਾਵਾਂ ਵਗੀਆਂ ਮੇਰੇ ਤੇ ਪਰ ਪਿਓ ਦੀ ਧੀ ਕਦੀ ਡੋਲੀ ਸੀ, ਪੈਰ ਪੈਰ ਤੇ ਪੂਰਾ ਸਾਥ ਦਿੱਤਾ ਮੇਰਾ। ਪਰ ਉਦੋਂ ਪਤਾ ਨੀ ਉਹਨੂੰ ਕੀ ਹੋ ਗਿਆ ਸੀ। ਮੁੰਦਰਾਂ ਆਲੇ ਬਾਬਾ ਜੀ ਕਹਿੰਦੇ ਸ਼ੈਦ ਕਿਸੇ ਓਪਰੀ ਵਾਅ ਦਾ ਅਸਰ ਸੀ ਜੀਹਦੇ ਕਰਕੇ ਉਹਦੇ ਪੈਰ ਥਿਰਕ ਗਏ ਸੀ। ਕਈ ਦਿਨਾਂ ਤੱਕ ਬਾਬਾ ਜੀ ਤੋਂ ਅਸੀਂ ਝਾੜਾ ਕਰਾਉਂਦੇ ਰਹੇ ਤਾਂ ਜਾ ਕੇ ਕਿਤੇ ਉਹਦਾ ਦਮਾਗ ਟਕਾਣੇ ਆਇਆ। ਉਸਤੋਂ ਬਾਦ ਜਾਹ ਥਾਂ ਕਿਤੇ ਘਰ 'ਚ ਕੋਈ ਮਾੜਾ ਚੰਗਾ ਵੇਖਿਆ ਹੋਵੇ। ਤੇ ਅਗਲੇ ਈ ਦਿਨ ਮੈਂ ਉਹਨਾਂ ਨੂੰ ਹਵੇਲੀ ਤੇ ਜਾਣ ਤੋਂ ਵੀ ਰੋਕਤਾ। ਪ੍ਰੀਤੋ ਘਰ ਦਾ ਕੰਮ ਕਰਦੀ ਰਹਿੰਦੀ ਤੇ ਕੁੜੀਆਂ ਨੂੰ ਮੈਂ ਸਲਾਈ ਸੈਂਟਰ ਦਾ ਕੰਮ ਸਿਖਣ ਲਾਤਾ। ਬਈ ਚਲੋ ਜੋ ਟਾਂਕਾ ਪੱਲਾ ਲਾਉਣਾ ਸਿਖਗੀਆਂ ਕੱਲ ਨੂੰ ਇਨਾਂ ਦੇ ਕੰਮ ਆਊ।

ਇੱਕ ਦਿਨ ਬਖਸ਼ਾ ਫੇਰ ਆ ਗਿਆ ਜੀ ਮੇਰੇ ਘਰੇ। ਓਦਣ ਕੁਦਰਤੀਂ ਮੈਂ ਘਰੇ ਈ ਸੀ। ਆਵਦੇ ਜਣੇਂ ਆਇਆ ਤਾਂ ਉਹ ਕਿਸੇ ਹੋਰ ਕੰਮ ਸੀ ਪਰ ਮੈਨੂੰ ਘਰੇ ਵੇਖ ਕੇ ਉਹਦੇ ਮੱਥੇ ਦੀਆਂ ਤਿਊੜੀਆਂ ਡੂੰਘੀਆਂ ਹੋਗੀਆ। ਕੁੜੀਆਂ ਉਦੋਂ ਸਲਾਈ ਸੈਂਟਰ ਗਈਆਂ ਹੋਈਆਂ ਸੀ। ਮੰਜੇ ਤੇ ਬਹਿੰਦਾ ਈ ਉਹ ਬੋਲਿਆ। ਹਾਂ ਬਈ ਚੰਦ ਸਿਹਾਂ ਕੀ ਗੱਲ ਹੋਗੀ ਪ੍ਰੀਤੋ ਹੁਰੀਂ ਹਵੇਲੀ ਕਿਉਂ ਨੀ ਆਉਂਦੀਆਂ ਹੁਣ। ਤੇ ਨਾਈ ਕਦੀ ਤੂੰ

ਦਿਸਿਆਂ ਕਈ ਦਿਨਾਂ ਤੋਂ। ਦਬਕੇ ਅਗਰੀ ਉਹਦੀ ਅਵਾਜ਼ ਨੇ ਜਿਵੇਂ ਮੇਰੇ ਅੰਦਰ ਦਾਤੀ ਫੇਰਤੀ ਹੋਵੇ। ਮਨ 'ਚ ਸੋਚਿਆ ਬਈ ਫੈਹੜਾ ਚੱਕ ਲਾਂ ਤੇ ਫੇਰ ਪੁੱਛਾਂ ਬਈ ਸਾਲਿਆ ਅੱਗੇ ਤੂੰ ਘੱਟ ਕੀਤੀ ਐ, ਜੇਹੜਾ ਆਪਣੇਂ ਹੱਥੀਂ ਤੇਰੇ ਪਿਛੇ ਤੋਰ ਦਿਆਂ ਇਨ੍ਹਾਂ ਨੂੰ। ਸਾਲਾ ਅਹਿਮਦਸ਼ਾਹਾ ਨਾ ਹੋਵੇ ਤਾਂ। ਫੇਰ ਮਨ 'ਚ ਆਈ ਬਈ ਸਾਰੀ ਗਲਤੀ ਤਾਂ ਆਵਦੀ ਈ ਐ, ਜੇ ਹੁਣ ਉੱਚਾ ਬੋਲਿਆ ਤਾਂ ਲੋਕ ਸੁਣ ਕੇ ਕੀ ਕਹਿਣਗੇ। ਫੇਰ ਮੈਂ ਦੜ੍ਹ ਈ ਵੱਟ ਗਿਆ ਜੀ। ਉਹਦੇ ਨਾਲ ਹਲੀਮੀ ਨਾਲ ਈ ਗੱਲ ਕੀਤੀ।

ਨਈ ਸਰਦਾਰ ਸਾਬ ਐਸੀ ਤਾਂ ਕੋਈ ਗੱਲ ਨੀ। ਅਸਲ 'ਚ ਕੁੜੀਆਂ ਹੋਗੀਆਂ ਹੁਣ ਸਿਆਣੀਆਂ। ਥੋਨੂੰ ਪਤਾ ਬਈ ਬਗਾਨੇ ਘਰ 'ਚ ਜਾਣ ਆਲੇ ਧੀ ਪੁੱਤ ਨੂੰ ਕੰਮ ਧੰਦੇ ਦੀ ਸੋਝੀ ਹੋਣੀ ਬੜੀ ਜ਼ਰੂਰੀ ਆ। ਆਹ ਚੁੲ੍ਹੇ ਚੌਂਕੇ ਦਾ ਤਾਂ ਸੁਖ ਨਾਲ ਬਥੇਰਾ ਕਰ ਲੈਂਦੀਆਂ। ਜੇ ਸਲਾਈ ਕਢਾਈ ਦਾ ਕੰਮ ਵੀ ਸਿਖਗੀਆਂ ਕੱਲ੍ਹ ਨੂੰ ਇਨਾਂ ਦੇ ਕੰਮ ਆਊ। ਥੋਨੂੰ ਪਤਾ ਬਈ ਅੱਜ ਕੱਲ ਤਾਂ ਸਾਲੇ ਜ਼ਮਾਨੇ ਵੀ ਐਹੋ ਜੇ ਆਗੇ ਬਈ ਜੇ ਦੋਹੇਂ ਜੀਅ ਕੰਮ ਨਾ ਕਰਦੇ ਹੋਣ ਤਾਂ ਘਰ ਦਾ ਗੁਜਾਰਾ ਨੀ ਚਲਦਾ। ਇਸੇ ਕਰਕੇ ਉਨ੍ਹਾਂ ਨੂੰ ਇਧਰ ਲਾਇਆ ਜੀ।

ਠੀਕ ਐ ਚੰਦ ਸਿਹਾਂ ਜਿਵੇਂ ਤੇਰੀ ਮਰਜ਼ੀ। ਊਂ ਅਸੀਂ ਤੈਥੋਂ ਭੱਜੇ ਨੀ। ਜਦੋਂ ਲੋੜ ਹੋਈ ਦੱਸ ਦੇਵੀਂ ਚੌਵੀਂ ਘੰਟੇ ਹਾਜਰ ਆਂ ਤੇਰੇ ਲਈ। ਨਾਲੇ ਹੁਣ ਸਰਪੈਂਚੀ 'ਚ ਸਾਲ ਈ ਰਹਿ ਗਿਐ। ਜਿਹੜੇ ਨਿੱਕੇ ਮੋਟੇ ਕੰਮ ਰਹਿੰਦੇ ਐ ਨਬੇੜ ਲਈਏ ਨਈਂ ਨਵੀਂ ਪਚੈਤ ਪਤਾ ਨੀ ਕੀਹਦੀ ਬਣਨੀ ਐਂ ਫੇਰ ਐਵੇਂ ਅੜੇ ਫਿਰਨਗੇ। ਦਸ ਮਕਾਨ ਆਏ ਆ ਐਸ ਸੀ ਕੋਟੇ 'ਚ ਤੂੰ ਦੱਸ ਕੀਹਦਾ ਕੀਹਦਾ ਬਣਾਂ ਦੇਈਏ?

"ਮੈਂ ਕੀ ਕਹਿਣਾਂ ਸਰਦਾਰ ਸਾਬ ਜੀਹਦੇ ਕੱਚੇ ਆ ਉਨ੍ਹਾਂ ਦੇ ਬਣਾਂ ਦਿਓ। ਬਾਕੀ ਜਿਵੇਂ ਬਾਕੀ ਮੈਂਈਬਰ ਕਹਿੰਦੇ ਆ ਉਵੇਂ ਕਰ ਲਉ।"

ਤੂੰ ਉਨ੍ਹਾਂ ਦੀ ਛੱਡ ਆਵਦੀ ਦੱਸ। ਮੈਂ ਤਾਂ ਤੈਨੂੰ ਇਹ ਸਲਾਹ ਦਿੰਨਾਂ ਬਈ ਐਂ ਕਰਦੇ ਆਂ ਜਿਨਾਂ ਦੇ ਮਕਾਨ ਕੱਚੇ ਆ ਉਨਾਂ ਦੀ ਤਿਆਰੀ ਕਰਵਾ ਦਿੰਨੇ ਆ ਤੇ ਵਿਚੋਂ ਦੋ ਚਾਰ ਨਵੇਂ ਮਕਾਨ ਬਣਾਂ ਕੇ ਖਾਤਾ ਪੂਰਾ ਕਰ ਦਿਆਂਗੇ। ਤੂੰ ਵੀ ਬਣਾਂ ਲਈ ਵਿਚੋਂ ਆਵਦਾ ਇੱਕ ਅੱਧਾ ਕਮਰਾ। ਤੇਰੇ ਭਰਾ ਮਲਕੀਤ ਦਾ ਵੀ ਕੋਠਾ ਕੱਚਾ ਈ ਆ, ਆਪਾਂ ਉਹਦੀ ਤਿਆਰੀ ਕਰਵਾ ਦਿੰਨੇ ਆਂ। ਤੂੰ ਗੱਲ ਕਰਕੇ ਵੇਖ ਲਾ ਜੇ ਉਹ ਮੰਨਜੇ ਤਾਂ।

ਨਾ ਬਈ ਸਰਦਾਰ ਸਾਬ ਨਾ। ਮੈਂ ਨੀ ਹੁਣ ਕੋਈ ਐਹੋ ਜਾ ਕੰਮ ਕਰ ਸਕਦਾ। ਜੇ ਮਕਾਨ ਆਏ ਆ ਤਾਂ ਬਨਾਉਣੇ ਪੈਣਗੇ। ਨਈਂ ਮੈਂ ਨੀ ਕਿਸੇ ਕਾਗਤ ਤੇ ਗੂਠਾ ਲਾਉਣਾਂ ਹੁਣ। ਬਥੇਰੀ ਤੇਰੇ ਪਿਛੇ ਲਗ ਕੇ ਬੂਹ ਬੂਹ ਕਰਵਾ ਲੀ ਪਿੰਡ 'ਚ। ਸਾਰਾ ਪੈਸਾ ਧੇਲਾ ਤੂੰ ਸਾਂਭੀ ਜਾਨਾਂ ਤੇ ਬਦਨਾਮੀ ਦੇ ਹਾਰ ਮੇਰੇ ਲਈ ਛੱਡੀ ਜਾਨਾਂ। ਮੈਂ ਕੱਲ ਨੂੰ ਪਿੰਡ 'ਚ ਕੀ ਜਵਾਬ ਦੇਊਂ।

ਜੇ ਸਾਰਾ ਪੈਸਾ ਮੈਂ ਸਾਂਭੀ ਜਾਨਾ ਤਾਂ ਤੈਨੂੰ ਵੀ ਤਾਂ ਬੁਰਕੀ ਪਾਉਨਾ ਈ ਆਂ। ਤੂੰ ਕੀ ਸੋਚਦਾਂ ਬਈ ਇਹ ਮਕਾਨ ਐਵੇਂ ਆਗੇ ਆ। ਪੂਰੇ ਵੀਹ ਹਜ਼ਾਰ ਖਰਚ ਕੇ ਬਲਾਕ ਚੋਂ ਲਿਆਇਆਂ। ਐਵੇਂ ਮੁਖਤੋਂ ਮੁਖਤ ਕਿਵੇਂ ਫੜਾ ਦਿਆਂ। ਨਾਲੇ ਜਿਨਾਂ ਲੋਕਾਂ ਦਾ ਤੈਨੂੰ ਹੁਣ ਹੇਜ ਜਾਗ ਪਿਆ ਉਹ ਉਦੋਂ ਕਿਥੇ ਸੀ ਜਦੋਂ ਤੂੰ ਬੋਟਾਂ 'ਚ ਖੜਾ ਸੀ। ਇਨ੍ਹਾਂ ਸਾਰਿਆਂ ਨੇ ਪੈਸੇ ਲੈ ਕੇ ਬੋਟਾਂ ਪਾਈਆਂ। ਹੁਣ ਤੂੰ ਵੀ ਚਾਰ ਸਾਲ ਸਰਪੈਂਚੀ ਭੋਗ ਕੇ ਆਪਣੀ ਔਕਾਤ ਦਿਖਾਉਣ ਲਗ ਪਿਐਂ। ਤੇਰੇ ਤੇ ਖਰਚ ਕੀਤੇ ਪੈਸਿਆਂ ਦਾ ਤਾਂ ਅਜੇ ਵਿਆਜ ਵੀ ਨੀ ਮੁੜਿਆ ਤੇ ਆਵਦੇ ਕਰਾਰ ਤੋਂ ਵੀ ਭੱਜ ਤੁਰਿਐਂ ਹੁਣ।

ਸਾਡੀ ਗਰੀਬਾਂ ਦੀ ਕਾਹਦੀ ਔਕਾਤ ਹੁੰਦੀ ਆ ਸਰਦਾਰ ਸਾਬ। ਅਸੀਂ ਤਾਂ ਜਨਮਾਂ ਜਨਮਾਂ ਤੋਂ ਥੋਡੇ ਅਰਗਿਆਂ ਕੋਲ ਗੁਲਾਮੀ ਦੀ ਜ਼ਿੰਦਗੀ ਹੰਢਾਉਂਦੇ ਆਏ ਆਂ। ਜੇ ਥੋਡੇ ਅਰਗਾ ਕੋਈ ਸਰਮਾਏਦਾਰ ਆਵਦੀ ਭਲ ਪੂਰੀ ਕਰਨ ਨੂੰ ਸਾਨੂੰ ਮੂਹਰੇ ਲਾ ਵੀ ਲੈਂਦਾ ਫਿਰ ਉਹ ਵੀ ਅਗੋਂ ਸਾਰੀ ਉਮਰ ਜੁੱਤੀ ਹੇਠ ਰੱਖਣ ਦੀ ਕੋਸ਼ਿਸ਼ ਕਰਦਾ। ਜਿਵੇਂ ਹੁਣ ਤੂੰ ਕਰੀ ਜਾਨਾਂ। ਪਰ ਮੈਂ ਐਹੋ ਜੇ ਲੋਕਾਂ 'ਚੋਂ ਨੀ ਜਿਨਾਂ ਦੀ ਕੰਗਰੋੜ ਮਜਬੂਤ ਨੀ ਹੁੰਦੀ। ਮੇਰੇ ਅੰਦਰਲੀ ਜ਼ਮੀਰ ਜਾਗਦੀ ਆ ਅਜੇ। ਐਹੋ ਜੀ ਸਰਪੈਂਚੀ ਮਾਰਦਾਂ ਮੈਂ ਆਵਦੇ ਠਾਕਰ ਤੇ। ਜਾਹ ਚੱਕ ਲਾ ਜਾ ਕੇ ਆਵਦੀ ਸਰਪੈਂਚੀ। ਤੇਰੇ ਪਿਛੇ ਲੱਗ ਕੇ ਮੈਂ ਆਵਦਾ ਸੁਖ ਚੈਨ ਘਰ ਬਾਰ ਸਭ ਗਵਾ ਲਿਆ। ਤੂੰ ਕੀ ਕਦਰ ਪਾਈ ਮੇਰੀ। ਭੱਜ ਜਾ ਮੇਰੇ ਘਰੋਂ ਨਈਂ ਕੁਸ਼ ਹੋਰ ਨਾ ਸੁਣ ਲੀਂ ਮੈਥੋਂ।

"ਠੀਕ ਆ ਚੰਦੂ ਜੇ ਤੇਰਾ ਐਹੋ ਫੈਸਲਾ ਐ ਨਾ, ਤਾਂ ਮੇਰੇ ਨਾਲ ਹਸਾਬ ਕਰ ਲਾ ਬੈਠ ਕੇ। ਜਾਂ ਤਾਂ ਦੋ ਲੱਖ ਰਪੱਈਆ ਮੋੜ ਦੇ ਜਾਂ ਘਰ ਖਾਲੀ ਕਰਦੇ।"

"ਘਰ ਨਾ ਤੈਨੂੰ ਕੁਸ਼ ਹੋਰ ਦੇ ਦਿਆਂ।"

"ਘਰ ਈ ਦੇਣਾਂ ਪਊ ਜਾਂ ਮੇਰਾ ਸੀਰ ਕਰਨਾ ਪਊ। ਘਰ ਦਾ ਪ੍ਰਨੋਟ ਤੂੰ ਖੁਦ ਕਰਾ ਕੇ ਆਏਂਗਾ। ਸਾਲਿਓ ਤੁਸੀਂ ਤਾਂ ਸੁਹਾਗੇ ਤੇ ਬੈਠੇ ਨੀ ਮਾਣ ਜੇ ਥੋਨੂੰ ਚੌਧਰ ਮਿਲਜੇ ਤੁਸੀਂ ਅਸਮਾਨ ਨੂੰ ਟਾਕੀਆਂ ਲਾਉਣ ਲਗ ਜਾਨੇ ਆਂ। ਜਾਂ ਤਾਂ ਸਿੱਧਾ ਹੋ ਕੇ ਕੰਮ ਤੇ ਤੁਰਪਾ ਟੱਬਰ ਨੂੰ ਨਾਲ ਲੈ ਕੇ ਨਈ ਫਿਰ ਦੇਖ ਲਾ ਜੁਲੀਆਂ ਚੱਕ ਕੇ ਸੜਕ 'ਚ ਮਾਰੂ ਤੇਰੀਆਂ।"

"ਜਾਹ ਜਾਹ ਵੇਖਲਾਂਗੇ ਤੈਨੂੰ ਵੀ ਵੱਡੇ ਬਦਮਾਸ਼ ਨੂੰ।"

ਉਹ ਮੈਨੂੰ ਧਮਕੀਆਂ ਦੇ ਕੇ ਚਲਾ ਗਿਆ ਸੀ ਜੀ। ਉਹਦੇ ਜਾਣ ਤੋਂ ਬਾਦ ਮੈਨੂੰ ਹੱਥਾਂ ਪੈਰਾਂ ਦੀ ਪੈਗੀ ਜੀ, ਕਿਉਂਕਿ ਜਦੋਂ ਉਹ ਮੇਰੇ ਤੋਂ ਖਾਲੀ ਕਾਗਤਾਂ ਤੇ ਗੂਠੇ ਲਵਾਉਂਦਾ ਹੁੰਦਾ ਸੀ ਉਦੋਂ ਕਿਤੇ ਧੋਖੇ ਨਾਲ ਉਹਨੇ ਮੇਰੇ ਤੋਂ ਘਰ ਦੇ ਪ੍ਰਨੋਟ ਤੇ ਗੂਠਾ ਲਵਾ ਲਿਆ। ਮੈਂ ਅਨਪੜ੍ਹ ਬੰਦਾ ਉਹਦੀਆਂ ਚਾਲਾਂ 'ਚ ਫਸ ਗਿਆ ਜੀ। ਘਰੇ ਜਨਾਨੀ ਅੱਡ ਲੜੇ ਬਈ ਤੂੰ ਕਾਹਨੂੰ ਉਹਦੇ ਨਾਲ ਐਸ ਤਰ੍ਹਾਂ ਕਰਨੀ ਸੀ। ਮੈਨੂੰ ਸਮਝ ਨਾ ਆਵੇ ਬਈ ਕੀ ਕਰਾਂ ਕੀ ਨਾ। ਥਾਣੇ ਤੋਂ ਲੈ ਕੇ ਮੰਤਰੀਆਂ ਸੰਤਰੀਆਂ ਤੱਕ ਉਹਦੀ ਪਹੁੰਚ ਆ ਜੀ ਮੈਨੂੰ ਗਰੀਬ ਨੂੰ ਕੌਣ ਪੁਛਦਾ ਕਿਤੇ। ਬਸ ਪਿੰਡ ਦੇ ਦੋ ਚਾਰ ਮੋਹਤਬਰ ਬੰਦਿਆਂ ਦੇ ਘਰੇ ਗੇੜੇ ਮਾਰ ਮੂਰ ਕੇ ਬਹਿ ਗਿਆ। ਤਸੱਲੀ ਸਾਰੇ ਦਿਆ ਕਰਨ ਪਰ ਗੱਲ ਕੋਈ ਨਾ ਕਰਿਆ ਕਰੇ। ਕਿਉਂਕਿ ਉਹ ਸਾਰੇ ਇਹਤੋਂ ਕੰਨ ਭੰਨਦੇ ਆ ਜੀ। ਜੱਗੇ ਤੇ ਬਲਦੇਵ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਉਨਾਂ ਨੇ ਅਗੋਂ ਟਕੇ ਅਰਗਾ ਜਵਾਬ ਮੇਰੇ ਮੂੰਹ ਤੇ ਪੁਠੇ ਹੱਥ ਦੀ ਚਪੇੜ ਵਾਂਗੂੰ ਮਾਰਿਆ। ਜੱਗਾ ਕਹਿੰਦਾ ਜਦੋਂ ਤੈਨੂੰ ਉਦੋਂ ਕਿਹਾ ਸੀ ਬਈ ਇਹ ਸਾਲਾ ਤੈਨੂੰ ਸੰਦ ਬਨਾਉਣ ਨੂੰ ਫਿਰਦਾ ਤੂੰ ਟਿਕ ਜਾ, ਉਦੋਂ ਤਾਂ ਤੂੰ ਸਾਡੀ ਮੰਨਿਆ ਨੀ। ਹੁਣ ਜਦੋਂ ਆਵਦੇ ਹੱਥ ਆਪ ਈ ਵਢਾਈ ਫਿਰਦੈਂ ਹੁਣ ਦੱਸ ਤੇਰਾ ਕੀ ਕਰੀਏ। ਭੱਜ ਜਾ ਹੁਣ ਤੂੰ ਉਹਦੀ ਝੋਲੀ 'ਚ ਈ ਬੈਠ ਜਾ ਕੇ। ਬੋਟਾਂ ਤੋਂ ਬਾਅਦ ਵੇਖਾਂਗੇ ਬਈ ਕੀ ਕਰਨ ਕੀ ਨਈਂ। ਜੋ ਜੋ ਤੁਸੀਂ ਕਰਦੇ ਰਹੇ ਆਂ ਨਾ ਹੁਣ ਤਾਂਈ। ਸਾਡੇ ਸਾਰੀਆਂ ਨੋਟ ਆ। ਸਮਾਂ ਆਉਣ ਤੇ ਪੁੱਛਾਂਗੇ ਕੀ ਭਾਅ ਵਿਕਦੀ ਐ।

ਹੈਅ ਜੀ। ਹਾਂ ਜੀ ਕੇਸ ਤਾਂ ਬਲਦੇਵ ਸਰਪੈਂਚ ਨੇ ਈ ਕੀਤਾ ਐ ਜੀ। ਊਂ ਇਹਨੇ ਵੀ ਮੇਰੇ ਨਾਲ ਮਾੜੀ ਈ ਕੀਤੀ ਐ ਜੀ। ਖਬਾਰਾਂ ਤੱਕ ਖਬਰਾਂ ਛਪਾਤੀਆਂ ਜੀ ਮੇਰੀਆਂ ਬਈ ਚੰਦ ਸਰਪੈਂਚ ਨੇ ਫਲਾਣੇ ਫਲਾਣੇ ਕੰਮ 'ਚ ਘਪਲਾ ਕਰਕੇ ਸਰਕਾਰ ਨੂੰ ਲੱਖਾਂ ਦਾ ਚੂਨਾ ਲਾਇਆ। ਥੋਨੂੰ ਪਤਾ ਬਈ ਜਦੋਂ ਬੰਦੇ ਦੀ ਐਹੋ ਜੀ ਖਬਰ ਛਪਜੇ ਸਾਰੀ ਦੁਨੀਆਂ 'ਚ ਭੰਡਿਆ ਜਾਂਦਾ। ਆਹ ਖਬਾਰਾਂ ਆਲੇ ਵੀ ਚੋਪੜੀਆਂ ਦੇ ਈ ਯਾਰ ਆ

ਜੀ। ਇਨ੍ਹਾਂ ਨੂੰ ਪੈਸੇ ਦੇ ਕੇ ਜੋ ਮਰਜੀ ਛਪਾਈ ਜਾਓ, ਇਹ ਛੋਟੀ ਜਿਹੀ ਗੱਲ ਦਾ ਪਹਾੜ ਬਣਾਂ ਕੇ ਦੱਸਣਗੇ। ਬਲਦੇਵ ਜੋ ਕਹੀ ਗਿਆ ਇਹ ਉਹੀ ਲਿਖੀ ਗਏ। ਪਰ ਮੇਰੇ ਤੋਂ ਕਿਸੇ ਨੇ ਆ ਕੇ ਇਹ ਨੀ ਪੁੱਛਿਆ ਬਈ ਜੋ ਉਹ ਕਹਿ ਰਿਹਾ ਕੀ ਉਹ ਸੱਚ ਐ ਜਾਂ ਨਈਂ। ਪੂਰਾ ਮਹੀਨਾ ਭੰਡਿਆ ਜੀ ਇਨ੍ਹਾਂ ਨੇ ਮੈਨੂੰ ਖਬਾਰਾਂ 'ਚ ਸ਼ਰਮ ਦਾ ਮਾਰਾ ਮੈਂ ਕਈ ਦਿਨ ਘਰੋਂ ਨੀ ਨਿਕਲਿਆ।

ਹੈਅ ਜੀ...। ਹੋਣਾਂ ਕੀ ਸੀ, ਥੋਨੂੰ ਪਤਾ ਫਿਰ ਪਾਪ ਦਾ ਘੜਾ ਕਿਤੇ ਤਾਂ ਭਰਦਾ ਕਣਕ ਦਾ ਭਰਿਆ ਟਰੱਕ ਬਖਸ਼ਾ ਖਾ ਗਿਆ। ਫੇਰ ਕਿਸੇ ਨੇ ਇਹਨੂੰ ਮੂੰਹ ਨੀ ਲਾਇਆ। ਕੁਦਰਤੀ ਅਗਲੀਆਂ ਚੋਣਾਂ 'ਚ ਫਿਰ ਜਰਬੀ ਟੁਟ ਗਈ ਤੇ ਲੋਕਾਂ ਨੇ ਬਲਦੇਵ ਨੂੰ ਵੋਟਾਂ ਪਾਤੀਆਂ। ਉਹ ਸਰਪੈਂਚ ਬਣ ਗਿਆ ਤੇ ਬਖਸ਼ਾ ਫਿਰ ਕੀੜਿਆ ਖਾਧੇ ਕੁੱਤੇ ਆਂਗੂੰ ਸਿਰ ਛੰਡਦਾ ਫਿਰੇ ਕਦੇ ਐਧਰ ਕਦੇ ਔਧਰ। ਬਲਦੇਵ ਨੇ ਸਰਪੈਂਚ ਬਣਦਿਆਂ ਸਾਰ ਈ ਪੁਰਾਣੀਂ ਪਚੈਤ ਤੋਂ ਹਿਸਾਬ ਮੰਗ ਲਿਆ। ਹਿਸਾਬ ਕੀਹਨੇ ਦੇਣਾਂ ਸੀ। ਜੇ ਪਿੰਡ ਦਾ ਕੁਸ਼ ਸਵਾਰਿਆ ਹੁੰਦਾ ਹਿਸਾਬ ਦੀ ਗੱਲ ਤਾਂ ਫੇਰ ਬਣਦੀ ਨਾ। ਜਦੋਂ ਕੁਸ਼ ਕੀਤਾ ਈ ਨੀ ਫਿਰ ਹਿਸਾਬ ਕਾਹਦਾ ਕਰਨਾ ਸੀ। ਨਵੀਂ ਪਚੈਤ ਮੈਥੋਂ ਪੁਛੇ ਮੈਂ ਬਖਸ਼ੇ ਵੱਲ ਹੱਥ ਕਰ ਦਿਆਂ ਕਰਾਂ। ਉਹ ਪਚੈਤ 'ਚ ਆਇਆ ਈ ਨਾ ਕਰੇ। ਫੇਰ ਇੱਕ ਦਿਨ ਉਹਨੇ ਸਾਰੇ ਰਜਿਸਟਰ ਚੌਂਕੀਦਾਰ ਦੇ ਹੱਥ ਭੇਜਤੇ। ਬਲਦੇਵ ਨੇ ਸਾਰਾ ਕੁਸ਼ ਕੱਠਾ ਕਰਕੇ ਮੇਰਾ ਪਰਚਾ ਕਰਾਤਾ। ਮੈਂ ਜਿਥੇ ਵੀ ਜਾਂਦਾ ਬਖਸ਼ੇ ਦਾ ਨਾਂ ਲਿਆ ਕਰਾਂ ਜਿਵੇਂ ਹੁਣ ਥੋਡੇ ਕੋਲ ਲਈ ਜਾਨਾਂ ਪਰ ਉਹਨੂੰ ਕੋਈ ਪੁਛੇ ਈ ਨਾ। ਪੁਛਣਾਂ ਕੀਹਨੇ ਸੀ ਉਹ ਤਾਂ ਪਿੰਡ ਦਾ ਕੁਸ਼ ਹੈ ਈ ਨੀ ਸੀ ਨਾ ਮੈਂਈਬਰ ਨਾ ਸਰਪੈਂਚ। ਮੈਂ ਕਿਹਾ ਕਰਾਂ ਮੈਨੂੰ ਕਿਸੇ ਗੱਲ ਦਾ ਪਤਾ ਈ ਨੀ ਬਖਸ਼ੇ ਨੂੰ ਪਤਾ ਹੋਊ। ਪਰ ਪੁਛਣ ਆਲਾ ਅੱਗੋਂ ਕਿਹਾ ਕਰੇ ਸਰਪੈਂਚ ਤੂੰ ਆ ਕਿ ਬਖਸ਼ਾ, ਇਹਦਾ ਜਵਾਬ ਤੈਨੂੰ ਈ ਦੇਣਾਂ ਪਊ। ਮੈਂ ਤਾਂ ਕਸੂਤਾ ਫਸਿਆ ਪਿਆ ਜੀ। ਘਰ ਆਲੀ ਅੱਡ ਲੜਦੀ ਆ ਬਈ ਤੂੰ ਕਾਹਨੂੰ ਇਹਨਾਂ ਚੱਕਰਾਂ 'ਚ ਪੈਣਾਂ ਸੀ। ਕੁੜੀਆਂ ਗਲ ਚੜੀਆਂ ਪਈਆਂ। ਰੱਬ ਨਾ ਕਰੇ ਜੇ ਕੱਲ ਨੂੰ ਤੇਰੇ ਨਾਲ ਕੋਈ ਉਨੀ ਇਕੀ ਹੋਗੀ ਇਨ੍ਹਾਂ ਮਸੂਮਾਂ ਦਾ ਕੀ ਬਣੂੰ। ਪੈਸੇ ਧੇਲੇ ਅਲੋਂ ਅੱਗੇ ਔਖੇ ਆਂ। ਆਹ ਦਫ਼ਤਰ ਦੇ ਗੇੜੇ ਮਾਰਦਾ ਮੈਂ ਸਾਰਾ ਕੁਸ਼ ਵੇਚ ਵੱਟ ਕੇ ਖਾਈ ਜਾਨਾਂ। ਦੋ ਸੱਜਰ ਸੂਈਆਂ ਮੱਝਾਂ ਸੀ ਉਹ ਵੀ ਵੇਚਤੀਆਂ ਜੀ। ਹੌਲੀ ਹੌਲੀ ਘਰ ਖਾਲੀ ਹੋਈ ਜਾਂਦਾ ਪਰ ਆਹ ਦਫਤਰਾਂ ਦੇ ਰਾਹ ਸਾਲੇ ਲੰਮੇ ਈ ਹੋਈ ਜਾਂਦੇ ਆ ਦਿਨੋ ਦਿਨ। ਐਨੀ ਕੁੱਤੇ ਖਾਣੀ ਤੋਂ ਬਾਅਦ ਵੀ ਗੱਲ ਕਿਸੇ ਸਿਰੇ ਲਗਦੀ ਨੀ ਦੀਹਦੀ। ਉਂ ਥੋਨੂੰ ਪਤਾ ਬਈ ਅੱਜ ਕੱਲ ਗਰੀਬ ਬੰਦੇ ਦੀ ਸੁਣਦਾ ਵੀ ਕੌਣ ਜਾ ਜੀ। ਮੈਂ ਜਿਧਰ ਵੀ ਜਾਨਾਂ ਹਰ ਬੰਦਾ ਦਬਕਾ ਮਾਰ ਕੇ ਈ ਗੱਲ ਕਰਦਾ ਜੀ।

ਮੇਰੇ ਪਿਛੋਂ ਘਰੇ ਰੋਜ ਕੋਈ ਨਾ ਕੋਈ ਤੁਰਿਆ ਰਹਿੰਦਾ। ਮੈਨੂੰ ਈ ਬਾਹਰ ਅੰਦਰ ਗਏ ਨੂੰ ਦੇਰ ਸਵੇਰ ਹੋ ਜਾਂਦੀ ਆ ਜੀ। ਉਹ ਤਿੰਨੇ ਮਾਵਾਂ ਧੀਆਂ ਘਰੇ ਬੈਠੀਆਂ ਮੇਰਾ ਰਾਹ ਦੇਖਦੀਆਂ ਰਹਿੰਦੀਆਂ। ਸੱਚ ਜਾਣਿਓਂ ਇਹ ਗੱਲ ਬੜੀ ਚੁਭਦੀ ਆ ਜੀ ਮੈਨੂੰ। ਜਿਹੜਾ ਗੁਨਾਹ ਕੀਤਾ ਨੀ ਉਹਦੀ ਸਜਾ ਐਵੇਂ ਮੁਖਤ 'ਚ ਭੁਗਤੀ ਜਾ ਰਹੇ ਆਂ ਸਾਰਾ ਟੱਬਰ। ਇੱਕ ਦਿਨ ਪ੍ਰੀਤੋ ਬੈਠੀ ਬੈਠੀ ਮੈਨੂੰ ਕਹਿੰਦੀ ਐਂ ਕਰੋਂ ਵੇਲੇ ਦਾ ਕੋਈ ਭਰੋਸਾ ਨੀ ਰੱਬ ਨਾ ਕਰੇ ਕੱਲ ਨੂੰ ਕੋਈ ਉੱਚੀ ਨੀਵੀਂ ਹੋਗੀ ਤਾਂ ਘਰ ਪੱਟਿਆ ਜਾਊਗਾ। ਆਪਾਂ ਕੁੜੀਆਂ ਦਾ ਕੋਈ ਬੰਨ੍ਹ ਸੁਭ ਕਰ ਦੇਈਏ। ਫਿਰ ਜਿਵੇਂ ਹੋਊ ਆਪਾਂ ਸਾਰੇ ਝੱਲ ਲਵਾਂਗੇ।

ਮੈਨੂੰ ਉਹਦੀ ਗੱਲ ਠੀਕ ਲੱਗੀ। ਪਿਛਲੇ ਮਹੀਨੇ ਮੈਂ ਕੁੜੀਆਂ ਨੂੰ ਉਨ੍ਹਾਂ ਦੀ ਭੂਆ ਕੋਲ ਛੱਡ ਆਇਆਂ, ਨਾਲੇ ਉਹਨੂੰ ਕਹਿਤਾ ਬਈ ਛੇਤੀ ਛੇਤੀ ਘਰ ਲੱਭ ਕੁੜੀਆਂ ਨੂੰ ਤੋਰੀਏ। ਮੇਰੀ ਭੈਣ ਬੜੀ ਸਿਆਣੀ ਐਂ ਜੀ। ਮੇਰੀਆਂ ਗੱਲਾਂ ਤੋਂ ਈ ਸਾਰੀ ਗੱਲ ਬੁਝ ਗਈ। ਉਹਨੇ ਦਿਨਾਂ 'ਚ ਈ ਘਰ ਲਭਲੇ।

ਆਹ ਦਸ ਦਿਨ ਪਹਿਲਾਂ ਉਹਦਾ ਸੁਨੇਹਾ ਆਇਆ ਸੀ ਬਈ ਕੁੜੀਆਂ ਲਈ ਘਰ ਲਭਲੇ ਆ। ਦੋਹੋਂ ਭਰਾ ਕੱਠੇ ਆ ਇਕੋ ਘਰ 'ਚ ਮੁੰਡੇ ਵਧੀਆ ਕਾਰੋਬਾਰ ਕਰਦੇ ਆ। ਪਰ ਉਨ੍ਹਾਂ ਦੀ ਇੱਕ ਸ਼ਰਤ ਆ ਬਈ ਵਿਆਹ ਛੇਤੀ ਲੈਣਾਂ। ਜੇ ਵਿਆਹ ਛੇਤੀ ਨਾ ਕੀਤੇ ਤਾਂ ਚੰਗਾ ਭਲਾ ਘਰ ਹੱਥੋਂ ਖਿਸਕ ਜੂਗਾ।

ਭੈਣ ਬਈ ਘਰੇ ਤਾਂ ਖੋਟਾ ਧੇਲਾ ਵੀ ਹੈਨੀ ਵਿਆਹ ਕਾਹਦੇ ਸਿਰ ਤੇ ਕਰਾਂ। ਪੈਸਾ ਧੇਲਾ ਜੇਹੜਾ ਥੋੜਾ ਬਹੁਤ ਹੈਗਾ ਸੀ ਫੜ ਫੜਾ ਕੇ ਕੇਸ਼ ਤੇ ਲਾਤਾ। ਇਹ ਵੀ ਕਿਸੇ ਸਿਰੇ ਨੀ ਲਗਾ ਅਜੇ। ਪ੍ਰੀਤੋ ਕਹਿੰਦੀ ਰਹਿੰਦੀ ਆ ਬਈ ਤੁਸੀਂ ਫਿਕਰ ਨਾ ਕਰਿਆ ਕਰੋ। ਰੱਬ ਨੂੰ ਜੋ ਮਨਜ਼ੂਰ ਹੋਇਆ ਉਹੀ ਹੋਣਾਂ। ਘਾਬਰਿਆਂ ਕੁਸ਼ ਨੀ ਬਣਨਾਂ। ਪਰ ਥੋਨੂੰ ਪਤਾ ਜੀ ਫਿਰ ਖਾਲੀ ਜੇਬ ਬੰਦੇ ਨੂੰ ਬਹੁਤ ਕੁਸ਼ ਵਿਖਾ ਦਿੰਦੀ ਆ। ਜੀਹਦਾ ਮੂੰਹ ਨੀ ਵੇਖਣ ਨੂੰ ਮਨ ਕਰਦਾ ਉਹਦੀ ਪਿਠ ਵੇਖਣੀ ਪੈ ਜਾਂਦੀ ਆ ਕਈ ਵਾਰੀ। ਉਂ ਮੇਰੇ ਰਿਸ਼ਤੇਦਾਰ ਬੜੇ ਚੰਗੇ ਆ ਜੀ ਉਹ ਕਹਿੰਦੇ ਅਸੀਂ ਥੋੜੀ ਬਹੁਤ ਮਦਾਦ ਕਰ ਦਿਆਂਗੇ। ਪਰ ਆਵਦੇ ਕੋਲੇ ਵੀ ਤਾਂ ਕੁਸ਼ ਹੋਣਾਂ ਚਾਹੀਦਾ ਜੀ। ਐਹੋ ਜੇ ਮੌਕੇ ਤੇ ਨਿਰਾ ਕਿਸੇ ਦੇ ਹੱਥਾਂ ਵੱਲ ਵੇਖ ਕੇ ਵੀ ਤਾਂ ਨਈਂ ਸਰਦਾ। ਬਖਸ਼ਾ ਅੱਡ ਚਤੋ ਪਹਿਰ ਘਰ ਘਰ ਕਰਦਾ ਰਹਿੰਦਾ। ਕਈ ਬੰਦਿਆਂ ਕੋਲੇ ਉਹਨੇ ਗੱਲ ਕੀਤੀ ਆ ਬਈ ਮੈਂ ਘਰ ਖਾਲੀ ਕਰਵਾ ਲੈਣਾਂ ਧੱਕੇ ਨਾਲ। ਮੈਂ ਸੋਚਿਆ ਬਈ ਜੇ ਉਹਨੇ ਘਰ ਦੱਬ ਲਿਆ ਫੇਰ ਵੀ ਤਾਂ ਸਬਰ ਕਰਨਾ ਈ ਐ। ਚਲੋ ਬੈਂਕ ਤੋਂ ਕਰਜਾ ਲੈ ਲੈਨੇ ਆਂ ਘਰ ਤੇ ਇੱਕ ਵਾਰੀ ਕੁੜੀਆਂ ਦੇ ਵਿਆਹ ਤਾਂ ਕਰੀਏ ਬਾਕੀ ਜੋ ਹੋਊ ਵੇਖੀ ਜਾਊ। ਇੱਕ ਦਿਨ ਮੈਂ ਇਸੇ ਉਧੇੜ ਬੁਣ ਵਿੱਚ ਬੈਂਕ ਚਲਾ ਗਿਆ ਜੀ।

ਮਨੇਜਰ ਸਾਬ ਨੂੰ ਮੈਂ ਸਾਰੀ ਗੱਲ ਜਾ ਦੱਸੀ ਬਈ ਮੈਨੂੰ ਘਰ ਤੇ ਕਰਜਾ ਚਾਹੀਦਾ। ਉਹ ਅਗੋਂ ਮੁਸਕੜੀਆਂ 'ਚ ਹੱਸਦਾ ਮੈਨੂੰ ਕਹਿੰਦਾ ਬਈ ਚੰਦ ਸਿਹਾਂ ਤੂੰ ਸਰਪੈਂਚ ਆਦਮੀ ਐਂ, ਐਨੇ ਕੁ ਪੈਸੇ ਤਾਂ ਤੈਨੂੰ ਉਤੋਂ ਪੁਤੋਂ ਈ ਬਣਗੇ ਹੋਣਗੇ। ਤੈਨੂੰ ਕਰਜੇ ਦੀ ਕੀ ਲੋੜ ਪੈਗੀ।

ਕਿਉਂ ਤੁਸੀਂ ਜ਼ਖ਼ਮਾਂ 'ਤੇ ਲੂਣ ਪਾ ਰਹੇ ਆਂ। ਮਨੇਜਰ ਸਾਬ। ਇੱਕ ਬੰਦਾ ਅੰਦਰੋਂ ਦੁਖੀ ਹੁੰਦਾ ਦੂਜਾ ਤੁਸੀਂ ਮਜਾਕ ਬਣਾਂ ਦਿੰਨੇ ਆਂ। ਮੈਂ ਸੱਚ ਕਹਿ ਰਿਹਾਂ ਮੈਨੂੰ ਕਰਜਾ ਚਾਹੀਦਾ ਘਰ ਤੇ।

ਮੇਰੇ ਮੂੰਹ ਵੱਲ ਵੇਖ ਕੇ ਉਹ ਫਾਈਲਾਂ ਜੀਆਂ ਫੋਲਣ ਲਗ ਪਿਆ। ਪੰਜ ਕੁ ਮਿੰਟਾਂ ਬਾਅਦ ਮੈਨੂੰ ਕਹਿੰਦਾ ਬਈ ਸਰਪੈਂਚਾ ਤੈਨੂੰ ਪਟਵਾਰੀ ਕੋਲ ਜਾਣਾਂ ਪੈਣਾਂ। ਉਹਤੋਂ ਘਰ ਦੀ ਫਰਦ ਲਿਆ ਕਢਵਾ ਕੇ ਤੇ ਨਾਲੇ ਰਜਿਸਟਰੀ ਦੀ ਕਾਪੀ ਲੈ ਆਵੀਂ। ਫੇਰ ਦਿਆਂਗੇ ਤੈਨੂੰ ਕਰਜਾ।

ਪਟਵਾਰੀ ਦਾ ਨਾਂ ਸੁਣ ਕੇ ਮੇਰੇ ਮੱਥੇ ਦੀਆਂ ਲਕੀਰਾਂ ਵੱਟ ਖਾਗੀਆਂ। ਮਨ 'ਚ ਸੋਚਿਆ ਬਈ ਮੈਂ ਉਸ ਸਾਲੇ ਦੇ ਕਿਉਂ ਮੱਥੇ ਲੱਗਾਂ ਜੀਹਨੇ ਮੇਰੀ...। ਪਰ ਫੇਰ ਵੀ ਸਰਕਾਰੀ ਬੰਦਾ ਜੀ ਜਾਣਾਂ ਪੈਣਾਂ ਸੀ। ਅਗਲੀ ਸਵੇਰ ਜਕਾ ਤੱਕਾ ਕਰਦੇ ਨੇ ਮੈਂ ਉਹਨੂੰ ਜਾ ਫਤਹਿ ਬੁਲਾਈ। ਐਨਕਾਂ ਉਤੋਂ ਦੀ ਅਵੱਲਾ ਜਿਆ ਝਾਕਦਾ ਉਹ ਬੋਲਿਆ, "ਆਓ ਸਰਪੈਂਚ ਸਾਬ ਕੀ ਹਾਲ ਚਾਲ ਆ ਥੋਡੇ, ਕਿਵੇਂ ਦਰਸ਼ਨ ਦੇਣੇ ਹੋਏ ਅੱਜ।"

ਕਿਉਂ ਮਜ਼ਾਕ ਕਰਦੇ ਆ ਪਟਵਾਰੀ ਸਾਭ ਅਸੀਂ ਦਰਸ਼ਨ ਦੇਣ ਨੀ ਕਰਨ ਆਏ ਆਂ ਥੋਡੇ। ਮੈਨੂੰ ਆਵਦੇ ਘਰ ਦੀ ਫਰਦ ਚਾਹੀਦੀ ਐ ਜੀ ਜੇ ਕ੍ਰਿਪਾ ਕਰੋਂ ਤਾਂ ਦੇ ਦਿਉ।

"ਫਰਦ? ਕਾਹਦੀ ਘਰ ਦੀ...। ਲੈ ਸਰਪੈਂਚ ਸਾਬ ਕੀ ਮਜ਼ਾਕ ਕਰਦੇ ਆਂ ਤੁਸੀਂ। ਵਿਹੜੇ ਆਲਿਆਂ ਦੀ ਕੋਈ ਫਰਦ ਨੀ ਹੁੰਦੀ।

"ਕਿਉਂ ਜੀ ਸਾਡੀ ਫਰਦ ਕਿਉਂ ਨੀ ਹੁੰਦੀ। ਸਾਡੇ ਘਰਾਂ ਦੀ ਮਾਲਕੀ ਆਲੀ ਜ਼ਮੀਨ ਆਂ ਜੀ। ਪਿਓ ਦਾਦੇ ਤੋਂ ਲੈ ਕੇ ਅਸੀਂ ਇਥੇ ਰਹਿੰਦੇ ਆ ਰਹੇ ਜੀ, ਜੀਹਤੋਂ ਮਰਜ਼ੀ ਪੁੱਛਲੋ। ਸਾਡਾ ਰਕਾਟ ਹੋਊਗਾ ਥੋਡੀਆਂ

ਕਤਾਬਾਂ 'ਚ। ਥੋੜਾ ਜਿਆ ਧਿਆਨ ਨਾਲ ਵੇਖੋ ਜੀ ਥੋਨੂੰ ਕੋਈ ਭਲੇਖਾ ਲਗਾ ਹੋਣਾਂ। ਅਸੀਂ ਤਾਂ ਜਨਮਾਂ ਜਮਾਂਤਰਾਂ ਦੇ ਇਥੇ ਬੈਠੇ ਆਂ ਜੀ।

ਸਰਪੈਂਚਾ ਭੁਲੇਖਾ ਮੈਨੂੰ ਨੀ ਤੈਨੂੰ ਲਗਾ ਲਗਦਾ। ਵਿਹੜੇ ਦੇ ਸਾਰੇ ਘਰ ਲਾਲ ਲਕੀਰ ਦੇ ਅੰਦਰ ਆਉਂਦੇ ਆ। ਤੇ ਲਾਲ ਲਕੀਰ ਦੇ ਅੰਦਰ ਆਲੀ ਸਾਰੀ ਜ਼ਮੀਨ ਸਰਕਾਰੀ ਹੁੰਦੀ ਆ। ਉਹਦੀ ਕੋਈ ਲਿਖਤ ਪੜ੍ਹਤ ਨੀ ਹੁੰਦੀ। ਬੰਦਾ ਤਰਸ ਦੇ ਅਧਾਰ ਤੇ ਉਥੇ ਰਹਿ ਸਕਦਾ ਪਰ ਕੋਈ ਕਰਜਾ ਵਗੈਰਾ ਨੀ ਲੈ ਸਕਦਾ। ਹੁਣ ਸਮਝ ਆਈ ਮੇਰੀ ਗੱਲ ਕਿ ਨਈ ਅਜੇ।"

"ਹੈਅ, ਆਹ ਕੀ ਗੱਲ ਹੋਈ ਭਲਾਂ।"

"ਲੈ ਗੱਲ ਕੀ ਹੋਣੀ ਐਂ ਤੈਨੂੰ ਨੀ ਪਤਾ, ਆਪਣਾਂ ਪਿੰਡ ਈ ਨਈਂ ਪੂਰੇ ਪੰਜਾਬ 'ਚ ਈ ਐਸ ਤਰ੍ਹਾਂ ਐ। ਜਿਥੇ ਛੋਟੀਆਂ ਜਾਤਾਂ ਰਹਿੰਦੀਆਂ ਪਜੰਤਰ ਪ੍ਰਸੈਂਟ ਅਬਾਦੀ ਲਾਲ ਲਕੀਰ ਦੇ ਅੰਦਰ ਆਉਂਦੀ ਆ। ਇਹ ਸਾਰੀ ਜ਼ਮੀਨ ਸ਼ਾਮਲਾਟ ਐ ਜਾਂ ਪਚੈਤ ਦਾ ਅੰਡਰ ਆਉਂਦੀ ਆ। ਇਹੋ ਜੀਆਂ ਜਮੀਨਾਂ ਦੀਆਂ ਰਿਜਸਟਰੀਆਂ ਜਾਂ ਫਰਦਾਂ ਨੀ ਹੈਗੀਆਂ। ਜੀਹਤੋਂ ਮਰਜ਼ੀ ਪੁਛ ਲਾ।

ਹੈਅ ਆਹ ਤਾਂ ਸਾਲੀ ਜਗੋਂ ਤੇਰਵੀਂ ਗੱਲ ਸੁਣਲੀ ਯਾਰ। ਬਈ ਸਾਡੇ ਅਰਗੇ ਗਰੀਬਾਂ ਕੋਲ ਕੁਸ਼ ਹੈ ਈ ਨੀ। ਮਤਲਬ ਸਿਰ ਢਕਣ ਜੋਗੀ ਥਾਂ ਵੀ ਹੈਨੀ। ਪਟਵਾਰੀ ਦੀ ਗੱਲ ਸੁਣ ਕੇ ਸੌ ਘੜਾ ਪਾਣੀ ਦਾ ਮੇਰੇ ਸਿਰ 'ਚ ਪੈ ਗਿਆ ਜੀ। ਵੀ ਅਸੀਂ ਸਾਰੇ ਲੋਕ ਜੁੱਲੀ ਚੱਕ ਈ ਆਂ ਪੰਜਾਬ 'ਚ। ਵੀ ਸਾਡੇ ਬਾਰੇ ਅਜੇ ਤਾਂਈ ਕਿਸੇ ਸਰਕਾਰ ਨੇ ਸੋਚਿਆ ਈ ਨੀ। ਸਾਨੂੰ ਇਹ ਸਿਆਸਤੀ ਲੋਕ ਸਿਰਫ ਬੋਟਾਂ ਖਾਤਰ ਈ ਵਰਤਦੇ ਆ ਰਹੇ ਆ ਬਖਸ਼ੇ ਆਗੂੰ। ਪਤੰਦਰ ਆਵਦੇ ਘਰ ਭਰਦੇ ਰਹੇ ਤੇ ਸਾਨੂੰ ਘਰੋਂ ਬੇਘਰ ਕਰਕੇ ਲਾਲ ਕਾਲੀਆਂ ਲਕੀਰਾਂ 'ਚ ਈ ਵਲੀ ਫਿਰਦੇ ਰਹੇ ਆ। ਮਤਲਬ ਅਸੀਂ ਹੁਣ ਇਨ੍ਹਾਂ ਦੀ ਜੀ ਹਜ਼ੂਰੀ ਕਰਨ ਜੋਗੇ ਈ ਰਹਿਗੇ ਆਂ। ਇਹ ਇਨ੍ਹਾਂ ਦੀਆਂ ਲੂੰਬੜ ਚਾਲਾਂ ਨੇ ਜੀ ਸਾਰੀਆਂ ਥੋਨੂੰ ਦਸ ਦਿਆਂ। ਅਸਲ 'ਚ ਇਹ ਲੋਕ ਚਹੁੰਦੇ ਈ ਨੀ ਬਈ ਗਰੀਬ ਗੁਰਬਾ ਵੀ ਆਵਦੇ ਪੈਰਾਂ ਸਿਰ ਹੋਜੇ। ਪਰ ਇਨ੍ਹਾਂ ਨੂੰ ਇਹ ਨੀ ਪਤਾ ਬਈ ਜੇਹੜੇ ਬਨਾਉਣਾਂ ਜਾਣਦੇ ਆ ਉਨ੍ਹਾਂ ਨੂੰ ਢਾਹੁਣ ਦਾ ਵੱਲ ਵੀ ਆਉਂਦਾ। ਜੇ ਇਨ੍ਹਾਂ ਦੀਆਂ ਇਹੀ ਗੱਲਾਂ ਐ ਨਾ। ਤਾਂ ਫਿਰ ਅਸੀਂ ਵੀ ਸੋਚ ਲੈਨੇ ਆਂ ਕੁਸ਼। ਹੁਣ ਇਉ ਤਾਂ ਸਰਨਾ ਨੀ। ਕੇਰਾਂ ਆਹ ਕੁੜੀਆਂ ਦੇ ਵਿਆਹ ਕਰਕੇ ਵੇਹਲਾ ਹੋ ਲਵਾਂ ਫੇਰ ਕਰਦੇ ਆਂ ਕੁਸ਼।

ਹੈਅ ਜੀ...। ਕੀ ਕਿਹੈ, ਮੈਂ ਕੀ ਕਰੂੰ।

ਗਰੀਬ ਬੰਦੇ ਨੇ ਕੀ ਕਰਨਾ ਹੁੰਦਾ ਜੀ, ਥੋਨੂੰ ਪਤਾ ਈ ਆ। ਸਾਡੇ ਅਰਗਿਆਂ ਕੋਲੇ ਤਾਂ ਤਰਲੇ ਈ ਹੁੰਦੇ ਆ, ਜਾਂ ਫਿਰ ਧਰਨੇ। ਤਰਲੇ ਹੁਣ ਮੈਂ ਕਰੀ ਜਾਨਾਂ ਥੋਡੇ ਮੂਹਰੇ ਖੜਾ। ਬਈ ਮੇਰਾ ਕੋਈ ਕਸੂਰ ਨੀ। ਮੈਂ ਅਨਪੜ੍ਹ ਗਰੀਬ ਬੰਦਾ ਬਖਸ਼ੇ ਦੀਆਂ ਸਿਆਸੀ ਚਾਲਾਂ 'ਚ ਫਸ ਗਿਆਂ, ਮੇਰੀ ਕੋਈ ਗਲਤੀ ਨੀ। ਜੇ ਕੋਈ ਮੰਨ ਗਿਆ ਤਾਂ ਠੀਕ ਐ, ਨਈਂ ਫਿਰ ਮੈਂ ਧਰਨਿਆਂ ਤੇ ਆਜੂੰ। ਆਹ ਅਗੇ ਵੀ ਤਾਂ ਸਾਰਾ ਪੰਜਾਬ ਇਨ੍ਹਾਂ ਕੰਮਾਂ ਤੇ ਹੋਇਆ ਈ ਫਿਰਦੈ। ਵਿਚੇ ਈ ਮੈਂ ਜਾ ਰਲੂੰ। ਊਂ ਮੈਨੂੰ ਪਤਾ ਬਈ ਸਰਕਾਰਾਂ ਦੇ ਘਰੋਂ ਹੱਕ ਲੈਣੇ ਕੋਈ ਸੌਖੇ ਨੀ। ਇਨਾਂ ਨੂੰ ਪਾਉਣ ਲਈ ਸੜਕਾਂ ਤੇ ਉਤਰਨਾ ਈ ਪੈਂਦਾ। ਤੇ ਕਈ ਵਾਰੀ ਬੰਦੇ ਨੂੰ ਆਪਣੇ ਆਪ ਤੋਂ ਵੀ ਬਾਗੀ ਹੋਣਾਂ ਪੈ ਜਾਂਦਾ ਜੀ।

ਕਿਉਂ ਜੀ, ਹੈ ਕਿ ਨਾ।

ਪਤਾ-ਪਿੰਡ ਸ਼ੇਰਪੁਰ ਤਾਇਬਾਂ, ਜ਼ਿਲ੍ਹਾ ਮੋਗਾ-142042, ਮੋਬਾ. 94638-83994

ਹਿੰਦੀ ਕਹਾਣੀ / ਕਾਮਰੇਡ ਦਾ ਬਕਸਾ / ਸੂਰਜ ਬੜਤੀਆ
ਪੰਜਾਬੀ ਅਨੁਵਾਦ : ਮਨੋਹਰ ਲਾਲ

(ਦਲਿਤ ਸਰੋਕਾਰਾਂ 'ਤੇ ਅੰਬੇਡਕਰੀ ਵਿਚਾਰਧਾਰਾ ਨਾਲ ਪਹਿਰਾ ਦੇਣ ਵਾਲਾ ਕਹਾਣੀਕਾਰ ਸੂਰਜ ਬੜਤੀਆ ਹਿੰਦੀ ਦਾ ਪ੍ਰਤੀਨਿੱਧ ਕਹਾਣੀਕਾਰ ਹੈ। ਹਿੰਦੀ ਕਥਾ ਸਾਹਿਤ ਵਿਚ ਬਹੁਤ ਹੀ ਚਰਚਾ ਵਿਚ ਰਹੀ ਉਸ ਦੀ ਕਹਾਣੀ ਦਾ ਏਥੇ ਅਸੀਂ ਅਨੁਵਾਦ ਛਾਪ ਰਹੇ ਹਾਂ। ਕਹਾਣੀ 'ਚ ਪਿਤਾ-ਪੁੱਤਰ ਦੇ ਮਧਿਆਮ ਰਾਹੀ ਮਾਰਕਸਵਾਦ ਤੇ ਅੰਬੇਡਕਰੀ ਵਿਚਾਰਧਾਰਾ 'ਚ ਸੰਵਾਦ ਪੈਦਾ ਕੀਤਾ ਗਿਆ ਹੈ। ਖੱਬੇ ਪੱਖੀ ਜਥੇਬੰਦੀਆਂ ਅੰਦਰਲੀ ਜਾਤਪਾਤ ਨੂੰ ਕਹਾਣੀ ਤਰਕ ਨਾਲ ਉਭਾਰਦੀ ਹੈ। ਸੂਰਜ ਨੇ ਪੰਜਾਬ ਦੀ 'ਆਦਿ ਧਰਮ ਲਹਿਰ' ਤੇ ਖੋਜ ਕਾਰਜ ਵੀ ਕੀਤਾ ਹੈ।—ਸੰਪਾਦਕ)

ਇਹ ਦੀਵਾਰ ਦੀ ਗੜਬੜ ਸੀ ਜਾਂ ਵਿਚਾਰਾਂ ਦੀ ਗੜਬੜ, ਕੁਝ ਸਮਝ ਨਹੀਂ ਆਉਂਦਾ ਸੀ ਪ੍ਰੰਤੂ ਜਦੋਂ ਵੀ ਕੋਈ ਪਹਿਲੀ ਵਾਰ ਦੀਵਾਰ ਉੱਤੇ ਟੰਗੀਆਂ ਤਸਵੀਰਾਂ ਵੱਲ ਵੇਖਦਾ ਸੀ ਤਾਂ ਹੈਰਾਨ ਹੋ ਜਾਂਦਾ ਸੀ। ਇਹ ਦੀਵਾਰ, ਦੀਵਾਰ ਨਾ ਹੋ ਕਿ ਵਿਚਾਰਾਂ ਦੀ ਨੁਮਾਇਸ਼ ਸੀ। ਅਜਿਹਾ ਲਗਦਾ ਸੀ ਕਿ ਵਿਚਾਰਾਂ ਨੂੰ ਵਿਚੋਂ ਕੱਢ ਕੇ ਦੀਵਾਰ ਉੱਤੇ ਟੰਗ ਦਿੱਤਾ ਗਿਆ ਹੈ ਜਾਂ ਵਿਚਾਰ ਤਸਵੀਰਾਂ 'ਚ ਬਦਲ ਗਏ ਹੋਣ। ਬੜੀ ਹੀ ਅਜ਼ਬ ਸਮਾਨਤਾ ਸੀ। ਦੁਨੀਆਂ ਵੀ ਅਜਬ ਜਗਿਆਸਾ ਦਾ ਸਮੁੰਦਰ ਹੈ। ਜਿਵੇਂ ਹਰਾ ਸਮੁੰਦਰ ਗੋਪੀ ਚੰਦਰ ਬੋਲ ਮੇਰੀ ਮਛਲੀ ਕਿੰਨਾ-ਕਿੰਨਾ ਪਾਣੀ.....। ਜਤਿਨ ਟਿਕਟਿਕੀ ਲਾ ਕੇ ਪਿਤਾ ਜੀ ਦੀ ਤਸਵੀਰ ਵੱਲ ਵੇਖ ਰਿਹਾ ਸੀ। ਪਿਤਾ ਜੀ ਦੀ ਤਸਵੀਰ ਦੀਵਾਰ ਉੱਤੇ ਟੰਗੀ ਹੋਈ ਸੀ, ਠੀਕ ਕਾਰਲ ਮਾਰਕਸ ਦੇ ਨਾਲ। ਇਹ ਇਕ ਅਨੋਖੀ ਤਰ੍ਹਾਂ ਦੀ ਸਮਾਨਤਾ ਸੀ। ਭਾਵੇਂ ਕਿ ਪਾਰਟੀ ਦੇ ਕਈ ਲੋਕਾਂ ਨੇ ਕਈ ਵਾਰ ਇਸ ਅਨੋਖੀ ਸਮਾਨਤਾ 'ਤੇ ਬਹਿਸ ਕਰਨ ਦੀ ਕੋਸ਼ਿਸ਼ ਵੀ ਕੀਤੀ। ਪ੍ਰੰਤੂ ਹਰ ਵਾਰ ਜਤਿਨ ਇਸ ਬਹਿਸ ਨੂੰ ਟਾਲ਼ ਜਾਂਦਾ। ਭਾਵੇਂ ਕਿ ਉਹ ਜੇ ਚਾਹੁੰਦਾ ਤਾਂ ਇਸ ਉੱਤੇ ਗੱਲਬਾਤ ਕਰ ਸਕਦਾ ਸੀ ਪਰ।

ਪਾਰਟੀ ਦਫ਼ਤਰ 'ਚ ਆਏ ਜਤਿਨ ਨੂੰ ਅੱਜ ਕਾਫ਼ੀ ਸਮਾਂ ਹੋ ਗਿਆ ਸੀ। ਪਾਰਟੀ ਦੇ ਕੰਮ 'ਚ ਉਹ ਐਨਾ ਰੁੱਝ ਚੁਕਿਆ ਸੀ ਕਿ ਉਸ ਨੂੰ ਘਰ ਦਾ ਕੋਈ ਖ਼ਿਆਲ ਹੀ ਨਹੀਂ ਸੀ ਰਿਹਾ। ਉਹ ਪਾਰਟੀ ਦਾ 'ਹੋਲ ਟਾਇਮਰ' ਬਣ ਕੇ ਆਇਆ ਸੀ। ਇਹ ਉਸਦਾ ਆਪਣਾ ਫ਼ੈਸਲਾ ਸੀ, ਸਮਾਜ ਨੂੰ ਬਦਲਣ ਦਾ। ਭਾਵੇਂ ਕਿ ਮਾਂ ਅਤੇ ਨੀਲੂ ਨੇ ਬਹੁਤ ਰੋਣਾ-ਧੋਣਾ ਕੀਤਾ ਸੀ। ਮਾਂ ਕੁਝ ਸਮੇਂ ਬਾਅਦ ਸ਼ਾਂਤ ਹੋ ਗਈ ਸੀ ਪ੍ਰੰਤੂ ਛੋਟੀ ਭੈਣ ਨੀਲੂ ਨੇ ਬਹੁਤ ਕੋਸ਼ਿਸ਼ ਕੀਤੀ ਸੀ ਕਿ ਉਹ ਘਰ ਛੱਡ ਕੇ ਨਾ ਜਾਵੇ। ਪਰ ਜਤਿਨ ਤਾਂ ਸਮਾਜ ਨੂੰ ਬਦਲਣ ਦਾ ਇਰਾਦਾ ਕਰ ਚੁਕਿਆ ਸੀ, ਹੁਣ ਉਹ ਰਿਸ਼ਤੇ-ਨਾਤਿਆਂ 'ਚ ਕਿੱਥੇ ਪੈਂਦਾ ਸੀ ? ਆਖ਼ੀਰ ਉਹ ਚਲਾ ਹੀ ਗਿਆ। ਅੱਜ ਉਸਨੂੰ ਘਰ ਮਾਂ ਅਤੇ ਨੀਲੂ ਦੀ ਬਹੁਤ ਚਿੰਤਾ ਸਤਾ ਰਹੀ ਸੀ। ਕਿਵੇਂ ਹੋਵੇਗੀ ਮਾਂ ? ਨੀਲੂ ਕੀ ਕਰ ਰਹੀ ਹੋਵੇਗੀ ਹੁਣ ? ਕੌਣ ਦੇਖ-ਭਾਲ ਕਰ ਰਿਹਾ ਹੋਵੇਗਾ ਮਾਂ ਦੀ ? ਬਹੁਤ ਸਾਰੇ ਸਵਾਲ ਮਨ 'ਚੋਂ ਹੁੰਦੇ ਹੋਏ ਦਿਮਾਗ਼ ਅੰਦਰ ਟਕਰਾ ਰਹੇ ਸਨ। ਜੇਕਰ ਪਿਤਾ ਜੀ ਹੁੰਦੇ ਤਾਂ ਚਿੰਤਾ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਸੀ ਪੰਰਤੂ ਪਿਤਾ ਜੀ ਤਾਂ ਹੁਣ ਮਹਿਜ਼ ਇਕ ਯਾਦ 'ਚ ਬਦਲ ਚੁੱਕੇ ਸੀ। ਕੀ ਉਸਨੇ ਪਰਿਵਾਰ ਨੂੰ ਛੱਡ ਕੇ ਕੋਈ ਅਪਰਾਧ ਤਾਂ ਨਹੀਂ ਸੀ ਕੀਤਾ ? ਸੋਚਦੇ-ਸੋਚਦੇ ਉਸਦੀਆਂ ਅੱਖਾਂ ਦੇ ਦੋਨੋਂ ਕੋਰਾਂ 'ਚੋਂ ਪਾਣੀ ਨਿਕਲ ਆਇਆ ਸੀ .....।

'ਕਾਮਰੇਡ' ਰਿਸ਼ਤੇ-ਨਾਤੇ ਹੀ ਹਨ, ਜਿਹੜੇ ਸਾਡੇ ਪੈਰਾਂ ਲਈ ਜੰਜੀਰ ਬਣੇ ਰਹਿੰਦੇ ਹਨ .....। ਇਹ ਮੋਹ ਹੀ ਇਨਸਾਨ ਨੂੰ ਜਕੜੀ ਰੱਖਦਾ ਹੈ, ਸਮਾਜ ਬਦਲਣ ਦੀ ਪ੍ਰੇਰਨਾ ਹੀ ਨਹੀਂ

ਦਿੰਦਾ .... ਆਦਿ ਆਦਿ। ਅਨੇਕਾਂ ਹੀ ਵਿਚਾਰ ਸੀਨੀਅਰ ਪਾਰਟੀ ਕਾਮਰੇਡ ਨੇ ਉਹਨਾਂ ਦੇ ਸਾਹਮਣੇ ਰੱਖੇ ਸਨ.... ਅਤੇ ਨਿਸ਼ਚਿੰਤ ਕਰਦੇ ਹੋਏ ਇਹ ਵੀ ਕਿਹਾ ਸੀ – "ਪਰਿਵਾਰ ਦੀ ਤੁਸੀਂ ਚਿੰਤਾ ਨਾ ਕਰੋ ਉਹਨਾਂ ਦੇ ਲਈ ਪਾਲਣ-ਪੋਸ਼ਣ ਦਾ ਬੰਦੋਬਸਤ ਪਾਰਟੀ ਕਰਦੀ ਰਹੇਗੀ।" ਨਿਸ਼ਚਿੰਤ ਹੋ ਗਿਆ ਸੀ ਜਤਿਨ। .... ਪੰਰਤੂ ਕਦੀ-ਕਦੀ ਇੱਕਲੇਪਨ 'ਚ ਉਸਨੂੰ ਪਿਤਾ ਜੀ ਦਾ ਚਿਹਰਾ ਬਹੁਤ ਯਾਦ ਆਉਂਦਾ। ਪਿਤਾ ਜੀ ਹੀ ਤਾਂ ਸੀ ਉਸਦੇ ਪ੍ਰੇਰਣਾ ਸਰੋਤ, ਆਦਰਸ਼ .....?

ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਜਤਿਨ ਨੂੰ ਅੱਜ ਵੀ ਯਾਦ ਹਨ, ਜਿਨਾਂ 'ਚੋਂ ਕੁਝ ਧੁੰਦਲੀਆਂ ਹੋ ਚੁੱਕੀਆਂ ਹਨ ਅਤੇ ਕੁਝ ਗੱਲਾਂ ਧੁਰ ਅੰਦਰ ਤੱਕ ਅਟਕੀਆਂ ਹੋਈਆਂ ਹਨ। ਪਿਤਾ ਜੀ ਹਮੇਸ਼ਾਂ ਹੀ ਛਾਤੀ ਚੌੜੀ ਕਰਕੇ ਚਲਦੇ ਸੀ। ਚਿਹਰਾ ਹਮੇਸ਼ਾਂ ਦਮਕਦਾ ਸੀ। ਵੱਡੀਆਂ ਅੱਖਾਂ 'ਚ ਹਮੇਸ਼ਾਂ ਹੀ ਸੁਪਨੇ ਤੈਰਦੇ ਰਹਿੰਦੇ ਸੀ। ਜਦੋਂ ਜਤਿਨ ਕੁਝ ਵੱਡਾ ਹੋਇਆ ਤਾਂ ਉਸ ਨੇ ਇਹਨਾਂ ਚਮਕਦੇ ਹੋਏ ਸੁਪਨਿਆਂ 'ਚ ਕੁਝ ਦਰਦ ਦੇ ਬਿੰਬ ਵੀ ਮਹਿਸੂਸ ਕੀਤੇ ਸੀ। ਪਿਤਾ ਜੀ ਕਦੇ-ਕਦੇ ਕਿੱਸਿਆਂ ਦੇ ਰੂਪ 'ਚ ਸੁਪਨਿਆਂ ਦੀ ਚਮਕ ਅਤੇ ਦਰਦ ਦੇ ਬਿੰਬਾਂ ਨੂੰ ਪ੍ਰਗਟ ਕਰਦੇ। ਸਾਡੇ ਲਈ ਤਾਂ ਉਹ ਸਿਰਫ਼ ਕਿੱਸੇ ਹੀ ਸੀ, ਜਿੰਨ੍ਹਾਂ ਨੂੰ ਸੁਣ ਕੇ ਕਦੀ ਅਸੀਂ ਖੁਸ਼ੀ ਨਾਲ ਭਰ ਉਠਦੇ ਸੀ ਤੇ ਕਦੀ ਥੋੜ੍ਹਾ ਉਦਾਸ ਵੀ ਹੋ ਜਾਂਦੇ। ਨੀਲੂ ਪਿਤਾ ਜੀ ਦੇ ਮੋਢਿਆਂ 'ਤੇ ਝੂਲਦੀ ਹੋਈ ਕਦੇ ਕੋਈ ਸਟੋਰੀ ਸੁਣਦੀ ਤਾਂ ਕਦੀ ਪਿਤਾ ਜੀ ਨੂੰ ਮੰਜੇ 'ਤੇ ਧੱਕਾ ਦੇ ਦਿੰਦੀ ਅਤੇ ਉਨ੍ਹਾਂ ਦੀ ਛਾਤੀ 'ਤੇ ਬੈਠ ਕੇ ਕਹਿੰਦੀ, "ਹੁਣ ਇਸਟੋਰੀ ਸੁਣਾਓ।"

ਪਿਤਾ ਜੀ ਨੀਲੂ ਦੇ ਮੂੰਹ 'ਚੋ 'ਇਸਟੋਰੀ' ਸ਼ਬਦ ਸੁਣ ਕੇ ਖੁਸ਼ੀ 'ਚ ਝੂਮ ਉੱਠਦੇ। ਉਹ ਨੀਲੂ ਨੂੰ ਕਹਿੰਦੇ –

"ਕੀ ਸੁਣਾਵਾਂ ਆਪਣੀ ਬੇਟੀ ਨੂੰ?"

"ਇਸਟੋਰੀ ਸਣਾਓ ।"

ਕਿੰਨੇ ਦਰਦ ਦੇ ਸਮੁੰਦਰ ਸੀ ਜਿਹੜੇ, ਪਿਤਾ ਜੀ ਦੇ ਸੀਨੇ ਵਿਚ ਛੁਪੇ ਹੋਏ ਸੀ। ਉਨਾਂ ਨੇ ਮਾਂ ਨਾਲ ਬਹੁਤ ਘੱਟ ਦੁੱਖ ਸਾਂਝਾ ਕੀਤਾ ਸੀ। ਭਾਵੇਂ ਕਿ ਮਾਂ ਸਭ ਕੁਝ ਜਾਣਦੀ ਵੀ ਸੀ। ਬਹੁਤ ਵਿਵਹਾਰਿਕ ਸੀ ਮਾਂ। ਸਵੇਰੇ ਪੰਜ ਵਜੇ ਉੱਠ ਖੜ੍ਹਦੀ ਸੀ, ਉਹ ਵੀ ਬਿਨਾਂ ਨਾਗਾ 'ਤੇ ਉੱਠ ਕੇ ਪਿਤਾ ਜੀ ਲਈ ਚਾਹ ਬਣਾਉਂਦੀ। ਪਿਤਾ ਜੀ ਵੀ ਜਲਦੀ ਉੱਠ ਕੇ ਕੁਝ ਨਾ ਕੁਝ ਪੜ੍ਹਦੇ ਰਹਿੰਦੇ। ਛੇ ਵਜੇ ਨੇੜੇ-ਤੇੜੇ ਦੇ ਅਤੇ ਦੂਰ-ਦੂਰਾਡੇ ਦੇ ਲੋਕ ਉਹਨਾਂ ਨੂੰ ਮਿਲਣ ਲਈ ਆਉਂਦੇ ਰਹਿੰਦੇ ਸਨ। ਆਪਣੀਆਂ-ਆਪਣੀਆਂ ਪ੍ਰੇਸ਼ਾਨੀਆਂ ਲਈ ਕੋਈ ਸਲਾਹ ਲੈਂਦੇ ਕਦੀ-ਕਦੀ ਰੋ ਵੀ ਪੈਂਦੇ। ਪਿੰਡ 'ਚੋਂ ਆਏ ਹੋਏ ਲੋਕ ਆਪਣੇ ਉੱਤੇ ਹੋਏ ਅਨਿਆਂ ਨੂੰ ਬਿਆਨ ਕਰਦੇ ਸੀ। ਅਜੀਬ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਸਨ ਸਾਰੀਆਂ। ਸਵਰਨ ਜਾਤੀ ਦੇ ਲੋਕਾਂ ਨੇ ਦਲਿਤ ਮਹਿਲਾ ਨਾਲ ਬਲਾਤਕਾਰ ਕਰ ਦਿੱਤਾ ਜਾਂ ਕਿਸੇ ਦਲਿਤ ਦੀ ਕੁੱਟ-ਮਾਰ ਕਰ ਦਿੱਤੀ। ਕਦੀ-ਕਦੀ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਬਾਰੇ ਵੀ ਗੱਲ ਕਰਦੇ। ਪਿਤਾ ਜੀ ਸਾਰਿਆਂ ਦੀ ਗੱਲ-ਬਾਤ ਬੜ੍ਹੇ ਹੀ ਧਿਆਨ ਨਾਲ ਸੁਣਦੇ। ਉਹਨਾਂ ਦੇ ਚਿਹਰੇ 'ਤੇ ਕਦੀ ਉਦਾਸੀ ਅਤੇ ਕਦੀ ਚਮਕ ਆਉਂਦੀ ਅਜਿਹਾ ਅਸੀਂ ਕਦੀ ਨਹੀਂ ਦੇਖਿਆ ਕਿ ਉਹਨਾਂ ਨੇ ਕਦੀ ਕਿਸੇ ਨਾਲ ਮਿਲਣ ਤੋਂ ਨਾਂਹ ਕੀਤੀ ਹੋਵੇ। ਇਕ ਵਾਰ ਜਤਿਨ ਨੇ ਉਹਨਾਂ ਨੂੰ ਕਿਹਾ ਵੀ ਸੀ –

"ਪਿਤਾ ਜੀ ਤੁਸੀ ਇਹਨਾਂ ਨੂੰ ਕਿਉਂ ਮਿਲਦੇ ਹੋ ..... ? ਇਹ ਲੋਕ ਹਮੇਸ਼ਾਂ ਹੀ ਸਾਡੇ ਘਰ ਨੂੰ ਘੇਰ ਕੇ ਰੱਖਦੇ ਹਨ.....? ਕੀ ਇਹ ਸਾਡੇ ਰਿਸ਼ਤੇਦਾਰ ਹਨ ?"

ਬਹੁਤ ਸਾਰੇ ਸਵਾਲ ਇਕੋ ਵਾਰ 'ਚ ਹੀ ਕਰ ਦਿੱਤੇ ਸੀ, ਜਤਿਨ ਨੇ, ਪਿਤਾ ਜੀ ਕੁਝ ਸਮੇਂ ਤੱਕ ਜਤਿਨ ਦੇ ਚਿਹਰੇ ਵੱਲ ਮੁਸਕਰਾ ਕੇ ਪਿਆਰ ਨਾਲ ਵੇਖਦੇ ਰਹੇ ਸੀ। ਫਿਰ ਉਸ ਨੂੰ ਗੋਦੀ ਵਿਚ ਬਿਠਾ ਕੇ ਕਿਹਾ ਸੀ –

"ਜੀਤੂ, ਇਹ ਸਾਡੇ ਆਪਣੇ ਲੋਕ ਹਨ। ਇਹਨਾਂ ਨੂੰ ਸਾਡੀ ਜ਼ਰੂਰਤ ਹੈ ਬੇਟਾ.... ਅਤੇ ਆਪਣੇ ਲੋਕਾਂ ਦੇ ਲਈ ਹਮੇਸ਼ਾਂ ਹੀ ਤਿਆਰ ਰਹਿਣਾ ਚਾਹੀਦਾ ਹੈ।"

ਜਦੋਂ ਵੀ ਪਿਤਾ ਜੀ ਬਹੁਤ ਭਾਵੁਕ ਹੁੰਦੇ ਸੀ ਤਾਂ ਜਤਿਨ ਨੂੰ ਹਮੇਸ਼ਾਂ 'ਜੀਤੂ' ਕਹਿੰਦੇ ।ਜਤਿਨ ਬਹੁਤ ਦਿਨਾਂ ਤੱਕ 'ਆਪਣੇ ਲੋਕਾਂ' ਦੀ ਇਸ ਪਰਿਭਾਸ਼ਾ ਨੂੰ ਸਮਝ ਹੀ ਨਹੀਂ ਸੀ ਸਕਿਆ, ਪੰਰਤੂ ਪਿਤਾ ਜੀ ਦੇ ਕਹਿਣ ਦਾ ਅਸਰ ਇਹ ਹੋਇਆ ਕਿ ਸ਼ਾਮ ਨੂੰ ਜੇਕਰ ਕੁਝ ਲੋਕ ਘਰ ਆਉਂਦੇ ਤਾਂ ਉਹ ਪਿਤਾ ਜੀ ਦੇ ਕੋਲ ਜਾ ਕੇ ਕਹਿੰਦਾ – "ਪਿਤਾ ਜੀ, ਕੁਝ 'ਆਪਣੇ ਲੋਕ' ਆਏ ਹਨ ਤੁਹਾਨੂੰ ਮਿਲਣ।"

ਪਿਤਾ ਜੀ ਇਕ ਵਾਰ ਉਸਨੂੰ ਹੈਰਾਨੀ ਨਾਲ ਦੇਖਦੇ ਅਤੇ ਮੁਸਕਰਾ ਕੇ ਉਸਦੇ ਨਾਲ ਤੁਰ ਪੈਂਦੇ। ਅਨੇਕਾਂ ਘਟਨਾਵਾਂ ਹਨ ਜੋ ਜਤਿਨ ਦੀ ਮਾਨਸਿਕਤਾ 'ਚ ਪਈਆਂ ਹੋਈਆਂ ਹਨ। ਪਿਤਾ ਜੀ ਦੀ ਸਿੱਖਿਆ ਪਿੰਡ 'ਚ ਹੀ ਹੋਈ ਸੀ। ਜਾਤੀ ਦਮਨ ਅਤੇ ਅੱਤਿਆਚਾਰ ਉਹਨਾਂ ਨੇ ਬਹੁਤ ਝੱਲਿਆ ਸੀ। ਉਹ ਜਦੋਂ ਦਸਵੀਂ 'ਚ ਸਨ ਤਾਂ ਪੜ੍ਹਾਈ ਕਰਨ ਲਈ ਸ਼ਹਿਰ ਚਲੇ ਆਏ ਸੀ। ਪਰ ਕੀ ਸ਼ਹਿਰ ਅਤੇ ਕੀ ਪਿੰਡ ? ਹਰ ਜਗ੍ਹਾ ਜਾਤੀ ਮੂੰਹ ਖੋਲ੍ਹੀ ਖੜ੍ਹੀ ਰਹਿੰਦੀ। ਜਦੋਂ ਬੀ. ਏ. 'ਚ ਸੀ ਤਾਂ ਦਾਦਾ-ਦਾਦੀ ਅਤੇ ਭੂਆ ਵੀ ਸ਼ਹਿਰ ਆ ਗਏ ਸੀ। ਹੋਇਆ ਇਹ ਕਿ ਪਿਤਾ ਜੀ ਦੇ ਛੋਟੇ ਭਾਈ ਮੇਰੇ ਚਾਚਾ ਜੀ ਦਾ ਠਾਕੁਰ ਦੀ ਲੜਕੀ ਨਾਲ ਪਿਆਰ ਪੈ ਗਿਆ। ਚਾਚਾ ਇਕ ਦਿਨ ਠਾਕੁਰ ਦੀ ਲੜਕੀ ਨੂੰ ਲੈ ਕੇ ਕਿਸੇ ਸ਼ਹਿਰ 'ਚ ਭੱਜ ਗਿਆ, ਉੱਥੇ ਜਾ ਕੇ ਉਹਨਾਂ ਨੇ ਵਿਆਹ ਵੀ ਕਰਵਾ ਲਿਆ ਸੀ। ਦਾਦਾ ਜੀ ਪਰਿਵਾਰ ਦੇ ਮੁਖੀ ਸੀ। ਸਾਰੇ ਪਿੰਡ ਦੇ ਸਾਹਮਣੇ ਕੁੱਟਿਆ ਸੀ ਉਹਨਾਂ ਨੂੰ ਅਤੇ ਤਿੰਨ ਦਿਨ ਦੀ ਮੋਹਲਤ ਵੀ ਦਿੱਤੀ ਸੀ। ਕਿਥੋਂ ਲਿਆਉਂਦੇ ਓਹ ਚਾਚਾ ਜੀ ਨੂੰ। ਇਸ ਲਈ ਇਕ ਰਾਤ ਉਹ ਸਮਾਨ ਲੈ ਕੇ ਸ਼ਹਿਰ ਵੱਲ ਆ ਗਏ ਸੀ। ਪਿਤਾ ਜੀ ਨੂੰ ਉਹਨਾਂ ਦੇ ਰਹਿਣ ਦੀ ਵਿਵਸਥਾ ਆਪਣੇ ਨਾਲ ਹੀ ਕਰਨੀ ਪਈ ਸੀ। ਹੁਣ ਪਿਤਾ ਜੀ ਦਿਨ 'ਚ ਕਾਲਜ ਜਾਂਦੇ ਅਤੇ ਰਾਤ ਦੇ ਸਮੇਂ ਕੰਮ ਕਰਦੇ। ਪਿਤਾ ਜੀ ਪੁਰਖਿਆਂ ਦੀ ਜ਼ਮੀਨ ਛੁੱਟ ਜਾਣ 'ਤੇ ਬਹੁਤ ਦੁੱਖੀ ਰਹਿੰਦੇ। ਪਿਤਾ ਜੀ ਜਦੋਂ ਵੀ ਸਾਨੂੰ ਇਹ ਘਟਨਾ ਦੱਸਦੇ ਤਾਂ ਉਹਨਾਂ ਦੀਆਂ ਅੱਖਾਂ ਕਿਤੇ ਗੁੰਮ ਜਾਂਦੀਆਂ। ਕਾਲਜ ਦੇ ਦਿਨਾਂ 'ਤੋਂ ਹੀ ਉਹ ਅੰਬੇਡਕਰਵਾਦੀ ਅੰਦੋਲਨ ਨਾਲ ਜੁੜ ਗਏ ਸੀ। 'ਜਾਤ ਖਤਮ ਕਰਨੀ ਹੈ ਬਸ .....' ਇਹੀ ਤਾਂ ਸੁਪਨਾ ਸੀ ਪਿਤਾ ਜੀ ਦਾ। ਭਾਵੇਂ ਕਿ ਪਿਤਾ ਜੀ ਚਾਹੁੰਦੇ ਸੀ ਕਿ ਜਤਿਨ ਵੀ ਉਹਨਾਂ ਦੀ ਤਰ੍ਹਾਂ ਪੜ੍ਹ-ਲਿਖ ਕੇ ਅਧਿਆਪਕ ਜਾਂ ਕਾਲਜ ਲੈਕਚਰਾਰ ਬਣ ਜਾਵੇ ਅਤੇ 'ਆਪਣੇ ਲੋਕਾਂ' ਦੀ ਮਦਦ ਕਰੇ ਪਰ ਉਹ ਪਿਤਾ ਜੀ ਦੇ ਇਸ ਸੁਪਨੇ ਨੂੰ ਕਿਥੇ ਪੂਰਾ ਕਰ ਸਕਿਆ ਸੀ ? ਪਿਤਾ ਜੀ ਅੰਬੇਡਕਰਵਾਦੀ ਸੀ ਅਤੇ ਉਹ ਮਾਰਕਸਵਾਦੀ। ਪਿਤਾ ਜੀ ਸਕੂਲ 'ਚ ਹਿਸਟਰੀ ਪੜ੍ਹਾਉਂਦੇ ਸੀ। ਸਕੂਲ ਤੋਂ ਬਾਅਦ ਉਹ ਕਿਤੇ ਨਾ ਕਿਤੇ ਕਿਸੇ ਪਾਰਟੀ ਜਾਂ ਸੰਮੇਲਨ 'ਚ ਜਾਂਦੇ ਰਹਿੰਦੇ ਸਨ। ਸ਼ਾਮ ਨੂੰ ਹੀ ਘਰ ਵਾਪਸ ਆਉਂਦੇ ਸੀ ਅਕਸਰ, ਕਦੀ ਨਿਰਾਸ਼ ਅਤੇ ਕਦੀ ਖੁਸ਼। ਘਰ ਵਾਪਸ ਆ ਕੇ ਜਤਿਨ ਅਤੇ ਨੀਲੂ ਨੂੰ ਬਹੁਤ ਸਾਰੀਆਂ ਗੱਲਾਂ ਦੱਸਦੇ ਸੀ। ਪਿਤਾ ਜੀ ਦੇ ਕੋਲ ਇਕ ਬਕਸਾ ਸੀ, ਬਹੁਤ ਸੋਹਣਾ ਜਿਹਾ। ਬਕਸੇ 'ਚ ਬਹੁਤ ਸਾਰੀਆਂ ਅਖ਼ਬਾਰਾਂ ਦੀਆਂ ਕਾਤਰਾਂ, ਕੁਝ ਫੋਟੋਆਂ ਅਤੇ ਹੋਰ ਪਤਾ ਨਹੀਂ ਕੀ ਕੁਝ ਸੀ। ਜਤਿਨ ਹਮੇਸ਼ਾਂ ਉਹਨਾ ਨੂੰ ਕਹਿੰਦਾ – "ਪਿਤਾ ਜੀ ਇਹ ਬਕਸਾ

ਵੱਡਾ ਹੋ ਕੇ ਮੈਂ ਲਵਾਂਗਾ।" ਸੁਣਕੇ ਪਿਤਾ ਜੀ ਮੁਸਕਰਾ ਦਿੰਦੇ। ਇਸੇ ਦੌਰਾਨ ਪਿਤਾ ਜੀ ਦੀ ਸਿਹਤ ਖ਼ਰਾਬ ਰਹਿਣ ਲਗੀ। ਉਹ ਇਕਦਮ ਕਮਜ਼ੋਰ ਹੁੰਦੇ ਗਏ। ਉਹ ਆਪਣੀ ਸਿਹਤ ਦੇ ਪ੍ਰਤੀ ਹਮੇਸ਼ਾਂ ਲਾਪਰਵਾਹੀ ਹੀ ਵਰਤਦੇ। ਭਾਵੇਂ ਕਿ ਦੁਪਹਿਰ ਦਾ ਲੰਚ ਉਹ ਹਮੇਸ਼ਾਂ ਨਾਲ ਲੈ ਕੇ ਜਾਂਦੇ ਪ੍ਰੰਤੂ ਅਸੀਂ ਜਾਣਦੇ ਸੀ ਕਿ ਉਹ ਆਪਣਾ ਖਾਣਾ ਕਿਸੇ ਨਾ ਕਿਸੇ ਨੂੰ ਜ਼ਰੂਰ ਖੁਆ ਦਿੰਦੇ ਹਨ। ਇਸ ਲਈ ਸ਼ਾਮ ਨੂੰ ਘਰ ਵਾਪਸੀ ਸਮੇਂ ਮਾਂ ਨੂੰ ਖਾਣਾ ਲਿਆਉਣ ਲਈ ਕਹਿੰਦੇ। ਅੱਠ ਵਜੇ ਤੱਕ ਸਾਡੇ ਸਾਰਿਆਂ ਦਾ ਡਿਨਰ ਹੋ ਜਾਂਦਾ ਸੀ।

ਡਾਕਟਰ ਨੂੰ ਦਿਖਾਉਣ 'ਤੇ ਸ਼ੂਗਰ ਦਾ ਪਤਾ ਲੱਗਿਆ ਸੀ। ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਤਾਂ ਉਹਨਾਂ ਨੂੰ ਪਹਿਲਾਂ ਤੋਂ ਹੀ ਸੀ। ਡਾਕਟਰ ਨੇ ਕਿਹਾ ਵੀ ਸੀ – "ਦੇਖੋ ! ਤੁਹਾਨੂੰ ਆਪਣੇ ਸਰੀਰ ਅਤੇ ਦਿਮਾਗ 'ਤੇ ਜਿਆਦਾ ਸਟਰੈਸ ਨਹੀਂ ਪਾਉਣਾ ਚਾਹੀਦਾ ਹੈ। ਤੰਦਰੁਸਤ ਰਹੋਗੇ ਤਾਂ ਹੀ ਕੋਈ ਕੰਮ ਕਰ ਸਕੋਗੇ।" ਪਰ ਪਿਤਾ ਜੀ ਨੇ ਡਾਕਟਰ ਦੀ ਗੱਲ ਕਿੱਥੇ ਮੰਨੀ ਸੀ। ਉਹ ਤਾਂ ਪੱਕੇ ਸਮਾਜਵਾਦੀ ਸੀ ਜਦੋਂ ਉਹਨਾਂ ਨੂੰ ਕੋਈ ਮਿਲਣ ਆਉਂਦਾ ਤਾਂ ਉਹ ਘਰ ਤੋਂ ਬਾਹਰ ਆ ਹੀ ਜਾਂਦੇ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਦੀ ਸਿਹਤ ਦਿਨੋ-ਦਿਨ ਖ਼ਰਾਬ ਹੁੰਦੀ ਚਲੀ ਗਈ। ਮਿੱਠੇ ਦਾ ਪਰਹੇਜ਼ ਘਰ 'ਚ ਤਾਂ ਹੋ ਗਿਆ ਸੀ ਪ੍ਰੰਤੂ ਬਾਹਰ.....।

ਜਤਿਨ ਨੇ ਬਾਰ੍ਹਵੀਂ ਪਾਸ ਕਰ ਕੇ ਨੇੜੇ ਦੇ ਕਾਲਿਜ 'ਚ ਦਾਖ਼ਲਾ ਲੈ ਲਿਆ ਸੀ। ਉਹ ਪੜ੍ਹਾਈ 'ਚ ਠੀਕ ਸੀ ਪਰ ਬਹੁਤ ਇੰਟੈਲੀਜੈਂਟ ਕਦੇ ਵੀ ਨਹੀਂ ਸੀ ਰਿਹਾ। ਹਾਂ, ਉਸ ਵਿਚ ਇਕ ਗੱਲ ਜ਼ਰੂਰ ਸੀ, ਜੋ ਉਸਨੂੰ ਦੂਜਿਆਂ ਨਾਲੋਂ ਵੱਖਰਾ ਕਰਦੀ ਸੀ। ਉਸ ਦਾ ਆਈ. ਕਿਊ. ਬਹੁਤ ਚੰਗਾ ਸੀ। ਆਪਣੇ ਨੇੜੇ-ਤੇੜੇ ਦੀਆਂ ਘਟਨਾਂਵਾ ਅਤੇ ਸਮੱਸਿਆਵਾਂ ਬਾਰੇ ਉਸ ਦੀ ਅਲੱਗ ਹੀ ਸਮਝ ਹੁੰਦੀ ਸੀ। ਉਸ ਦੀ ਇਹ ਅਲੱਗ ਸਮਝ ਪਿਤਾ ਜੀ ਦੇ ਪ੍ਰਭਾਵ ਨਾਲ ਹੀ ਬਣੀ ਸੀ ਅਤੇ ਉਸਦੀ ਇਹੀ ਸਮਝ ਸਕੂਲ ਤੋਂ ਲੈ ਕੇ ਕਾਲਿਜ ਤੱਕ ਦੇ ਸਾਰੇ ਕਿਤਾਬੀ-ਕੀੜੇ ਵਿਦਿਆਥੀਆਂ ਨਾਲੋਂ ਅਲੱਗ ਸੀ। ਭਾਵੇਂ ਹੋਰਾਂ ਨਾਲੋਂ ਵੱਖਰੇ ਹੋਣ ਦੇ ਹੋਰ ਵੀ ਬਹੁਤ ਸਾਰੇ ਕਾਰਨ ਸੀ ਜਿਵੇਂ ਉਸਦਾ ਰੰਗ ਹਮੇਸ਼ਾਂ ਹੀ ਉਸਨੂੰ ਹੋਰਾਂ ਨਾਲੋਂ ਅਲੱਗ ਕਰਦਾ ਸੀ। ਉਸਦਾ ਰੰਗ ਤਾਂਬੇ ਵਰਗਾ ਸੀ ਬਿਲਕੁਲ ਪਿਤਾ ਜੀ ਤਰ੍ਹਾਂ ਪ੍ਰੰਤੂ ਨੈਣ-ਨਕਸ਼ ਇਕਦਮ ਤਿੱਖੇ ਸੀ ਮਾਂ ਦੀ ਤਰ੍ਹਾਂ। ਰੰਗ ਦੇ ਕਾਰਣ ਸਕੂਲ ਤੋਂ ਕਾਲਜ ਤੱਕ ਸਾਰੇ ਉਸਨੂੰ 'ਕਾਲੂ' ਕਹਿੰਦੇ ਸੀ। ਸ਼ੁਰੂ ਵਿਚ ਉਸਨੂੰ ਇਹ ਲੋਕਾਂ ਵਲੋਂ ਦਿੱਤਾ ਜਾਣ ਵਾਲਾ ਨਾਮ ਚੰਗਾ ਨਹੀਂ ਲੱਗਦਾ ਸੀ। ਪ੍ਰੰਤੂ ਹੌਲ਼ੀ-ਹੌਲ਼ੀ ਉਹ ਇਸ ਦਾ ਆਦੀ ਹੁੰਦਾ ਗਿਆ। ਭਾਵੇਂ ਕਿ ਸ਼ੁਰੂ 'ਚ ਸਾਨੂੰ ਕੋਈ ਵੀ ਮਾੜੀ ਗੱਲ ਮਾੜੀ ਹੀ ਲਗਦੀ ਹੈ ਪ੍ਰੰਤੂ ਹੌਲ਼ੀ-ਹੌਲ਼ੀ ਮਜ਼ਬੂਰੀ 'ਚ ਅਸੀਂ ਇਸਦੇ ਆਦੀ ਹੁੰਦੇ ਜਾਂਦੇ ਹਾਂ। ਇਸ ਤਰ੍ਹਾਂ ਜਤਿਨ ਦੇ ਦੋ ਨਾਮ ਹੋ ਗਏ ਸੀ। ਰੰਗ ਦੇ ਇਲਾਵਾ ਕੁਝ ਹੋਰ ਗੱਲਾਂ ਵੀ ਵੱਖਰੇ-ਪਨ ਵਾਲੀਆਂ ਸਨ ਜਿਵੇਂ ਉਸ ਦਾ ਗੰਭੀਰ ਅਤੇ ਖ਼ਾਮੋਸ਼ ਚਿਹਰਾ ਅਤੇ ਸੁਭਾਅ ਦਾ ਹੋਣਾ। ਉਹ ਬਹੁਤ ਹੀ ਘੱਟ ਪ੍ਰਤੀਕਿਰਿਆ ਦਿੰਦਾ ਸੀ। ਪ੍ਰੰਤੂ ਜਦੋਂ ਪ੍ਰਤੀਕਿਰਿਆ ਦਿੰਦਾ ਸੀ ਫ਼ਟਾਫਟ ਬੋਲਦਾ ਜਾਂਦਾ ਸੀ, ਜਿਵੇਂ ਵਿਚਾਰਾਂ ਦੀ ਵੋਮੇਟਿੰਗ ਕਰ ਰਿਹਾ ਹੋਵੇ। ਅਜਿਹੇ ਸਮੇਂ ਤਾਂ ਉਹ ਆਪਣੇ ਹਮ-ਉਮਰ ਦੇ ਲੋਕਾਂ ਨਾਲੋਂ ਵੱਡਾ ਦਿਖਾਈ ਦਿੰਦਾ ਸੀ। ਉਸਦੀ ਭਾਸ਼ਣ ਬਾਜੀ ਤੋਂ ਲੋਕ ਬਹੁਤ ਪ੍ਰਭਾਵਿਤ ਹੁੰਦੇ ਸੀ ਕਿ ਮਿੱਟੀ ਦਾ ਮਾਧੋ ਅੱਜ ਬੋਲ ਰਿਹਾ ਹੈ। ਪ੍ਰੰਤੂ ਹੌਲ਼ੀ-ਹੌਲ਼ੀ ਲੋਕ ਅੱਕ ਕੇ ਉਸ ਤੋਂ ਦੂਰ ਹੋ ਜਾਂਦੇ ਸੀ। ਇਸ ਤਰ੍ਹਾਂ ਕਲਾਸ 'ਚ ਉਸਦਾ ਕੋਈ ਦੋਸਤ ਨਹੀਂ ਸੀ ਬਣ ਸਕਿਆ।

ਜਤਿਨ ਉਰਫ਼ ਕਾਲੂ ਉਰਫ਼ ਬਤਖ਼ੂਨਾ ਹੌਲ਼ੀ-ਹੌਲ਼ੀ ਕਾਲਜ ਦੇ ਮਾਹੌਲ 'ਚ ਢੱਲਣ ਲੱਗਿਆ ਸੀ ਭਾਵੇਂ ਕਿ ਬਹੁਤ ਦਿਨਾਂ ਤੱਕ ਕੋਈ ਦੋਸਤ ਨਾ ਹੋਣ ਕਾਰਨ ਉਸਨੂੰ ਕਾਲਜ ਜਾਣ 'ਚ ਕੋਈ

ਖੁਸ਼ੀ ਨਹੀਂ ਹੁੰਦੀ ਸੀ ਪ੍ਰੰਤੂ ਇਕ ਦਿਨ ਉਸ ਦੀ ਹੀ ਕਲਾਸ 'ਚ ਪੜ੍ਹਨ ਵਾਲੇ ਵਿਸ਼ਨੂੰ ਸ਼ਰਮਾ ਜੋ ਉਸਨੂੰ ਕਦੀ-ਕਦੀ ਹੈਲੋ ਕਹਿੰਦਾ ਸੀ ਨੇ ਉਸਨੂੰ ਇਕ ਪੜ੍ਹਿੱਕਾ ਪੜ੍ਹਨ ਲਈ ਦਿੱਤੀ ਸੀ – 'ਸਾਮਯਿਕ ਉਦਘੋਸ਼।' ਪੜ੍ਹਿਕਾ ਜਤਿਨ ਨੇ ਕਾਲਜ ਦੀ ਲਾਇਬ੍ਰੇਰੀ 'ਚ ਬੈਠ ਕੇ ਹੀ ਪੜ੍ਹ ਦਿੱਤੀ ਸੀ। ਉਸਨੂੰ ਪੜ੍ਹਿਕਾ 'ਚ ਪੇਸ਼ ਕੀਤੇ ਸਵਾਲਾਂ ਅਤੇ ਮੁੱਦਿਆਂ ਨੂੰ ਪੜ੍ਹ ਕੇ ਪਿਤਾ ਜੀ ਦੇ 'ਆਪਣੇ ਲੋਕ' ਯਾਦ ਆਏ ਸੀ । ਹਾਲੇ ਬੀ.ਏ. ਸੈਕਿੰਡ ਈਅਰ 'ਚ ਹੀ ਤਾਂ ਸੀ ਜਤਿਨ, ਪਰ 'ਆਪਣੇ ਲੋਕਾਂ' ਦੀ ਪਰਿਭਾਸ਼ਾ ਹੁਣ ਉਹ ਚੰਗੀ ਤਰ੍ਹਾਂ ਸਮਝਦਾ ਸੀ। ਜਾਤੀ ਸ਼ੋਸ਼ਣ ਨੂੰ ਸਮਝ ਚੁੱਕਾ ਸੀ। ਪੜ੍ਹਿਕਾ ਪੜ੍ਹਨ ਤੋਂ ਬਾਅਦ ਕਿਸਾਨ, ਮਜ਼ਦੂਰ, ਸਰਵ-ਹਾਰਾ ਸ਼ਬਦ ਅਤੇ ਉਨ੍ਹਾਂ ਦੇ ਸ਼ੋਸ਼ਣ ਦੀ ਨਵੀਂ ਤਸਵੀਰ ਸਾਹਮਣੇ ਆਈ ਸੀ। 'ਵਿਵਸਥਾ ਬਦਲੇ ਬਿਨਾਂ ਅਨਿਆਂ ਅਤੇ ਸ਼ੋਸ਼ਣ ਖ਼ਤਮ ਨਹੀਂ ਹੋਵੇਗਾ' ਅਜਿਹਾ ਉਸਨੇ ਪੜ੍ਹਿਕਾ 'ਚ ਪੜ੍ਹਿਆ ਸੀ। ਘਰ ਪਹੁੰਚ ਕੇ ਉਸ ਨੇ ਪੜ੍ਹਿਕਾ ਪਿਤਾ ਜੀ ਨੂੰ ਵਿਖਾਈ ਸੀ। ਪਿਤਾ ਜੀ ਨੇ ਪੜ੍ਹਿਕਾ ਨੂੰ ਉਲਟ-ਪੁਲਟ ਕਰਕੇ ਵੇਖਿਆ। ਜਤਿਨ ਪਿਤਾ ਜੀ ਨਾਲ ਗੱਲ ਕਰਨਾ ਚਾਹੁੰਦਾ ਸੀ। ਉਸਨੇ ਪਿਤਾ ਜੀ ਵੱਲ ਵੇਖਿਆ ਪਿਤਾ ਜੀ ਸਮਝ ਗਏ ਕੇ ਜਤਿਨ ਦੇ ਮਨ 'ਚ ਕੁਝ ਸਵਾਲ ਹਨ। "ਬੈਠੋ ਜੀਤੂ, ਕੁਝ ਗੱਲ-ਬਾਤ ਕਰਨਾ ਚਾਹੁੰਦੇ ਹੋ।" ਪਿਤਾ ਜੀ ਨੇ ਕਿਹਾ ਸੀ। ਜਤਿਨ ਪਿਤਾ ਜੀ ਦੇ ਕੋਲ ਪਲੰਗ 'ਤੇ ਬੈਠ ਗਿਆ। "ਪਿਤਾ ਜੀ ! ਜਾਤੀ ਅਤੇ ਵਰਗ ਵਿਚ ਕੀ ਅੰਤਰ ਹੈ?" ਪਿਤਾ ਜੀ ਗੰਭੀਰ ਹੋ ਕੇ ਜਤਿਨ ਦੀਆਂ ਅੱਖਾਂ 'ਚ ਵੇਖਣ ਲੱਗੇ। ਪਿਤਾ ਜੀ ਨੂੰ ਚੰਗਾ ਲੱਗ ਰਿਹਾ ਸੀ ਕਿ ਜਤਿਨ ਅਜਿਹੇ ਸਵਾਲਾਂ 'ਤੇ ਗੱਲ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ- " ਬੇਟਾ ! ਭਾਰਤ 'ਚ ਕਈ ਪ੍ਰਕਾਰ ਦੇ ਸ਼ੋਸ਼ਣ ਅਤੇ ਭੇਦਭਾਵ ਹਨ। ਜਿਸ 'ਚ ਇਕ ਜਾਤੀ ਸ਼ੋਸ਼ਣ ਅਤੇ ਦੂਜਾ ਵਰਗ ਸ਼ੋਸ਼ਣ। ਜਿਹਨਾਂ ਨੂੰ ਅਸੀਂ ਸਮਾਜਿਕ ਅਤੇ ਆਰਥਿਕ ਸ਼੍ਰੇਣੀ ਦੇ ਹਿਸਾਬ ਨਾਲ ਵੀ ਦੇਖਦੇ ਹਾਂ। ਇਹ ਮੋਟੇ ਤੌਰ 'ਤੇ ਸਮਝਣ ਲਈ ਹੈ। ਜਿਹੜੇ ਇਥੇ ਅਛੂਤ ਅਤੇ ਛੋਟੀ ਜਾਤ ਦੇ ਲੋਕ ਹਨ, ਉਹਨਾਂ ਦਾ ਹਜ਼ਾਰਾਂ ਸਾਲਾਂ ਤੋਂ ਜਾਤੀ ਦੇ ਆਧਾਰ 'ਤੇ ਸ਼ੋਸ਼ਣ ਹੁੰਦਾ ਆ ਰਿਹਾ ਹੈ। ਜਾਣ-ਬੁੱਝ ਕੇ ਉਹਨਾਂ ਨੂੰ ਵਿਕਾਸ ਦੀ ਮੁੱਖ ਧਾਰਾ ਤੋਂ ਅਲੱਗ ਰੱਖਿਆ ਜਾਂਦਾ ਰਿਹਾ ਹੈ। ਇਸ ਲਈ ਬਾਬਾ ਸਾਹਿਬ ਅੰਬੇਡਕਰ ਨੇ ਸਮਾਜਿਕ ਪਰਿਵਰਤਨ ਦੀ ਗੱਲ ਕੀਤੀ ਸੀ। ਜਿਥੋਂ ਤੱਕ ਮਾਰਕਸਵਾਦ 'ਤੇ ਮੇਰੀ ਸਮਝ ਹੈ, ਮਾਰਕਸ ਨੇ ਪੂਰੀ ਦੁਨੀਆਂ ਦੇ ਮਜ਼ਦੂਰਾਂ-ਕਿਸਾਨਾਂ, ਜਿਹਨਾਂ ਨੂੰ ਉਸ ਨੇ ਸਰਵ-ਹਾਰਾ ਕਿਹਾ ਹੈ, ਮਿਹਨਤ ਕਰਨ ਵਾਲਿਆਂ ਦੇ ਲਈ ਪਹਿਲੀ ਵਾਰ ਐਨੇ ਤਰਕਸੰਗਤ ਰੂਪ ਨਾਲ ਵਿਸ਼ਲੇਸ਼ਣ ਕੀਤਾ ਹੈ।" ਕੁਝ ਦੇਰ ਖ਼ਾਮੋਸ਼ੀ ਧਾਰਨ ਪਿਛੋਂ ਜਤਿਨ ਵੱਲ ਵੇਖਿਆ ਅਤੇ ਫਿਰ ਬੋਲਣ ਲੱਗੇ – "ਲੇਕਿਨ ਭਾਰਤ 'ਚ ਮਾਰਕਸਵਾਦੀਆਂ ਨੇ ਸਮਾਜਿਕ ਸਵਾਲ ਨੂੰ ਨਹੀਂ ਉਠਾਇਆ। ਜਾਤੀ ਦੁਆਰਾ ਸ਼ੋਸ਼ਣ ਦੇ ਸ਼ੋਸ਼ਣ ਨੂੰ ਉਹਨਾਂ ਨੇ ਵਰਗ ਸ਼ੋਸ਼ਣ 'ਚ ਹੀ ਸ਼ਾਮਿਲ ਕਰ ਲਿਆ। ਭਾਰਤ ਦੇ ਮਾਰਕਸਵਾਦੀਆਂ ਦਾ ਮੰਨਣਾ ਹੈ ਕਿ ਵਿਵਸਥਾ ਦੇ ਬਦਲਣ ਨਾਲ ਹੀ ਜਾਤੀ ਦੇ ਆਧਾਰ 'ਤੇ ਹੋਣ ਵਾਲਾ ਸ਼ੋਸ਼ਣ ਆਪਣੇ-ਆਪ ਹੀ ਖ਼ਤਮ ਹੋ ਜਾਵੇਗਾ। ਪੰਤੂ ਬੇਟਾ ਅਜਿਹਾ ਨਹੀਂ ਹੈ। ਸਾਡੇ ਲੋਕ ਮਜ਼ਦੂਰ ਵੀ ਹਨ 'ਤੇ ਕਿਸਾਨ ਵੀ ਹਨ। ਉੱਚੀ ਜਾਤ ਦੇ ਵੀ ਮਜ਼ਦੂਰ ਵੀ ਹਨ ਤੇ ਕਿਸਾਨ ਵੀ ਹਨ। ਦੋਨਾਂ ਦੇ ਹਾਲਾਤ ਇਕੋ ਜਿਹੇ ਹੋਣ ਤੇ ਵੀ ਉੱਚੀ ਜਾਤੀ ਦੇ ਮਜ਼ਦੂਰ-ਕਿਸਾਨ ਸਾਡੇ ਲੋਕਾਂ ਨਾਲ ਜਾਤੀ ਦੇ ਆਧਾਰ 'ਤੇ ਭੇਦਭਾਵ ਅਤੇ ਸ਼ੋਸ਼ਣ ਕਰਦੇ ਹਨ। ਸਮੱਸਿਆ ਇਥੇ ਹੀ ਹੈ ਜੀਤੂ।" ਕੁਝ ਦੇਰ ਖ਼ਾਮੋਸ਼ੀ ਛਾ ਗਈ ਸੀ ਦੋਨਾਂ ਦੇ ਵਿਚਕਾਰ। ਦੁਬਾਰਾ ਜਤਿਨ ਨੇ ਸਵਾਲ ਕੀਤਾ – "ਪਰ ਪਿਤਾ ਜੀ ! ਕੀ ਦੋਨਾਂ ਵਿਚਾਰਾਂ 'ਚ ਏਕਾ ਨਹੀਂ ਹੋ ਸਕਦਾ ?" "ਹਾਂ ਬੇਟਾ ! ਹੋ ਸਕਦਾ ਹੈ ਪ੍ਰੰਤੂ ਪਹਿਲਾਂ ਇਹ ਲੋਕ ਜਾਤੀ ਦੇ ਸਵਾਲ ਨੂੰ ਆਪਣੇ ਏਜੰਡੇ 'ਚ ਸ਼ਾਮਿਲ ਤਾਂ ਕਰਨ।" ਪਿਤਾ

ਜੀ ਨੇ ਕਿਹਾ ਸੀ ..... ।

ਬਹੁਤ ਸਾਰੇ ਸਵਾਲ ਸਨ ਜੋ ਜਤਿਨ ਦੇ ਦਿਮਾਗ ਵਿਚ ਅਟਕ ਗਏ ਸਨ। ਉਸਨੇ ਸੋਚਿਆ ਸੀ, 'ਮੈਂ ਦੋਨਾਂ ਦੇ ਵਿਚਕਾਰ ਏਕਾ ਕਰਾਵਾਂਗਾ।" ਹੁਣ ਜਤਿਨ ਵਿਸ਼ਨੂੰ ਸ਼ਰਮਾ ਦੇ ਨਾਲ ਜਾਤ ਅਤੇ ਵਰਗ 'ਤੇ ਖ਼ੂਬ ਬਹਿਸ ਕਰਦਾ। ਵਿਸ਼ਨੂੰ ਤੋਂ ਇਲਾਵਾ ਉਹ ਹੋਰ ਵੀ ਬਹੁਤ ਸਾਰੇ ਲੋਕਾਂ ਨੂੰ ਮਿਲਿਆ ਅਤੇ ਇਸ ਮਸਲੇ 'ਤੇ ਵਿਚਾਰ ਚਰਚਾ ਵੀ ਕੀਤੀ ਪਰ ਉਸਦਾ ਅਧਿਐਨ ਅੰਬੇਡਕਰਵਾਦ ਅਤੇ ਮਾਰਕਸਵਾਦ 'ਤੇ ਹਾਲੇ ਤੱਕ ਕੱਚਾ ਸੀ। ਉਸਨੇ ਮਾਰਕਸ ਅਤੇ ਅੰਬੇਡਕਰ 'ਤੇ ਬਹੁਤ ਸਾਰੀਆਂ ਕਿਤਾਬਾਂ ਵੀ ਪੜ੍ਹੀਆਂ। ਭਾਵੇਂ ਕਿ ਘਰ 'ਚ ਉਹ ਦਲਿਤ ਅੰਦੋਲਨ ਅਤੇ ਅੰਬੇਡਕਰ ਦੀ ਜੀਵਨੀ ਪੜ੍ਹ ਚੁੱਕਾ ਸੀ ਪ੍ਰੰਤੂ ਹੁਣ ਉਹ ਇਹਨਾਂ ਦੇ ਅਧਿਐਨ ਲਈ ਗੰਭੀਰ ਹੋ ਗਿਆ। ਉਸਦਾ ਝੁਕਾਅ ਮਾਰਕਸਵਾਦ ਵੱਲ ਹੁੰਦਾ ਗਿਆ। ਹੌਲੀ-ਹੌਲੀ ਉਹ ਬਾਮਪੰਥੀ ਸੰਗਠਨ ਦਾ ਕਿਰਿਆਸ਼ੀਲ ਮੈਂਬਰ ਬਣ ਗਿਆ। ਉਹ ਵੱਧ ਤੋਂ ਵੱਧ ਸੰਗਠਨ ਦੇ ਕੰਮਾਂ 'ਚ ਹਿੱਸੇਦਾਰੀ ਕਰਦਾ। ਉਸਦੀ ਭਾਗੀਦਾਰੀ ਦੇਖ ਕੇ ਸੰਗਠਨ ਦੇ ਲੋਕਾਂ ਨੇ ਉਸ ਨੂੰ ਪ੍ਰਦੇਸ਼ ਵਿਦਿਆਰਥੀ ਸੰਗਠਨ ਦਾ ਆਗੂ ਬਣਾ ਦਿੱਤਾ ਸੀ। ਸਾਰੇ ਉਸ ਦੀ ਸਮਝ ਅਤੇ ਕੰਮਕਾਜ ਤੋਂ ਬਹੁਤ ਹੀ ਜਿਆਦਾ ਪ੍ਰਭਾਵਿਤ ਸਨ। ਜਤਿਨ ਮੰਨਦਾ ਸੀ ਕਿ ਵਿਵਸਥਾ ਪਰਿਵਰਤਨ ਨਾਲ ਹੀ ਸਮਾਜ 'ਚ ਪਰਿਵਰਤਨ ਹੋਵੇਗਾ। ਜਾਤੀ ਭੇਦਭਾਵ ਵੀ ਇਸ ਪ੍ਰਕਾਰ ਖਤਮ ਹੋਵੇਗਾ। ਜਾਤੀ 'ਤੇ ਉਸ ਦੀ ਸਮਝ ਅਤੇ ਸਵਾਲਾਂ ਤੋਂ ਐਨਾ ਫ਼ਰਕ ਜ਼ਰੂਰ ਆਇਆ ਕਿ ਹੁਣ ਸੰਗਠਨ ਦੇ ਅੰਦਰ ਜਾਤ 'ਤੇ ਨਵੇਂ ਸਿਰੇ ਤੋਂ ਗੱਲ-ਬਾਤ ਸ਼ੁਰੂ ਹੋਣ ਲੱਗੀ ਸੀ। ਹੁਣ ਉਸਦੇ ਨਵੇਂ ਮਾਰਕਸਵਾਦੀ ਦੋਸਤ ਬਣ ਗਏ ਸੀ। ਜੋ ਕਦੀ-ਕਦੀ ਉਸਦੇ ਘਰ ਵੀ ਆਉਂਦੇ ਜਾਂਦੇ ਸੀ। ਘਰ 'ਚ ਵੀ ਉਸਦੀ ਪਿਤਾ ਜੀ ਨਾਲ ਮਾਰਕਸਵਾਦ ਅਤੇ ਅੰਬੇਡਕਰਵਾਦ 'ਤੇ ਬਹਿਸ ਹੁੰਦੀ ਸੀ। ਮਾਂ ਜਤਿਨ ਅਤੇ ਪਿਤਾ ਜੀ ਨੂੰ ਲੜਦੇ-ਝਗੜਦੇ ਹੋਏ ਦੇਖਦੀ। ਕਦੀ-ਕਦੀ ਤਾਂ ਉਹ ਡਰ ਵੀ ਜਾਂਦੀ ਪ੍ਰੰਤੂ ਕੁਝ ਦੇਰ ਬਾਅਦ ਜਦੋਂ ਮਾਂ ਪਿਤਾ ਜੀ ਅਤੇ ਜਤਿਨ ਨੂੰ ਖੁਸ਼ ਹੁੰਦੇ ਹੋਏ ਅਤੇ ਗੱਲ-ਬਾਤ ਕਰਦੀ ਦੇਖਦੀ ਤਾਂ ਉਹ ਵੀ ਹੈਰਾਨੀ 'ਚ ਪੈ ਜਾਂਦੀ। ਅਜਿਹੇ ਸਮੇਂ ਨੀਲੂ ਪਿਤਾ ਜੀ ਨਾਲ ਖੜ੍ਹੀ ਹੁੰਦੀ। ਉਹ ਹਮੇਸ਼ਾਂ ਹੀ ਪਿਤਾ ਜੀ ਦਾ ਪੱਖ ਲੈਂਦੀ। ਕਦੀ-ਕਦੀ ਕਹਿੰਦੀ ਵੀ, "ਭਾਈ ਦੇਖਣਾ, ਇਸ ਬਹਿਸ 'ਚ ਪਿਤਾ ਜੀ ਹੀ ਜਿੱਤਣਗੇ .... ਤੁਸੀਂ ਨਹੀਂ।" ਨੀਲੂ ਦੀਆਂ ਗੱਲਾਂ ਸੁਣ ਕਿ ਪਿਤਾ ਜੀ ਅਤੇ ਜਤਿਨ ਦੋਨੋਂ ਮੁਸਕਰਾ ਦਿੰਦੇ। ਜਤਿਨ ਭਾਵੇਂ ਕਿ ਪਿਤਾ ਜੀ ਨਾਲ ਖੂਬ ਬਹਿਸ ਕਰਦਾ ਸੀ ਪ੍ਰੰਤੂ ਕਦੀ ਵੀ ਉਸਨੇ ਪਿਤਾ ਜੀ ਦਾ ਅਪਮਾਨ ਨਹੀਂ ਕੀਤਾ ਸੀ। ਓਹੀ ਤਾਂ ਸਨ ਉਸ ਦੇ 'ਪਹਿਲੇ ਅਧਿਆਪਕ' ਪਿਤਾ ਜੀ ਜਤਿਨ ਨੂੰ ਦਲਿਤਾਂ ਨਾਲ ਹੋ ਰਹੇ ਮਾੜੇ-ਵਿਵਹਾਰ ਦੀ ਜਾਣਕਾਰੀ ਦਿੰਦੇ। ਉਹਨਾਂ ਨੇ ਆਪਣੇ ਵਿਚਾਰ ਕਦੀ ਵੀ ਜਤਿਨ 'ਤੇ ਨਹੀਂ ਸਨ ਥੋਪੇ। ਬਹੁਤ ਪਿਆਰ ਕਰਦੇ ਸੀ ਨੀਲੂ ਅਤੇ ਜਤਿਨ ਨੂੰ। ਜਤਿਨ ਕਦੀ-ਕਦੀ ਪਿਤਾ ਜੀ ਦਾ ਬਕਸਾ ਮੰਗ ਕੇ ਲੈ ਜਾਂਦਾ ਜਦੋਂ ਵੀ ਉਸਨੂੰ ਸੰਗਠਨ ਦੇ ਕੰਮ ਤੋਂ ਬਾਹਰ ਜਾਣਾ ਹੁੰਦਾ।

ਜਤਿਨ ਨੇ ਬੀ.ਏ. ਪਾਸ ਕਰ ਲਈ ਸੀ ਅਤੇ ਨੀਲੂ ਨੇ ਦਸਵੀਂ। ਪਿਤਾ ਜੀ ਪੰਜਾਹ ਸਾਲ ਦੇ ਹੋ ਗਏ ਸਨ। ਉਹਨਾਂ ਦੀ ਸਿਹਤ ਦਿਨੋ-ਦਿਨ ਘਟਦੀ ਜਾ ਰਹੀ ਸੀ। ਜਤਿਨ ਨੇ ਕਈ ਵਾਰੀ ਕਿਹਾ ਵੀ ਸੀ - "ਪਿਤਾ ਜੀ ਤੁਸੀ ਕਿਰਪਾ ਕਰਕੇ ਸਮਾਜਿਕ ਕਾਰਜਾਂ 'ਚ ਕੁਝ ਹਿੱਸੇਦਾਰੀ ਘਟਾ ਦਿਓ!" ਪ੍ਰੰਤੂ ਪਿਤਾ ਜੀ ਕਿੱਥੇ ਮੰਨਣ ਵਾਲੇ ਸਨ। ਉਹ ਵੀ ਪਲਟ ਕੇ ਪਿਆਰ ਨਾਲ ਕਹਿੰਦੇ, "ਕੀ ਤੂੰ ਕਰ ਸਕਦਾ ਹੈ ਅਜਿਹਾ, ਜੇਕਰ ਤੂੰ ਅਜਿਹਾ ਕਰ ਸਕਦਾ ਹੈ ਤਾਂ ਮੈਂ ਵੀ ਕਰ ਲਵਾਂਗਾ।" ਕਹਿ ਕੇ ਆਰਾਮ ਨਾਲ ਕੁਰਸੀ 'ਤੇ ਬੈਠ ਜਾਂਦੇ ਅਤੇ ਨੀਲੂ ਨੂੰ ਫੜ੍ਹ ਕੇ ਆਪਣੇ ਕੋਲ ਬਿਠਾ ਲੈਂਦੇ। ਅਜਿਹੇ

'ਚ ਨੀਲੂ ਚੁੱਟਕੀ ਲੈਣਾ ਨਹੀਂ ਭੁੱਲਦੀ ਸੀ। "ਹਾਂ, ਬੋਲੋ ਭਰਾ ਜੀ, ਕੀ ਕਹਿੰਦੇ ਹੋ।" ਜਤਿਨ ਨਿਰ-ਉੱਤਰ ਹੋ ਕੇ ਮੁਸਕਰਾ ਦਿੰਦਾ ਸੀ। ਉਹ ਜਾਣਦਾ ਸੀ ਕਿ 'ਆਪਣੇ ਲੋਕਾਂ' ਦੇ ਲਈ ਜਿਨਾਂ ਦਰਦ ਪਿਤਾ ਜੀ ਦੇ ਅੰਦਰ ਸਮੋਇਆ ਹੋਇਆ ਹੈ, ਉਹ ਮੰਨਣਗੇ ਨਹੀਂ। ਪਿਤਾ ਜੀ ਕਈ ਵਾਰ ਜਤਿਨ ਨੂੰ ਕਹਿੰਦੇ ਵੀ ਸੀ - "ਜੀਤੂ! ਕਦੀ ਆਪਣੇ ਲੋਕਾਂ ਲਈ ਵੀ ਕੁਝ ਕਰ ਲਿਆ ਕਰੋ। ਦੇਖੋ, ਪਿੰਡ 'ਚ ਸਰਪੰਚ ਨੇ ਆਪਣੇ ਮੰਗਲ ਨੂੰ ਖੂਹ ਤੋਂ ਪਾਣੀ ਨਹੀਂ ਭਰਨ ਦਿੱਤਾ, ਮੰਦਰ 'ਚ ਵੀ ਨਹੀਂ ਜਾਣ ਦਿੰਦਾ ਬੇਟਾ ..... ।ਆਪਣੀ ਪਾਰਟੀ ਨੂੰ ਕਹਿ ਕਿ ਉਹਨਾਂ ਦੇ ਲਈ ਵੀ ਕੁਝ ਕਰੋ ਨਾ।" ਇਹ ਸੁਣ ਕੇ ਜਤਿਨ ਚੁੱਪ ਹੋ ਜਾਂਦਾ।

ਪ੍ਰੰਤੂ ਸੰਗਠਨ ਅਤੇ ਪਾਰਟੀ ਦੇ ਲੋਕਾਂ ਨਾਲ ਅਜਿਹੇ ਮੁੱਦਿਆਂ 'ਤੇ ਉਹ ਗੱਲ-ਬਾਤ ਜ਼ਰੂਰ ਕਰਦਾ। ਮੀਟਿੰਗ 'ਚ ਅਜਿਹੇ ਸਵਾਲਾਂ ਨੂੰ ਜ਼ਰੂਰ ਉੱਠਾਉਂਦਾ। ਕਦੀ-ਕਦੀ ਪਾਰਟੀ ਦੇ ਅੰਦਰ ਇੰਨਾਂ ਮਾਮਲਿਆਂ ਨੂੰ ਲੈ ਕੇ ਪ੍ਰਦਰਸ਼ਨ ਅਤੇ ਅੰਦੋਲਨ ਦੀਆਂ ਗੱਲਾਂ ਵੀ ਹੁੰਦੀਆਂ, ਯੋਜਨਾਵਾਂ ਬਣਦੀਆਂ ਪਰ ਉਹ ਪ੍ਰਦਰਸ਼ਨ ਅਤੇ ਅੰਦੋਲਨ ਕਦੋਂ ਹੋਣੇ ਸਨ, ਇਸ ਦੀ ਜਾਣਕਾਰੀ ਜਤਿਨ ਨੂੰ ਕਦੀ ਵੀ ਨਹੀਂ ਸੀ ਮਿਲੀ। ਜਤਿਨ ਇਸ 'ਤੇ ਚੁੱਪ ਨਹੀਂ ਬੈਠਦਾ ਸੀ। ਸੰਗਠਨ ਦੀ ਮੀਟਿੰਗ 'ਚ ਉਹ ਜਾਤ 'ਤੇ ਫਿਰ ਤੋਂ ਸੋਚਣ ਲਈ ਬਹਿਸ ਕਰਦਾ। ਉਸ ਨੂੰ ਹਰ ਗੱਲ ਬਹੁਤ ਤਕਲੀਫ਼ ਦਿੰਦੀ ਸੀ ਕਿ ਉਹ ਹੀ ਕਿਉਂ ਹਰ ਵਾਰ ਜਾਤ ਦੇ ਸਵਾਲ ਨੂੰ ਉਠਾਉਂਦਾ ਹੈ, ਉਸ 'ਤੇ ਬਹਿਸ ਕਰਦਾ ਹੈ। ਉਹ ਤਲਖ਼ ਹੋ ਸੋਚਦਾ, ਦੂਸਰੀ ਜਾਤ ਦੇ ਕਾਮਰੇਡਾਂ ਲਈ ਜਾਤੀ ਅੱਤਿਆਚਾਰ, ਭੇਦਭਾਵ ਦੇ ਮੁੱਦੇ ਕਿਉਂ ਨਹੀਂ ਬਣ ਸਕੇ? ਕੀ ਇਹ ਸਿਰਫ ਉਸ ਦੀ ਹੀ ਪ੍ਰੇਸ਼ਾਨੀ ਹੈ - ਉਸ ਦੇ ਹੀ ਸਵਾਲ ਹਨ ....? ਇਸੇ ਦੌਰਾਨ ਉਸ ਨੇ ਮੈਕਸਿਮ ਗੋਰਕੀ ਦਾ 'ਮਾਂ' ਨਾਵਲ ਪੜ੍ਹਿਆ। ਇਸ ਨਾਵਲ ਨੇ ਜਤਿਨ ਦੀ ਪੂਰੀ ਜ਼ਿੰਦਗੀ ਨੂੰ ਹੀ ਬਦਲ ਕੇ ਰੱਖ ਦਿੱਤਾ। ਇਸ ਨਾਵਲ ਦੇ ਪਾਤਰ ਪਾਵੇਲ ਨੇ ਜਤਿਨ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। 'ਮਾਂ' ਨਾਵਲ ਦੀ ਪਾਤਰ ਮਾਂ ਨਿਲੋਵਨਾ ਉਸਨੂੰ ਆਪਣੇ ਪਿਤਾ ਜੀ ਵਰਗੀ ਲੱਗੀ ਸੀ .... ਇਕਦਮ। ਉਸ ਨੇ ਮਨ ਹੀ ਮਨ ਤੈਅ ਕੀਤਾ ਕਿ ਉਹ ਪੂਰੀ ਤਰਾਂ ਨਾਲ ਪਾਰਟੀ ਦਾ ਕੰਮ ਕਰੇਗਾ ਬਸ..... ।

ਆਪਣੇ ਇਰਾਦੇ ਨੂੰ ਪੱਕਾ ਕਰਕੇ ਉਹ ਉਸ ਦਿਨ ਪਿਤਾ ਜੀ ਨਾਲ ਇਸ ਮੁੱਦੇ ਉੱਤੇ ਗੱਲ-ਬਾਤ ਕਰਨਾ ਚਾਹੁੰਦਾ ਸੀ ਕਿ ਅਚਾਨਕ ਪਿਤਾ ਜੀ ਦੀ ਤਬੀਅਤ ਕੁਝ ਜਿਆਦਾ ਹੀ ਵਿਗੜ ਗਈ। ਜਦੋਂ ਉਹ ਘਰ ਪਹੁੰਚਿਆ ਤਾਂ ਮਾਂ ਅਤੇ ਨੀਲੂ ਰੋ ਰਹੇ ਸੀ। ਪਿਤਾ ਜੀ ਪਲੰਗ 'ਤੇ ਚਾਦਰ ਲੈ ਕੇ ਪਏ ਹੋਏ ਸਨ। ਘਬਰਾ ਗਿਆ ਸੀ ਜਤਿਨ ਕੀ ਕਰੇ ..... ? ਉਸ ਨੇ ਨੇੜੇ ਦੇ ਡਾਕਟਰ ਨੂੰ ਬੁਲਾਇਆ। ਉਹ ਦਵਾਈ ਦੇ ਕੇ ਚਲਾ ਗਿਆ ਪ੍ਰੰਤੂ ਉਹ ਇਹ ਵੀ ਕਹਿ ਗਿਆ - "ਅੱਜ ਜਾਨ ਦਾ ਖ਼ਤਰਾ ਹੈ ...। ਹਾਰਟ ਅਟੈਕ ਹੋਇਆ ਹੈ ...। ਖ਼ਿਆਲ ਰੱਖਣਾ ...। ਰਾਤ ਕਿਸੇ ਤਰ੍ਹਾਂ ਲੰਘ ਗਈ ਤਾਂ ਕੱਲ੍ਹ ਤੱਕ ਸਭ ਕੁਝ ਠੀਕ ਹੋ ਜਾਵੇਗਾ।" ਇਹ ਸੁਣਕੇ ਜਤਿਨ ਘਬਰਾ ਗਿਆ ਸੀ। ਉਹ ਪਿਤਾ ਜੀ ਨੂੰ ਲੈ ਕੇ ਹਸਪਤਾਲ ਦੌੜਿਆ। ਸਾਰੀ ਰਾਤ ਮਾਂ ਅਤੇ ਨੀਲੂ ਪਿਤਾ ਜੀ ਕੋਲ ਹੀ ਰਹੇ ਸੀ। ਪਿਤਾ ਜੀ ਦੀ ਛਾਤੀ 'ਚ ਬਹੁਤ ਤਕਲੀਫ਼ ਹੋ ਰਹੀ ਸੀ। ਉਹ ਨੀਲੂ ਦਾ ਹੱਥ ਆਪਣੀ ਛਾਤੀ 'ਤੇ ਰੱਖ ਕੇ ਪਲੋਸਦਾ ਰਿਹਾ ਸੀ। ਉਹਨਾਂ ਨੇ ਜਤਿਨ ਨੂੰ ਕਿਹਾ ਸੀ। "ਮਾਂ ਅਤੇ ਨੀਲੂ ਦਾ ਖ਼ਿਆਲ ਰੱਖਣਾ ਬੇਟਾ ...।" ਮਾਂ ਰੋ ਰਹੀ ਸੀ। ਨੀਲੂ ਨੇ ਰੋਦੇਂ ਹੋਏ ਕਿਹਾ ਸੀ - "ਤੁਸੀਂ ਠੀਕ ਹੋ ਜਾਓਂਗੇ ਪਿਤਾ ਜੀ, ਸਵੇਰੇ ਅਸੀਂ ਘਰ ਚਲੇ ਜਾਵਾਂਗੇ।" ਜਤਿਨ ਭਾਰੀ ਮਨ ਨਾਲ ਸੋਚ ਰਿਹਾ ਸੀ, ਕਿਸੇ ਤਰ੍ਹਾਂ ਰਾਤ ਗੁਜ਼ਰ ਜਾਵੇ .... ਪ੍ਰੰਤੂ ਰਾਤ ਕਿੱਥੇ ਲੰਘੀ ਸੀ ..... । ਸਵੇਰੇ ਹੁੰਦਿਆਂ ਹੀ ਪਿਤਾ ਜੀ ਨੇ

ਆਖ਼ਰੀ ਸਾਂਹ ਲਿਆ। ਉਹ ਇਕਦਮ ਸ਼ਾਂਤ ਪਏ ਸਨ ਬਿਸਤਰੇ 'ਤੇ ....। ਜਤਿਨ ਨੂੰ ਵਿਸ਼ਵਾਸ ਹੀ ਨਹੀਂ ਹੋਇਆ ਸੀ ਕਿ ਪਿਤਾ ਜੀ ਹੁਣ ਕਦੀ ਵੀ ਨਹੀਂ ਉੱਠਣਗੇ..... । ਸਭ ਪਾਸੇ ਕੋਹਰਾਮ ਮਚ ਗਿਆ ਸੀ ਪਰ ਹੁਣ ਪਿਤਾ ਜੀ ਚੁੱਪ ਸੀ। ਨੀਲੂ ਦਾ ਤਾਂ ਹੋਰ ਵੀ ਜਿਆਦਾ ਬੁਰਾ ਹਾਲ ਸੀ। ਉਹ ਕਈ ਵਾਰ ਬੇਹੋਸ਼ ਵੀ ਹੋ ਚੁੱਕੀ ਸੀ। ਉਸ ਨੂੰ ਜਦੋਂ ਵੀ ਹੋਸ਼ ਆਉਂਦਾ ਤਾਂ ਕਹਿੰਦੀ ..... ਪਿਤਾ ਜੀ ਸਟੋਰੀ ਸੁਣਾਓ ਨਾ ਪਲੀਜ, ...ਅਤੇ ਚੀਕ ਕੇ ਫਿਰ ਬੇਹੋਸ਼ ਹੋ ਜਾਂਦੀ। ਬਹੁਤ ਸਾਰੇ 'ਆਪਣੇ ਲੋਕ' ਆਏ ਸੀ ਦੂਰ-ਦੂਰੇਡੇ ਤੋਂ। ਖ਼ਬਰ ਫ਼ੈਲ ਚੁੱਕੀ ਸੀ ਕਿ ਪਿਤਾ ਜੀ ਨਹੀਂ ਰਹੇ। ਪਿਤਾ ਜੀ ਦਾ ਬਹੁਤ ਸਨਮਾਨ ਸੀ। ਉਨ੍ਹਾਂ ਨੂੰ ਲੋਕ ਬਹੁਤ ਮੰਨਦੇ ਸੀ ਅਤੇ ਪਿਆਰ ਵੀ ਕਰਦੇ। ਕਿਸੇ ਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਪਿਤਾ ਜੀ ਨਹੀਂ ਰਹੇ..... ।

ਅਚਾਨਕ ਆਈ ਮੁਸੀਬਤ ਨਾਲ ਜਤਿਨ ਘਬਰਾ ਗਿਆ ਸੀ। ਕੀ ਕਰਾਂ ... ? ਉਸ ਦੇ ਸਾਰੇ ਸਵਾਲਾਂ ਦੇ ਜਵਾਬ ਸੀ ਪਿਤਾ ਜੀ, ਪਰ ਹੁਣ ਕਿਸ ਨੂੰ ਪੁੱਛੇ ? ਉਹ ਕਿਵੇਂ ਖੁਦ ਨੂੰ ਸਮਝਾਵੇ ਕਿ ਪਿਤਾ ਜੀ ਨਹੀਂ ਰਹੇ। ਭਾਵਨਾਵਾਂ ਨੂੰ ਕਾਬੂ ਕਰਨ ਦੀ ਬਹੁਤ ਕੋਸ਼ਿਸ਼ ਕਰਨੀ ਪਈ ਸੀ ਉਸਨੂੰ। ਉਹ ਇਕੱਲੇਪਨ 'ਚ ਰੋ ਲੈਂਦਾ ਪ੍ਰੰਤੂ ਨੀਲੂ ਅਤੇ ਮਾਂ ਨੂੰ ਸਮਝਾਉਂਦਾ। ਦੂਰ ਜਾਣ 'ਤੇ ਕੋਲ ਨਾ ਹੋਣ ਦਾ ਖਿਆਲ ਕਰਕੇ ਜਿਆਦਾ ਦੁੱਖ ਹੁੰਦਾ .....। ਹੁਣ ਪਰਿਵਾਰ ਕਿਵੇਂ ਚੱਲੇਗਾ .....? ਇਕ ਨਵੀਂ ਸਮੱਸਿਆ ਨੇ ਜਤਿਨ ਨੂੰ ਆ ਕੇ ਘੇਰ ਲਿਆ ਸੀ। ਕਿਥੇ ਉਹ ਪਾਰਟੀ ਦਾ 'ਹੋਲ ਟਾਇਮਰ' ਬਣਨਾ ਚਾਹੁੰਦਾ ਸੀ, ਆਪਣੇ ਸੁਪਨਿਆਂ ਦੀ ਉਡਾਣ .....ਇਛਾਵਾਂ.....ਜਿਵੇਂ ਸਭ ਕੁਝ ਖਤਮ ਹੋ ਗਿਆ ਹੋਵੇ। ਉਸਨੂੰ ਅਜਿਹਾ ਲੱਗਦਾ ....।

ਸਭ ਤੋਂ ਪਹਿਲਾ ਉਸਨੇ ਪਿਤਾ ਜੀ ਦੀ ਪੈਂਨਸ਼ਨ ਸ਼ੁਰੂ ਕਰਵਾਉਣ ਦੀ ਕਵਾਇਦਤ ਸ਼ੁਰੂ ਕੀਤੀ ਪ੍ਰੰਤੂ ਪੈਨਸ਼ਨ ਮਿਲਣ ਦੀ ਪ੍ਰਕਿਰਿਆ ਸ਼ੁਰੂ ਹੋਣ 'ਚ ਤਾਂ ਹਾਲੇ ਸਮਾਂ ਲੱਗੇਗਾ ...। ਫਿਰ ਉਹ ਕੀ ਕਰੇ... ? ਉਸ ਨੂੰ ਛੇਤੀ ਹੀ ਕੋਈ ਨੌਕਰੀ ਚਾਹੀਦੀ ਸੀ। ਜਤਿਨ ਨੇ ਪਾਰਟੀ ਦੇ ਲੋਕਾਂ ਨੂੰ ਆਪਣੀ ਸਮੱਸਿਆ ਦੱਸੀ। ਪਾਰਟੀ ਦੇ ਲੋਕਾਂ ਨੇ ਕਈ ਜਗ੍ਹਾ ਗੱਲ-ਬਾਤ ਕੀਤੀ। ਪਾਰਟੀ ਜਤਿਨ ਨੂੰ ਗਵਾਉਣਾ ਨਹੀਂ ਸੀ ਚਾਹੁੰਦੀ। ਪਾਰਟੀ ਇਸ ਗੱਲ ਨੂੰ ਸਮਝਦੀ ਸੀ ਕਿ ਜੇਕਰ ਇਸ ਸਮੇਂ ਜਤਿਨ ਦੀ ਮੱਦਦ ਨਾ ਕੀਤੀ ਗਈ ਤਾਂ ਉਹ ਇਕ ਕਿਰਿਆਸ਼ੀਲ ਅਤੇ ਪ੍ਰਤੀਬੱਧ ਮੈਂਬਰ ਖੋ ਦੇਵੇਗੀ। ਪਾਰਟੀ ਅਤੇ ਜਤਿਨ ਦੋਨਾਂ ਦੀ ਆਪਣੀ-ਆਪਣੀ ਸਮਝ ਸੀ। ਕਿਸੇ ਤਰ੍ਹਾਂ ਇਕ ਫ਼ੈਕਟਰੀ 'ਚ ਉਸਨੂੰ ਸਟਾਕ ਮੈਨੇਜ਼ਰ ਦੀ ਨੌਕਰੀ ਦਵਾ ਦਿੱਤੀ ਗਈ। ਇਸ ਨਾਲ ਪਾਰਟੀ ਨੂੰ ਇਹ ਫ਼ਾਇਦਾ ਹੋਇਆ ਕਿ ਉਥੇ ਜਤਿਨ ਨੂੰ ਮਜ਼ਦੂਰ ਯੂਨੀਅਨ ਦਾ ਕੰਮ ਸੌਂਪ ਦਿੱਤਾ ਗਿਆ ਕਿਉਂਕਿ ਉੱਥੇ ਕਾਫ਼ੀ ਫ਼ੈਕਟਰੀਆਂ ਸਨ ਅਤੇ ਪਾਰਟੀ ਸੰਗਠਨ ਦੀ ਮਜ਼ਦੂਰ ਯੂਨੀਅਨ ਉਥੇ ਬਹੁਤ ਕਿਰਿਆਸ਼ੀਲ ਸੀ। ਇਸ ਤਰ੍ਹਾਂ ਜਤਿਨ ਨੂੰ ਮਜ਼ਦੂਰ ਯੂਨੀਅਨ ਦਾ ਕਾਰਜ ਮਿਲ ਗਿਆ। ਪਿਤਾ ਜੀ ਦੀ ਪੈਨਸ਼ਨ ਵੀ ਆਉਣ ਲੱਗੀ ਸੀ। ਸ਼ੁਰੂ 'ਚ ਤਾਂ ਜਤਿਨ ਨੇ ਪਰਿਵਾਰ ਦੀ ਸਾਰੀ ਜ਼ਿਮੇਵਾਰੀ ਆਪਣੇ ਸਿਰ 'ਤੇ ਲੈ ਲਈ ਸੀ, ਪ੍ਰੰਤੂ ਕੁਝ ਸਮੇਂ ਬਾਅਦ ਉਸਦੇ ਅੰਦਰ ਦਾ 'ਹੋਲ ਟਾਇਮਰ' ਵਾਲਾ ਜਜ਼ਬਾ ਫਿਰ ਤੋਂ ਉਬਾਲੇ ਮਾਰਨ ਲੱਗ ਪਿਆ ਸੀ।

ਪਿਤਾ ਜੀ ਨੂੰ ਯਾਦ ਕੀਤੇ ਬਿਨਾਂ ਦੋ ਸਾਲ ਲੰਘ ਗਏ ਸੀ। ਨੀਲੂ ਨੇ ਬਾਰ੍ਹਵੀਂ ਪਾਸ ਕਰ ਕੇ ਕਾਲਜ 'ਚ ਦਾਖ਼ਲਾ ਲੈ ਲਿਆ ਸੀ। ਘਰ ਦੀ ਕੁਝ ਜ਼ਿਮੇਵਾਰੀ ਨੀਲੂ ਨੇ ਆਪਣੇ ਉੱਪਰ ਲੈ ਲਈ ਸੀ। ਦੂਜੇ ਪਾਸੇ ਜਤਿਨ ਨੌਕਰੀ ਦੇ ਨਾਲ ਯੂਨੀਅਨ ਦੇ ਕੰਮਾਂ 'ਚ ਲੱਗਾ ਰਹਿੰਦਾ। ਮਜ਼ਦੂਰਾਂ ਦੀਆਂ ਬਸਤੀਆਂ 'ਚ ਜਾ ਕੇ ਮੀਟਿੰਗਾਂ ਕਰਦਾ, ਧਰਨੇ, ਪ੍ਰਦਰਸ਼ਨ ਕਰਨ ਦੀਆਂ ਯੋਜਨਾਵਾਂ ਬਣਾਉਂਦਾ,

ਪਰਚੇ ਲਿਖਦਾ...। ਰਾਤ-ਰਾਤ ਭਰ ਜਾਗ ਕੇ ਕਿਤਾਬਾਂ ਪੜ੍ਹਦਾ ਅਤੇ ਸਵੇਰੇ ਉੱਠ ਕੇ ਫੈਕਟਰੀ ਚਲਾ ਜਾਂਦਾ। ਇਹੀ ਰੋਜ਼ਾਨਾ ਦੀ ਰੁਟੀਨ ਹੋ ਗਈ ਸੀ ਉਸ ਦੀ। ਮਜ਼ਦੂਰ ਬਸਤੀ ਅਤੇ ਮੁਹੱਲੇ 'ਚ ਜਦ ਵੀ ਜਾਂਦਾ ਤਾਂ ਜਾਤੀ ਦੇ ਆਧਾਰ 'ਤੇ ਵੰਡੇ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਪੱਸ਼ਟ ਤੌਰ 'ਤੇ ਵੇਖਦਾ ਉਸ ਨੇ ਕਈ ਵਾਰ ਸਭਾਵਾਂ 'ਚ ਅਤੇ ਆਪਣੇ ਭਾਸ਼ਣ 'ਚ ਇਹ ਇਸ਼ਾਰਾ ਵੀ ਕੀਤਾ ਸੀ ਕਿ - "ਜਾਤ ਮਜ਼ਦੂਰਾਂ ਦੀ ਏਕਤਾ 'ਚ ਸਭ ਤੋਂ ਵੱਡਾ ਰੋੜਾ ਹੈ।" ਸਾਰੇ ਉਸ ਦੀ ਗੱਲ ਨੂੰ ਬੜੇ ਹੀ ਧਿਆਨ ਨਾਲ ਸੁਣਦੇ ਪ੍ਰੰਤੂ ਘਰਾਂ 'ਚ ਵਾਪਸ ਪਰਤ ਕੇ ਪੂਰੀ ਤਰ੍ਹਾਂ ਜਾਤੀ ਵਿਵਸਥਾ ਨਿਭਾਈ ਜਾਂਦੀ। ਜਤਿਨ ਇਹ ਸਭ ਕੁਝ ਵੇਖ ਕੇ ਬਹੁਤ ਦੁਖੀ ਹੁੰਦਾ। ਇਧਰ ਘਰ 'ਚ ਅਕਸਰ ਮਾਂ ਅਤੇ ਨੀਲੂ ਉਸਨੂੰ ਵਿਆਹ ਕਰਨ ਲਈ ਕਹਿੰਦੇ ਪਰ ਉਹ ਹਮੇਸ਼ਾਂ ਹੀ ਵਿਆਹ ਦੀ ਗੱਲ ਟਾਲ਼ ਦਿੰਦਾ। ਨੀਲੂ ਕਹਿੰਦੀ - "ਭਾਈ, ਭਾਬੀ ਲੈ ਆਓ ਨਾ ਹੁਣ। ਦੇਖੋ, ਮਾਂ ਤੋਂ ਵੀ ਘਰ ਦਾ ਕੰਮ ਨਹੀਂ ਹੁੰਦਾ। ਮੇਰਾ ਵੀ ਮਨ ਨਹੀਂ ਲੱਗਦਾ ....।" ਜਤਿਨ ਹੌਲੀ ਜਿਹੇ ਮੁਸਕਰਾ ਦਿੰਦਾ ਅਤੇ ਕਦੀ ਕਹਿੰਦਾ - "ਜੇਕਰ ਵਿਆਹ ਨਾਲ ਐਨਾ ਹੀ ਪਿਆਰ ਹੈ ਤਾਂ ਚਲੋ ਤੇਰਾ ਵਿਆਹ ਕਰ ਦਿੰਦੇ ਹਾਂ.....।" ਅਤੇ ਇਸ ਗੱਲ 'ਤੇ ਨੀਲੂ ਚੀਕ ਉੱਠਦੀ .....।

ਨੌਕਰੀ ਹੁਣ ਜਤਿਨ ਦੇ ਕੰਮਾਂ 'ਚ ਰੋੜਾ ਬਣਨ ਲੱਗੀ ਸੀ। ਉਸ ਨੇ ਪਾਰਟੀ ਸੰਗਠਨ 'ਚ ਇਸ ਤੇ ਚਰਚਾ ਵੀ ਕੀਤੀ। ਉਸਨੇ ਹੋਲ ਟਾਇਮਰ ਬਣਨ ਦੇ ਆਪਣੇ ਫ਼ੈਸਲੇ ਨੂੰ ਸਾਂਝਾ ਵੀ ਕੀਤਾ। ਪਾਰਟੀ ਜਤਿਨ ਦੀ ਸੰਗਠਨ ਪ੍ਰਤਿਭਾ, ਕੰਮ-ਕਾਰ, ਪ੍ਰਤੀਬੱਧਤਾ ਅਤੇ ਸਮਝਦਾਰੀ ਤੋਂ ਪਹਿਲਾਂ ਹੀ ਪ੍ਰਭਾਵਿਤ ਸੀ। ਪਾਰਟੀ ਖੁਦ ਵੀ ਚਾਹੁੰਦੀ ਸੀ ਕਿ ਜਤਿਨ ਨੂੰ ਮਜ਼ਦੂਰ ਯੂਨੀਅਨ ਦੇ ਮੋਰਚੇ ਤੋਂ ਹਟਾ ਕੇ ਕਿਸੇ ਦੂਸਰੇ ਮੋਰਚੇ 'ਤੇ ਲਗਾਇਆ ਜਾਵੇ। ਪਾਰਟੀ ਜਿਆਦਾ ਤੋਂ ਜਿਆਦਾ ਜਤਿਨ ਦੇ ਟੈਲੰਟ ਦਾ ਫ਼ਾਇਦਾ ਲੈਣਾ ਚਾਹੁੰਦੀ ਸੀ। ਜਤਿਨ ਬਹੁਤ ਸਪੱਸ਼ਟ, ਤੇਜ ਅਤੇ ਸਮਝਦਾਰ ਵੀ ਸੀ। ਇਸ ਲਈ ਉਹ ਪਾਰਟੀ ਨੂੰ ਮਜ਼ਦੂਰ ਯੂਨੀਅਨ ਦੇ ਲਈ ਠੀਕ ਨਹੀਂ ਲੱਗਿਆ ਸੀ। ਭਾਵੇਂ ਕਿ ਮਜ਼ਦੂਰ ਯੂਨੀਅਨ ਦੀ ਅਗਵਾਈ ਵੀ ਜਤਿਨ ਨੇ ਬੜ੍ਹੀ ਕੁਸ਼ਲਤਾ ਨਾਲ ਕੀਤੀ ਸੀ। ਪ੍ਰੰਤੂ ਕਈ ਵਾਰ ਜਾਤੀ ਦੇ ਕਾਰਨ ਉਸ ਨੂੰ ਅਪਮਾਨ ਵੀ ਸਹਿਣਾ ਪਿਆ ਸੀ।

"ਲਓ ਬਈ ! ਹੁਣ ਚੂੜ੍ਹੇ-ਚਮਾਰ ਵੀ ਸਾਡੇ ਨੇਤਾ ਬਣ ਗਏ ਹਨ। ਲਗਦਾ ਹੈ ਸੰਗਠਨ ਨੂੰ ਕੋਈ ਹੋਰ ਮਿਲਿਆ ਹੀ ਨਹੀਂ।" ਜਤਿਨ ਮਜ਼ਦੂਰਾਂ ਦੇ ਇਸ 'ਕੰਮੈਂਟ' ਨਾਲ ਤਿਲਮਿਲਾ ਤਾਂ ਜ਼ਰੂਰ ਜਾਂਦਾ ਪ੍ਰੰਤੂ ਛੇਤੀ ਹੀ ਆਪਣੀਆਂ ਭਾਵਨਾਂਵਾ 'ਤੇ ਕਾਬੂ ਪਾ ਲੈਂਦਾ। 'ਆਪਣੇ ਹੀ ਲੋਕ' ਹਨ ਸੋਚ ਕੇ ਚੁੱਪ ਕਰ ਜਾਂਦਾ ਪ੍ਰੰਤੂ ਉਸਦੇ 'ਆਪਣੇ ਲੋਕ' ਅਤੇ ਪਿਤਾ ਜੀ ਦੇ 'ਆਪਣੇ ਲੋਕਾਂ' ਦੀ ਪਰਿਭਾਸ਼ਾ 'ਚ ਬਹੁਤ ਫ਼ਰਕ ਸੀ। ਇਸ ਸਭ ਕੁਝ ਬਾਰੇ ਜਤਿਨ ਨੇ ਜਾਣ ਲਿਆ ਸੀ ਅਤੇ ਇਕ ਦਿਨ ਜਤਿਨ ਨੇ ਨੌਕਰੀ ਛੱਡ ਕੇ 'ਹੋਲ ਟਾਇਮਰ' ਬਣਨ ਦਾ ਫ਼ੈਸਲਾ ਕਰ ਲਿਆ। ਭਾਵੇਂ ਕਿ ਉਸਨੂੰ ਪਾਰਟੀ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਹੋਲ ਟਾਇਮਰ ਬਣਨ ਤੋਂ ਬਾਅਦ ਉਸਨੂੰ ਪਾਰਟੀ ਦੇ ਦਫਤਰ ਵਿਚ ਹੀ ਰਹਿਣਾ ਪਵੇਗਾ, ਪਰਿਵਾਰ ਛੱਡਣਾ ਹੋਵੇਗਾ....। ਪਤਾ ਨਹੀਂ ਕਦੋਂ ਕਿਸ ਸਮੇਂ ਪਾਰਟੀ ਨੂੰ ਉਸ ਦੀ ਜ਼ਰੂਰਤ ਪੈ ਜਾਵੇ। ਉਸ ਨੇ ਕੋਆਰਡੀਨੇਸ਼ਨ ਦਾ ਵੀ ਕੰਮ ਕਰਨਾ ਹੈ। ਪਰਿਵਾਰ ਛੱਡ ਕੇ ਪਾਰਟੀ ਦਫ਼ਤਰ 'ਚ ਰਹਿਣ ਦੀ ਗੱਲ ਨੇ ਜਤਿਨ ਦੀ ਪ੍ਰੇਸ਼ਾਨੀ ਨੂੰ ਹੋਰ ਵਧਾ ਦਿੱਤਾ ਸੀ । ਉਹ ਘਰ ਆ ਕੇ ਪਿਤਾ ਜੀ ਦੀ ਫੋਟੋ ਵੱਲ ਲਗਾਤਾਰ ਵੇਖਦਾ ਰਹਿੰਦਾ, ਉਸ ਨਾਲ ਗੱਲਾਂ ਕਰਦਾ। "ਕੀ ਮੈਂ ਸਹੀ ਕਰ ਰਿਹਾਂ ਪਿਤਾ ਜੀ....? ਮੇਰਾ ਫ਼ੈਸਲਾ ਗਲਤ ਤਾਂ ਨਹੀਂ ਹੈ। ਤੁਹਾਡੀ ਤਰ੍ਹਾਂ ਮੈਂ ਵੀ ਸਮਾਜ ਲਈ ਕੁਝ ਕਰਨਾ ਚਾਹੁੰਦਾ ਹਾਂ।" ਆਪਣੇ-ਆਪ ਨੂੰ ਬਹੁਤ ਸਾਰੇ ਸਵਾਲ ਪੁੱਛਦਾ.... ਅਤੇ

ਕਦੀ-ਕਦੀ ਰੋ ਵੀ ਪੈਂਦਾ। ਇਕ ਦਿਨ ਉਸਨੇ ਮਾਂ ਅਤੇ ਨੀਲੂ ਨੂੰ ਬਿਠਾ ਕੇ ਆਪਣੇ ਫ਼ੈਸਲੇ ਦੀ ਜਾਣਕਾਰੀ ਦਿੱਤੀ। ਮਾਂ ਤਾਂ ਹੈਰਾਨੀ ਨਾਲ ਜਤਿਨ ਦਾ ਚਿਹਰਾ ਵੇਖਦੀ ਹੀ ਰਹਿ ਗਈ ਸੀ। ਉਸਨੂੰ ਤਾਂ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ, ਕਿ ਜਤਿਨ ਉਹਨਾਂ ਨੂੰ ਛੱਡ ਕੇ ਜਾਣ ਵਾਲਾ ਹੈ। ਮਾਂ ਕੁਝ ਬੋਲੀ ਤਾਂ ਨਹੀਂ ਸੀ ਪ੍ਰੰਤੂ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ ਸਨ। ਨੀਲੂ ਨੇ ਕਿਹਾ ਸੀ –"ਨਹੀ ਭਾਈ, ਤੁਸੀਂ ਕਿਤੇ ਨਹੀਂ ਜਾਓਗੇ.....। ਜੇਕਰ ਤੁਸੀਂ ਸਮਾਜ ਦਾ ਕੰਮ ਕਰਨਾ ਹੀ ਹੈ ਤਾਂ ਘਰ 'ਚ ਰਹਿ ਕੇ ਵੀ ਤਾਂ ਕਰ ਸਕਦੇ ਹੋ .... ਪ੍ਰੰਤੂ ਤੁਸੀਂ ਕਿਤੇ ਵੀ ਨਹੀਂ ਜਾਓਗੇ।" ਚੁੱਪ ਹੋ ਗਿਆ ਸੀ ਜਤਿਨ। ਉਸਨੇ ਹੌਲ਼ੀ ਜਿਹੀ ਦੱਬੀ ਆਵਾਜ਼ 'ਚ ਕਿਹਾ – "ਨੀਲੂ ਮੈਂ ਪਿਤਾ ਜੀ ਦਾ ਸੁਪਨਾ ਪੂਰਾ ਕਰਨਾ ਚਾਹੁੰਦਾ ਹਾਂ। ਮੈਂ ਵੀ ਉਹਨਾਂ ਦੀ ਤਰ੍ਹਾਂ ਸਮਾਜ ਦੇ ਲਈ ਕੰਮ ਕਰਾਂਗਾ।" ਫਿਰ ਹਿੰਮਤ ਕਰਕੇ ਉਸਨੇ ਕਿਹਾ – "ਜੇਕਰ ਤੁਸੀਂ ਲੋਕ ਮੈਨੂੰ ਰੋਕੋਗੇ ਤਾਂ ਪਿਤਾ ਜੀ ਦੀ ਆਤਮਾ ਨੂੰ ਦੁੱਖ ਹੋਵੇਗਾ।" "ਜੇਕਰ ਤੁਸੀਂ ਸਾਨੂੰ ਇਕੱਲੇ ਛੱਡ ਕੇ ਜਾਓਗੇ ਕੀ ਪਿਤਾ ਜੀ ਦੀ ਆਤਮਾ ਨੂੰ ਖੁਸ਼ੀ ਹੋਵੇਗੀ ਭਾਈ .....। ਨਾ ਜਾਓ ਭਾਈ, ਨਾ ਜਾਓ ...। ਪਿਤਾ ਜੀ ਵੀ ਸਾਨੂੰ ਛੱਡ ਕੇ ਚਲੇ ਗਏ ਹਨ ਹੁਣ ਤੁਸੀਂ ਵੀ ....." ਭੁੱਬਾਂ ਮਾਰ-ਮਾਰ ਕੇ ਰੋ ਪਈ ਸੀ ਨੀਲੂ। ਮਾਂ ਵੀ ਹੌਂਕੇ ਲੈਂਦੀ ਹੋਈ ਰੋ ਪਈ ਸੀ ਪਰ ਅੱਜ ਜਤਿਨ ਫ਼ੈਸਲਾ ਲੈ ਬੈਠਾ ਸੀ। ਉਸਦੇ ਅੰਦਰ ਕਈ ਦਿਨਾਂ ਤੋਂ ਅੰਤਰ-ਦਵੰਦ ਚੱਲ ਰਿਹਾ ਸੀ। ਉਹ ਮਾਂ ਨੂੰ ਬੋਲਿਆ – "ਮਾਂ ਤੁਸੀਂ ਦੱਸੋ ਨਾ ਕੁਝ.....।" ਮਾਂ ਚੁੱਪ ਸੀ। ਉਹ ਬਸ ਜਤਿਨ ਨੂੰ ਦੇਖੀ ਜਾ ਰਹੀ ਸੀ।" ਠੀਕ ਹੈ ਜੀਤੂ, ਜੋ ਤੈਨੂੰ ਚੰਗਾ ਲੱਗੇ ਕਰ ...।" ਕਹਿ ਕੇ ਉਹ ਪਿਤਾ ਜੀ ਦੇ ਕਮਰੇ 'ਚ ਚਲੀ ਗਈ। ਨੀਲੂ ਰੋਈ ਜਾ ਰਹੀ ਸੀ। ਜਤਿਨ ਉਠ ਕੇ ਉਸਦੇ ਕਮਰੇ 'ਚ ਚਲਾ ਗਿਆ। ਉਸ ਨੇ ਕੁਝ ਜ਼ਰੂਰੀ ਚੀਜਾਂ ਲਈਆਂ। ਫਿਰ ਉਹ ਪਿਤਾ ਜੀ ਦੇ ਕਮਰੇ 'ਚ ਚਲਾ ਗਿਆ। ਉਸਨੇ ਕੰਧ ਤੋਂ ਪਿਤਾ ਜੀ ਦੀ ਤਸਵੀਰ ਉਤਾਰੀ ਤੇ ਉਸਨੂੰ ਇਕ ਕੱਪੜੇ 'ਚ ਲਪੇਟ ਲਿਆ। ਫਿਰ ਉਸ ਨੇ ਪਿਤਾ ਜੀ ਦਾ ਬਕਸਾ ਲਿਆ। ਬਕਸੇ ਨੂੰ ਹੱਥ ਲਗਾਉਂਦੇ ਹੋਏ ਉਸਨੂੰ ਅਜਿਹਾ ਲੱਗਿਆ ਸੀ ਜਿਵੇਂ ਪਿਤਾ ਜੀ ਨੇ ਜਤਿਨ ਨੂੰ ਛੂਹਿਆ ਹੋਵੇ। ਉਸ ਦੀਆਂ ਅੱਖਾਂ ਭਰ ਆਈਆਂ ਅਤੇ ਭਿੱਜੀਆਂ ਪਲਕਾਂ ਨਾਲ ਉਸ ਘਰ ਤੋਂ ਬਾਹਰ ਆ ਗਿਆ।

ਜਤਿਨ ਫਿਰ ਗਵਾਚੇ ਹੋਏ ਖਿਆਲ਼ਾਂ ਤੋਂ ਵਾਪਸ ਆ ਗਿਆ। ਘਰ ਤੋਂ ਨੀਲੂ ਦੀ ਚਿੱਠੀ ਆਈ ਸੀ। ਉਸ ਦਾ ਵਿਆਹ ਹੋਣ ਦੀ ਸੂਚਨਾ ਸੀ। ਅੱਜ ਪੰਜ ਸਾਲ ਹੋ ਗਏ ਸੀ ਉਸ ਨੂੰ ਘਰ ਛੱਡ ਕੇ ਪਾਰਟੀ ਦੇ ਦਫ਼ਤਰ 'ਚ ਆਏ ਹੋਏ ਨੂੰ। ਇਨ੍ਹਾਂ ਪੰਜ ਸਾਲਾਂ 'ਚ ਉਹ ਦੋ ਵਾਰੀ ਹੀ ਤਾਂ ਘਰ ਆਇਆ ਸੀ। ਇਕ ਸਾਲ ਪਹਿਲਾ ਜਦੋਂ ਉਹ ਗਿਆ ਸੀ ਤਾਂ ਮਾਂ ਨੇ ਦੱਸਿਆ ਸੀ ਕਿ ਨੀਲੂ ਦੇ ਵਿਆਹ ਦੀ ਗੱਲ ਚੱਲ ਰਹੀ ਹੈ। ਲੜਕਾ ਬਹੁਤ ਚੰਗਾ ਹੈ। ਆਪਣੀ ਹੀ ਬਿਰਾਦਰੀ ਦਾ ਹੈ ਸਕੂਲ 'ਚ ਪੜ੍ਹਾਉਂਦਾ ਹੈ, ਨਾਲੇ ਤੂੰ ਵੀ ਮਿਲ ਲੈ .... ਪਰ ਕਿੱਥੇ ਮਿਲ ਸਕਿਆ ਸੀ ਜਤਿਨ। ਸ਼ਾਮ ਹੋ ਗਈ ਸੀ ਪਾਰਟੀ ਦੇ ਦਫ਼ਤਰ ਤੋਂ ਫੋਨ ਆ ਗਿਆ ਸੀ। ਇਕ ਅਮਰਜੈਂਸੀ ਮੀਟਿੰਗ ਸੀ। ਸੂਚਨਾ ਮਿਲਣ ਦੇ ਤੁਰੰਤ ਬਾਅਦ ਹੀ ਉਹ ਘਰ ਤੋਂ ਦਫ਼ਤਰ ਦੇ ਲਈ ਰਵਾਨਾ ਹੋ ਗਿਆ ਸੀ। ਮਾਂ ਨੇ ਉਸ ਨੂੰ ਕਿਹਾ ਵੀ ਸੀ– "ਕੱਲ੍ਹ ਚਲਿਆ ਜਾਵੀਂ ਜੀਤੂ, ਭੈਣ ਦੇ ਵਿਆਹ ਦੀ ਗੱਲ ਹੈ। ਅੱਜ ਤਾਂ ਠਹਿਰ ਜਾ ਘੱਟੋ-ਘੱਟ ..." ਪਰ ਨਹੀਂ ਰੁਕਿਆ ਸੀ ਜਤਿਨ। ਜਦ ਉਹ ਘਰ ਤੋਂ ਚੱਲਣ ਲੱਗਾ ਸੀ ਤਾਂ ਨੀਲੂ ਨੇ ਉਸ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਭਾਵੁਕ ਹੋ ਗਿਆ ਸੀ ਜਤਿਨ ..... ਪ੍ਰੰਤੂ ਉਹ ਪਾਰਟੀ ਦਾ ਅਨੁਸ਼ਾਸਕ ਮੈਂਬਰ ਸੀ। ਉਹ ਭਾਵੁਕਤਾ ਨੂੰ ਇਕ ਪਾਸੇ ਰੱਖ ਕੇ ਚੱਲ ਹੀ ਪਿਆ ਸੀ ਘਰ ਤੋਂ .....। ਅੱਜ ਉਸੀ ਭੈਣ ਦੇ ਵਿਆਹ ਦੀ ਸੂਚਨਾ ਸੀ। ਲੜਕੇ ਦੇ ਮਾਤਾ-ਪਿਤਾ ਨਹੀਂ ਸੀ।

ਵਿਆਹ ਤੋਂ ਬਾਅਦ ਉਹ ਘਰ 'ਚ ਹੀ ਰਹੇਗਾ। ਉਸਨੇ ਸੋਚਿਆ – "ਚਲੋ, ਮਾਂ ਨੂੰ ਵੀ ਆਰਾਮ ਹੋ ਜਾਵੇਗਾ।" ਉਸਨੂੰ ਇਕੱਲੇ ਨਹੀਂ ਰਹਿਣਾ ਪਵੇਗਾ। ਉਸਨੇ ਵਿਆਹ 'ਚ ਜਾਣ ਦਾ ਮਨ ਬਣਾ ਲਿਆ ਜਤਿਨ ਵਿਆਹ ਤੋਂ ਕੁਝ ਦਿਨ ਪਹਿਲਾਂ ਜਾਣਾ ਚਾਹੁੰਦਾ ਸੀ। ਉਸਨੇ ਜਾਣ ਤੋਂ ਪਹਿਲਾਂ ਆਪਣੇ ਕਮਰੇ ਨੂੰ ਠੀਕ ਕੀਤਾ ਅਤੇ ਖੁੰਝੇ 'ਚ ਪਲੰਗ ਦੇ ਕੋਲ ਰੱਖੇ ਪਿਤਾ ਜੀ ਦੇ ਬਕਸੇ ਨੂੰ ਚੁੱਕਿਆ ਅਤੇ ਉਸ ਵਿਚ ਕੁਝ ਜ਼ਰੂਰੀ ਚੀਜਾਂ, ਕੁਝ ਕਿਤਾਬਾਂ, ਆਪਣੀ ਐਨਕ ਅਤੇ ਕੱਪੜੇ ਰੱਖ ਲਏ। ਘਰ ਤੋਂ ਜਦੋਂ ਉਹ ਪਾਰਟੀ ਆਫ਼ਿਸ ਰਹਿਣ ਆਇਆ ਸੀ ਤਾਂ ਪਿਤਾ ਜੀ ਦਾ ਬਕਸਾ ਅਤੇ ਉਸਦੀ ਤਸਵੀਰ ਨੂੰ ਨਾਲ ਲੈ ਆਇਆ ਸੀ। ਪਿਤਾ ਜੀ ਦੀ ਤਸਵੀਰ ਨੂੰ ਉਸਨੇ ਬਿਲਕੁਲ ਮਾਰਕਸ ਦੀ ਤਸਵੀਰ ਦੇ ਨਾਲ ਹੀ ਟੰਗ ਦਿੱਤਾ ਸੀ। ਜਦੋਂ ਵੀ ਜਤਿਨ ਨੂੰ ਕਦੇ ਬਾਹਰ ਜਾਣਾ ਪੈਂਦਾ ਤਾਂ ਉਹ ਪਿਤਾ ਜੀ ਦੇ ਬਕਸੇ ਨੂੰ ਹੀ ਨਾਲ ਲੈ ਕੇ ਜਾਂਦਾ ਸੀ। ਉਸ ਬਕਸੇ ਨੂੰ ਐਵੇਂ ਜਾਂਚ ਕੇ ਅਤੇ ਸੰਭਾਲ ਕੇ ਰੱਖਦਾ ਸੀ ਜਿਵੇਂ ਉਸ 'ਚ ਪਿਤਾ ਜੀ ਦੀ ਜਾਨ ਹੋਵੇ.....। ਜਤਿਨ ਪਾਰਟੀ ਆਫ਼ਿਸ ਦੇ ਜਿਸ ਕਮਰੇ 'ਚ ਰਹਿੰਦਾ ਸੀ ਉਸ 'ਚ ਇਕ ਖਿੜਕੀ ਸੀ ਜੋ ਪੂਰਵ ਵੱਲ ਖੁੱਲਦੀ ਸੀ। ਖਿੜਕੀ ਦੇ ਬਾਹਰ ਲੰਮੇ ਪਲਾਸ਼ ਦੇ ਬਹੁਤ ਸਾਰੇ ਦਰਖ਼ਤ ਸਨ, ਜਿਨ੍ਹਾਂ 'ਤੇ ਸਿਰਫ ਫੁੱਲ ਹੀ ਖਿੜਦੇ ਸੀ ਲਾਲ ਰੰਗ ਦੇ। ਦਰੱਖਤਾਂ ਦੀਆਂ ਟਾਹਣੀਆਂ ਬਿਲਕੁਲ ਹੀ ਨੰਗੀਆਂ ਸਨ, ਉਹਨਾਂ 'ਤੇ ਇਕ ਵੀ ਪੱਤਾ ਨਹੀਂ ਹੁੰਦਾ ਸੀ। ਜੇਕਰ ਉਨ੍ਹਾਂ ਦਰਖ਼ਤਾਂ 'ਤੇ ਫੁੱਲ ਨਾ ਹੋਣ ਤਾਂ ਸੁੱਕੇ ਦਰਖ਼ਤਾਂ ਵਰਗੇ ਦਿਖਾਈ ਦੇਣ। ਜਤਿਨ ਅਕਸਰ ਹੀ ਉਹਨਾਂ ਦਰਖ਼ਤਾਂ ਨਾਲ ਆਪਣੀ ਤੁਲਨਾ ਕਰਦਾ। ਉਸਦੇ ਅੰਦਰ ਦੀ ਵੀ ਹਰਿਆਲੀ ਜਿਵੇਂ ਸੋਖ ਲਈ ਗਈ ਹੋਵੇ। ਕੇਵਲ ਵਿਚਾਰਾਂ ਦੀ ਗਰਮੀ ਰਹਿ ਗਈ ਸੀ। ਸੰਘਣੀ ਦਾੜ੍ਹੀ ਦੇ ਕਾਲ਼ੇ ਅਤੇ ਚਿੱਟੇ ਵਾਲਾਂ ਨੇ ਚਿਹਰੇ ਨੂੰ ਸਗੀਰ ਤੋਂ ਵੱਖ ਕਰ ਦਿੱਤਾ ਸੀ। ਸਗੀਰ ਮਾੜਕੂ ਪਤਲਾ ਪ੍ਰੰਤੂ ਕੱਦ ਲੰਮਾ ਸੀ। ਪੈਂਤੀ ਦੀ ਉਮਰ 'ਚ ਪੰਜਾਹ ਦਾ ਦਿਖਦਾ ਸੀ ਜਤਿਨ। ਗਰਮੀ ਦੇ ਦਿਨਾਂ 'ਚ ਦਾੜ੍ਹੀ ਉਸਨੂੰ ਪ੍ਰੇਸ਼ਾਨ ਕਰਦੀ। ਪਸੀਨੇ ਨਾਲ ਭਿੱਜੇ ਸਗੀਰ ਅਤੇ ਦਾੜ੍ਹੀ 'ਚ ਉਸਨੂੰ ਖੁਰਕ ਹੁੰਦੀ। ਉਂਗਲ ਨਾਲ ਜਾਂ ਕਿਸੇ ਤਿੱਖੀ ਚੀਜ ਨਾਲ ਉਹ ਦਾੜ੍ਹੀ ਨੂੰ ਖੁਰਕਦਾ। ਅਜ਼ਬ ਜ਼ਿੰਦਗੀ ਸੀ ਧੀਰ-ਗੰਭੀਰ ਕਾਮਰੇਡ ਜਤਿਨ ਦੀ .....।

ਕਮਰੇ ਨੂੰ ਜਿੰਦਾ ਲਾ ਕੇ ਜਤਿਨ ਨੀਲੂ ਦੇ ਵਿਆਹ 'ਚ ਸ਼ਾਮਿਲ ਹੋਣ ਲਈ ਚੱਲ ਪਿਆ। ਕਈ ਘੰਟਿਆਂ ਦੀ ਯਾਤਰਾ ਤੋਂ ਬਾਅਦ ਉਹ ਬੱਸ ਤੋਂ ਉਤਰ ਕੇ ਪੈਦਲ ਹੀ ਘਰ ਵੱਲ ਤੁਰ ਪਿਆ। ਉਸਨੇ ਵੇਖਿਆ, ਸਮੇਂ ਦੀ ਰਫ਼ਤਾਰ ਨੇ ਬਹੁਤ ਕੁਝ ਬਦਲ ਦਿੱਤਾ ਸੀ ਸੜਕ ਨੂੰ ਚੌੜਾ ਕਰ ਦਿੱਤਾ ਗਿਆ ਸੀ ਅਤੇ ਕਿਨਾਰਿਆ 'ਤੇ ਦਰਖ਼ਤ ਲਾ ਦਿੱਤੇ ਗਏ ਸਨ। ਉਸ ਨੂੰ ਯਾਦ ਆਇਆ ਕਿ ਏਸੇ ਸੜਕ ਤੋਂ ਪਿਤਾ ਜੀ ਜਤਿਨ ਅਤੇ ਨੀਲੂ ਨੂੰ ਸਾਇਕਲ 'ਤੇ ਸਕੂਲ ਛੱਡਣ ਜਾਂਦੇ ਸੀ। ਸਾਰੇ ਰਾਹ ਪੂਰੇ ਉਤਸ਼ਾਹ ਨਾਲ ਕੁਝ ਨਾ ਕੁਝ ਗੱਲਾਂ ਕਰਦੇ। ਗਲੀ ਦੇ ਕਿਨਾਰੇ 'ਤੇ ਉਸਨੇ ਡਾ. ਅੰਬੇਡਕਰ ਦੀ ਮੂਰਤੀ ਵੇਖੀ ਸੀ। ਉਹ ਉਤਸ਼ਾਹ ਨਾਲ ਭਰ ਗਿਆ। ਓ ਵਾਹ ... ਲੋਕਾਂ 'ਚ ਐਨੀ ਚੇਤਨਾ ਅਤੇ ਆਤਮ-ਵਿਸ਼ਵਾਸ ਆ ਗਿਆ ਕਿ ਉਹਨਾਂ ਨੇ ਮੂਰਤੀ ਲਗਵਾ ਲਈ ...। ਉਹ ਮੂਰਤੀ ਦੇ ਨੇੜੇ ਪਹੁੰਚਿਆ ਤਾਂ ਉਸਨੇ ਵੇਖਿਆ ਕਿ ਉਹ ਮੂਰਤੀ ਤਾਂ ਪਿਤਾ ਜੀ ਨਾਲ ਬਹੁਤ ਮਿਲਦੀ-ਜੁਲਦੀ ਹੈ। ਉਹ ਖਿਆਲਾਂ 'ਚ ਖੋਇਆ ਖੜ੍ਹਾ ਰਿਹਾ। ਫਿਰ ਹੌਲ਼ੀ-ਹੌਲ਼ੀ ਚੱਲ ਕੇ ਘਰ ਦੇ ਸਾਹਮਣੇ ਪਹੁੰਚਿਆ। ਨੇੜੇ-ਤੇੜੇ ਦੇ ਆਪਣੇ ਲੋਕ ਉਸਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੇ ਸਨ। ਵਧੀ ਹੋਈ ਦਾੜ੍ਹੀ ਅਤੇ ਮੁਰਝਾਏ ਸਰੀਰ 'ਚ ਉਹ ਬੜੀ ਮੁਸ਼ਕਲ ਨਾਲ ਪਹਿਚਾਣ 'ਚ ਆਉਂਦਾ ਸੀ। "ਓਹ ! ਇਹ ਤਾਂ ਜਤਿਨ ਬਾਬੂ ਹੈ।" ਕਿਸੇ ਖੁੰਜੇ 'ਚੋਂ ਅਵਾਜ਼ ਆਈ ... ।

ਘਰ 'ਚ ਪੂਰਾ ਹਫ਼ਤਾ ਭਰ ਰਿਹਾ ਸੀ ਜਤਿਨ। ਉਸਨੂੰ ਚੰਗਾ ਲੱਗਿਆ ਸੀ ਘਰ ਆ ਕੇ। ਪੂਰੇ ਉਤਸ਼ਾਹ ਅਤੇ ਜ਼ਿਮੇਵਾਰੀ ਨਾਲ ਵਿਆਹ 'ਚ ਕੰਮ ਕੀਤਾ ਸੀ ਜਤਿਨ ਨੇ। ਉਹ ਪਰਿਵਾਰ ਨਾਲ ਪੂਰੀ ਤਰ੍ਹਾਂ ਘੁਲ੍ਹ-ਮਿਲ ਜਿਹਾ ਗਿਆ ਸੀ। ਇਸ ਧੜਕਦੇ ਮਾਹੌਲ 'ਚ ਉਸਨੇ ਜ਼ਿੰਦਾਪਨ ਮਹਿਸੂਸ ਕੀਤਾ। ਕਿੰਨੇ ਦਿਨਾਂ ਤੱਕ ਉਹ ਆਪਣਿਆਂ ਤੋਂ, ਜ਼ਿੰਦਗੀ ਤੋਂ, ਭਾਵਨਾਵਾਂ ਤੋਂ ਦੂਰ ਹੋ ਗਿਆ ਸੀ। ਉਸ ਨੇ ਖੁਦ ਨੂੰ ਮਸ਼ੀਨ ਬਣਾ ਲਿਆ ਸੀ। ਕੰਮ ਕਰਨ ਵਾਲੀ ਮਸ਼ੀਨ ਪ੍ਰੰਤੂ ਛੇਤੀ ਹੀ ਉਸਨੇ ਅਜਿਹੇ ਵਿਚਾਰਾਂ ਨੂੰ ਆਪਣੇ ਤੋਂ ਦੂਰ ਕਰ ਦਿੱਤਾ ਸੀ। ਮਾਂ ਅਤੇ ਨੀਲੂ ਖੁਸ਼ ਸਨ ਕਿ ਚਲੋ ਹਫਤਾ ਭਰ ਤਾਂ ਰਿਹਾ ਹੈ ਘਰ 'ਚ ਪ੍ਰੰਤੂ ਜਦੋਂ ਘਰ ਤੋਂ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਘਰ 'ਚ ਫਿਰ ਤੋਂ ਸਨਾਟਾ ਅਤੇ ਉਦਾਸੀ ਛਾ ਗਈ ਸੀ। "ਆਪਣਾ ਖਿਆਲ ਰੱਖੀਂ ਪੁੱਤਰ ..।" ਮਾਂ ਨੇ ਕਿਹਾ ਸੀ। "ਦੇਖੋ ਕਿੰਨਾ ਕਮਜ਼ੋਰ ਹੋ ਗਿਆ ਹੈ ਟਾਇਮ 'ਤੇ ਖਾਇਆ ਕਰ ਅਤੇ ਟਾਇਮ ਕੱਢ ਕੇ ਮਿਲਣ ਆ ਜਾਇਆ ਕਰ..। ਪਤਾ ਨਹੀਂ ਮਰਦੇ ਹੋਏ ਤੈਨੂੰ ਦੇਖ ਸਕਾਂਗੀ ਵੀ ਜਾਂ ਨਹੀਂ .." ਕਹਿ ਕੇ ਮਾਂ ਰੋਣ ਲੱਗੀ ਸੀ। ਅੱਖਾਂ ਭਿੱਜ ਚੁੱਕੀਆਂ ਸਨ ਜਤਿਨ ਦੀਆਂ ਵੀ। ਫਿਰ ਨੀਲੂ ਨੇ ਵੀ ਉਸ ਨਾਲ ਭਾਵੁਕ ਗੱਲਾਂ ਕੀਤੀਆਂ। ਇਕ ਵਾਰ ਤਾਂ ਜਤਿਨ ਦਾ ਵੀ ਮਨ ਕੀਤਾ ਸੀ ਕਿ ਨਾ ਜਾਏ ਪਰ ਜਾਣਾ ਤਾਂ ਹੋਵੇਗਾ ਹੀ .. ਉਸਨੇ ਸੋਚਿਆ ਸੀ। ਦੁੱਖੀ ਅਤੇ ਭਾਵੁਕ ਮਨ ਨਾਲ ਉਸਨੇ ਆਗਿਆ ਲਈ ਸੀ।

ਵਾਪਸ ਆਉਂਦੇ ਹੋਏ ਜਤਿਨ ਉਦਾਸ ਸੀ। ਬਹੁਤ ਹੀ ਭਾਰੀ ਮਨ ਨਾਲ ਉਹ ਪਾਰਟੀ ਦਫ਼ਤਰ ਪਹੁੰਚਿਆ, ਕਮਰਾ ਖੋਲ ਕੇ ਅੰਦਰ ਆਇਆ, ਕਮਰੇ 'ਚ ਹਨੇਰਾ ਸੀ, ਸ਼ਾਮ ਪਸਰ ਰਹੀ ਸੀ। ਉਸਨੂੰ ਲੱਗਿਆ ਕਿ ਢਲਦੀ ਹੋਈ ਸ਼ਾਮ ਉਸਦੇ ਅੰਦਰ ਤੱਕ ਬੈਠ ਗਈ ਹੋਵੇ। ਪਿਤਾ ਜੀ ਦਾ ਬਕਸਾ ਪਲੰਘ ਦੇ ਕੋਲ ਕਿਨਾਰੇ ਤੇ ਰੱਖ ਦਿੱਤਾ ਅਤੇ ਪਲੰਘ 'ਤੇ ਬੈਠ ਗਿਆ .....। ਉਸਦੀ ਨਜ਼ਰ ਕੰਧ 'ਤੇ ਗਈ। ਉਹ ਸੁੰਨ ਹੋ ਗਿਆ ਕੰਧ 'ਤੇ ਪਿਤਾ ਜੀ ਦੀ ਤਸਵੀਰ ਨਹੀਂ ਸੀ ਪਰ ਮਾਰਕਸ ਦੀ ਤਸਵੀਰ ਉਥੇ ਉਸੇ ਤਰ੍ਹਾਂ ਹੀ ਸੀ। ਉਸਨੂੰ ਕੰਧ ਸੁੰਨੀ-ਸੁੰਨੀ ਜਿਹੀ ਲੱਗੀ, ਨੰਗੀ ਅਤੇ ਭਿਆਨਕ ਸੁੰਨੀ ਕੰਧ। ਜਤਿਨ ਨੂੰ ਅਜਿਹਾ ਲੱਗਿਆ ਜਿਵੇਂ ਕਿਸੇ ਨੇ ਜ਼ਬਰਦਸਤੀ ਪਿਤਾ ਜੀ ਦੀ ਤਸਵੀਰ ਨੂੰ ਉਥੋਂ ਹਟਾਇਆ ਹੋਵੇ ਉਸਦੇ ਲਈ ਇਹ ਜੀਵਨ ਦਾ ਕੌੜਾ ਅਨੁਭਵ ਸੀ। ਪਿਤਾ ਜੀ ਉਸ ਦੇ ਲਈ ਹਨੇਰੇ 'ਚ ਚਾਨਣ ਦਾ ਦੀਵਾ ਸੀ । ਉਦਾਸ ਅਤੇ ਭਾਰੀ ਕਦਮਾਂ ਨਾਲ ਉਹ ਸ਼ਰੀਰ ਨੂੰ ਖਿਚਦਾ ਹੋਇਆ ਅੱਗੇ ਵੱਧਿਆ। ਉਸਦੀ ਉਦਾਸੀ ਹੋਰ ਗਹਿਰੀ ਹੋ ਗਈ ਸੀ। ਪਿਤਾ ਜੀ ਦੀ ਤਸਵੀਰ ਥੱਲੇ ਡਿੱਗੀ ਹੋਈ ਸੀ। ਤਸਵੀਰ ਦੇ ਫਰੇਮ 'ਤੇ ਪਈਆਂ ਕੱਚ ਦੀਆਂ ਤਰੇੜਾਂ ਨੇ ਪਿਤਾ ਜੀ ਦੇ ਚਿਹਰੇ ਨੂੰ ਬਦਰੰਗ ਕਰ ਦਿੱਤਾ ਸੀ। ਉਸ ਦੀਆਂ ਅੱਖਾਂ 'ਚੋ ਪਾਣੀ ਨਿਕਲ ਆਇਆ। ਉਹ ਗਹਿਰੀ ਉਦਾਸੀ 'ਚ ਡੁੱਬਦਾ ਗਿਆ। ਇਹ ਲਾਲ ਉਦਾਸੀ ਸੀ ..ſਪਿਤਾ ਜੀ - ਉਸ ਦੇ ਕਾਮਰੇਡਾਂ ਦੀ ਲਾਲ ਖੁਸੀ 'ਚ ਸ਼ਾਮਿਲ ਨਹੀਂ ਹੋ ਸਕੇ ਸੀ' ਅਜਿਹਾ ਉਸਨੇ ਸੋਚਿਆ ਸੀ। ਉਸ ਦੇ ਦਿਮਾਗ 'ਚ ਇਕ ਵਿਚਾਰ ਆਇਆ - "ਕੀ ਮਾਤਾ-ਪਿਤਾ ਜੀ ਸਾਡੇ ਸੰਘਰਸ਼ 'ਚ ਆਦਰਸ਼ ਨਹੀਂ ਹਨ ? ਕੀ ਉਹ ਮਾਰਕਸ, ਲੈਨਿਨ, ਗਾਂਧੀ ਅਤੇ ਅੰਬੇਡਕਰ ਵਰਗੇ ਪ੍ਰੇਰਕ ਨਹੀਂ ..?" ਉਸਦਾ ਮੱਥਾ ਤਪਣ ਲੱਗਾ ਸੀ। ਉਸ ਨੇ ਪਿਤਾ ਜੀ ਦੀ ਤਸਵੀਰ ਨੂੰ ਚੁੱਕ ਕੇ ਸਾਫ ਕੀਤਾ ਅਤੇ ਠੀਕ ਕਰਕੇ ਕਪੜੇ 'ਚ ਰੱਖ ਲਿਆ । ਉਹ ਪਲੰਘ 'ਤੇ ਪੈ ਗਿਆ। ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਨੇ ਖਾਣ ਨੂੰ ਵੀ ਕੁਝ ਨਹੀਂ ਮੰਗਵਾਇਆ। ਉਸ ਨੂੰ ਅੱਜ ਫਿਰ ਪਿਤਾ ਜੀ ਦੀ ਬਹੁਤ ਯਾਦ ਆਈ। ਉਸ ਨੂੰ ਆਪਣਾ ਬਚਪਨ ਯਾਦ ਆ ਰਿਹਾ ਸੀ। ਬਚਪਨ ਦੀਆਂ ਘਟਨਾਵਾਂ । ਉਸਨੂੰ ਲੱਗਾ ਜਿਵੇਂ ਪਿਤਾ ਜੀ ਉਸ ਦੇ ਸਾਹਮਣੇ ਖੜ੍ਹੇ ਹੋਣ । ਪਿਤਾ ਜੀ ਈਸਾ ਮਸੀਹ 'ਚ ਬਦਲ ਗਏ ਹੋਣ। ਉਸਨੂੰ ਸ਼ਬਦ ਸੁਣਾਈ ਦਿੱਤੇ

। ਇਨਾਂ ਨੂੰ ਮੁਆਫ਼ ਕਰ ਦੇ ਬੇਟਾ । ਇਨ੍ਹਾਂ ਨੂੰ ਪਤਾ ਨਹੀਂ ਇਹ ਕੀ ਕਰ ਰਹੇ ਹਨ..? ਉਸ ਨੇ ਹੈਰਾਨੀ ਨਾਲ ਇੱਧਰ-ਉੱਧਰ ਵੇਖਿਆ ..। ਕਮਰੇ 'ਚ ਕਾਫੀ ਹਨੇਰਾ ਸੀ.। ਉਹ ਉਠਿਆ, ਲਾਇਟ ਜਗਾਈ। ਬਾਹਰ ਦਾ ਹਨੇਰਾ ਹੋਰ ਵੀ ਸੰਘਣਾ ਹੋ ਚੁੱਕਿਆ ਸੀ। 'ਕੀ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ.? ਉਸ ਨੇ ਸੋਚਿਆ ਸੀ। ਫਿਰ ਉਸ ਨੂੰ ਪਿਤਾ ਜੀ ਦੀ ਤਸਵੀਰ ਦੀ ਯਾਦ ਆਈ। ਜਤਿਨ ਨੇ ਅਪਣੇ ਅੰਦਰ ਕੁਝ ਟੁੱਟਦਾ ਹੋਇਆ ਮਹਿਸੂਸ ਕੀਤਾ। ਵਿਚਾਰਾਂ ਨੇ ਮਨੁੱਖ ਦੇ ਮਾਨਵੀਂ ਮੁੱਲਾਂ ਨੂੰ ਨਹੀਂ ਜਗਾਇਆ ਹੈ। ਸਾਰੇ ਵਿਚਾਰ ਅੰਦਰ ਤੋਂ ਇਕੋ ਤਰ੍ਹਾਂ ਦੇ ਹਨ। ਵਿਚਾਰ ਮਨੁੱਖ ਦੀ ਭਾਵਨਾਵਾਂ ਨੂੰ ਕਿਉਂ ਨਹੀਂ ਜਗ੍ਹਾ ਪਾਉਂਦਾ .। ਕੀ ਵਿਚਾਰ ਸਿਰਫ਼ ਸਾਡੀਆਂ ਦਿਮਾਗੀ ਅਯਾਸ਼ੀਆਂ ਦਾ ਸ਼ਗੂਫ਼ਾ ਭਰ ਹੁੰਦਾ ਹੈ। ਜੋ ਵਿਚਾਰ ਮਨੁੱਖਤਾ ਨੂੰ ਜਾਗ੍ਰਿਤ ਨਾ ਕਰ ਸਕਣ ਉਹਨਾਂ ਨੂੰ ਮਰ ਹੀ ਜਾਣਾ ਚਾਹੀਦਾ ਹੈ। ਬਹੁਤ ਸਾਰੀਆਂ ਗੱਲਾਂ ਉਸਦੇ ਅੰਦਰ ਉਛਾਲਾਂ ਮਾਰ ਰਹੀਆਂ ਸਨ। ਜਤਿਨ ਤਾਂ ਨੀਲੇ ਅਤੇ ਲਾਲ ਰੰਗ ਨੂੰ ਮਿਲਾਉਣਾ ਚਾਹੁੰਦਾ ਸੀ। ਉਸ ਨੇ ਪਿਤਾ ਜੀ ਦੇ ਸੁਪਨੇ ਨੂੰ ਇਕ ਅਕਾਰ ਦਿੱਤਾ ਸੀ। ਪਿਤਾ ਜੀ ਕਹਿੰਦੇ ਸਨ - "ਸਾਨੂੰ ਹਕੀਕਤ ਦੀ ਜ਼ਮੀਨ 'ਤੇ ਉੱਗੇ ਕੰਡਿਆਂ ਨੂੰ ਲਹਿਰਾਉਂਦੀ ਹੋਈ ਫ਼ਸਲ 'ਚ ਤਬਦੀਲ ਕਰਨਾ ਹੈ।" ਤਾਂ ਕਦੀ ਜਤਿਨ ਦੇ ਉਦਾਸ ਹੋਣ ਤੇ ਕਹਿੰਦੇ - "ਥੋੜ੍ਹੀਆਂ ਜ਼ਰੂਰਤਾਂ ਨਾਲ ਪੂਰੀ ਜ਼ਿੰਦਗੀ ਨੂੰ ਸੁਪਨਿਆਂ ਨਾਲ ਭਰਨਾ ਸਿਖੋ ਬੇਟਾ । ਨਾ ਜਾਣੇ ਕਿੰਨੇ ਸੁਪਨੇ ਦੇਖਦਾ ਸੀ ਉਹ। ਹਮੇਸ਼ਾਂ ਜੀਵਨ ਦੇ ਸੁਪਨੇ ਹੀ ਆਉਂਦੇ ਸੀ ਪ੍ਰੰਤੂ ਅੱਜ ਜਾਗਦੇ ਹੋਏ ਮਰਨ ਦਾ ਸੁਪਨਾ ਵੀ ਆਇਆ ਸੀ ਉਸਨੂੰ। ਹੌਲ਼ੀ-ਹੌਲ਼ੀ ਉਸਦੇ ਗੁੱਸੇ ਦਾ ਉਬਾਲ ਸ਼ਾਂਤ ਹੋ ਗਿਆ ਸੀ। ਰਾਤ ਨੂੰ ਸੌਂਦੇ ਸਮੇਂ ਪਿਤਾ ਜੀ ਅਕਸਰ ਉਸਨੂੰ ਅਤੇ ਨੀਲੂ ਨੂੰ ਇਕ ਗਾਣਾ ਸੁਣਾਇਆ ਕਰਦੇ ਸੀ। ਜਤਿਨ ਨੂੰ ਅੱਜ ਵੀ ਉਹ ਯਾਦ ਹੈ -

ਮੁਕਤੀ ਦਾ ਰਾਹ ਹੈ ਔਖਾ, ਇਸ 'ਤੇ ਚੱਲਣਾ ਹੈ ਤੁਸੀਂ ਇਕੱਲੇ..
ਸੰਘਣਾ ਬਹੁਤ ਹਨੇਰਾ ਹੈ, ਫਿਰ ਵੀ ਚਲਣਾ ਹੈ ਤੁਸੀਂ ਇਕੱਲੇ .
ਆਪਣੇ ਵੀ ਤਾਂ ਦਗਾ ਕਰਨਗੇ
ਸੁਪਨੇ ਵੀ ਤਾਂ ਛਲਾਵਾ ਕਰਨਗੇ
ਡਰਨਾ ਨਹੀਂ ਤੁਸੀਂ ਮੇਰੇ ਸਾਥਿਓ
ਨਾ ਹੋਣਾ ਤੁਸੀ ਕਦੀ ਉਦਾਸ
ਰਾਹ ਔਖਾ ਹੈ ਫਿਰ ਵੀ ਚਲਣਾ
ਚਲਦੇ ਰਹਿਣਾ, ਵਧਦੇ ਰਹਿਣਾ
ਰੁਕਣਾ ਹੈ ਤਾਂ ਮੌਤ ਤੁਹਾਡੀ
ਆਵੇਗੀ ਰੌਸ਼ਨੀ ਇਕ ਦਿਨ..
ਮੁਕਤੀ ਦਾ ਰਾਹ ਹੈ ਔਖਾ.

ਜਤਿਨ ਨੇ ਮਨ ਹੀ ਮਨ ਇਹਨਾਂ ਸਤਰਾਂ ਨੂੰ ਦੁਹਰਾਇਆ। ਉਸ ਨੂੰ ਅਚੰਭੇ ਭਰੀ ਆਤਮਿਕ ਸ਼ਾਂਤੀ ਮਿਲੀ ਸੀ। ਹੌਲ਼ੀ-ਹੌਲ਼ੀ ਉਹ ਗੂੜ੍ਹੀ ਨੀਂਦ 'ਚ ਸੌਂ ਗਿਆ। ਜਤਿਨ ਨੇ ਇਸ ਘਟਨਾ ਦਾ ਜ਼ਿਕਰ ਕਿਸੇ ਨਾਲ ਨਹੀਂ ਕੀਤਾ। ਉਹ ਨਵੀਂ ਊਰਜਾ ਅਤੇ ਜੋਸ਼ ਦੇ ਨਾਲ ਪਾਰਟੀ ਦੇ ਕੰਮ 'ਚ ਲੱਗ ਪਿਆ। ਹੌਲ਼ੀ-ਹੌਲ਼ੀ ਸਮਾਂ ਲੰਘਦਾ ਗਿਆ ਉਹ ਪਾਰਟੀ ਦੇ ਕੰਮਾਂ ਲਈ ਦੇਸ਼ ਦੇ ਸਾਰੇ ਰਾਜਾਂ 'ਚ ਜਾਂਦਾ। ਹੁਣ ਉਸਨੇ ਆਪਣੇ ਬਕਸੇ ਨੂੰ ਹੋਰ ਵੀ ਜਿਆਦਾ ਸੰਭਾਲ਼ ਕੇ ਰੱਖਣਾ ਸ਼ੁਰੂ ਕਰ ਦਿੱਤਾ। ਉਹ ਜਿੱਥੇ ਵੀ ਜਾਂਦਾ, ਜਿੰਦੇ ਵਾਲਾ ਬਕਸਾ ਵੀ ਉਸਦੇ ਨਾਲ ਹੀ ਜਾਂਦਾ। ਉਸਨੂੰ ਬਕਸੇ ਵਾਲਾ ਕਾਮਰੇਡ

ਕਿਹਾ ਜਾਣ ਲੱਗਿਆ। ਸਾਰੇ ਕਾਮਰੇਡਾਂ 'ਚ ਉਸਦੇ ਬਕਸੇ ਨੂੰ ਲੈ ਕੇ ਅਜੀਬ ਤਰ੍ਹਾਂ ਦੀ ਜਗਿਆਸਾ ਹੋਣ ਲੱਗੀ।

ਪੰਤਾਲ਼ੀ ਸਾਲ ਦਾ ਹੁੰਦੇ-ਹੁੰਦੇ ਉਸਦਾ ਚਿਹਰਾ ਕੁਮਲਾ ਚੁੱਕਿਆ ਸੀ। ਦਾੜ੍ਹੀ ਜ਼ਿਆਦਾ ਸੰਘਣੀ ਹੋ ਕੇ ਚਿੱਟੀ ਹੋ ਗਈ ਸੀ। ਸਰੀਰ ਹੋਰ ਵੀ ਜਿਆਦਾ ਕਮਜ਼ੋਰ ਹੋ ਗਿਆ ਸੀ। ਐਨਾ ਸਭ ਕੁਝ ਹੋਣ ਦੇ ਬਾਵਜੂਦ ਵੀ ਉਸ ਦੀਆਂ ਅੱਖਾਂ 'ਚ ਚਮਕ ਬਰਕਰਾਰ ਸੀ। ਪਾਰਟੀ ਨੇ ਤੈਅ ਕੀਤਾ ਕਿ ਜਤਿਨ 'ਚ ਅਦਭੁਤ ਸੰਗਠਨ ਨਿਰਮਾਣ ਦੀ ਯੋਗਤਾ ਹੈ, ਇਸ ਲਈ ਉਸਨੂੰ ਇਕ ਅਜਿਹੇ ਪ੍ਰਦੇਸ਼ 'ਚ ਜਾਣ ਲਈ ਕਿਹਾ ਗਿਆ ਜਿੱਥੇ ਸੰਗਠਨ ਦਾ ਕੰਮ ਕਮਜ਼ੋਰ ਸੀ। ਉਸ ਨੂੰ ਸੈਂਟਰਲ ਕਮੇਟੀ ਵਲੋਂ ਪ੍ਰਦੇਸ਼ 'ਚ ਪਾਰਟੀ ਨਿਰਮਾਣ ਦੇ ਕੰਮਾਂ ਦੇ ਲਈ ਭੇਜ ਦਿੱਤਾ ਗਿਆ। ਜਤਿਨ ਕੁਝ ਨਹੀਂ ਸੀ ਬੋਲਿਆ ਪਰ ਹੁਣ ਉਸ ਦੇ ਸਰੀਰ 'ਚ ਪਹਿਲਾਂ ਵਰਗੀ ਤਾਕਤ ਨਹੀਂ ਸੀ ਰਹੀ। ਬਹੁਤ ਸਾਰੀਆਂ ਬਿਮਾਰੀਆਂ ਨੇ ਉਸ ਦੇ ਸਰੀਰ ਨੂੰ ਜਕੜ ਲਿਆ ਸੀ। ਦੂਜੇ ਰਾਜ 'ਚ ਜਾਣ ਲਈ ਜਤਿਨ ਨੇ ਬਕਸੇ 'ਚ ਕੁਝ ਕੱਪੜੇ ਅਤੇ ਕਿਤਾਬਾਂ ਰੱਖੀਆਂ। ਕੁਝ ਹੋਰ ਜ਼ਰੂਰੀ ਚੀਜਾਂ ਦਾ ਉਸਨੇ ਅਲੱਗ ਤੋਂ ਬੰਡਲ ਬਣਾਇਆ ਅਤੇ ਦੂਜੇ ਪ੍ਰਦੇਸ਼ ਲਈ ਚੱਲ ਪਿਆ। ਇਹ ਇਕ ਪਛੜਿਆ ਹੋਇਆ ਪ੍ਰਦੇਸ਼ ਸੀ ਜੋ ਵਿਕਾਸ 'ਚੋਂ ਪੂਰੀ ਦੁਨੀਆਂ ਤੋਂ ਲਗਪਗ ਕੱਟਿਆ ਹੋਇਆ ਸੀ।

ਉਸਦੇ ਰਹਿਣ ਦਾ ਇੰਤਜ਼ਾਮ ਪ੍ਰਦੇਸ਼ ਪਾਰਟੀ ਦੇ ਆਫ਼ਿਸ 'ਚ ਕਰ ਦਿੱਤਾ ਗਿਆ। ਨਵੇਂ ਅਤੇ ਪੁਰਾਣੇ ਕਾਮਰੇਡਾਂ ਨੇ ਬਹੁਤ ਹੀ ਗਰਮ ਜੋਸੀ ਨਾਲ ਉਸਦਾ ਸੁਆਗਤ ਕੀਤਾ ਸੀ। ਭਾਵੇਂ ਕੇ ਪੁਰਾਣੇ ਕਾਮਰੇਡ ਜੋ ਕਿ ਲਗਪਗ ਸਾਰੇ ਉਸੇ ਦੀ ਉਮਰ ਦੇ ਸਨ, ਉਸਨੂੰ ਬਕਸੇ ਵਾਲੇ ਕਾਮਰੇਡ ਦੇ ਰੂਪ 'ਚ ਪਹਿਲਾਂ ਤੋਂ ਹੀ ਜਾਣਦੇ ਸੀ। ਜਤਿਨ ਨੇ ਪੰਜ ਸਾਲ ਦੀ ਸਖ਼ਤ ਮਿਹਨਤ ਦੇ ਬਾਅਦ ਪ੍ਰਦੇਸ਼ 'ਚ ਪਾਰਟੀ ਸੰਗਠਨ ਨੂੰ ਮਜ਼ਬੂਤੀ ਦੇ ਦਿੱਤੀ ਸੀ। ਵਿਦਿਆਰਥੀ ਸੰਗਠਨ ਤੋਂ ਲੈ ਕੇ ਮਜ਼ਦੂਰ ਕਿਸਾਨ ਯੂਨੀਅਨ, ਪ੍ਰਾਂਤ ਅਤੇ ਜਿਲ੍ਹਾ ਸਮਿਤੀਆਂ ਦਾ ਨਵਾਂ ਢਾਂਚਾ ਬਣਾਇਆ ਗਿਆ ਸੀ। ਨੌਜਵਾਨ ਲੀਡਰਸ਼ਿਪ ਪੈਦਾ ਕੀਤੀ। ਪਾਰਟੀ ਦੀ ਸੈਂਟਰਲ ਕਮੇਟੀ ਉਸ ਦੇ ਕੰਮਾਂ ਤੋਂ ਬਹੁਤ ਹੀ ਜ਼ਿਆਦਾ ਖ਼ੁਸ਼ ਸੀ ਪ੍ਰੰਤੂ ਬਕਸੇ ਨੂੰ ਲੈ ਕੇ ਨਵੇਂ ਅਤੇ ਪੁਰਾਣੇ ਸਾਥੀਆਂ ਦਾ ਉਤਸ਼ਾਹ ਵਧਦਾ ਹੀ ਜਾਂਦਾ।ਕਈ ਪ੍ਰਕਾਰ ਦੇ ਕਿੱਸੇ-ਕਹਾਣੀਆਂ ਉਸ ਦੇ ਬਕਸੇ ਨੂੰ ਲੈ ਕੇ ਸੁਣਾਏ ਜਾਂਦੇ। ਕੋਈ ਕਹਿੰਦਾ- "ਪਤਾ ਹੈ ਕਾਮਰੇਡ ਦੇ ਬਕਸੇ 'ਚ ਕੀ ਹੈ ..? ਕਾਮਰੇਡ ਜਤਿਨ ਕਿਸੇ ਪੁੰਜੀਪਤੀ ਪਰਿਵਾਰ ਤੋਂ ਹਨ। ਪਿਤਾ ਦੇ ਮਰਨ ਤੋਂ ਬਾਅਦ ਜਦੋਂ ਜਾਇਦਾਦ ਦਾ ਬਟਵਾਰਾ ਹੋਇਆ ਤਾਂ ਕਾਮਰੇਡ ਦੇ ਹਿੱਸੇ 'ਚ ਵੀ ਬਹੁਤ ਸਾਰੀ ਪੂੰਜੀ ਆਈ ਸੀ, ਉਸ ਪੂੰਜੀ ਨੂੰ ਉਸਨੇ ਬਕਸੇ 'ਚ ਸੰਭਾਲ ਕੇ ਰੱਖਿਆ ਹੋਇਆ ਹੈ.।" ਇਸ 'ਤੇ ਦੂਜਾ ਕਾਮਰੇਡ ਪ੍ਰਤੀਵਾਦ ਕਰਦਾ ਹੋਇਆ। "ਨਹੀਂ ਯਾਰ ਅਜਿਹੀ ਗੱਲ ਨਹੀਂ ਹੈ.।ਆਪਣੇ ਕਾਮਰੇਡ ਅਜਿਹੇ ਨਹੀ ਹਨ। ਜੇਕਰ ਉਸ ਕੋਲ ਕੋਈ ਜਾਇਦਾਦ ਹੁੰਦੀ ਤਾਂ ਉਹ ਪਾਰਟੀ ਨੂੰ ਨਾ ਦਿੰਦੇ।" ਅਜਿਹੀਆਂ ਅਨੇਕਾਂ ਕਹਾਣੀਆਂ ਸਨ ਜੋ ਕਾਮਰੇਡਾਂ 'ਚ ਬੜੇ ਮਜ਼ੇ ਨਾਲ ਕਹੀਆਂ ਜਾਂਦੀਆਂ। ਇਕ ਹੋਰ ਕਹਾਣੀ ਵੀ ਸੀ ਜੋ ਬਹੁਤ ਦਿਲਚਸਪ ਸੀ ਜਿਸਨੂੰ ਕਦੀ-ਕਦੀ ਪੁਰਾਣੇ ਕਾਮਰੇਡ ਜਦੋਂ ਵੀ ਰੰਗੀਨ ਮਾਹੌਲ 'ਚ ਹੁੰਦੇ ਤਾਂ ਖੋਲ੍ਹਦੇ .।"ਸੁਣਿਆ ਹੈ ਕਾਮਰੇਡ ਜਤਿਨ ਦਾ ਕਾਲਿਜ ਦੇ ਦਿਨਾਂ 'ਚ ਕਿਸੀ ਬਹੁਤ ਸੁੰਦਰ ਕੁੜੀ ਨਾਲ ਜ਼ਬਰਦਸਤ ਇਸ਼ਕ ਹੋਇਆ ਸੀ। ਉਹ ਇਸ ਨਾਲ ਵਿਆਹ ਕਰਨਾ ਚਾਹੁੰਦੀ ਸੀ... ਪਰ ਇਹ ਹੋਲ ਟਾਇਮਰ ਬਣ ਕੇ ਪਾਰਟੀ ਦਾ ਕੰਮ ਕਰਨਾ ਚਾਹੁੰਦਾ ਸੀ। ਇਸ ਲਈ ਇਹਨਾਂ ਨੇ ਵਿਆਹ ਨਹੀਂ ਕੀਤਾ ..ਉਸ ਸਮੇਂ ਦੇ ਇਸ਼ਕ ਪੱਤਰ ਅਤੇ ਉਸ ਕੁੜੀ ਦੀਆਂ ਫੋਟੋਆਂ ਬਕਸੇ 'ਚ ਹੁਣ ਤੱਕ ਸੰਭਾਲ ਰੱਖੇ ਹੋਏ ਹਨ। ਇਸ ਲਈ ਹਮੇਸ਼ਾਂ

ਬਕਸੇ ਨੂੰ ਜਿੰਦਾ ਲਗਾਈ ਰੱਖਦੇ ਹਨ।" ਉਹ ਇਨ੍ਹਾਂ ਕਿੱਸਿਆਂ ਨੂੰ ਸੁਣਾਉਂਦੇ ਸਮੇਂ ਕਦੀ ਵੀ ਕਾਮਰੇਡ ਜਤਿਨ ਦੇ ਸਨਮਾਨ 'ਚ ਕੁਝ ਗਲਤ ਨਹੀਂ ਕਹਿੰਦੇ ਸਨ.।

ਪ੍ਰੰਤੂ ਧੁਨ ਦਾ ਪੱਕਾ ਕਾਮਰੇਡ ਜਤਿਨ ਆਪਣੇ ਕੰਮ 'ਚ ਹਮੇਸ਼ਾਂ ਲੱਗਿਆ ਰਹਿੰਦਾ। ਜਿਵੇਂ ਉਸ ਤੇ ਇਕ ਹੀ ਭੂਤ ਸਵਾਰ ਸੀ ..।ਸਮਾਜ ਬਦਲਣਾ ਹੈ .ਬਸ..। ਜਤਿਨ ਦਾ ਸਰੀਰ ਬਿਮਾਰੀਆਂ ਦਾ ਘਰ ਬਣ ਚੁੱਕਿਆ ਸੀ। ਠੀਕ ਤਰ੍ਹਾਂ ਨਾਲ ਇਲਾਜ ਵੀ ਨਹੀਂ ਕਰਾ ਸਕਦਾ ਸੀ ।ਨਾ ਖਾਣ ਦਾ ਫ਼ਿਕਰ, ਨਾ ਸਿਹਤ ਦੀ ਚਿੰਤਾ, ਬਸ ਕੰਮ ਹੀ ਕੰਮ ।ਉਸ ਦਿਨ ਜਤਿਨ ਨੂੰ ਸਵੇਰ ਤੋਂ ਹੀ ਖਾਂਸੀ ਦਾ ਅਸਹਿਣਯੋਗ ਦੌਰਾ ਪਿਆ ਸੀ। ਖੰਘਦੇ-ਖੰਘਦੇ ਛਾਤੀ 'ਚ ਦਰਦ ਦਾ ਗੋਲ਼ਾ ਜਿਹਾ ਉੱਠਿਆ। ਉਹ ਦਿਨ ਭਰ ਕੱਲਾਕਾਰਾ ਪਲੰਘ 'ਤੇ ਹੀ ਪਿਆ ਰਿਹਾ ।ਅੱਜ ਉਸ ਨੂੰ ਮਾਂ ਦੀ ਬਹੁਤ ਯਾਦ ਆਈ। ਬਚਪਨ 'ਚ ਜਦੋਂ ਵੀ ਉਹ ਬਿਮਾਰ ਹੁੰਦਾ ਤਾਂ ਰਾਤ ਭਰ ਮਾਂ ਪਲੰਘ ਦੇ ਕੋਲ ਬੈਠੀ ਰਹਿੰਦੀ। ਬੁਖ਼ਾਰ ਹੋਣ 'ਤੇ ਗਿੱਲੀਆਂ ਪੱਟੀਆਂ ਰੱਖਦੀ, ਸਾਰੀ-ਸਾਰੀ ਰਾਤ ਸੌਂਦੀ ਵੀ ਨਹੀਂ ਸੀ ।ਉਹ ਮਾਂ ਦੇ ਲਈ ਕੁਝ ਵੀ ਤਾਂ ਨਹੀਂ ਸੀ ਕਰ ਸਕਿਆ। ਮਾਂ ਬਹੁਤ ਇੱਕਲੀ ਰਹਿ ਗਈ ਸੀ। ਪਿਤਾ ਜੀ ਦੇ ਬਾਅਦ ਜਤਿਨ ਵੀ ਉਹਨਾਂ ਨੂੰ ਇੱਕਲਾ ਛੱਡ ਕੇ ਚਲਾ ਆਇਆ ਸੀ। ਨੀਲੂ ਦੇ ਲਈ ਵੀ ਕੁਝ ਕਰਨਾ ਸੀ। ਓਹੀ ਤਾਂ ਸੀ ਉਸਦਾ ਪਿਤਾ, ਭਾਈ ਸਭ ਕੁਝ। ਕਿਹੜੀ ਇਛਾ ਪੂਰੀ ਕਰ ਸਕਿਆ ਸੀ ਨੀਲੂ ਦੀ। ਉਸ ਨੂੰ ਨੀਲੂ ਦੇ ਸ਼ਬਦ ਯਾਦ ਆਏ – "ਨਾ ਜਾਓ ਭਾਈ. ਸਾਨੂੰ ਇਕੱਲਾ ਛੱਡ ਕੇ ਨਾ ਜਾਓ। ਪਿਤਾ ਜੀ ਵੀ ਸਾਨੂੰ ਛੱਡ ਕੇ ਚਲੇ ਗਏ 'ਤੇ ਹੁਣ ਤੁਸੀ ਵੀ .।" ਸੋਚਦੇ ਹੋਏ ਉਸ ਦੀਆਂ ਅੱਖਾਂ 'ਚੋਂ ਲਗਾਤਾਰ ਪਾਣੀ ਬਹਿ ਰਿਹਾ ਸੀ। ਉਸ ਨੂੰ ਦੂਰ ਹੁੰਦੀ ਰੌਸ਼ਨੀ 'ਚ ਧੁੰਧਲਾਏ ਹੋਏ ਬਿੰਬਾਂ 'ਚ ਪਿਤਾ ਜੀ ਦਿਖੇ ਸੀ। ਉਸ ਨੂੰ ਲੱਗਿਆ ਜਿਵੇਂ ਪਿਤਾ ਜੀ ਉਸ ਨੂੰ ਛਾਤੀ ਨਾਲ ਲਾਉਣ ਲਈ ਬੁਲਾ ਰਹੇ ਹੋਣ। ਜਤਿਨ ਖ਼ਤਮ ਹੋ ਰਹੀ ਚੇਤਨਾ 'ਚ ਬੁੜਬੁੜਾਇਆ ਸੀ- "ਮੈਂ ਆ ਰਿਹਾਂ ਹਾਂ, ਪਿਤਾ ਜੀ .. ਮੈਂ ਆ ਰਿਹਾਂ ਹਾਂ " ਕਾਮਰੇਡ ਜਤਿਨ ਮਰ ਗਏ । ਸਾਰਿਆਂ ਦੇ ਮੂੰਹ 'ਚੋਂ ਇਹੀ ਸੁਣਾਈ ਦਿੰਦਾ। ਕਾਮਰੇਡ ਜਤਿਨ ਨਹੀਂ ਰਹੇ.।" ਜਤਿਨ ਦੇ ਦਾਹ ਸਸਕਾਰ ਦੇ ਬਾਅਦ ਹੁਣ ਪ੍ਰਦੇਸ਼ ਪਾਰਟੀ ਦੇ ਸਾਹਮਣੇ ਇਕ ਨਵੀਂ ਸਮੱਸਿਆ ਆ ਗਈ ਸੀ। ਕਾਮਰੇਡ ਜਤਿਨ ਦਾ ਬਕਸਾ..। ਕੀ ਕੀਤਾ ਜਾਵੇ ਇਸ ਦਾ ਹੁਣ .? ਉਸ 'ਤੇ ਜਿੰਦਾ ਲੱਗਿਆ ਹੋਇਆ ਸੀ। ਮੀਟਿੰਗ ਦੇ ਬਾਅਦ ਇਹ ਤੈਅ ਹੋਇਆ ਕਿ ਕੁਝ ਸੀਨੀਅਰ ਪਾਰਟੀ ਮੈਂਬਰਾਂ ਦੀ ਮੌਜੂਦਗੀ 'ਚ ਬਕਸਾ ਖੋਲ੍ਹਿਆ ਜਾਵੇ। ਸਾਰਿਆਂ ਦੇ ਮਨ 'ਚ ਬੇਚੈਨੀ ਭਰਿਆ ਮਾਹੌਲ ਸੀ। ਜਿਸ ਦਿਨ ਬਕਸੇ ਨੂੰ ਖੋਲ੍ਹਿਆ ਜਾਣਾ ਸੀ, ਨਵੇਂ ਅਤੇ ਪੁਰਾਣੇ ਕਾਮਰੇਡ ਕਿਸੇ ਨਾ ਕਿਸੇ ਕੰਮ ਦੇ ਬਹਾਨੇ ਪਾਰਟੀ ਆਫ਼ਿਸ 'ਚ ਆ ਪਹੁੰਚੇ ਸੀ। ਸਾਰਿਆਂ ਦੇ ਮਨ 'ਚ ਇਕ ਹੀ ਸਵਾਲ ਸੀ "ਕੀ ਹੋਵੇਗਾ ਬਕਸੇ 'ਚ .?"

ਜਤਿਨ ਦੇ ਕਮਰੇ 'ਚੋਂ ਬਕਸੇ ਨੂੰ ਬਾਹਰ ਲਿਆਂਦਾ ਗਿਆ। ਇਕ ਸੀਨੀਅਰ ਪਾਰਟੀ ਕਾਮਰੇਡ ਨੇ ਬਕਸੇ ਦਾ ਢੱਕਣ ਚੁੱਕਿਆ। ਸਾਰਿਆਂ ਨੇ ਇਕ ਦੂਜੇ ਤੋਂ ਉਪਰ ਦੀ ਹੁੰਦੇ ਹੋਏ 'ਬਕਸੇ 'ਚ ਸਭ ਤੋਂ ਪਹਿਲਾਂ ਮੈਂ ਸਭ ਤੋਂ ਪਹਿਲਾਂ ਮੈਂ' ਸੋਚਦੇ ਹੋਏ ਝਾਕਿਆ .। ਬਕਸੇ 'ਚ ਕੁਝ ਕਿਤਾਬਾਂ ਨਿਕਲੀਆਂ। ਫਿਰ ਇਕ ਸਲੀਕੇ ਨਾਲ ਤਹਿ ਕੀਤਾ ਹੋਇਆ ਨੀਲੇ ਰੰਗ ਦਾ ਕਪੜਾ ਸੀ। ਉਸਨੂੰ ਚੁੱਕਿਆ ਗਿਆ ਤੇ ਉਸਦੀ ਤਹਿ ਨੂੰ ਖੋਲ੍ਹਿਆ ਗਿਆ ..। ਸਭ ਦੇਖ ਕੇ ਹੈਰਾਨ ਸਨ। ਇਹ ਤਾਂ ਜਤਿਨ ਦੇ ਪਿਤਾ ਜੀ ਦੀ ਤਸਵੀਰ ਸੀ। ਜਗਿਆਸਾ 'ਚ ਉਦਾਸੀ ਛਾ ਗਈ। ਜਿਵੇਂ ਕਹਿ ਰਹੇ ਹੋਣ. ਖੋਦਿਆ ਪਹਾੜ .?

ਸੰਪਰਕ ਲੇਖਕ-098914-38166

ਆਲੋਚਨਾ:

ਬਹੁਤ ਸਾਰੇ ਚੁਰੱਸਤੇ-'ਮਾਇਆ' ਦੇ ਮਕੜਜਾਲ 'ਚ ਫਾਥੀ ਮਨੁੱਖਤਾ ਦੀ ਹੋਣੀ ਦੇ ਫ਼ਿਕਰ/ - ਡਾ. ਸਤਿੰਦਰ ਸਿੰਘ ਰੈਬੀ



'ਪੂੰਜੀਵਾਦ', ਮਹਿਜ਼ ਆਰਥਿਕ-ਰਾਜਸੀ ਵਿਵਸਥਾ ਹੀ ਨਹੀਂ ਰਹਿ ਗਿਆ, ਇਸਨੂੰ ਸਮੁੱਚੇ ਵਿਸ਼ਵ ਦਾ 'ਸਭਿਆਚਾਰ', ਮਨੁੱਖਤਾ ਦੀ ਨਵੀਂ ਜੀਵਨ-ਜਾਚ, ਸੋਚ ਦਾ ਢੰਗ ਬਣਾ ਦਿੱਤਾ ਗਿਆ ਹੈ। ਮਨੁੱਖ ਦੇ ਸਭਿਅਕ ਅਤੇ ਅਗਾਂਹਵਧੂ ਅਖਵਾਉਣ ਦੀ ਲਾਜ਼ਮੀ ਸ਼ਰਤ। ਸਮਾਜਕ-ਆਰਥਿਕ ਵਿਕਾਸ ਦੇ ਇਕੋ ਇਕ ਲਾਜ਼ਮੀ, ਅਬਦਲ ਅਤੇ ਆਖ਼ਰੀ ਮਾਡਲ ਵਜੋਂ ਪੇਸ਼ ਹੈ-ਪੂੰਜੀਵਾਦ। ਸਮਾਜਵਾਦੀ ਮਾਡਲ ਦੇ ਢਹਿਢੇਰੀ ਕਰ ਦਿੱਤੇ ਜਾਣ ਪਿਛੋਂ ਪੂੰਜੀਵਾਦ ਨਿਰੰਕੁਸ਼ ਰੂਪ ਵਿਚ ਸੰਸਾਰ ਪੱਧਰ 'ਤੇ ਫੈਲਿਆ ਹੈ। ਜੇ ਕੋਈ ਵਿਅਕਤੀ ਅਥਵਾ ਜਨ-ਸਮੂਹ ਇਸ ਵਰਤਾਰੇ ਵਿਰੁੱਧ ਖੜਾ ਹੁੰਦਾ ਹੈ, ਇਸਦਾ ਬਦਲ ਤਲਾਸ਼ਦਾ ਹੈ ਤਾਂ ਉਸਨੂੰ ਜੰਗਲੀ, ਅਸਭਿਅਕ, ਪਿੱਛਾਹਖਿਚੂ, ਵਿਕਾਸ ਦੇ ਰਾਹ ਵਿਚ ਰੋੜਾ ਜਿਹੇ ਵਿਸ਼ੇਸ਼ਣਾਂ ਨਾਲ ਨਿਵਾਜ ਦਰ-ਕਿਨਾਰ ਕਰ ਦਿੱਤਾ ਜਾਂਦਾ ਹੈ। ਤੁਸੀਂ ਖੁਦ ਨੂੰ ਇਸ 'ਮਾਇਆਵੀ' ਰੰਗ 'ਚ ਰੰਗਣ ਲਈ 'ਉਤੇਜਿਤ' ਕੀਤੇ ਜਾਂਦੇ ਹੋ, ਮਜਬੂਰ ਕਰ ਦਿੱਤੇ ਜਾਂਦੇ ਹੋ। ਨਹੀਂ ! ਦਰਕਿਨਾਰ ਕਰ ਦਿੱਤੇ ਜਾਂਦੇ ਹੋ। 'ਦੂਸਰੇ' ਨੂੰ ਇਸ ਵਿਵਸਥਾ ਅੰਦਰ ਕੋਈ ਜਗ੍ਹਾ ਨਹੀਂ। ਦੂਜੇ ਪਾਸੇ, ਪੂੰਜੀਵਾਦ ਦੇ ਅਨੁਸਾਰੀ ਮਨੁੱਖ ਦਾ ਜੋ 'ਮਾਡਲ' ਉੱਸਰਿਆ ਹੈ, ਉਹ ਖਪਤਵਾਦੀ, ਉਪਭੋਗੀ, ਰਸੀਏ, ਮੌਜੀ, ਉਤੇਜਿਤ, ਹਾਬੜੇ, ਨਿੱਜਪ੍ਰਸਤ, ਸਮਾਜਕ ਦਾਇਤਵ ਤੋਂ ਭਗੌੜੇ, ਨਿਰੰਕੁਸ਼ ਆਜ਼ਾਦੀ ਦੇ ਚਾਹਵਾਨ, ਮੁੱਲ ਮੁਕਤ ਜੀਵਨ ਦੀ ਅਭਿਲਾਸ਼ਾ ਵਾਲੇ ਮਨੁੱਖ ਦਾ ਹੈ।

ਨਵ-ਪੂੰਜੀਵਾਦੀ ਵਿਵਸਥਾ ਦੀ ਅਹਿਮ ਨੀਤੀ 'ਨਿੱਜੀਕਰਨ' ਦੇ ਤਹਿਤ 'ਜਨਤਕ' ਅਦਾਰਿਆਂ ਤੇ ਜ਼ਮੀਨਾਂ ਨੂੰ, ਕਾਨੂੰਨਾਂ ਵਿਚ ਸੋਧ ਕਰ 'ਨਿੱਜੀ' ਖੇਤਰ ਦੇ ਸਪੁਰਦ ਕੀਤਾ ਜਾ ਰਿਹਾ ਹੈ। ਦੇਸੀ ਤੇ ਅੰਤਰਦੇਸੀ ਕਾਰਪੋਰੇਟ ਘਰਾਣਿਆਂ ਦਾ ਇਕੋ-ਇਕ ਏਜੰਡਾ 'ਮੁਨਾਫ਼ਾ' ਹੁੰਦਾ ਹੈ। 'ਪੂੰਜੀ' ਦੇ ਅੰਬਾਰ ਲਗਾਏ ਜਾਂਦੇ ਹਨ। ਕੁਦਰਤੀ ਸ੍ਰੋਤਾਂ, ਜਿਨ੍ਹਾਂ ਉਤੇ ਹਰੇਕ ਮਨੁੱਖ ਦਾ ਸਮਾਨ ਅਧਿਕਾਰ ਹੈ, ਦੀ 'ਅੰਧਾ ਧੁੰਦ' ਲੁੱਟ ਮਚੀ ਦਿਸਦੀ ਹੈ। ਇਸ 'ਲੁੱਟ' ਵਿਚ ਹਰ ਕੋਈ ਹਿੱਸੇਦਾਰ ਹੋਣਾ ਲੋਚਦਾ ਹੈ। ਆਰਥਿਕ ਅਨਿਸ਼ਚਿਤਤਾ ਦੀ ਸਥਿਤੀ ਵਿਚ 'ਸਵਾਰਥ' ਭਾਰੂ ਪੈਣ ਲਗਦੇ ਹਨ। 'ਲਾਲਸਾ' , 'ਲੋੜ' ਵਿਚ ਬਦਲ ਜਾਂਦੀ ਹੈ।

ਨਵ-ਪੂੰਜੀਵਾਦੀ ਵਿਵਸਥਾ ਅਤੇ ਜੀਵਨ-ਜਾਚ 'ਚ ਢਲਦੇ ਪੰਜਾਬੀ ਸਮਾਜ, ਪੰਜਾਬੀ ਮਨੁੱਖ ਪੰਜਾਬੀ ਚਿਤ-ਚੇਤਨਾ ਦੀ ਇਤਿਹਾਸਕ ਗਤੀਬੋਧਕਤਾ 'ਚ ਗਲਪ ਸਿਰਜਣ ਦਾ ਉਪਰਾਲਾ ਕੀਤਾ ਹੈ, ਪ੍ਰਬੁੱਧ ਗਲਪਕਾਰ ਬਲਬੀਰ ਪਰਵਾਨਾ ਨੇ, ਆਪਣੇ ਨਵੇਂ ਨਾਵਲ 'ਬਹੁਤ ਸਾਰੇ ਚੁਰੱਸਤੇ' ਰਾਹੀਂ। 'ਲੁੱਟ' ਦੀ ਇਸ ਵਿਵਸਥਾ ਦੀ ਵਜਹ ਮਨੁੱਖਾ ਜਾਤੀ ਨੂੰ ਦਰਪੇਸ਼ ਸਮਾਜ-ਸਭਿਆਚਾਰਕ, ਸਾਂਸਕ੍ਰਿਤਿਕ, ਕੁਦਰਤੀ, ਆਰਥਿਕ ਅਤੇ ਸਮੁੱਚੇ ਰੂਪ ਵਿਚ ਮਨੁੱਖਾ ਹੋਂਦ ਦੇ ਦਰਪੇਸ਼ ਸੰਕਟਾਂ ਪ੍ਰਤਿ ਆਗਾਹ ਕਰਵਾਉਂਦਿਆਂ ਬਿਰਤਾਂਤਕਾਰ 'ਵਿਨਾਸ' ਦੇ ਮੁਹਾਣ 'ਤੇ ਆਈ ਸਥਿਤੀ ਤੱਕ ਪਹੁੰਚਣ ਪਿਛੇ ਇਤਿਹਾਸਕ ਕਾਰਨਾਂ ਦੀ

ਨਿਸ਼ਾਨਦੇਹੀ ਵੀ ਕਰਦਾ ਹੈ। ਉਸਨੂੰ 'ਸਰਵਹਾਰਾ' ਦੀ ਮੁਕਤੀ ਨੂੰ ਪਰਨਾਈ ਵਿਚਾਰਧਾਰਾ ਦੇ ਆਧਾਰ 'ਤੇ ਖੜੀਆਂ ਖੱਬੇ-ਪੱਖੀ ਪਾਰਟੀਆਂ ਆਪਣੀ ਇਤਿਹਾਸਕ ਭੂਮਿਕਾ ਤੋਂ ਖੁੰਝਦੀਆਂ ਦਿਸਦੀਆਂ ਹਨ। ਲੋਕਤੰਤਰ ਦਾ ਚੌਥਾ ਥੰਮ 'ਮੀਡੀਆ' ਆਪਣੇ ਮਿਸ਼ਨਰੀ ਕਾਰਜ ਤੋਂ ਵਪਾਰਕ ਧੰਦੇ 'ਚ ਬਦਲਦਾ ਦਿਸਦਾ ਹੈ। ਪੈਸੇ ਦੀ 'ਲੋੜ' ਤੋਂ ਲਾਲਚ ਅਤੇ ਅੱਗੋਂ 'ਹਾਬੜ' ਤੱਕ ਪੁੱਜ, ਮਹੱਤਵਕਾਂਖਿਆਵਾਂ 'ਚ ਇਕ ਦੂਜੇ ਨੂੰ ਲੁੱਟਦਾ-ਲਿਤਾੜਦਾ, ਦੇਹੀ ਜਸ਼ਨ' 'ਚ ਖਚਤ, ਉਤੇਜਨਾਵਾਂ ਵੱਸ ਨਿਰੰਕੁਸ਼ ਆਜ਼ਾਦੀ ਭਾਲਦਾ 'ਬੰਦਾ', ਆਪਣੀ ਸਮਾਜਕ 'ਬੰਦਿਆਈ' 'ਤੋਂ ਡਿਗਦਾ ਦਿਸਦਾ ਹੈ। ਇਸ ਸਾਰੇ ਵਿਚ 'ਗੂੜ੍ਹੇ ਹੁੰਦੇ ਜਾ ਰਹੇ ਸੰਕਟਾਂ 'ਚ ਪੂੰਜੀ ਦੇ ਜਮੂਦ ਤੋਂ ਮਸਲ ਨਾ ਹੋਣ ਵਾਲਾ ਕੋਈ 'ਹਰਿਆ ਬੂਟ' ਵੀ ਹੈ। ਆਸ ਦੀ ਇਕਲੌਤੀ ਜਿਹੀ ਕਿਰਨ।

ਨਾਵਲ 'ਬਹੁਤ ਸਾਰੇ ਚੁਰੱਸਤੇ' ਪਰਵਾਨਾ ਦੀ ਚੁ-ਲੜੀ 'ਗਹਿਰ ਚੜ੍ਹੀ ਅਸਮਾਨ', 'ਨਿੱਕੇ ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ' ਅਤੇ 'ਕਥਾ ਇਸ ਯੁੱਗ ਦੀ' ਦਾ ਸੰਮਿਲਤ ਰੂਪ ਹੈ। ਇਸ ਵਿਚ ਬਚਵਾਈ ਦੇ ਕੰਡੀ ਖੇਤਰ ਦੇ ਜਰੀਏ ਸਮੁੱਚੇ ਪੰਜਾਬ ਦੇ ਹੀ 'ਆਜ਼ਾਦੀ' ਤੋਂ ਲੈ ਕੇ ਇਕੀਵੀਂ ਸਦੀ ਦੇ ਆਰੰਭਲੇ ਸਾਲਾਂ ਤੱਕ ਦੇ ਸਮਾਜਕ ਇਤਿਹਾਸ ਨੂੰ ਸਿਰਜਣ ਦਾ ਉਪਰਾਲਾ ਹੈ। ਇਸ ਤਬਦੀਲੀ ਨੂੰ ਪੰਜਾਬ ਤੋਂ ਅੱਗੇ ਤੀਸਰੀ ਦੁਨੀਆਂ ਦੇ ਤਮਾਮ ਮੁਲਕਾਂ ਦੀ 'ਸਥਾਨਕਤਾ' ਉਪਰ, ਵਿਸ਼ਵੀਕਰਨ ਦੇ ਜ਼ਰੀਏ ਪੂੰਜੀਵਾਦ ਦੇ ਭਾਰੂ ਹੋਣ ਵਜੋਂ ਵੇਖਿਆ ਜਾ ਸਕਦਾ ਹੈ।

ਨਾਵਲ ਦੀ ਸ਼ੁਰੂਆਤ ਬਚਵਾਈ ਦੇ ਕੰਢੀ ਖੇਤਰ ਦੇ ਕਲਪਿਤ ਪਿੰਡ 'ਦੌਲਤਪੁਰ' ਦੀ ਰੁੱਖਾਂ ਦੀ ਝਿੜੀ ਹੇਠ ਲੱਗੀ 'ਸੱਥ' ਦੇ ਦ੍ਰਿਸ਼-ਸਿਰਜਣ ਤੋਂ ਹੁੰਦੀ ਹੈ। ਇਹ ਸਮਾਂ ਨਵੀਂ ਮਿਲੀ ਆਜ਼ਾਦੀ ਦਾ ਸਮਾਂ ਹੈ। ਕੁਦਰਤੀ ਅਮੀਰੀ ਅਤੇ ਭਾਈਚਾਰਕ ਸਾਂਝ ਦਾ ਸਮਾਂ। ਸੱਥਾਂ, ਝਿੜੀਆਂ, ਕੂਲ੍ਹਾਂ ਦਾ ਸਮਾਂ। 'ਸੁਆਮੀ ਨੰਦ' ਅਤੇ 'ਭਾਈ ਸੰਤਾ ਸਿੰਘ ਜਿਹੇ ਦਾਨਿਸਮੰਦਾਂ' ਦਾ ਸਮਾਂ। ਪਰ ਇਸ ਸਮੇਂ ਵਿਚ 'ਸਾਵਣ ਦਾਸ' ਅਤੇ ਸੋਢੀ ਕਰਤਾਰ ਸਿੰਘ ਜਹੇ ਲੋਕ ਵੀ ਹਨ, ਲੋਕਾਂ ਵਿਚ ਅੰਧ-ਵਿਸ਼ਵਾਸਾਂ ਨੂੰ ਫੈਲਾ ਕੇ ਉਨ੍ਹਾਂ ਦਾ ਸਰੀਰਿਕ ਅਤੇ ਆਰਥਿਕ ਸ਼ੋਸ਼ਣ ਕਰਨ ਵਾਲੇ ਲੋਕ। ਪਿੰਡ ਦੇ ਇਸ ਜੀਵਨ ਵਿਚ ਧਾਰਮਿਕ ਪਰਿਪੇਖ ਤੋਂ ਤਬਦੀਲੀ 'ਸਿੰਘ ਸਭਾਈ' ਪ੍ਰਭਾਵ ਅਧੀਨ ਵਾਪਰਦੀ ਹੈ। ਜਦ ਭਾਈ ਸੰਤਾ ਸਿੰਘ ਜਿਹੇ ਸਦਭਾਵੀ ਅਤੇ ਮਾਨਵੀ ਸੋਚ ਵਾਲੇ ਗੁਰੂ ਘਰ ਦੇ ਸੇਵਾਦਾਰ 'ਧਾਰਮਿਕ ਕੱਟੜਤਾ' ਦਾ ਸਦਕਾ 'ਕਿਨਾਰਾ' ਕਰਦੇ ਦਿਸਦੇ ਹਨ।

ਆਰਥਿਕ ਰਾਜਸੀ ਪਰਿਪੇਖ ਤੋਂ ਇਹ ਸਮਾਂ 'ਲਾਲਾ ਧਰਮਵੀਰ' ਜਿਹੇ 'ਭਾਰਤੀ ਸਰਮਾਏਦਾਰੀ ਦੇ ਸਥਾਨਕ ਏਜੰਟਾਂ' ਰਾਹੀਂ ਪੂੰਜੀਵਾਦ ਦੀ ਪੇਂਡੂ ਜੀਵਨ ਵਿਚ ਆਰੰਭਲੀ ਦਸਤਕ ਦਾ ਸਮਾਂ ਹੈ। ਲਾਲਾ ਧਰਮਵੀਰ ਇਸ ਦੌਰ ਦੀ ਬਾਣੀਆ ਜਮਾਤ ਦਾ ਪ੍ਰਤਿਨਿਧ ਪਾਤਰ ਹੈ, ਜੋ ਕਿਸਾਨੀ ਤੇ ਮੁਜਾਰਾ ਜਮਾਤ ਦੇ ਆਰਥਿਕ ਸ਼ੋਸ਼ਣ 'ਤੇ ਉੱਸਰਦੀ ਹੈ। ਇਸ ਜਮਾਤ ਦੀ ਇਸ ਵਿਸ਼ੇਸ਼ ਇਤਿਹਾਸਕ ਦੌਰ ਵਿਚ ਰਾਜਸੀ ਪ੍ਰਤਿਬੱਧਤਾ, ਕਾਂਗਰਸ ਨਾਲ ਹੈ। ਲਾਲਾ ਦੇ ਇੰਜਣ ਤੇ ਮਸ਼ੀਨ ਲਗਾਉਣ ਨਾਲ ਲੰਬੜਾਂ ਦੇ ਖਰਾਸ ਅਤੇ ਸੇਮੀ ਦੇ ਕੋਹਲੂ ਦਾ ਬੰਦ ਹੋਣਾ, ਸਨਅਤੀ ਵਿਕਾਸ ਨਾਲ ਲਘੂ ਉਦਯੋਗਾਂ ਦੇ ਹਾਸ਼ੀਏ ਤੇ ਧੱਕੇ ਜਾਣ ਦੇ 'ਇਤਿਹਾਸਕ ਯਥਾਰਥ' ਦਾ ਗਲਪ ਸਿਰਜਣ ਹੈ।

ਇਹ ਸਮਾਂ ਹੈ ਖੱਬੇ ਪੱਖੀ ਪਾਰਟੀਆਂ ਦੁਆਰਾ ਸਮਾਜਵਾਦੀ ਪ੍ਰਬੰਧ ਦੀ ਸਥਾਪਤੀ ਹਿਤ ਲੋਕ ਚੇਤਨਾ ਜਗਾਉਣ ਦਾ, ਜਮਾਤੀ ਚੇਤਨਾ ਦੇ ਪ੍ਰਸਾਰ ਦਾ, ਲੋਕ ਲਹਿਰਾਂ ਉਸਾਰਨ ਦਾ, ਵਹਿਮਾਂ ਭਰਮਾਂ ਦੇ ਕਰਮ-ਕਾਂਡਾ ਵਿਰੁੱਧ ਵਿਗਿਆਨਕ ਤੇ ਤਾਰਕਿਕ ਸੂਝ ਪ੍ਰਦਾਨ ਕਰਨ ਦਾ, ਔਰਤ ਨੂੰ 'ਮਰਦ' ਦੇ 'ਢਾਬੇ' ਅਤੇ 'ਹਿੰਸਾ' ਵਿਰੁੱਧ ਉੱਠ ਖੜ੍ਹਣ ਲਈ ਪ੍ਰੇਰਨ ਦਾ, ਕੰਪੀਆਂ ਮਜ਼ਦੂਰਾਂ ਦੇ ਏਕੇ ਤੇ ਲਾਮਬੰਧਤਾ ਦਾ। ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ ਦੇ ਖੱਬੇ ਪੱਖੀ ਪਾਰਟੀਆਂ ਨਾਲ ਜੁੜਨ ਦਾ। ਕਾਮਰੇਡ ਦਸੌਂਧਾ

ਸਿੰਘ ਜਹੇ ਅਣਥੱਕ, ਲੋਕ-ਹਿਤੀ, ਚੇਤੰਨ, ਲੋਕ ਪ੍ਰਿਯ ਖੱਬੇ ਪੱਖੀ ਆਗੂਆਂ ਦਾ ਸਮਾਂ।

ਜੇਕਰ ਸੋਢੀ ਕਰਤਾਰ ਸਿੰਘ ਟੂਣੇ ਟੋਟਕਿਆਂ ਰਾਹੀਂ ਅਨਪੜ੍ਹ ਲੋਕਾਈ ਦਾ ਸ਼ੋਸ਼ਣ ਕਰ ਰਿਹਾ ਹੈ ਤਾਂ ਬਚਨੀ ਪਤੀ ਦੇ ਸ਼ਰਾਬ ਛੁਡਾਉਣ ਲਈ ਅੱਕੀਂ-ਪਲਾਹੀਂ ਹੱਥ ਮਾਰਦੀ ਕਦੇ ਮਾਤਾ ਰਾਣੀ ਦੀ ਭਦਾੜੀ ਭਰਦੀ, ਕਦੇ ਮੱਸਿਆ ਨਹਾਉਂਦੀ, ਪੁੱਛਣਾ ਲੈਂਦੀ ਫਿਰਦੀ ਹੈ। 'ਸਾਈਂ ਚੌਂਕੀਦਾਰ' ਦਾ ਜਿਮੀਂਦਾਰਾਂ ਦੀ ਇਕ ਧਿਰ ਦੇ ਕਹਿਣ ਉਤੇ ਆਪਣੀ ਹੀ ਜਾਤ ਤੇ ਜਮਾਤ ਵਿਰੁੱਧ 'ਹੋਕਾ' ਦੇਣਾ ਨਿਮਨ ਧਿਰਾਂ ਵਿਚ ਜਮਾਤੀ ਚੇਤਨਾ ਦੀ ਕਮੀ, ਲੁੱਟੀਆਂ ਲਤਾੜੀਆਂ ਜਾਂਦੀਆਂ ਧਿਰਾਂ ਦੀ ਲੰਬੇ ਇਤਿਹਾਸ ਵਿਚ ਭੋਗੀ 'ਅਧੀਨਗੀ' ਸਦਕਾ 'ਹੱਡਾਂ 'ਚ ਰਚੀ ਗੁਲਾਮ ਮਾਨਸਿਕਤਾ' ਦੇ ਨਾਲ ਨਾਲ ਉਨ੍ਹਾਂ ਦੀਆਂ ਸਮਾਜਿਕ ਆਰਥਿਕ ਮਜਬੂਰੀਆਂ ਦੀ ਥਾਹ ਵੀ ਦੇਂਦਾ ਹੈ। ਇਹ ਸਾਰੇ ਪਾਤਰ ਆਪਣੀ ਜਾਤ-ਜਮਾਤ ਦੇ 'ਪ੍ਰਤਿਨਿਧ' ਪਾਤਰ ਵੀ ਹਨ ਅਤੇ ਇਨ੍ਹਾਂ ਤੋਂ ਸਮੇਂ ਦੇ ਪੇਂਡੂ ਸਮਾਜ ਦੀ 'ਚੇਤਨਾ ' ਦੇ ਪੱਧਰ ਦੇ ਨਾਲ ਨਾਲ ਪੰਜਾਬੀ ਸਮਾਜ ਦੇ 'ਸਾਮੂਹਿਕ ਅਵਚੇਤਨ' ਦੀ ਥਾਹ ਵੀ ਮਿਲਦੀ ਹੈ। ਖੱਬੇ ਪੱਖੀ ਪਾਰਟੀਆਂ ਇਸ ਅਰਸੇ ਦੌਰਾਨ ਸਥਾਨਕ ਸਮਾਜਾਂ ਵਿਚ ਜਮਾਤੀ ਚੇਤਨਾ ਦੇ ਨਾਲ ਨਾਲ ਵਿਗਿਆਨਕ ਸੂਝ ਦੇ ਸੰਚਾਰ ਦੀ ਇਤਿਹਾਸਕ ਭੂਮਿਕਾ ਵਿਚ ਦਿਖਾਈ ਦਿੰਦੀਆਂ ਹਨ।

ਪੈਪਸੂ 'ਚ ਜਗੀਰਦਾਰਾਂ ਦੀ ਹਜ਼ਾਰਾਂ ਏਕੜ ਜ਼ਮੀਨ ਲੈ ਕੇ ਮੁਜ਼ਾਰਿਆਂ ਕਿਸਾਨਾਂ 'ਚ ਵੰਡ ਦੇਣ ਨਾਲ ਮਜ਼ਦੂਰ ਜਮਾਤ ਦਾ ਰਾਜ ਆਉਣਾ 'ਹਕੀਕੀ' ਲੱਗਣ ਲਗਦਾ ਹੈ। ਖੱਬੇ ਪੱਖੀ ਧਿਰਾਂ 'ਸਮਾਜਵਾਦ' ਦੇ ਸੁਪਨੇ ਨਾਲ ਲੋਕ-ਸੰਘਰਸ ਵਿੱਢਦੀਆਂ ਹਨ। ਇਹ ਉਤਸ਼ਾਹ, ਉਮਾਹ, ਉਤਸੁਕਤਾ ਇੱਕੀਵੀਂ ਸਦੀ ਤੱਕ ਪੁੱਜਦਿਆਂ ਨਿਰਾਸ਼ਾ, ਹਤਾਸ਼ਾ, ਬੇਚੈਨੀ, ਮੌਕਾਪ੍ਰਸਤੀ ਵਿਚ ਵਟ ਜਾਂਦਾ ਹੈ। ਸੁਪਨਾ ਖੇਰੂੰ ਖੇਰੂੰ ਹੋ ਜਾਂਦਾ ਹੈ। ਸੁਪਨੇ ਦੇ ਟੁੱਟਣ ਪਿਛੇ ਕਾਰਜਸ਼ੀਲ ਵਿਅਕਤੀਮੂਲਕ, ਪਾਰਟੀ ਪੱਧਰ, ਸਥਾਨਕ, ਕੌਮੀ ਅਤੇ ਅੰਤਰ-ਰਾਸ਼ਟਰੀ ਕਾਰਨਾਂ ਨੂੰ ਪਛਾਣਦਿਆਂ ਬਿਰਤਾਂਤਕਾਰ ਇਸ ਨਾਵਲ ਰਾਹੀਂ ਖੱਬੇ ਪੱਖੀ ਪਾਰਟੀਆਂ ਅਤੇ ਆਗੂਆਂ ਤੇ ਆਪਣਾ 'ਕ੍ਰਿਟੀਕ' ਪੇਸ਼ ਕਰਦਾ ਹੈ।

ਮੁਰੱਬੇਬੰਦੀ ਵੇਲੇ ਆਪਣੇ ਰਾਜਸੀ ਪ੍ਰਭਾਵ ਸਦਕਾ ਗੁਰਮੇਲ ਸਿੰਘ ਦਾ ਆਪਣੀ ਜ਼ਮੀਨ ਇਕ ਥਾਂ ਕਰਵਾ ਲੈਣਾ, ਉਸਦੇ ਲੋਕ ਹਿੱਤਾਂ ਦੇ ਅਲੰਬਰਦਾਰ ਹੁੰਦਿਆਂ 'ਨਿੱਜੀ ਹਿੱਤਾਂ' ਨੂੰ ਪਹਿਲ ਦੇਣ ਦੇ ਆਰੰਭਲੇ ਸੰਕੇਤ ਹਨ। 'ਸਵਾਰਥ' ਸਾਂਝੇ ਹਿੱਤਾਂ ਦੇ ਆੜੇ ਆ ਰਿਹਾ ਹੈ। ਸੁਪਨੇ ਦੇ ਖੇਰੂੰ ਖੇਰੂੰ ਹੋ ਜਾਣ ਦੀ ਇਕ ਅਹਿਮ ਵਜਹ। ਜਿਵੇਂ 'ਪੂੰਜੀਵਾਦ' ਪ੍ਰਬੰਧ ਤੋਂ ਅੱਗੇ ਇਕ ਸੋਚ ਹੈ। ਨਿੱਜੀ ਮੁਨਾਫ਼ੇ ਦੀ ਸੋਚ, ਨਿੱਜੀ ਆਜ਼ਾਦੀ ਦੀ ਸੋਚ। ਇਵੇਂ ਸਮਾਜਵਾਦ ਵੀ ਇਕ ਸੋਚ ਹੈ, ਇਕ ਵਿਸ਼ੇਸ਼ ਭਾਂਤ ਦੀ ਮਾਨਸਿਕਤਾ-ਸਾਂਝੇ ਯਤਨਾਂ ਦੀ ਸੋਚ, ਸਾਂਝੇ ਹਿੱਤਾਂ ਦੀ ਸੋਚ, ਮਾਨਵਤਾ ਦੇ ਭਲੇ ਦੀ ਸੋਚ। ਅਸੀਂ ਇਸਨੂੰ ਰਾਜਸੀ ਵਿਵਸਥਾ ਤੱਕ ਘਟਾ ਕੇ ਦੇਖਿਆ। 'ਸਵਾਰਥ' ਬਨਾਮ 'ਸਮਾਜ' ਦਾ ਨੁਕਤਾ ਸਮੁੱਚੇ ਬਿਰਤਾਂਤ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਹ ਸਵਾਰਥੀ ਆਪਾ ਹੀ ਹੈ ਕਿ ਤਮਾਮ ਨਾਮਧਰੀਕ 'ਕਾਮਰੇਡਾਂ ਨੂੰ ਸਥਿਤੀਆਂ ਚੁਣੌਤੀਪੂਰਨ ਦਿਸਦਿਆਂ ਹੀ ਆਪਾ-ਧਾਪੀ ਪੈ ਗਈ। ਪੁੱਤਰ-ਧੀਆਂ ਸਿਰੇ ਦੇ ਪੂੰਜੀਵਾਦੀ ਮੂਲਕਾਂ 'ਚ ਸੈਟਲ ਕਰਵਾਏ ਜਾਣ ਲੱਗੇ। ਲੋਕਾਂ ਲਈ ਲੜਣ ਦੇ ਦਾਅਵੇਦਾਰ ਲੋਕ ਸ਼ਕਤੀ ਨੂੰ ਪੁੱਤਰ ਧੀਆਂ ਦੇ 'ਭਵਿੱਖ' ਦੇ ਫ਼ਿਕਰ ਦੀ ਬਲੀ ਚੜ੍ਹਾਉਣ ਲੱਗੇ। ਪੁਜੀਸ਼ਨ ਦੀ ਵਰਤੋਂ ਸਵਾਰਥ ਪੂਰਤੀ ਲਈ ਹੋਣ ਲੱਗੀ। 'ਟੱਬਰ' ਦੀ ਫ਼ਿਕਰ ਨੇ 'ਨਿੱਜੀ ਸੰਪਤੀ' ਦੀ ਦੌੜ ਵਿਚ ਪਾ ਦਿੱਤਾ, 'ਨਿੱਜੀ ਸੰਪਤੀ' ਜਿਸਦੀ ਰਾਖੀ ਲਈ 'ਰਾਜ' ਦੀ ਘਾੜ੍ਹਤ ਹੋਈ।

ਸਵਾਰਥ ਹੈ ਕਿ 'ਮੀਡੀਆ' ਜਨ ਚੇਤਨਾ ਦੇ ਮਿਸ਼ਨ ਤੋਂ 'ਕਾਰੋਬਾਰ' ਅਤੇ ਅੱਗੋਂ 'ਧੰਦੇਬਾਜ਼ੀ' ਤੱਕ ਉਤਰ ਆਇਆ। ਸਵਾਰਥ ਹੈ ਕਿ 'ਰਾਣੇ' ਜਿਹੇ ਲੋਕ ਡੈਮ ਬਣਨ ਦੀ ਵਜਹ ਕੂਲਾਂ 'ਚ ਪਾਣੀ ਘਟਣ ਦੇ

ਵਿਰੋਧ ਵਿਚ ਲੋਕ-ਮੋਰਚੇ ਦਾ ਹਿੱਸਾ ਬਣਨ ਦੀ ਥਾਂ 'ਸਥਿਤੀ' ਦਾ ਫਾਇਦਾ ਉਠਾ 'ਬੋਰ' ਕਰਨ ਲਗਦੇ, ਕਾਰੋਬਾਰ ਵਧਾਉਂਦੇ ਪ੍ਰਾਪਟੀ ਡੀਲਰ ਤੇ ਬਿਲਡਰਜ਼ ਬਣਨ ਤੱਕ ਸਫ਼ਲ ਹੁੰਦੇ ਹਨ। ਮਾਸਟਰ ਦਲਜੀਤ ਸਿੰਘ ਜਿਹੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਥਾਂ ਪ੍ਰਾਈਵੇਟ 'ਫੁਲਵਾੜੀ' ਨੂੰ ਪ੍ਰਫੁਲਿਤ ਕਰਨ 'ਚ ਲੱਗੇ ਹਨ। ਗੁਰਮੇਲ ਸਿੰਘ ਕਾਮਰੇਡ ਰੁਲਦਾ ਸਿੰਘ, ਭੀਮ ਸਿੰਘ, ਜਥੇਦਾਰ ਕਰਤਾਰ ਸਿੰਘ, ਤਿਵਾੜੀ, ਚੰਦੀ, ਮਲਿਕ ਸਾਹਿਬ, ਪਰਮਪਾਲ, ਪ੍ਰਿਅੰਕਾ, ਵੀਨਾ ਅਗਰਵਾਲ, ਆਸ਼ਾ ਚੰਦਨ, ਸਭ 'ਸਵਾਰਥ' ਵਿਚ ਹੀ ਖੁਭੇ ਹੋਏ ਹਨ। ਇਹ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਪੂੰਜੀਵਾਦ ਨੇ ਇਸ 'ਪ੍ਰਵਿਰਤੀ' ਨੂੰ ਬਿਹਤਰ ਢੰਗ ਨਾਲ ਸਮਝਿਆ ਅਤੇ ਵਰਤਿਆ ਹੈ।

ਬਿਰਤਾਂਤਕਾਰ ਨੇ ਹਰੇ ਇਨਕਲਾਬ ਦੇ ਸਮਾਜਕ, ਆਰਥਿਕ, ਰਾਜਸੀ ਅਤੇ ਕੁਦਰਤੀ ਪ੍ਰਭਾਵਾਂ ਦਾ ਵੀ ਕ੍ਰਿਟੀਕ ਪੇਸ਼ ਕੀਤਾ ਹੈ। ਹਰੇ ਇਨਕਲਾਬ ਨਾਲ ਜੇਕਰ ਇਕ ਪਾਸੇ ਬੇਆਬਾਦ ਜ਼ਮੀਨਾਂ ਆਬਾਦ ਹੁੰਦੀਆਂ ਹਨ, ਫਸਲਾਂ ਦੇ ਝਾੜ ਵਧਣੇ ਸ਼ੁਰੂ ਹੁੰਦੇ ਹਨ, ਨਵੇਂ ਸੰਦ, ਨਵੇਂ ਬੀਤ ਕਿਸਾਨ ਨੂੰ ਖੁਸ਼ਹਾਲੀ ਦੇ ਸੁਪਨੇ ਦਿੰਦੇ ਹਨ, ਉਥੇ ਦੂਜੇ ਪਾਸੇ ਇਥੋਂ ਹੀ ਪੰਜਾਬ ਦੀਆਂ ਜ਼ਮੀਨਾਂ, ਪਾਣੀਆਂ 'ਚ ਰਸਾਇਣ ਰੂਪੀ ਜ਼ਹਿਰ ਘੁੱਲਣੇ ਸ਼ੁਰੂ ਹੁੰਦੇ ਹਨ। ਜੰਗਲਾਂ ਹੇਠੋਂ ਰਕਬਾ ਘਟਦਾ ਹੈ। ਕਿਰਸਾਨੀ ਅੱਗੋਂ 'ਸਾਧਨ ਸੰਪੰਨ' ਅਤੇ 'ਸਾਧਨ ਵਿਹੀਣ' ਧਿਰਾਂ ਵਿਚ ਸਪੱਸ਼ਟ ਭਾਂਤ ਵੰਡੀ ਜਾਣ ਲਗਦੀ ਹੈ। ਇਨਕਲਾਬ ਲਈ ਲੋੜੀਂਦੀ ਇਸ ਧਿਰ ਦਾ ਇਕ ਹਿੱਸਾ 'ਧਨਵਾਨ' ਹੋਣ ਲਗਦਾ ਹੈ ਅਤੇ ਦੂਜਾ 'ਧਨਵਾਨ' ਹੋਣ ਦੇ ਸੁਪਨੇ ਦੇਖਦਾ ਹੈ। ਜਮਾਤ ਨੂੰ ਖ਼ੋਰਾ ਲਗਦਾ ਹੈ, ਜਮਾਤੀ ਚੇਤਨਾ ਮਾਂਦ ਪੈਂਦੀ ਹੈ। ਇਨਕਲਾਬ ਪਿੱਛੇ ਪੈਂਦਿਆਂ ਦੇਖ ਗੁਰਮੇਲ ਸਿੰਘ ਜਿਹੇ ਕਾਮਰੇਡ ਵੀ 'ਘਰ' ਸਾਂਭਣ ਵੱਲ ਹੋ ਤੁਰਦੇ ਹਨ। 'ਕਾਮਰੇਡ' ਦਾ ਥ੍ਰੈਸ਼ਰ ਕਈ ਖੇਤ ਮਜ਼ਦੂਰਾਂ ਨੂੰ 'ਵਿਹਲੇ' ਬਿਠਾ ਦਿੰਦਾ ਹੈ।

ਬਸਪਾ ਦੀ ਜਾਤ ਆਧਾਰਿਤ ਅਤੇ ਅਕਾਲੀ ਦਲ ਦੀ ਸਾਂਪ੍ਰਦਾਇਕ ਰੰਗਤ ਵਾਲੀ ਰਾਜਨੀਤੀ ਵੀ ਖੱਬੇ-ਪੱਖੀਆਂ ਤੋਂ ਮੁਜ਼ਾਰਾ ਤੇ ਕਿਸਾਨ ਧਿਰਾਂ ਦਾ ਵੱਡਾ ਹਿੱਸਾ ਖੋਹ ਕੇ ਲੈ ਜਾਂਦੀਆਂ ਹਨ। ਜਮਾਤੀ ਚੇਤਨਾ ਜਾਤ ਤੇ ਧਰਮ ਦੀ ਰਾਹੇ ਪੈਂਦੀ ਦੁਫਾੜ ਹੋ ਜਾਂਦੀ ਹੈ। ਕੱਟੜਪੰਥੀ ਵੱਖਵਾਦੀ ਲਹਿਰ ਲੰਬੇ ਸਮੇਂ ਤੱਕ ਪੰਜਾਬ ਦੇ ਨੌਜਵਾਨਾਂ ਨੂੰ ਰਾਹੋਂ ਕੁਰਾਹੇ ਪਾਈ ਰੱਖਦੀ ਹੈ। ਖੱਬੇ ਪੱਖੀ ਇਸ ਅਰਸੇ ਦੌਰਾਨ ਸਥਾਨਕ ਲੋਕਾਈ ਦੇ ਮਾਰਗ ਦਰਸ਼ਕ ਬਣਨ ਅਤੇ ਉਨ੍ਹਾਂ ਦੀ ਬਾਂਹ ਫੜਣ ਦੀ ਥਾਂ 'ਸੱਤਾ' ਧਿਰ ਨਾਲ ਜਾ ਖਲੋਂਦੇ ਹਨ। ਲੋੜ ਜਗਵਿੰਦਰ ਵਾਂਗ ਉਸ ਔਖ ਵਿਚ ਲੋਕਾਂ ਦੀ 'ਧਿਰ' ਬਣ ਉਨ੍ਹਾਂ ਨਾਲ ਖੜੇ ਹੋਣ ਦੀ ਸੀ। ਸਿੱਧਾਂਤ ਅਤੇ ਵਿਚਾਰਧਾਰਾ, ਸਵਾਰਥਾਂ ਅਤੇ ਵਕਤੀ ਰਾਜਸੀ ਹਿੱਤਾਂ ਦੀ ਭੇਟ ਚੜ੍ਹਦੇ ਹਨ।

ਪਾਰਟੀ ਦੇ ਅੰਦਰ ਹੀ 'ਧਨੀ' ਆਗੂਆਂ ਦੀ 'ਬੁਰਜੁਆ' ਧਿਰ ਸਥਾਪਿਤ ਹੋਈ ਦਿਸਦੀ ਹੈ ਜੋ ਸਟੇਜਾਂ 'ਤੇ ਤਾਂ ਬੁਰਜੁਆ ਧਿਰਾਂ ਵਿਰੁੱਧ 'ਭਾਸ਼ਣਬਾਜੀ' ਕਰਦੀ ਨਹੀਂ ਥੱਕਦੀ ਪਰ ਸਮਾਜਕ ਜੀਵਨ ਵਿਚ ਉਨ੍ਹਾਂ ਦਾ ਵਰਤ ਵਿਹਾਰ, ਰੋਟੀ ਬੇਟੀ ਦੀ ਸਾਂਝ ਉਸੇ ਬੁਰਜੁਆ ਧਿਰ ਨਾਲ ਹੈ। ਹੇਠਲਾ ਕਾਡਰ 'ਭੀੜ' ਵਾਂਗ ਵਰਤ ਹੋਣ ਲਈ ਰਹਿ ਜਾਂਦਾ ਹੈ। ਕਾਮਰੇਡ ਗੁਰਮੇਲ ਸਿੰਘ ਦੇ ਮੁੰਡੇ ਸੁਖਮੰਦਰ ਦੇ ਵਿਆਹ ਦੇ ਸੰਬੰਧ ਵਿਚ ਕਰਨ ਦੀ ਜਗਵਿੰਦਰ ਨਾਲ 'ਵਾਰਤਾ' ਵਿਚਾਰਨਯੋਗ ਹੈ-

"ਗਿੰਦਰਾ, ਇਹ ਕਿਹੜਾ ਨਮੂਨਾ ਪੇਸ਼ ਕਰ ਰਿਹਾ ਹੈ ਕਮਿਊਨਿਸਟ ਅਖਲਾਕ ਦਾ। ਬਰਾਤੀ ਉੱਤਮ ਸਿੰਘ ਵੀ ਹੈ, ਰੇਸ਼ਮ ਸਿੰਘ ਵੀ, ਗਿਆਨੀ ਜੋਗਿੰਦਰ ਸਿੰਘ ਵੀ... ਪਰ ਪਿੰਡ 'ਚੋਂ ਪਾਰਟੀ ਕਾਮਰੇਡ ਕੋਈ ਨਹੀਂ। ਕੀ ਇਸ ਲਈ ਕਿ ਉਹ ਮਾੜੇ ਧੀੜੇ ਘਰਾਂ 'ਚੋਂ ਹਨ? ਫਿਰ ਕੀ ਇਹ ਹਬੀ ਨਬੀ ਵਾਸਤੇ ਰੱਖੇ ਹੋਏ ਹਨ, ਲੜਨ ਮਰਨ ਵਾਸਤੇ... ਆਪ ਉਨ੍ਹਾਂ ਨਾਲ ਹੀ ਦਾਰੂ ਪਿਆਲੇ ਦੀਆਂ ਸਾਂਝਾਂ, ਜਿਨ੍ਹਾਂ ਨੂੰ ਸਟੱਡੀ

ਸਰਕਲਾਂ 'ਚ ਬੁਰਜੁਆ ਜਮਾਤਾਂ ਦੇ ਨੁਮਾਇੰਦੇ ਗਰਦਾਨਦਾ।"

ਗੁਰਮੇਲ ਸਿੰਘ ਦਾ ਕਾਂਗਰਸੀ ਲੀਡਰ ਦੀ ਸਿਫਾਰਿਸ਼ ਤੇ ਪੁੱਤਰ ਨੂੰ ਸਰਕਾਰੀ ਨੌਕਰੀ ਤੇ ਲਗਵਾਉਣਾ, ਜਿਲ੍ਹਾ ਸਕੱਤਰ ਰੁਲਦਾ ਸਿੰਘ ਦਾ ਭ੍ਰਿਸ਼ਟ ਕਿਰਦਾਰ, ਉਸਦੀ ਫੰਡਾਂ 'ਚ ਹੇਰਾਫੇਰੀ ਅਤੇ ਅਪਾਹਜ ਅਧਿਆਪਕਾ ਦੀ ਬਜਾਇ ਆਪਣੀ ਨੂੰਹ ਦੀ ਬਦਲੀ ਕਰਵਾ ਲੈਣਾ, ਖੱਬੇ ਪੱਖੀ ਆਗੂਆਂ ਅਤੇ ਪਾਰਟੀ ਵਿਚ ਆਈ ਗਿਰਾਵਟ ਦੇ ਵਸਤੂ ਯਥਾਰਥ ਦਾ ਹੀ ਗਲਪ ਸਿਰਜਣ ਹੈ। ਏ. ਸੀ. ਕਾਰਾਂ ਅਤੇ ਏ. ਸੀ. ਕਮਰਿਆਂ 'ਚ ਬੈਠ ਕੇ ਪ੍ਰੋਲੋਤਾਰੀ ਰੈਵੋਲਸ਼ਨ ਦੀਆਂ ਗੱਲਾਂ!! ਕਟਾਖ਼ ਤਿੱਖਾ ਹੈ।

ਵਿਚਾਰਨਯੋਗ ਨੁਕਤਾ ਇਹ ਨਿਕਲ ਰਿਹਾ ਹੈ ਕਿ 'ਸਮਾਜਵਾਦ' ਕੇਵਲ 'ਇਨਕਲਾਬ' ਕਰਕੇ ਸਥਾਪਿਤ ਕਰ ਲਿਆ ਜਾਣ ਵਾਲਾ ਰਾਜਸੀ ਪ੍ਰਬੰਧ ਨਹੀਂ ਜਿਵੇਂ ਕਿ ਆਮ ਤੌਰ ਤੇ ਇਹ ਸਮਝਿਆ ਗਿਆ ਹੈ। ਬਿਰਤਾਂਤਕਾਰ ਇਸ 'ਮਿਥਿਕਤਾ' ਨੂੰ ਭੇਦ ਰਿਹਾ ਹੈ। 'ਇਨਕਲਾਬ' ਜ਼ਰੂਰੀ ਹੈ ਪਰ ਇਸ ਲਈ ਵਿਸ਼ੇਸ਼ ਭਾਂਤ ਦੇ 'ਮਨੁੱਖ' ਦੀ ਘਾੜਤ ਵੀ ਜ਼ਰੂਰੀ ਹੈ। ਕਾਮਰੇਡ ਦਸੌਂਧਾ ਸਿੰਘ ਅਤੇ ਜਗਵਿੰਦਰ ਜਿਹੇ ਮਨੁੱਖ। 'ਨਫ਼ਾ' ਦੀ ਥਾਂ 'ਸਫ਼ਾ' ਦੀ ਸੋਚ ਵਾਲਾ ਮਨੁੱਖ। ਸਰਵਹਾਰਾ ਲਈ 'ਨੰਗੇ ਧੜ' ਲੜ੍ਹਾਈ ਜਾਰੀ ਰੱਖਣ ਵਾਲਾ ਮਨੁੱਖ। ਹਾਰ ਕੇ ਵੀ ਸਿੱਧਾਂਤ ਤੇ ਅੱਟਲ ਰਹਿਣ ਵਾਲਾ ਮਨੁੱਖ। ਚੇਤੰਨ ਪਰ ਨਾਲ ਹੀ ਮਨੁੱਖਾ ਭਾਵਨਾਵਾਂ ਪ੍ਰਤਿ ਸੰਵੇਦਨਾ ਰੱਖਣ ਵਾਲਾ ਮਨੁੱਖ। ਪੰਜਾਬੀ ਗਲਪ ਚਿੰਤਨ ਵਿਸ਼ੇਸ਼ਕਾਰ ਨਾਨਕ ਸਿੰਘ ਦੇ ਨਾਵਲਾਂ ਵਿਚ ਪਾਤਰਾਂ ਦੇ ਹੁੰਦੇ 'ਕਾਇਆ ਕਲਪ' ਦੀ ਗੱਲ ਕਰਦਿਆਂ, ਵਿਵਸਥਾ ਦੀ ਤਬਦੀਲੀ ਬਿਨਾਂ ਮਨੁੱਖ ਦੀ ਤਬਦੀਲੀ 'ਤੇ ਇਤਰਾਜ਼ ਕਰਦਾ ਆਇਆ ਹੈ ਕਿ ਜਿਵੇਂ 'ਭਾਰੂ ਵਰਤਾਰੇ' ਤੋਂ ਬਾਹਰ 'ਮਨੁੱਖ' ਹੋ ਹੀ ਨਹੀਂ ਸਕਦਾ। ਇਹ ਅਧੂਰਾ ਸੱਚ ਹੈ। ਦੂਜਾ ਪਹਿਲੂ ਇਸ ਨਾਵਲ ਰਾਹੀਂ ਉਜਾਗਰ ਹੋ ਰਿਹਾ ਹੈ। ਵਿਵਸਥਾ ਅਤੇ ਮਨੁੱਖ ਦੋਵੇਂ ਅੰਤਰ ਸੰਬੰਧਿਤ ਹਨ। ਜਿਵੇਂ ਮਨੁੱਖ ਦੀ ਤਬਦੀਲੀ ਲਈ 'ਵਿਵਸਥਾ' ਦੀ ਤਬਦੀਲੀ ਸਹਾਈ ਹੈ, ਇਵੇਂ ਹੀ 'ਵਿਵਸਥਾ' ਦੀ ਸਥਾਪਤੀ ਲਈ ਉਸਦੇ ਅਨੁਸਾਰੀ ਵਿਸ਼ੇਸ਼ ਭਾਂਤ ਦਾ 'ਮਨੁੱਖ' ਲੋੜੀਂਦਾ ਹੈ। ਅਸੀਂ ਜਿਸ ਵਿਵਸਥਾ ਲਈ ਲੜ ਰਹੇ ਸੀ, ਉਸਦੇ ਅਨੁਸਾਰੀ 'ਮਨੁੱਖ' ਦਾ ਨਿਰਮਾਣ ਨਹੀਂ ਕਰ ਪਾਏ। ਸ਼ਾਇਦ ਇਸ ਕਰਕੇ ਵੀ, 'ਸਵਾਰਥੀ' ਮਨੁੱਖ ਦੇ ਅਨੁਸਾਰੀ 'ਪੂੰਜੀਵਾਦੀ' ਵਿਵਸਥਾ ਪ੍ਰਵਾਨ ਚੜ੍ਹੀ। ਰਾਜਸੀ ਆਰਥਿਕ ਪਰਿਪੇਖ ਵਿਚ ਸਮਾਜਵਾਦ ਦਾ ਸੰਘਰਸ਼ ਮਾਨਵੀ ਪਰਿਪੇਖ ਵਿਚ ਮਨੁੱਖ ਦੇ 'ਉੱਦਾਤ' ਹੋਣ ਲਈ ਸੰਘਰਸ਼ ਹੈ।

1991 ਈ. ਵਿਚ ਸੋਵੀਅਤ ਯੂਨੀਅਨ ਦੇ ਬਿਖਰਨ ਅਤੇ ਆਰਥਿਕ ਸੰਕਟ ਵਿਚ ਪੈਣ ਨੂੰ 'ਸਮਾਜਵਾਦੀ' ਪ੍ਰਬੰਧ ਦੀ ਵਿਫਲਤਾ ਵਜੋਂ ਪਰਿਭਾਸ਼ਿਤ ਕੀਤਾ ਜਾਣ ਲੱਗਾ। ਇਸ ਸਮੇਂ ਭਾਰਤ ਨੇ ਵੀ ਆਪਣੀਆਂ ਆਰਥਿਕ ਨੀਤੀਆਂ ਵਿਚ ਤਬਦੀਲੀ ਕਰਦਿਆਂ ਆਪਣਾ ਰੁਖ਼ ਪੂੰਜੀਵਾਦੀ ਮੁਲਕਾਂ ਵੱਲ ਕਰ ਲਿਆ। ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਈਆਂ, ਜਿਸਦਾ ਅਸਰ 'ਸਥਾਨਕ' ਸਮਾਜਾਂ ਉਪਰ ਵੀ ਹੋਇਆ। ਪਰੰਪਰਾਗਤ ਕਿੱਤੇ ਮਾਂਦ ਪੈਣ ਲੱਗੇ ਅਤੇ ਉਨ੍ਹਾਂ ਦੀ ਥਾਂ ਨਵੇਂ ਕਾਰੋਬਾਰ ਵਿਗਸਣ ਲੱਗੇ। ਮਸਲਨ ਦੀਪੀ ਦਾ ਬਿਊਟੀ ਪਾਰਲਰ ਅਤੇ ਰਾਣੇ ਦਾ ਪ੍ਰਾਪਰਟੀ ਡੀਲਰ ਦਾ ਧੰਦਾ। ਸਤਿੰਦਰ ਸੈਣੀ ਦਾ ਹੋਟਲ ਰੌਕਸੀ, ਦਲਜੀਤ ਸਿੰਘ ਦਾ 'ਫੁਲਵਾੜੀ' ਆਦਿਕ। ਇਸ ਵਿਵਸਥਾ ਵਿਚ ਰਾਣਾ, ਗੁਰੀ, ਸਤਿੰਦਰ ਸੈਣੀ, ਤਿਵਾੜੀ, ਮਲਿਕ ਸਾਹਿਬ, ਪਰਮਪਾਲ, ਦੀਪੀ, ਪ੍ਰਿਅੰਕਾ ਜਿਹੇ ਵਿਗਸਦੇ ਹਨ ਅਤੇ ਕਮਰੇਡ ਦਸੌਂਧਾ ਸਿੰਘ, ਗਿੰਦਰ, ਕਰਨ ਜਿਹੇ ਹਾਸ਼ੀਏ 'ਤੇ ਕੀਤੇ ਜਾਂਦੇ ਹਨ।

ਅਗਲਾ ਅਹਿਮ 'ਕ੍ਰਿਟੀਕ' ਪ੍ਰਿੰਟ ਮੀਡੀਆ ਅਤੇ ਬੁੱਧੀਜੀਵੀ ਹੋਣ ਦਾ ਦਾਅਵਾ ਰੱਖਦੇ ਪੱਤਰਕਾਰ ਵਰਗ 'ਤੇ ਸਿਰਜ ਹੋਇਆ ਹੈ। ਜਗਵਿੰਦਰ ਜਿਹਾ ਵਿਚਾਰਧਾਰਕ ਪ੍ਰਤਿਬੱਧਤਾ ਰੱਖਣ ਵਾਲਾ ਵਿਅਕਤੀ

ਪੱਤਰਕਾਰਤਾ ਨੂੰ ਲੋਕ ਚੇਤਨਾ ਜਗਾਉਣ ਲਈ 'ਮਾਧਿਅਮ' ਵਜੋਂ ਵਰਤਦਾ ਹੈ। ਉਹ ਲੁੱਟੇ ਲਤਾੜਿਆਂ ਦੀ ਆਵਾਜ਼ ਬਣਨਾ ਚਾਹੁੰਦਾ ਹੈ-ਮੀਡੀਆ ਅਤੇ ਪੱਤਰਕਾਰ ਦਾ ਮੁੱਢਲਾ ਫ਼ਰਜ਼। ਆਪਣੇ ਇਸ 'ਧਰਮ' ਤੇ ਪ੍ਰਤਿਬੱਧ ਰਹਿੰਦਿਆਂ ਉਹ ਹਰ ਲਾਲਚ, ਡਰ, ਜਬਰ, ਬੇਰੁੱਖੀ ਨੂੰ ਝੱਲਦਾ ਹੈ। ਇਸ 'ਧਰਮ' ਦੇ ਮਾਰਗ ਦਾ ਉਹ ਮਹਿੰਗਾ ਮੁੱਲ ਤਾਰਦਾ ਹੈ- ਪਰਿਵਾਰਿਕ ਜੀਵਨ ਦੀ ਤਬਾਹੀ, ਆਰਥਿਕ ਤੰਗੀਆਂ, ਜ਼ਲਾਲਤ, ਅਸਫ਼ਲਤਾ, ਨਿਰਾਸ਼ਾ, ਇਕਲਾਪਾ ਆਦਿਕ। ਦੂਜੇ ਪਾਸੇ ਤਿਵਾੜੀ ਜਿਹੇ ਜੋੜ ਤੋੜ ਦੇ ਮਾਹਿਰ, ਆਪ ਖਾਣ ਅਤੇ ਮਾਲਕਾਂ ਦੇ ਘਰ ਭਰਨ ਵਾਲੇ ਮਾਣ ਸਨਮਾਨ, ਅਹੁਦੇ ਅਤੇ ਪੈਸਾ ਪਾਉਂਦੇ ਹਨ।

ਦੋਸ਼ ਕੇਵਲ ਅਤੇ ਕੇਵਲ ਵਿਅਕਤੀਗਤ ਨਹੀਂ, 'ਪੱਤਰਕਾਰ' ਨੂੰ ਇਕ ਸਿਸਟਮ ਵਿਚ ਪਾਇਆ ਗਿਆ ਹੈ, ਲੁੱਟ ਦੇ ਸਿਸਟਮ ਵਿਚ ਮੁਨਾਫ਼ੇ ਦੇ ਸਿਸਟਮ ਵਿਚ। ਪੱਤਰਕਾਰ ਸਿਰ 'ਸਪਲੀਮੈਂਟ' ਲਈ ਇਸ਼ਤਿਹਾਰ ਜੁਟਾਉਣ ਦੀ ਤਲਵਾਰ ਲਟਕਦੀ ਹੈ। ਇਸਤਿਹਾਰ ਉਨ੍ਹਾਂ ਸਨਅਤਕਾਰਾਂ, ਕਾਰੋਬਾਰੀਆਂ, ਵਪਾਰੀਆਂ, ਰਾਜਨੇਤਾਵਾਂ ਤੋਂ ਹੀ ਮਿਲਣੇ ਹਨ ਜੋ ਪਹਿਲਾਂ ਹੀ 'ਮਹਿਕੂਮਾਂ' ਦੀ ਲੁੱਟ ਤੇ ਪਲ ਰਹੇ ਹਨ। ਹੁਣ ਪੱਤਰਕਾਰਤਾ ਦਾ ਧਰਮ ਕਿਵੇਂ ਨਿਭੇ? ਹਰ ਕੋਈ ਜਗਵਿੰਦਰ ਨਹੀਂ। 'ਸੱਚ' ਬੋਲਿਆਂ ਰੋਟੀ ਜਾਂਦੀ ਹੈ। ਸਿਸਟਮ ਬੰਦੇ ਨੂੰ 'ਕਲ ਪੁਰਜ਼ੇ' ਵਿਚ ਢਾਲ ਲੈਂਦਾ ਹੈ। ਹੁਣ ਕਿਸਾਨਾਂ ਦਾ ਪੈਸਾ ਮਾਰ ਕੇ ਬੈਠੇ 'ਗੰਨਾ ਮਿੱਲ' ਮਾਲਕਾਂ ਖਿਲਾਫ਼ 'ਕਲਮ' ਕਿਵੇਂ ਚੱਲੇ? ਹੁਣ ਇਹ ਕਲਮ 'ਵਿਸ਼ਵੀਕਰਨ ਦੀ ਮਾਰ ਤੇ ਮੁਕੇਰੀਆਂ ਦੀ ਇੰਡਸਟਰੀ ਦੀ ਮੰਦੀ ਹਾਲਤ' ਜਿਹੀ ਰਿਪੋਰਟ ਹੀ ਲਿਖੇਗੀ। ਹੁਣ ਇਹ 'ਅਖੌਤੀ' ਬੁੱਧੀਜੀਵੀ ਵਰਗ ਸਤਿੰਦਰ ਸੈਣੀ ਜਿਹਿਆਂ ਦੀਆਂ ਸੁੱਟੀਆਂ ਬੋਟੀਆਂ 'ਤੇ ਰਾਲ੍ਹਾਂ ਟਪਕਾਏਗਾ, ਉਸਦੇ 'ਧੰਦੇ' ਦੀ ਅਸਲੀਅਤ ਜਾਣ ਕੇ ਵੀ ਕਲਮ ਨੂੰ 'ਬਾਂਝ' ਬਣਾਈ ਰੱਖੇਗਾ। ਇਹ ਹੁਣ ਚੋਰ ਕੁੱਤੀ ਦਾ ਰਲੇਵਾਂ ਹੋ ਗਿਆ। ਜੋ ਲੁੱਟ ਹੋ ਰਿਹਾ ਉਹ ਅਗਿਆਨਤਾ 'ਚ ਸੁੱਤਾ ਪਿਆ ਹੈ। ਸੁੱਤੇ ਨੂੰ ਜਗਾਉਣ ਦੇ 'ਵਿਅਕਤੀਗਤ' ਯਤਨ ਜਗਵਿੰਦਰ ਜਿਹੇ ਸੁਹਿਰਦ ਪੱਤਰਕਾਰਾਂ ਰਾਹੀਂ ਹੋ ਰਹੇ ਹਨ- ਮੁਕੇਰੀਆਂ ਖ਼ਬਰਨਾਮਾ ਰਾਹੀਂ, ਆਖ਼ਰੀ ਸਫ਼ਾ ਰਾਹੀਂ ਕਮਾਹੀ ਦੇਵੀ ਖ਼ਬਰਨਾਮਾ ਜਿਹੇ ਯਤਨਾਂ ਰਾਹੀਂ।

ਤਿਵਾੜੀ ਤੋਂ ਅੱਗੇ ਪੂੰਜੀਵਾਦੀ ਮਨੁੱਖ ਰੌਬਿਨ, ਚੰਦੀ, ਪਰਮਪਾਲ, ਮਲਿਕ ਸਾਹਿਬ ਦਾ ਰੂਪ ਲੈ ਰਿਹਾ ਹੈ। ਇਹ ਮਨੁੱਖ ਹਰ ਗੱਲ ਨੂੰ ਪੈਸੇ ਨਾਲ, ਕੈਰੀਅਰ ਨਾਲ ਤੋਲ ਕੇ ਵੇਖਦਾ ਹੈ। ਸਮਾਜਕ ਜ਼ਿੰਮੇਵਾਰੀ ਅਤੇ 'ਮਾਨਵਤਾ' ਭਾਵ ਤੋਂ ਕਿਨਾਰਾਕਸ਼ੀ। ਅੰਦਰ ਦਾ ਸੰਵੇਦਨਸ਼ੀਲ, ਜਿੰਮੇਵਾਰ, ਪ੍ਰਤਿਬੱਧ 'ਬੰਦਾ' ਜਿਸਨੂੰ ਜਗਵਿੰਦਰ ਕਿਸੇ ਕੀਮਤ ਤੇ ਵਿਕਣ ਨਹੀਂ ਦਿੰਦਾ, ਇਸ ਮਨੁੱਖ ਨੇ ਕਿਧਰੇ ਗਵਾ ਲਿਆ ਹੈ। ਹੁਣ ਇਸ ਸਾਹਵੇਂ ਇਕ ਹੀ ਮਕਸਦ ਹੈ-'ਪੈਸਾ' ਇਸ ਮਨੁੱਖ ਨੇ ਆਪਣੀ ਆਤਮਿਕ ਸਹੂਲਤ ਲਈ ਨੈਤਿਕਤਾ, ਜਿੰਮੇਵਾਰੀ, ਇਮਾਨਦਾਰੀ ਦੀਆਂ ਪਰਿਭਾਸ਼ਾਵਾਂ ਲੋੜ ਮੁਤਾਬਿਕ ਬਦਲ ਲਈਆਂ ਹਨ-

ਅਦਾਰੇ ਲਈ ਇਮਾਨਦਾਰੀ ਦਾ ਅਰਥ ਇਸਤਿਹਾਰਾਂ ਦੇ ਮਿਥੇ ਗਏ ਟਾਰਗੇਟ ਨੂੰ ਪੂਰਾ ਕਰਨ 'ਚ ਹੈ... ਸਿਰਫ਼ ਟਾਰਗੇਟ ਪੂਰਾ ਕਰਨ 'ਚ।

ਭਾਵ ਕਿ ਇਸ ਮਨੁੱਖ ਦਾ ਚੇਤਨ ਅਤੇ ਅਵਚੇਤਨ ਪੂੰਜੀਵਾਦ ਦੇ ਅਨੁਸਾਰੀ ਹੋ ਰਿਹਾ ਹੈ। ਹੁਣ 'ਮਨੁੱਖ' ਆਪਣੀ 'ਸੋਚ' ਵਿਚ ਵੀ ਪੂੰਜੀਵਾਦ ਦਾ ਪਿਛਲੱਗ ਹੈ। ਵਿਵਸਥਾ 'ਅਵਚੇਤਨ' ਵੱਲ ਜੜ੍ਹਾਂ ਫੈਲਾ ਰਹੀ ਹੈ। ਇਸ ਮਨੁੱਖ ਦੀ ਜਿੰਮੇਵਾਰੀ 'ਸਮਾਜ' ਪ੍ਰਤਿ ਨਹੀਂ, ਪੂੰਜੀਪਤੀ ਮਾਲਕਾਂ ਪ੍ਰਤਿ ਹੈ। ਇਹ ਸਭ ਤੋਂ ਖਤਰਨਾਕ ਸਥਿਤੀ ਹੈ, ਮਾਨਸਿਕ ਅਤੇ ਬੌਧਿਕ ਗੁਲਾਮੀ।

'ਪਰਮਪਾਲ' ਅਤੇ 'ਮਲਿਕ ਸਾਹਿਬ' ਦੇ ਆਪਸੀ ਰਿਸ਼ਤੇ ਨੂੰ ਪਛਾਣਨਾ ਬਣਦਾ ਹੈ। ਇਹ 'ਕਾਰੋਬਾਰੀ' ਅਤੇ 'ਦਲਾਲ' ਦਾ ਰਿਸ਼ਤਾ ਹੈ, 'ਲੁੱਟ' ਦੇ ਪ੍ਰਬੰਧ ਦਾ ਅਤਿ ਜ਼ਰੂਰੀ ਰਿਸ਼ਤਾ। ਮਲਿਕ ਸਾਹਿਬ ਜਿਹਿਆਂ

ਲਈ ਅਖ਼ਬਾਰ ਹੁਣ ਕੋਈ ਸਮਾਜਕ ਚੇਤਨਾ ਜਗਾਉਣ ਦਾ ਮਿਸ਼ਨਰੀ ਕਾਰਜ ਨਹੀਂ, ਇਹ 'ਪੈਸਾ' ਬਣਾਉਣ, ਕਾਰੋਬਾਰ ਪ੍ਰਫੁਲਿਤ ਕਰਨ ਦਾ ਜਰੀਆ ਹੈ। ਨਿੱਤ ਨਵੀਆਂ ਬਰਕਤਾਂ ਦੇਣ ਵਾਲੀ 'ਕਪਲਾ ਗਊ'! ਇਸ ਕਾਰਜ ਵਿਚ ਪਰਮਪਾਲ ਸਹਾਈ ਹੈ। ਉਹ ਨੇਤਾਵਾਂ, ਕਾਰੋਬਾਰੀਆਂ , ਅਦਾਰਿਆਂ ਨਾਲ 'ਡੀਲ' ਕਰਵਾਉਂਦਾ ਹੈ। ਅਖ਼ਬਾਰ ਰਾਹੀਂ ਘਟਨਾ ਦਾ ਕਿਹੜਾ ਪੱਖ 'ਲੁਕਾਉਣਾ' ਹੈ, ਕਿਹੜਾ ਵਡਿਆਉਣਾ ਹੈ, ਇਹ ਸਭ 'ਪਰਮਪਾਲ' ਜਾਣਦਾ ਹੈ। ਬਦਲੇ ਵਿਚ ਸਮੇਂ ਦੇ 'ਮਾਲਕ ਭਾਗੋ' ਆਪਣੇ 'ਮਲਕ ਸਾਹਿਬ' ਦਾ ਘਰ ਭਰ ਦਿੰਦੇ ਹਨ, ਜਿਸ ਵਿਚੋਂ 'ਕਮਿਸ਼ਨ' ਪਰਮਪਾਲ ਨੂੰ ਵੀ ਮਿਲਦੀ ਹੈ। ਲੁੱਟੇ ਜਾਣ ਅਤੇ 'ਭ੍ਰਮਿਤ' ਰਹਿਣ ਲਈ ਬਚਦੀ ਹੈ ਆਮ ਜਨਤਾ, ਜਿਸ ਲਈ ਉਹੀ 'ਸੱਚ' ਹੈ ਜੋ ਮੀਡੀਆ ਨੇ ਪੇਸ਼ ਕੀਤਾ। ਇਹ ਮੀਡੀਆ ਸਿਰਜਿਤ ਯਥਾਰਥ ਹੈ, ਹਾਈਪਰ ਰਿਐਲਿਟੀ। ਇਹ ਜ਼ਮੀਨੀ ਯਥਾਰਥ ਨਹੀਂ। ਪਰ ਇਹੀ ਯਥਾਰਥ' ਮੰਨ ਲਿਆ ਜਾਂਦਾ ਹੈ। 'ਅੰਨੀ ਰਈਅਤ ਗਿਆਨ ਵਿਹੂਣੀ।" ਇਸਤੋਂ ਵੀ ਦੁਖਦਾਇਕ ਸਥਿਤੀ ਇਹ ਹੈ ਕਿ ਖ਼ੁਦ 'ਜਨਤਾ' ਦੀ ਪ੍ਰਾਥਮਿਕਤਾ ਵੀ 'ਗਿਆਨ' ਨਹੀਂ , ਬਲਕਿ ਉਸਨੂੰ ਵੀ 'ਸੁਆਦ' ਚਾਹੀਦਾ ਹੈ। ਐਂਟਰਨੇਟਮੈਂਟ, ਬ੍ਰੇਕਿੰਗ ਨਿਊਜ਼। ਇਸੇ ਲਈ ਜਗਵਿੰਦਰ ਦੀ ਬਜਾਇ ਤਿਵਾੜੀ ਦੀ 'ਮਸਾਲੇਦਾਰ ਖ਼ਬਰ' ਗਰਮ ਪਕੌੜਿਆਂ ਵਾਂਗ ਵਿਕਣ ਲੱਗੀ ਹੈ।

ਪੰਜਾਬ ਦੇ ਪੇਂਡੂ ਸਮਾਜ ਉਤੇ ਪੂੰਜੀਵਾਦ ਵਿਵਸਥਾ ਦੇ ਰਾਇਜ਼ ਹੋਣ ਦੀ ਇਤਿਹਾਸਕ ਤੋਰ ਨੂੰ ਸਿਰਜਦਿਆਂ, ਵਿਸ਼ੇਸ਼ ਧਿਰਾਂ ਦੀ ਹੋਈ ਪਦਾਰਥਕ ਉੱਨਤੀ ਦੇ ਨਾਲ ਨਾਲ ਬਿਰਤਾਂਤਕਾਰ ਨੇ ਜੇਕਰ ਕਿਸੇ ਤਬਦੀਲੀ ਤੇ ਸਭ ਤੋਂ ਵਧੇਰੇ 'ਫੋਕਸ' ਕੀਤਾ ਹੈ ਤਾਂ ਉਹ ਹੈ ਪੰਜਾਬੀ ਮਨੁੱਖ ਵਿਚ ਆਈ ਤਬਦੀਲੀ। ਇਹ ਇਕ ਤਰ੍ਹਾਂ ਨਾਲ ਸਵਾਲ ਪਾਇਆ ਗਿਆ ਹੈ ਕਿ ਇਸ ਸਾਰੇ ਪਦਾਰਥਕ ਵਿਕਾਸ ਵਿਚ 'ਮਨੁੱਖ' ਕਿਵੇਂ ਦਾ ਨਿਰਮਿਤ ਹੋਇਆ? ਕੀ ਅਸੀਂ ਅਜਿਹੇ 'ਮਨੁੱਖ' ਦਾ ਮਾਡਲ ਹੀ ਚਾਹੁੰਦੇ ਸਾਂ? ਮਨੁੱਖ ਦਾ ਇਹ ਵਿਕਾਸ 'ਬਚਨੀ' ਤੋਂ ਪ੍ਰਿਅੰਕਾ' ਹੋਣ ਦਾ ਵਿਕਾਸ ਹੈ। ਕਾਮਰੇਡ ਦਸੌਂਧਾ ਸਿੰਘ, ਕਾਮਰੇਡ ਧਰਮ ਸਿੰਘ ਤੋਂ ਗੁਰਮੇਲ ਸਿੰਘ, ਭੀਮ ਸਿੰਘ, ਰੁਲਦਾ ਸਿੰਘ ਹੋਣ ਦਾ ਵਿਕਾਸ ਹੈ। ਜਗਵਿੰਦਰ ਦੀ ਬਜਾਇ 'ਤਿਵਾੜੀ' 'ਪਰਮਪਾਲ', 'ਮਲਿਕ ਸਾਹਿਬ' ਹੋਣ ਦਾ ਵਿਕਾਸ ਹੈ। ਭਾਈ ਸੰਤਾ ਸਿੰਘ ਦੇ ਹੱਥੋਂ ਖੁੱਸ ਕੇ 'ਪੰਥ' ਦੀ 'ਸੇਵਾ' ਦਾ ਜਥੇਦਾਰ ਕਰਤਾਰ ਸਿੰਘ, ਜੋਗਿੰਦਰ ਸਿੰਘ ਤੋਂ ਪੜਾਅ ਮਾਰਦਿਆਂ 'ਰਾਣੇ' ਜਿਹੇ ਕਾਰੋਬਾਰੀਆਂ ਦੇ 'ਸੁਪਰਦ' ਹੋਣ ਦਾ ਵਿਕਾਸ ਹੈ। ਸਰਗਰਮ ਕਾਮਰੇਡ ਦੇ ਪੁੱਤਰ 'ਪਰਮਪਾਲ' ਦਾ ਬੁਰਜ਼ੁਆਜੀ ਦੇ 'ਦਲਾਲ' ਦੇ ਰੂਪ ਵਿਚ 'ਘਟਿਤ' ਹੋਣ ਦਾ ਵਿਕਾਸ ਹੈ। 'ਦੀਪੀ' ਜੋ ਕਦੇ ਆਪਣੀ 'ਪੱਤ' ਦੀ ਰਾਖੀ ਲਈ ਦਹਾੜਦੀ ਸੀ, ਹੁਣ 'ਜਿਸਮ' ਵੱਟੇ 'ਜ਼ਮੀਨ' ਦੀ 'ਹੱਕੀ' ਪ੍ਰਾਪਤੀ ਲਈ ਦਹਾੜਦੀ ਹੈ। 'ਪ੍ਰੀਤ' ਦਾ ਹੁਣ ਕੁਝ ਦਿਨਾਂ ਦੀ ਐਸ਼ ਅਤੇ ਦੇਹੀ ਤ੍ਰਿਪਤੀ ਲਈ ਰਿੰਦਰ ਜਿਹਿਆਂ ਦੇ ਸਰੀਰ, ਸੁਪਨਿਆਂ ਅਤੇ ਭਾਵਨਾਵਾਂ ਨਾਲ ਖੇਡ ਜਾਣ ਦਾ ਵਿਕਾਸ ਹੈ। ਨੂਪੀ ਦਾ ਵਿਆਹ ਪੂਰਬ 'ਮਾਲਾ-ਡੀ' ਦੀ ਵਰਤੋਂ ਵਾਲਾ ਵਿਕਾਸ ਹੈ। ਮਨੁੱਖ ਦੇ 'ਨਾਰੀ' ਰੂਪ ਵਿਚ ਅਜਿਹੇ ਪੂੰਜੀਵਾਦ ਭਾਂਤ ਦੇ ਵਿਕਾਸ ਦੀ ਵਰਤਮਾਨ ਸਿਖ਼ਰ 'ਪ੍ਰਿਅੰਕਾ' ਅਤੇ 'ਵੀਨਾ ਅਗਰਵਾਲ' ਹਨ। ਇਸਦਾ ਭਵਿੱਖ ਮਾਡਲ ਪ੍ਰਿਅੰਕਾ ਅਤੇ ਪਰਮਪਾਲ ਦੀ ਲਾਡਲੀ ਧੀ 'ਅੰਕਿਤਾ' ਹੈ। ਅੱਤ ਦੀ ਜ਼ਿੱਦੀ, ਨਾ ਫਰਮਾਨ, ਲਾਡਲੀ, 'ਅੱਧੀ ਤਿੱਤਰ ਤੇ ਅੱਧੀ ਬਟੇਰ।'

ਪਰਮਪਾਲ ਪੂੰਜੀ ਅਤੇ ਜਿਸਮ ਲਈ ਹਾਬੜਿਆ ਪਾਤਰ ਹੈ। ਇਸ 'ਹਾਬੜੇਪਣ' ਪਿਛੇ ਗਰੀਬੀ ਭਰਿਆ ਪਰਿਵਾਰਕ ਪਿਛੋਕੜ ਵੀ ਕਾਰਜਸ਼ੀਲ ਹੈ। ਲਗਭਗ ਇਕੋ ਜਿਹੇ ਆਰਥਿਕ ਪਿਛੋਕੜ ਵਿਚੋਂ ਦੋ ਵਿਰੋਧੀ ਭਾਂਤ ਦੀਆਂ ਸ਼ਖ਼ਸ਼ੀਅਤਾਂ ਉੱਸਰ ਰਹੀਆਂ ਹਨ ਜਗਵਿੰਦਰ ਅਤੇ ਪਰਮਪਾਲ। ਉਹ ਪਦਾਰਥਕ ਤਰੱਕੀ ਵਿਚ 'ਪੱਛੜ' ਜਾਣ ਦੇ 'ਅਹਿਸਾਸ ਕਰਕੇ' ਆਪਣੀ ਪਤਨੀ ਅਤੇ ਸਹੁਰਿਆਂ ਸਾਹਵੇਂ 'ਹੀਣਾ' ਹੈ।

ਹੁਣ ਇਸ 'ਹੀਣਤਾ' ਚੋਂ ਨਿਕਲਣ ਦਾ ਹੱਲ ਉਹ ਹਰ ਹੀਲੇ 'ਪੂੰਜੀ' ਦੇ ਅੰਬਾਰ ਲਗਾਉਣ ਵਿਚ ਵੇਖਦਾ ਹੈ ਤਾਂ ਜੋ 'ਹੀਣਤਾ' ਨੂੰ ਪਤਨੀ ਅਤੇ ਸਹੁਰਿਆਂ ਵੱਲ ਉਲੱਦ ਸਕੇ। ਇਹ ਰਿਸ਼ਤਿਆਂ ਅੰਦਰਲੀ ਰਾਜਨੀਤੀ ਹੈ, ਜਿਸਨੂੰ ਪ੍ਰਿਅੰਕਾ ਅਤੇ ਉਸਦੇ ਮਾਤਾ ਪਿਤਾ ਬਿਹਤਰ ਸਮਝਦੇ ਹਨ। ਇਸੇ ਲਈ 'ਕਾਰ' 'ਕੋਠੀ' ਦੇ ਰੂਪ ਵਿਚ ਦਾਜ ਦਿੱਤਾ ਜਾ ਰਿਹਾ ਹੈ, ਮੰਗਿਆ ਨਹੀਂ ਜਾ ਰਿਹਾ। ਦਾਮਾਦ ਨੂੰ ਉਸਦੀ 'ਹੈਸੀਅਤ' ਵਿਚ ਰਹਿਣ ਦੀ ਤਾਕੀਦ, ਉਸ ਅੰਦਰ 'ਹੀਣਤਾ' ਦਾ ਅਹਿਸਾਸ ਬਣਾਈ ਰੱਖਣ ਦਾ ਸਾਧਨ, ਤਾਂ ਜੋ ਪ੍ਰਿਅੰਕ ਮਨਮਾਨੀ ਕਰ ਸਕੇ। ਪ੍ਰਿਅੰਕਾ ਪੂੰਜੀਵਾਦੀ ਜੀਵਨ-ਜਾਚ ਨੂੰ ਪਰਨਾਈ, ਸ਼ਹਿਰੀ ਮੱਧ ਸ੍ਰੇਣੀ ਦੀ, 'ਇਲੀਟ' ਕਲਾਸ ਦੀ ਅੰਨ੍ਹੀ ਪਿਛਲੱਗ, ਪੂੰਜੀਵਾਦੀ ਭਾਂਤ ਦੇ ਫੈਮਿਨਿਜ਼ਮ ਦੀ ਅਨੁਸਾਰੀ ਔਰਤ ਦਾ ਪ੍ਰਤਿਨਿਧ ਮਾਡਲ ਹੈ ਨਿੱਜਪ੍ਰਸਤ, ਮੌਕਾਪ੍ਰਸਤ, ਪਦਾਰਥਪ੍ਰਸਤ, ਅਹੰਕਾਰੀ, ਉਤੇਜਿਤ, ਵਿਕ੍ਰਿਤ, ਮੁੱਲ-ਮੁਕਤ ਅਤੇ ਜਿੰਮੇਵਾਰੀ ਮੁਕਤ ਜੀਵਨ ਦੀ ਅਭਿਲਾਸ਼ਾ ਵਾਲੀ ਔਰਤ। ਇਸਨੂੰ ਸਮਾਜਕ ਜੀਵਨ ਵਿਚ ਸੁਰੱਖਿਆ ਲਈ 'ਪਤੀ' ਚਾਹੀਦਾ ਹੈ, ਭਾਵਨਾਤਮਕ ਅਤੇ ਜਿਸਮਾਨੀ ਤ੍ਰਿਪਤੀ ਲਈ 'ਪ੍ਰੇਮੀ' ਅਤੇ ਮਹੱਤਵਕਾਂਖਿਆਵਾਂ ਦੀ ਪੂਰਤੀ ਲਈ ਪ੍ਰੋ. ਸਮਰਾ। ਇਹ ਆਪਣੇ ਪਰੰਪਰਾਗਤ 'ਪਤਨੀ ਧਰਮ' ਤੋਂ ਤਾਂ ਮੁਕਤੀ ਪਾ ਹੀ ਚੁੱਕੀ ਹੈ, ਹੁਣ 'ਮਾਤ੍ਰਤਵ' ਅਤੇ 'ਮਾਂ' ਹੋਣ ਦੀ ਜਿੰਮੇਵਾਰੀ ਤੋਂ ਵੀ 'ਮੁਕਤੀ' ਲੋਚਦੀ ਹੈ-

"... ਪਰ ਕਦੀ ਕਦੀ ਮੈਨੂੰ ਉਹ ਬੋਝ ਲਗਣ ਲਗ ਪੈਂਦੀ ਹੈ, ਅਣਚਾਹੀ ਔਲਾਦ... ਮੈਨੂੰ ਲਗਦਾ, ਕਿਉਂ ਮੈਂ ਉਸ ਲਈ ਆਪਣੀ ਜ਼ਿੰਦਗੀ ਨੂੰ ਖਰਾਬ ਕਰਾਂ। ਆਪਣੀਆਂ ਇੱਛਾਵਾਂ ਦਾ ਗਲ ਘੁੱਟਾਂ...।'

ਪਰਮਪਾਲ ਅਤੇ ਪ੍ਰਿਅੰਕਾ ਦੇ ਰਿਸ਼ਤੇ ਦੀਆਂ 'ਭਵਿੱਖਤ ਸ਼ੰਕਾਵਾਂ' ਵੀਨਾ ਅਗਰਵਾਲ ਅਤੇ ਉਸਦੇ ਪਤੀ 'ਸਤੀਸ਼' ਵਿਚ ਦੇਖੀਆਂ ਜਾ ਸਕਦੀਆਂ ਹਨ। ਇਹ ਪਤੀ ਪਤਨੀ ਦੇ ਉਪਭੋਗੀ ਰੰਗਤ ਵਾਲੇ ਰਿਸ਼ਤੇ ਦਾ ਹੀ ਹੋਰ ਗੂੜ੍ਹਾ ਰੰਗ ਹੈ, ਜਿਥੇ ਵੀਨਾ ਅਗਰਵਾਲ ਦਾ 'ਨਾਰੀਵਾਦ' ਉਸਨੂੰ ਆਪਣੇ ਪਤੀ ਨੂੰ 'ਦੁਰਕਾਰਨ' , 'ਤ੍ਰਿਸਕਾਰਨ', ਭਿਆਨਕ ਮਾਨਸਿਕ ਤਸੀਹੇ ਦੇਣ ਅਤੇ ਵਿਆਹ-ਬਾਹਰੇ ਸੰਬੰਧਾਂ ਨੂੰ ਪ੍ਰਿਅੰਕਾ ਨਾਲ 'ਲੈਸਬੀਅਨ' ਸੰਬੰਧਾਂ ਨੂੰ ਮਾਣਨ ਦੀ 'ਆਜ਼ਾਦੀ' ਦਿੰਦਾ ਹੈ। ਇਹ ਹੀਣਤਾ ਦਾ ਅਹਿਸਾਸ ਹੀ ਸਤੀਸ਼ ਨੂੰ ਨਸ਼ਿਆਂ ਵੱਲ ਧੱਕਦਾ ਹੈ, ਉਸਦਾ ਮਨੋਬਲ ਮਾਂਦ ਪੈਂਦਾ ਹੈ ਅਤੇ ਉਹ 'ਖੁਦਕੁਸ਼ੀ' ਜਿਹੀ ਮੌਤ ਪਾਉਂਦਾ ਹੈ। ਪਰਮਪਾਲ ਅੰਦਰ 'ਹੀਣਤਾ' ਅਤੇ 'ਅਣਗੌਲੇ' ਕੀਤੇ ਜਾਣ ਦਾ ਅਹਿਸਾਸ ਉਸਨੂੰ 'ਸਤੀਸ਼' ਵਾਲੀ 'ਹੋਣੀ' ਵੱਲ ਧੱਕ ਸਕਦਾ ਹੈ। ਦੂਜੇ ਪਾਸੇ ਪ੍ਰਿਅੰਕਾ 'ਵੀਨਾ' ਬਣਨ ਦੀ ਤਿਆਰੀ ਵਿਚ ਹੈ। ਬਿਰਤਾਂਤਕਾਰ ਪੂੰਜੀਵਾਦੀ ਤਰਜ਼-ਏ-ਜ਼ਿੰਦਗੀ ਦਾ ਅਨੁਸਰਨ ਕਰਨ ਵਾਲੀ ਨਵੀਂ ਉਸਰ ਰਹੀ ਇਸ 'ਔਰਤ' ਦੇ ਨਾਲ-ਨਾਲ, ਇਸਦੇ ਵਿਸ਼ੇਸ਼ ਭਾਂਤ ਦੇ ਨਾਰੀਵਾਦ' ਨੂੰ ਵੀ ਪ੍ਰਿਅੰਕਾ ਅਤੇ ਵੀਨਾ ਅਗਰਵਾਲ ਦਾ ਇਹ 'ਨਾਰੀਵਾਦ' 'ਰੈਡੀਕਲ' ਭਾਂਤ ਦਾ 'ਵਿਅਕਤੀਵਾਦੀ ਨਾਰੀਵਾਦ' ਹੈ, ਜੋ ਨਾਰੀ ਦੇ 'ਨਾਰੀਤਵ' ਅਤੇ 'ਮਾਤ੍ਰਤਵ' ਨੂੰ ਵੀ ਸ਼ਖ਼ਸ਼ੀ ਆਜ਼ਾਦੀ ਦੀ ਬਾਧਾ ਮੰਨਦਾ ਹੈ। ਪ੍ਰਸ਼ਨਾਂ ਦੇ ਘੇਰੇ ਵਿਚ ਲੈ ਰਿਹਾ ਹੈ। ਇਹ 'ਨਾਰੀਵਾਦ' ਆਰਥਿਕ ਸਵੈ ਨਿਰਭਰਤਾ, ਸਮਾਨ ਮੌਕੇ, ਸਮਾਨ ਉਜਰਤ, ਸਮਾਜਕ ਪਰਿਵਾਰਕ ਜੀਵਨ ਵਿਚ ਸਮਾਨਤਾ, ਜੀਵਨ ਦੇ ਅਧਿਕਾਰਾਂ ਤੋਂ ਹਟ ਕੇ ਨਾਰੀ ਦੀ 'ਨਿਰੰਕੁਸ਼ ਆਜ਼ਾਦੀ' ਵਿਚ ਘਟ ਰਿਹਾ ਹੈ। ਆਜ਼ਾਦੀ ਦਾ ਇਹ ਰੂਪ ਨਿਰਣਾਇਕ ਰੂਪ ਵਿਚ 'ਯੋਨੀ ਆਜ਼ਾਦੀ' ਦਾ ਹੈ। ਨਾਰੀ ਦੀ ਅਜਿਹੀ 'ਵਸਤੂ ਹੋਂਦ' ਵਾਲੀ ਆਜ਼ਾਦੀ ਪੂੰਜੀਵਾਦੀ ਬਾਜ਼ਾਰ ਨੂੰ ਮੁਆਫ਼ਕ ਹੈ। ਅਜਿਹੀ ਜਾਵਨ ਜਾਚ ਅਤੇ 'ਚੇਤਨਾ' ਦੇ ਕੇ ਪੂੰਜੀਵਾਦ ਨਾਰੀ ਨੂੰ ਆਖ਼ਿਰਕਾਰ ਖੂਬਸੂਰਤ ਵਸਤ' ਵਿਚ ਢਾਲ ਰਿਹਾ ਹੈ। ਪੂੰਜਾਵਾਦ ਦਾ ਵਿਸ਼ਵ ਪੱਧਰੀ ਬਾਜ਼ਾਰ, ਜਿਸ ਵਿਚ 'ਕਿਰਤ' ਨਾਲੋਂ 'ਜਿਸਮ' ਦੀ ਕੀਮਤ ਵਧੇਰੇ ਹੈ। ਜਿਹੜਾ ਬਾਜ਼ਾਰ ਔਰਤ ਦੇ ਜਿਸਮ ਦੀ 'ਸੁੰਦਰਤਾ' ਨੂੰ ਵਧਾਉਂਦੇ 'ਪ੍ਰੋਡਕਟਾਂ' ਨਾਲ ਭਰਿਆ ਪਿਆ ਹੈ ਦੇ ਹੋਟੇਲ, ਸੈਰਗਾਹਾਂ, 'ਜਿਸਮਾਂ' ਅਤੇ

ਜਿਸਮਾਂ ਦੀ ਖੇਡ 'ਤੇ ਟਿਕੇ ਹਨ। ਅਜਿਹੇ ਵਿਚ 'ਸਵੈ ਸੰਜਮ, 'ਸਾਦਗੀ', 'ਸਹਿਜਤਾ', 'ਸੁਹਿਰਦਤਾ' ਦੀ ਗੱਲ ਕਿਵੇਂ ਤੁਰੇ? ਇਹ ਮਾਨਵੀ ਗੁਣ ਤਾਂ ਬੀਤੇ ਸਮੇਂ ਦੀ ਗੱਲ, ਪੱਛੜੇਪਣ ਦੀਆਂ ਅਲਾਮਤਾਂ ਕਹਿ ਕੇ ਨਕਾਰ ਦਿੱਤੇ ਗਏ ਹਨ। ਸ਼ਾਇਦ ਪੂੰਜੀਵਾਦ ਨੂੰ ਇਨ੍ਹਾਂ ਤੋਂ ਹੀ ਸਭ ਤੋਂ ਵਧੇਰੇ ਖਤਰਾ ਸੀ। ਇਸਨੂੰ 'ਸਥਾਨਕਤਾ' ਉਪਰ ਵਿਸ਼ਵੀਕਰਨ ਦੇ ਜ਼ਰੀਏ ਬਾਜ਼ਾਰਵਾਦ, ਪੂੰਜੀਵਾਦ ਦੇ ਹਮਲੇ ਵਜੋਂ ਵਿਚਾਰਿਆ ਜਾਣਾ ਬਣਦਾ ਹੈ।

ਬਿਰਤਾਂਤਕਾਰ ਦਾ ਹਮਲਾ 'ਵਿਆਹ ਸੰਸਥਾ' ਉਪਰ ਵੀ ਤਕੜਾ ਹੈ। ਸਮੁੱਚੇ ਬਿਰਤਾਂਤ ਵਿਚ ਕੋਈ ਵੀ ਵਿਆਹੁਤਾ ਸੰਬੰਧ ਅਜਿਹਾ ਨਹੀਂ ਜਿਸਦੀ ਮਿਸਾਲ ਲਈ ਜਾ ਸਕਦੀ ਹੋਵੇ। ਇਹ ਚਾਹੇ ਲੱਖਾ ਸਿੰਘ ਅਤੇ ਬਚਨੀ ਹੋਵਣ, ਜਗਵਿੰਦਰ ਅਤੇ ਕਾਂਤਾ, ਰਾਣਾ ਦਾ ਉਸਦੀ ਪਤਨੀ ਨਾਲ ਵਿਆਹ-ਸੰਬੰਧ, ਪਰਮਪਾਲ ਅਤੇ ਪ੍ਰਿਅੰਕਾ ਅਥਵਾ ਵੀਨਾ ਅਗਰਵਾਲੇ ਤੇ ਸਤੀਸ਼ ਹੋਵਣ। ਸਮੁੱਚੇ ਬਿਰਤਾਂਤ ਵਿਚ ਚੰਗੇਰੇ ਵਿਆਹ ਸਬੰਧ ਦੀ ਕੋਈ ਵੀ ਮਿਸਾਲ ਸਿਰਜ ਨਾ ਹੋਣਾ, ਵਿਆਹ ਸੰਬੰਧਾਂ ਪ੍ਰਤਿ ਬਿਰਤਾਂਤਕਾਰ ਦੇ ਨਜ਼ਰੀਏ ਦੀ ਟੋਹ ਦਿੰਦਾ ਹੈ। ਇਹ 'ਨਜ਼ਰੀਆ' ਬਿਰਤਾਂਤਕਾਰ ਦੇ 'ਪ੍ਰਵਕਤਾ' ਜਗਵਿੰਦਰ ਦੇ ਵਿਆਹ-ਸੰਸਥਾ ਬਾਰੇ ਵਿਚਾਰਾਂ ਤੋਂ ਵੀ ਪਤਾ ਲਗ ਰਿਹਾ ਹੈ ਜੋ 'ਆਦਰਸ਼ਕ ਘਰ' ਨੂੰ ਬੀਤੇ ਦੀ ਗੱਲ ਸਮਝਦਾ ਹੈ। ਕੀ ਵਾਕਈ? ਸਮਾਜ ਤਾਂ ਸੰਕਟ ਦੇ ਮੁਹਾਣ 'ਤੇ ਖੜਾ ਹੈ ਜਾਂ ਫਿਰ ਕੀ ਇਹ ਸਮੇਂ ਨਾਲ ਸਹਿਜ ਵਰਤਾਰਾ ਬਣ ਜਾਵੇਗਾ? ਪ੍ਰਸ਼ਨ ਕਈ ਹਨ। ਜਵਾਬ 'ਲਿਵ ਇਨ ਰਿਲੇਸ਼ਨ' ਦੇ ਸੰਬੰਧਾਂ ਵਿਚ ਮਿਲ ਰਿਹਾ ਹੈ, ਜਿਸ ਵਿਚ ਜਗਵਿੰਦਰ ਅਤੇ ਅਚਲਾ ਵਧੇਰੇ ਸੁਭਾਵਿਕ, ਸਹਿਜ, ਸੁਤੰਤਰ ਅਤੇ ਸਮਾਨ ਦਰਜੇ 'ਤੇ ਦਿਖਾਈ ਦਿੰਦੇ ਹਨ। ਪੂਰੀ ਤਰ੍ਹਾਂ ਨਹੀਂ, ਪਰ ਇਨ੍ਹਾਂ ਦਾ ਰਿਸ਼ਤਾ 'ਲਿਵ ਇਨ' ਜਿਹਾ ਹੀ ਬਣ ਰਿਹਾ ਹੈ।

ਵਿਆਹੁਤਾ ਸੰਬੰਧਾਂ ਵਿਚ ਹੁੰਦਿਆਂ ਵੀ ਵਿਆਹ ਬਾਹਰੇ ਸੰਬੰਧਾਂ ਨੂੰ ਹੰਢਾਉਣਾ ਵਰਤਮਾਨ ਸਮੇਂ ਦਾ ਭਾਰੂ ਚਲਣ ਬਣ ਚੁੱਕਾ ਹੈ। 'ਭਾਰੂ ਚਲਣ' ਹੋਣ ਕਰਕੇ ਇਹ ਸਮਾਜਕ ਪ੍ਰਵਾਨਗੀ ਪਾਉਣ ਦੀ ਕਗਾਰ 'ਤੇ ਹੈ। ਅਜਿਹੇ ਸੰਬੰਧ ਬਣਾਉਣ ਸਮੇਂ ਪੈਦਾ ਹੁੰਦਾ ਮਾਨਸਿਕ ਤਣਾਓ ਅਤੇ ਦੋਸ਼-ਭਾਵ ਦੀ ਭਾਵਨਾ ਹੌਲੀ ਹੌਲੀ ਖੁਰਨ ਲੱਗੀ ਹੈ। ਇਨ੍ਹਾਂ ਨੂੰ 'ਮਾਣਿਆ' ਜਾਣ ਲੱਗਾ ਹੈ। ਜਿਹਾ ਕਿ ਪ੍ਰਿਅੰਕਾ, ਕਾਂਤਾ, ਵੀਨਾ ਅਗਰਵਾਲ, ਨੂਪੀ, ਪਰਮਪਾਲ, ਮਹਿੰਦਰ, ਰਾਣਾ, ਗੁਰੀ ਆਦਿ ਅਨੇਕਾਂ ਪਾਤਰ ਇਸ ਵਿਹਾਰ ਵਿਚ ਪਏ ਦਿਸਦੇ ਹਨ। ਬਿਰਤਾਂਤਕਾਰ 'ਅਚਲਾ' ਰਾਹੀਂ ਇਸ 'ਭਾਰੂ ਚਲਣ' ਤੇ ਚੋਟ ਕਰ ਰਿਹਾ ਹੈ-

"ਵਿਆਹ ਵੀ ਕਰਾ ਲਓ ਤੇ ਚੋਰੀ ਯਾਰੀ ਵੀ ਰੱਖੀ ਛੱਡੋ... ਮੈਂ ਇਹ ਵੀ ਨਹੀਂ ਕਰ ਸਕਦੀ।"

'ਦੋਹਰਾ ਕਿਰਦਾਰ' ਦਰਅਸਲ ਪੂਰੇ ਬਿਰਤਾਂਤ ਵਿਚ ਰੱਦ ਹੋਇਆ ਹੈ। 'ਸਹੀ' ਉਹੀ ਹੈ ਜੋ ਅੰਦਰੋਂ ਬਾਹਰੋਂ ਇਕ ਹੈ। ਜਿਵੇਂ ਜਗਵਿੰਦਰ, ਕਾ. ਦਸੌਂਧਾ ਸਿੰਘ ਜਾਂ ਅਚਲਾ। ਪਾਤਰ ਦੇ ਚੰਗੇ ਮੰਦੇ ਹੋਣ ਦੀ ਪਰਖ ਦਾ ਬਿਰਤਾਂਤਕਾਰ ਦਾ ਪੈਮਾਨਾ ਇਹੀ ਹੈ।

ਜਿਨ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ॥

ਇਹ ਬਿਰਤਾਂਤਕਾਰ ਦਾ ਪੈਮਾਨਾ ਹੈ। ਸਾਧਾਰਨ ਪਾਠਕ ਨੂੰ ਜਗਵਿੰਦਰ ਅਤੇ ਅਚਲਾ ਦੇ 'ਇਖ਼ਲਾਕ' ਉਪਰ ਵੀ ਇਤਰਾਜ਼ ਹੋ ਸਕਦਾ ਹੈ, ਜਿਹਾ ਕਿ ਪਰਮਪਾਲ ਲਈ 'ਅਚਲਾ', ਜਿਸਨੂੰ ਇਕ ਸਮੇਂ ਉਹ ਖ਼ੁਦ ਭੋਗਣਾ ਚਾਹੁੰਦਾ ਹੈ, ਲਈ ਅਚਲਾ ਦਾ ਬਿਨਾਂ ਵਿਆਹ ਕਰਵਾਏ ਕਿਸੇ ਮਰਦ ਨਾਲ ਸੰਬੰਧਾਂ ਵਿਚ ਆਉਣਾ 'ਗਸ਼ਤੌੜਪੁਣਾ' ਹੈ।

ਮਰਦ ਔਰਤ ਸੰਬੰਧਾਂ ਦੇ ਪਰਿਪੇਖ ਵਿਚ ਬਿਰਤਾਂਤਕਾਰ ਇਕ ਅਤਿ ਸੰਵੇਦਨਸ਼ੀਲ ਅਤੇ ਸਮਝਣਯੋਗ ਨੁਕਤਾ ਪੇਸ਼ ਕਰ ਰਿਹਾ ਹੈ। ਇਹ ਨੁਕਤਾ ਅਚਲਾ ਦੇ ਆਪਣੇ ਹਮਉਮਰ ਦੋਸਤ ਆਤਮ ਨਾਲ ਸੰਬੰਧਾਂ ਦੀ

ਤੁਲਨਾ ਵਿਚ ਅਚਲਾ ਦੇ ਜਗਵਿੰਦਰ ਨਾਲ ਰਿਸ਼ਤੇ ਰਾਹੀਂ ਪੇਸ਼ ਹੋ ਰਿਹਾ ਹੈ। ਆਤਮ ਨਾਲ ਮਿਲਣ ਸਮੇਂ ਅਲਕਾ ਉਤੇ 'ਉਤੇਜਨਾ' ਹਾਵੀ ਰਹਿੰਦੀ ਹੈ, ਜਦਕਿ ਜਗਵਿੰਦਰ ਨਾਲ ਮਿਲਦਿਆਂ ਉਹ 'ਉਤੇਜਿਤ' ਨਹੀਂ, ਸਹਿਜ ਰਹਿੰਦੀ ਹੈ। ਬੇਸ਼ੱਕ ਜਿਸਮਾਨੀ ਸੰਬੰਧ ਜਗਵਿੰਦਰ ਨਾਲ ਵੀ ਬਣਦੇ ਹਨ। ਸ਼ਾਇਦ ਇਹ 'ਸਹਿਜਤਾ' ਹੀ ਅੱਜ ਦੇ ਰਿਸ਼ਤਿਆਂ ਦੀ ਸਭ ਤੋਂ ਵੱਡੀ ਲੋੜ ਹੈ। 'ਸਹਿਜ' ਰਹਿ ਕੇ ਵਿਆਹੁਤਾ ਸੰਬੰਧ ਵੀ ਸੁਧਾਰੇ ਜਾ ਸਕਦੇ ਹਨ ਅਤੇ ਜੇਕਰ 'ਸਹਿਜਤਾ' ਉਪਰ 'ਉਤੇਜਨਾ' ਭਾਰੂ ਹੈ ਤਾਂ 'ਲਿਵ ਇਨ ਰਿਲੇਸ਼ਨ' ਵੀ ਸ਼ਖ਼ਸੀ ਆਜ਼ਾਦੀ ਅਤੇ ਸਮਾਨਤਾ ਦੇ ਭੁਲਾਵੇ ਵਿਚ, ਜਿਸਮਾਂ ਦੀ ਤ੍ਰਿਪਤੀ ਲਈ ਬਣੇ ਵਕਤੀ ਰਿਸ਼ਤੇ ਹੀ ਸਾਬਤ ਹੋਣਗੇ। 'ਖੇਡ' ਵਰਤ ਜਾਣ ਪਿਛੋਂ ਨਿਰਾਸ਼ਾ, ਹਤਾਸ਼ਾ ਅਤੇ ਇਕੱਲਤਾ ਹੀ ਬਚੇਗੀ। ਨਵ ਪੂੰਜੀਵਾਦ ਦੇ ਸਿਰਜੇ ਇਸ ਖਬਤੀ, ਨਿਜਪ੍ਰਸਤ, ਵਸਤਪ੍ਰਸਤ, ਉਲਾਰ, ਹਾਬੜੇ, ਵਿਕ੍ਰਿਤ ਮਨੁੱਖਾਂ ਦੇ ਸਮਾਜ ਵਿਚ ਜਗਵਿੰਦਰ ਅਤੇ ਦਸੌਂਧਾ ਸਿੰਘ ਜਿਹਾ ਕੋਈ 'ਹਰਿਆ ਬੂਟ' ਵੀ ਬਚਿਆ ਹੋਇਆ ਹੈ। ਯੁੱਗ ਦੇ ਭਾਰੂ ਵਰਤਾਰੇ, ਜਿਸ ਖਿਲਾਫ਼ ਖੜੇ ਰਹਿਣਾ ਬਹੁਤ ਮੁਸ਼ਕਿਲ ਹੈ, ਜਦ ਹਰ ਕੋਈ 'ਭਾਰੂ ਵਹਿਣ' ਵਿਚ ਰੁੜਦੇ ਜਾ ਰਹੇ ਹਨ, ਇਨ੍ਹਾਂ ਪਾਤਰਾਂ ਨੇ ਆਪਣੀ ਹੋਂਦ ਸਾਲਮ ਸਬੂਤ ਰੱਖੀ ਹੈ। ਬੇਸ਼ੱਕ ਭਾਰੂ ਵਰਤਾਰਾ ਇਨ੍ਹਾਂ ਨੂੰ ਇਕ ਵੇਲੇ ਕਿਸੇ ਪਾਸੇ ਜੋਗਾ ਨਹੀਂ ਛੱਡਦਾ। ਇਹ ਗੱਲ ਸਹਿਵਨ ਹੀ ਸਮਝ ਲੈਣ ਵਾਲੀ ਹੈ ਕਿ 'ਮੁੱਖ ਧਾਰਾ' ਹਮੇਸ਼ਾ ਆਪਣੇ ਵਿਰੋਧੀ ਅਖਵਾ 'ਦੂਸਰੇ' ਨੂੰ ਹਾਸ਼ੀਏ ਵੱਲ ਹੀ ਧੱਕਦੀ ਹੈ। ਜਿਵੇਂ ਸਮੁੱਚੇ ਬਿਰਤਾਂਤ ਵਿਚ ਜਗਵਿੰਦਰ ਨਾਲ ਵਾਰ ਵਾਰ ਹੁੰਦਾ ਆਇਆ ਹੈ। ਪਰ ਵਾਰ ਵਾਰ ਹਾਰ ਕੇ, ਬਿਖਰ ਕੇ ਵੀ ਉਹ ਆਪਣਾ 'ਮਾਰਗ' ਨਹੀਂ ਤਿਆਗ ਰਿਹਾ। ਉਹ ਆਪਣੇ ਸਿੱਧਾਂਤ, ਵਿਚਾਰਧਾਰਾ, ਅੰਦਰ ਦੇ 'ਸੱਚ' ਤੇ ਅਡੋਲ ਚੱਲ ਰਿਹਾ ਹੈ। ਇਹੀ ਉਸਦੀ ਪ੍ਰਾਪਤੀ ਹੈ ਅਤੇ ਇਸੇ ਪ੍ਰਾਪਤੀ ਦੀ ਉਸਨੂੰ ਭਾਰੀ ਕੀਮਤ ਉਤਾਰਨੀ ਪੈ ਰਹੀ ਹੈ। ਆਪਣੀ ਹੋਂਦ ਦੀ ਸਾਲਮ ਸਬੂਤੀ, 'ਸਾਂਝੇ ਸੁਪਨੇ' ਦੀ ਪ੍ਰਾਪਤੀ ਲਈ ਲਗਾਤਾਰ ਵਿਅਕਤੀਗਤ ਰੂਪ ਵਿਚ ਵੀ ਸੰਘਰਸ਼ ਜਾਰੀ ਰੱਖਣ ਦੀ ਜ਼ਿਦ, ਆਪਣੀਆਂ ਤਮਾਮ ਕਮਜ਼ੋਰੀਆਂ ਤੇ ਸ਼ਖ਼ਸੀ ਔਗੁਣਾਂ ਦੇ ਬਾਵਜੂਦ ਉਸਨੂੰ 'ਨਾਇਕ' ਰੂਪ ਵਿਚ ਉਭਾਰ ਰਹੀ ਹੈ। ਸਮਕਾਲੀ ਪੰਜਾਬੀ ਨਾਵਲ ਵਿਚ ਜਦ ਇਸ ਸਮੇਂ ਪੂੰਜੀਵਾਦੀ ਯੁੱਗ ਦੇ ਅਨੁਸਾਰ ਜੋੜ ਤੋੜ ਦੇ ਮਾਹਰ 'ਜੁਗਤੂ' ਤੇ 'ਅਫ਼ਲਾਤੂ' ਕਿਸਮ ਦੇ ਮਨੁੱਖ ਨੂੰ ਨਾਇਕ ਰੂਪ ਵਿਚ ਉਭਾਰਿਆ ਜਾਣ ਲੱਗਾ ਹੈ, ਅਜਿਹੇ ਵਿਚ ਪੰਜਾਬੀਆਂ ਦੀ ਪਰੰਪਰਾਗਤ ਪਛਾਣ ਵਾਲਾ ਸੰਘਰਸ਼ੀਲ, ਤਿਆਗੀ, ਆਤਮ-ਬਲੀਦਾਨ ਵਾਲਾ ਅਤੇ ਸੱਤਾ ਤੇ ਉਸਦੀਆਂ ਏਜੰਸੀਆਂ ਵਿਰੁੱਧ ਖੜੇ ਹੋਣ ਦੀ ਹਿੰਮਤ ਅਤੇ ਚੇਤਨਾ ਵਾਲੇ 'ਨਾਇਕ ਦਾ ਮੁੜ' ਉੱਸਰਨਾ ਮਾਨਵੀ ਨਜ਼ਰੀਏ ਤੋਂ ਸ਼ੁੱਭ ਸੰਕੇਤ ਹੈ।

ਮਸਲਾ ਹੈ ਕਿ ਉਹ ਅਜਿਹਾ ਕਿਵੇਂ ਹੈ? 'ਵਿਕਣ' ਨੂੰ ਤਿਆਰ ਕਿਉਂ ਨਹੀਂ? ਇਸ ਪਿੱਛੇ ਅਚੇਤ-ਸੁਚੇਤ ਕਾਰਕ ਕਿਹੜੇ ਹਨ? ਜਗਵਿੰਦਰ ਦੇ ਸਵੈ ਕਥਨ ਮੁਤਾਬਿਕ ਇਹ ਉਸ ਅੰਦਰ ਦੀ ਕੋਈ 'ਪ੍ਰੇਤ ਆਤਮਾ' ਹੈ, ਜੋ ਉਸਨੂੰ ਵਿਕਣ ਨਹੀਂ ਦਿੰਦੀ। ਜੋ ਉਸਨੂੰ ਪ੍ਰੇਰਦੀ ਹੈ ਕਿ ਬੰਦੇ ਨੂੰ ਆਪਣੀ ਹੋਂਦ ਸਾਲਮ ਸਬੂਤ ਰੱਖਣੀ ਚਾਹੀਦੀ ਹੈ। ਹੁਣ ਇਹ 'ਪ੍ਰੇਤ ਆਤਮਾ' ਕੀ ਹੈ? ਇਹ ਤਾਂ ਕੋਈ ਭੌਤਿਕ ਵਿਗਿਆਨ ਤੋਂ ਬਾਹਰਾ ਮਸਲਾ ਹੋ ਗਿਆ। ਦਰਅਸਲ ਇਹ 'ਪ੍ਰੇਤ ਆਤਮਾ' ਅੰਦਰ ਨਿਰਮਿਤ 'ਆਤਮ' ਹੈ। ਉਹ 'ਆਤਮ' ਜੋ ਉਸਦੇ ਥੁੜਾਂ ਮਾਰੇ, ਕਠੋਰ ਤੇ ਜ਼ਲਾਲਤ ਭਰੇ ਬਚਪਨ 'ਚ ਨਿਰਮਿਤ ਹੋਇਆ, ਜਿਸਨੇ ਮਹਿਸੂਸ ਕਰਵਾਇਆ ਕਿ ਬੰਦੇ ਨੂੰ ਬੰਦਾ ਸਮਝਿਆ ਜਾਵੇ। ਬੰਦੇ ਨੂੰ ਬੰਦਾ ਸਮਝਣ ਦੀ ਸੋਝੀ ਤੇ ਵਿਵਸਥਾ ਵਾਲਾ ਸਮਾਜ ਉਸਨੂੰ ਮਾਰਕਸੀ ਫਲਸਫ਼ੇ 'ਚੋਂ ਦਿਸਿਆ। ਇਹ 'ਪ੍ਰੇਤ' ਉਸ ਅੰਦਰ ਮਾਰਕਸ ਦਾ ਹੀ ਪ੍ਰੇਤ ਹੈ। ਉਹ 'ਪ੍ਰੇਤ' ਜੋ ਅਜੇ ਵੀ ਜਗਵਿੰਦਰ ਵਾਂਗ ਕਈ 'ਸੱਚੇ ਕਮਰੇਡਾਂ' ਅੰਦਰ ਵੱਸਿਆ ਹੋਇਆ ਹੈ। ਅੱਜ ਜਦਕਿ ਸਮਾਜਵਾਦ ਦੀ 'ਲੋੜ' ਵਧੇਰੇ ਦਿਸਦੀ ਹੈ ਅਤੇ 'ਸੰਭਾਵਨਾਵਾਂ' ਮਾਂਦ ਪੈਂਦੀਆਂ ਦਿਸਦੀਆਂ ਹਨ, ਇਹ

'ਆਤਮ' ਪੰਜਾਬੀ ਮਨੁੱਖ ਅੰਦਰ ਵੱਸੀ 'ਬਾਬਰਵਾਣੀ' , 'ਸਰਹਿੰਦ', 'ਚਮਕੌਰ', 'ਕੁਰੂਖੇਤਰ' , 'ਆਨੰਦਪੁਰੀ', 'ਬੇਗ਼ਮਪੁਰੇ' ਦਾ ਨਿਰਮਿਤ ਹੈ।

ਬਿਹਤਰ ਸਮਾਜ ਦੀ ਸਿਰਜਣਾ ਹਿੱਤ ਕੀਤੇ ਜਾ ਰਹੇ ਉਸਦੇ ਵਿਅਕਤੀਗਤ ਯਤਨਾਂ ਪਿਛੇ ਕਾਰਜਸ਼ੀਲ ਉਸਦੀ ਮਾਨਸਿਕਤਾ ਨੂੰ, ਨਾਵਲੀ ਬਿਰਤਾਂਤ ਵਿਚ 'ਅੰਤਰਪਾਠ' ਵਜੋਂ ਆਈ ਰਿਸ਼ੀ ਦੁਆਰਾ ਜੰਗਲ ਦੀ ਅੱਗ ਬੁਝਾਉਣ ਦੇ ਯਤਨਾਂ ਦੀ ਕਥਾ ਦੀ ਪਰਥਾਇ ਬਿਹਤਰ ਸਮਝਿਆ ਜਾ ਸਕਦਾ ਹੈ, ਜੋ ਚਾਹੇ ਇਕੱਲੇ ਤੌਰ 'ਤੇ ਅੱਗ ਨਹੀਂ ਬੁਝਾ ਪਾਉਂਦਾ ਪਰ ਫਿਰ ਵੀ ਇਸ ਯਤਨ ਸਦਕਾ ਉਹ ਆਪਣੀ 'ਆਤਮਾ ਅੱਗੇ ਸਾਫ਼' ਹੈ।

ਜਿਥੇ ਚਾਰੇ ਪਾਸੇ ਨੇ ਆਈਨੇ, ਮੇਰੀ ਰੋਜ਼ ਉਥੇ ਤਰੀਕ ਹੈ। ਸ਼ਾਇਦ ਇਹ 'ਆਤਮ' ਦਾ 'ਸਾਫ਼ ਸ਼ੀਸ਼ਾ' ਹੀ ਹੈ ਜੋ ਉਸਨੂੰ 'ਬੰਦਾ' ਬਣਨ ਅਤੇ 'ਬਿਹਤਰ ਸਮਾਜ' ਅੰਦਰੁਨੀ ਤੇ ਬਹਿਰੂਨੀ ਦੋਹਾਂ ਸੰਘਰਸ਼ਾਂ ਲਈ ਪ੍ਰੇਰਿਤ ਕਰ ਰਿਹਾ ਹੈ।

ਜਗਵਿੰਦਰ ਦੁਆਰਾ ਸਮੇਂ ਸਮੇਂ ਕੱਢਿਆ ਗਿਆ 'ਮੁਕੇਰੀਆਂ ਖ਼ਬਰਨਾਮਾ', 'ਆਖਿਰੀ ਸਫ਼ਾ' ਅਤੇ 'ਕਮਾਹੀ ਦੇਵੀ ਖ਼ਬਰਨਾਮਾ' ਹੀ ਦਰਅਸਲ ਅਸਲ ਪੱਤਰਕਾਰੀ ਹੈ। ਇਹ ਹੱਕ ਸੱਚ ਦਾ ਹੋਕਾ ਹੈ, ਲੋਕ ਚੇਤਨਾ ਉਸਾਰਨ ਦਾ ਯਤਨ। "ਸੱਚ ਸੁਣਾਇਸੀ ਸੱਚ ਕੀ ਬੇਲਾ" ਵਾਲਾ ਉਦਮ ਅਤੇ ਹਿੰਮਤ।

ਜਗਵਿੰਦਰ ਆਪਣੀਆਂ ਸੀਮਾਵਾਂ ਅਤੇ ਕਮਜ਼ੋਰੀਆਂ ਦੀ ਸਮਝ ਵੱਲ ਆ ਰਿਹਾ ਹੈ। ਉਹ ਸਮਝ ਰਿਹਾ ਹੈ ਕਿ ਨਸ਼ਾ ਬੰਦੇ ਦਾ ਮਨੋਬਲ ਡੇਗਦਾ ਹੈ ਅਤੇ ਡਿੱਗੇ ਹੋਏ ਮਨੋਬਲ ਨਾਲ ਸੰਘਰਸ਼ ਵਿਚ ਨਹੀਂ ਉਤਰਿਆ ਜਾ ਸਕਦਾ। ਉਹ 'ਸਿਸਟਮ' ਵਿਰੁੱਧ ਆਪਣੇ ਸੰਘਰਸ਼ ਦੀ ਸੀਮਾ ਵੀ ਪਛਾਣ ਰਿਹਾ ਹੈ। ਇਸੇ ਲਈ ਉਹ ਸ਼ਹਿਰ ਛੱਡ ਕੇ ਨੀਮ ਪਹਾੜੀ ਇਲਾਕੇ ਵਿਚ ਵਸੇਬਾ ਕਰ ਰਿਹਾ ਹੈ। ਪਹਿਲੀ ਨਜ਼ਰੇ ਇਹ ਉਸਦੀ ਹਾਰ ਲਗਦੀ ਹੈ। ਉਮਰ ਦੇ ਤਕਾਜ਼ੇ ਅਤੇ 'ਭਾਰੂ ਵਹਿਣ' ਦੇ ਦਬਾਵਾਂ ਸਦਕਾ 'ਹਾਸ਼ੀਏ' ਤੇ ਖਿਸਕ ਜਾਣ ਵਾਲਾ 'ਪਿਛਲ ਕਦਮੀਂ ਕਾਰਜ'। ਪਰ ਦੂਜੇ ਪਹਿਲੂ ਤੋਂ ਉਹ ਆਪਣੀ ਵਿਹਾਰਕ ਸਥਿਤੀ ਦੀ ਪਛਾਣ ਕਰ ਆਪਣਾ ਮੋਰਚਾ ਲੈ ਰਿਹਾ ਹੈ, ਦਿੱਤੀ ਜਾ ਸਕਣ ਵਾਲੀ ਲੜਾਈ ਦਾ 'ਦਾਈਆ' ਮਿੱਥ ਰਿਹਾ ਹੈ। 'ਭਾਰੂ ਵਰਤਾਰੇ' ਦਾ 'ਬਦਲ' 'ਵਿਕਲਪਿਤ ਮਾਡਲ' ਬਣਾਈ ਰੱਖਣ ਦਾ ਯਤਨ ਹੈ। ਸਿੱਧਾਂਤ ਉਤੇ ਵਿਹਾਰਕ ਅਮਲ ਦੀ ਕੋਸ਼ਿਸ਼, ਪੂੰਜੀਵਾਦੀ ਯੁੱਗ ਦੀਆਂ ਦਿੱਤੀਆਂ ਸੁੱਖ ਸਹੂਲਤਾਂ ਅਤੇ ਪਦਾਰਥਕ ਬਹੁਲਤਾਵਾਂ, ਜਿਨ੍ਹਾਂ ਰਾਹੀਂ ਮਨੁੱਖ ਨੂੰ ਕਮਜ਼ੋਰ, ਆਸ਼ਰਿਤ ਤੇ ਮਾਨਸਿਕ ਗੁਲਾਮ ਬਣਾਇਆ ਜਾ ਰਿਹਾ ਹੈ, ਇਨ੍ਹਾਂ ਨੂੰ ਤਿਲਾਂਜਲੀ ਦੇ ਕੇ ਸਾਦਗੀ ਭਰਪੂਰ ਕੁਦਰਤੀ ਜੀਵਨ ਜੀਣ ਦੀ ਲੋਚਾ, ਇਕ ਤਰਜ਼-ਇ-ਜ਼ਿੰਦਗੀ, ਜਿਸ ਰਾਹੀਂ ਪੂੰਜੀਵਾਦ ਅਤੇ ਉਸਦੀ ਦਿੱਤੀ ਜਾ ਰਹੀ ਜੀਵਨ ਜਾਚ ਨੂੰ ਟੱਕਰ ਦਿੱਤੀ ਜਾ ਸਕੇ। 'ਗਿੰਦਰ ਆਸ਼ਰਮ' ਕਿਸੇ 'ਨਿਰਪੱਖ ਸ਼ਾਂਤੀ' ਦਾ ਖੋਜ ਕੇਂਦਰ ਨਹੀਂ, ਇਹ ਪੂੰਜੀਵਾਦ ਦੇ ਭਾਰੂ ਵਰਤਾਰੇ ਵਿਰੁੱਧ ਲਿਆ ਗਿਆ ਮੋਰਚਾ ਹੈ। ਇਥੋਂ ਲੋਕ ਚੇਤਨਾ ਦੀ ਚਿੰਗਾਰੀ ਉੱਠ ਰਹੀ ਹੈ। ਮਨ ਮਸ਼ਤਿਕ ਘੜ੍ਹੇ ਜਾਣ ਦੀ ਟਕਸਾਲ। ਜਥੇਬੰਦਕ ਕਾਰਜਾਂ ਦੀ ਵਿਫ਼ਲਤਾ ਦੇ ਬਾਵਜੂਦ ਆਖ਼ਰੀ ਹੱਲੇ ਤੱਕ, ਆਖ਼ਰੀ ਹੀਲਾ ਵਤਰਦੇ ਹੋਏ ਬਿਹਤਰ ਸਮਾਜ ਦੀ ਉਸਾਰੀ ਲਈ ਕੀਤਾ ਜਾ ਰਿਹਾ ਵਿਅਕਤੀਗਤ ਯਤਨ। ਅਰੁੰਧਤੀ ਰਾਏ ਵਾਲਾ 'ਬੂੰਦ ਬੂੰਦ ਇਨਕਲਾਬ' ਬੂੰਦ ਦੇ ਸਾਗਰ ਬਣਨ ਦੀ ਆਸ। ਅਖ਼ੁਰ ਕਿੰਕਰ ਦੇ ਢਾਲ ਤੇ ਕਿਰਪਾਨ ਬਣਨ ਦੀ ਆਸ ਵਾਲਾ ਯਤਨ, ਕਿਉਂਕਿ ਉਸਦਾ 'ਯੁੱਧ' ਵਿਚ ਵਿਸ਼ਵਾਸ ਹੈ ਤੇ ਉਹ ਜਾਣ ਗਿਆ ਹੈ ਕਿ-

"ਕੁਰੂਖੇਤਰ 'ਚ ਸੈਨਾ ਕਿਸੇ ਨਾ ਕਿਸੇ ਯੋਧੇ ਨਾਲ ਹੀ ਤੁਰੇਗੀ, ਕਿਸੇ ਦਰਸ਼ਕ ਨਾਲ ਨਹੀਂ।" ✪

ਆਲੋਚਨਾ : ਕੰਜਰ ਕਬੀਲਾ:ਇਕ ਪਰਿਚੈ/ - ਅਮਰਜੀਤ ਸਿੰਘ

ਆਧੁਨਿਕ ਭਾਰਤੀ ਸਮਾਜ ਦੀ ਹੋਂਦ ਛੋਟੇ-ਛੋਟੇ ਸਮੂਹਾਂ ਵਿਚੋਂ ਹੀ ਹੋਈ ਹੈ। ਇਹ ਸਮੂਹ ਹੀ ਅੱਗੇ ਚੱਲ ਕੇ 'ਸੰਯੁਕਤ ਸੱਭਿਆਚਾਰ' ਦੀ ਨੀਂਹ ਰੱਖਦੇ ਹਨ। ਸਮੇਂ-ਸਮੇਂ ਇਹਨਾਂ ਛੋਟੇ-ਛੋਟੇ ਸਮੂਹਾਂ ਨੂੰ ਵੱਖ-ਵੱਖ ਨਾਂਵਾਂ ਨਾਲ ਜਾਣਿਆ ਅਤੇ ਪਛਾਣਿਆ ਜਾਂਦਾ ਹੈ। ਇਹ ਨਾਂ ਇਹਨਾਂ ਵਿਚੋਂ ਮਿਲਦੀ ਕਿਸੇ ਵਿਸ਼ੇਸ਼ ਵਿੱਲਖਣਤਾ ਨੂੰ ਅਧਾਰ ਬਣਾ ਕੇ ਰੱਖੇ ਜਾਂਦੇ ਰਹੇ ਹਨ। ਇਹ ਵਿਲੱਖਣਤਾ, ਕਦੀ ਕਿੱਤੇ ਪੱਖੋਂ ਜਾਂ ਕਿਸੇ ਹੋਰ ਪੱਖੋਂ ਜਾ ਕਿਸੇ 'ਅੱਲ', ਸਥਾਨ ਦੇ ਅਧਾਰ ਤੇ ਵੀ ਹੋ ਸਕਦੀ ਹੈ। ਭਾਰਤ ਵਿਚ ਮਿਲਦੇ ਇਹ ਸਮੂਹ, ਕਬੀਲਾਨੁਮਾ ਪ੍ਰਬੰਧ ਬਣਾ ਕੇ ਰਹਿੰਦੇ ਹਨ। ਜਿਸ ਵਿਚ ਕਬੀਲੇ ਦਾ ਸਰਦਾਰ ਸਮੁੱਚੇ ਕਬੀਲੇ ਉੱਤੇ ਨਿਯੰਤਰਣ ਰੱਖਦਾ ਹੈ। ਸਮੂਹ ਕਬੀਲਾ ਵਾਸੀ ਕਬੀਲੇ ਦੇ ਮੌਖਿਕ ਸੰਵਿਧਾਨ ਦੀ ਪਾਲਣਾ ਕਰਨ ਲਈ ਵਚਨਬੱਧ ਰਹਿੰਦੇ ਹਨ। 'ਟੋਟਮ' ਅਤੇ 'ਟੈਬੂ' ਕਬੀਲਾ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਵਾਂਗੂੰ ਹਨ। ਭਾਰਤ 'ਚ ਕਬੀਲਿਆਂ ਦੀ ਗਿਣਤੀ ਅਣਗਿਣਤ ਹੈ। ਇਨ੍ਹਾਂ ਦੀ ਰਹਿਤਲ ਵਿਚ ਮਿਲਦੀਆਂ ਵੱਖਰਤਾਵਾਂ ਇਕ ਨਿਵੇਕਲੀ ਲੋਕ-ਸੰਸਕ੍ਰਿਤੀ ਨੂੰ ਸਿਰਜਦੀਆਂ ਹਨ। ਇਸੇ ਪ੍ਰਸੰਗ ਵਿਚ ਭਾਰਤੀ ਮੂਲ ਦਾ 'ਕੰਜਰ ਕਬੀਲਾ' ਵੀ ਆਪਣੀ ਵੱਖਰੀ ਪਛਾਣ-ਚਿਨ੍ਹਾਂ ਕਰਕੇ ਆਪਣੀ ਨਿਵੇਕਲੀ ਸੰਸਕ੍ਰਿਤੀ ਕਾਰਨ, ਸਮਾਜ ਵਿਚ ਇਕ ਵਿਸ਼ੇਸ਼ ਪਛਾਣ ਸਥਾਪਤ ਕਰ ਚੁੱਕਾ ਹੈ।

ਸਥਾਨ ਅਤੇ ਪਿਛੋਕੜ- ਇਹ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਫੈਲਿਆ ਹੋਇਆ ਹੈ। 'ਕੰਜਰ' ਵਿਸ਼ੇਸ਼ ਰੂਪ ਵਿਚ ਪੰਜਾਬ, ਦਿੱਲੀ, ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼ ਆਦਿ ਰਾਜਾਂ ਵਿਚ ਰਹਿੰਦੇ ਹਨ। ਵੱਖ-ਵੱਖ ਰਾਜਾਂ ਦੀਆਂ ਸੱਭਿਆਚਾਰਕ ਪ੍ਰਸਥਿਤੀਆਂ ਦਾ ਪ੍ਰਭਾਵ ਇਨ੍ਹਾਂ ਕਬੀਲਿਆਂ ਉੱਤੇ ਪੈਣਾ ਸੁਭਾਵਿਕ ਹੈ। ਲਗਭਗ ਹਰੇਕ ਕਬੀਲਾ ਪ੍ਰਬੰਧ ਆਪਣੇ ਬੰਦ ਸਭਿਆਚਾਰਕ ਗੁਣਾਂ ਕਾਰਨ ਆਪਣੀਆਂ ਪਰੰਪਰਾਗਤ ਰੀਤਾਂ-ਰਸਮਾਂ ਆਦਿ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦਾ ਹੈ। ਇਸੇ ਪ੍ਰਸੰਗ ਵਿਚ ਕੰਜਰ ਕਬੀਲਾ ਵੀ ਅਜਿਹੀਆਂ ਸਥਿਤੀਆਂ ਵਿਚੋਂ ਲੰਘਦਾ ਹੋਇਆ ਆਪਣੀਆਂ ਸੱਭਿਆਚਾਰਕ ਵੱਖਰਤਾਵਾਂ ਨੂੰ ਆਪਣੇ ਕਲਾਵੇਂ ਵਿਚ ਸਮੋਈ ਬੈਠਾ ਹੈ।

ਕੰਜਰ ਸ਼ਬਦ ਦੀ ਵਰਤੋਂ ਆਮ ਤੌਰ ਤੇ ਬਹੁਤ ਹੀ ਘਟੀਆ ਅਰਥਾਂ ਲਈ ਕੀਤੀ ਜਾਂਦੀ ਹੈ। ਇਹ ਸੰਭਵ ਹੈ ਕਿ ਕੰਜਰ ਕਬੀਲੇ ਦਾ ਨਾਂ ਇਸ ਕਬੀਲੇ ਦੀਆਂ ਰਹੁ-ਰੀਤਾਂ ਨੂੰ ਦੇਖਦੇ ਹੋਏ ਪਿਆ ਹੋਵੇਗਾ। ਇਸ ਕਬੀਲੇ ਦੇ ਇਤਿਹਾਸਕ ਪਿਛੋਕੜ ਬਾਰੇ ਬਹੁਤ ਸਾਰੇ ਮਤ ਸਾਹਮਣੇ ਆਉਂਦੇ ਹਨ ਜਿਵੇਂ ਕਿ ਭਾਰਤੀ ਮੂਲ ਦੇ ਵਧੇਰੇ ਕਬੀਲੇ ਆਪਣਾ ਪਿਛੋਕੜ ਰਾਜਪੂਤ ਵੰਸ਼ ਨਾਲ ਜੋੜਦੇ ਹਨ ਉਸੇ ਤਰ੍ਹਾਂ ਕੰਜਰ ਕਬੀਲਾ ਵਾਸੀ ਵੀ ਆਪਣੇ ਆਪ ਨੂੰ ਮਾਰਵਾੜੀ ਰਾਜਪੂਤ ਕਹਾਉਣ ਵਿਚ ਫ਼ਖਰ ਮਹਿਸੂਸ ਕਰਦੇ ਹਨ, ਜੋ ਆਰੀਆ ਨਸਲ ਨਾਲ ਸਬੰਧਤ ਹਨ। ਇਨ੍ਹਾਂ ਬਾਰੇ ਬਹੁਤੇ ਮਾਨਵ ਵਿਗਿਆਨੀਆਂ ਦਾ ਮਤ ਹੈ ਕਿ ਕੰਜਰ ਕਬੀਲਾ ਦ੍ਰਾਵਿੜ ਪਰਿਵਾਰਾਂ ਨਾਲ ਸਬੰਧਤ ਹੈ। ਪ੍ਰੰਤੂ ਦ੍ਰਾਵਿੜ ਲੋਕਾਂ ਨਾਲ ਨਸਲੀ ਤੌਰ 'ਤੇ ਅਤੇ ਸੱਭਿਆਚਾਰਕ ਜਾਂ ਭਾਸ਼ਾਈ ਪੱਖ ਤੋਂ ਕੋਈ ਵਿਸ਼ੇਸ਼ ਸਮਾਨਤਾ ਨਜ਼ਰ ਨਹੀਂ ਆਉਂਦੀ । ਕੰਜਰਾਂ ਦੇ ਨਿਕਾਸ ਬਾਰੇ ਤਿੰਨ ਪ੍ਰਮੁੱਖ ਲੋਕਮਤ ਸਾਹਮਣੇ ਆਉਂਦੇ ਹਨ। ਪਹਿਲੇ ਮਤ ਅਨੁਸਾਰ ਇਹ ਕਬੀਲਾ ਜਿਪਸੀਆਂ ਨਾਲ ਸਬੰਧਤ ਵੀ ਮੰਨਿਆ ਜਾਂਦਾ ਹੈ। ਮਾਨਵ ਵਿਗਿਆਨੀਆਂ ਦਾ ਵਿਚਾਰ ਹੈ ਕਿ ਜਿਪਸੀ ਲੋਕ ਅਸਲ ਵਿਚ ਹਿੰਦੁਸਤਾਨ ਦੇ ਉੱਤਰ-ਪੱਛਮ ਵਿਚ ਰਹਿੰਦੇ ਸਨ, ਜਿਥੋਂ ਪਰਵਾਸ ਕਰਕੇ ਇਹ ਕਬੀਲੇ ਕਾਫ਼ਲਿਆਂ ਦੇ ਰੂਪ

ਵਿਚ ਪੱਛਮ ਵੱਲ ਫੈਲਦੇ ਚਲੇ ਗਏ। ਦਸਵੀਂ ਸ਼ਤਾਬਦੀ ਵਿਚ ਇਹ ਲੋਕ ਫਰਾਂਸ ਵੱਲ ਵਧੇ। ਮੰਗੋਲ ਕਬੀਲਿਆਂ ਤੋਂ ਡਰਦੇ ਇਹ ਬਲਕਾਨ ਤੇ ਯੂਨਾਨ ਤਕ ਜਾ ਪੁੱਜੇ। ਪੁਰਾਤਨ ਕਥਾਵਾਂ ਤੋਂ ਪਤਾ ਲਗਦਾ ਹੈ ਕਿ ਜਿਪਸੀਆਂ ਨੇ 420 ਈ. ਵਿਚ ਭਾਰਤ ਦੀ ਆਪਣੀ ਮੂਲ ਧਰਤੀ ਨੂੰ ਛੱਡਿਆ ਸੀ। ਇਸੇ ਪ੍ਰਸੰਗ ਵਿਚ ਹੋ ਸਕਦਾ ਹੈ ਕਿ ਰਾਜਪੂਤਾਂ ਦਾ ਨਿਕਾਸ ਜਿਪਸੀ ਲੋਕਾਂ ਵਿਚੋਂ ਹੋਇਆ ਹੋਵੇ। ਇਸ ਬਾਰੇ ਕਿਸੇ ਵੀ ਪ੍ਰਮਾਣਿਤ ਸਿੱਟੇ ਉੱਤੇ ਨਹੀਂ ਪਹੁੰਚਿਆ ਜਾ ਸਕਦਾ। ਦੂਸਰੇ ਮਤ ਅਨੁਸਾਰ ਇਸ ਕਬੀਲੇ ਦਾ ਸਬੰਧ ਆਦਿ ਵਾਸੀਆਂ ਨਾਲ ਵੀ ਜੋੜਿਆ ਜਾਂਦਾ ਹੈ। ਤੀਸਰੇ ਮਤ ਅਨੁਸਾਰ ਇਸ ਕਬੀਲੇ ਦਾ ਨਿਕਾਸ ਰਾਜਪੂਤਾਂ ਵਿਚੋਂ ਹੋਇਆ ਮੰਨਿਆ ਜਾਂਦਾ ਹੈ। ਜਦੋਂ ਰਾਜਪੂਤਾਂ ਨੂੰ ਮੁਗਲਾਂ ਨੇ ਹਰਾਇਆ ਤਾਂ ਬਹੁਤ ਸਾਰੇ ਰਾਜਪੂਤ ਨਜ਼ਦੀਕੀ ਇਲਾਕਿਆਂ ਵਿਚ ਨਿਕਲ ਗਏ ਅਤੇ ਕੁਝ ਰਾਜਪੂਤ ਮੁਗਲਾਂ ਦੀ ਅਧੀਨਗੀ ਮੰਨ ਕੇ ਮੁਸਲਮਾਨ ਬਣ ਗਏ। ਜਿਸ ਨਾਲ ਜਾਤੀਆਂ ਦੋਂ ਸ਼੍ਰੇਣੀਆਂ ਵਿਚ ਵੰਡੀਆਂ ਗਈਆਂ। ਮਸਲਨ ਹਿੰਦੂ ਕੰਜਰ ਅਤੇ ਮੁਸਲਮਾਨ ਕੰਜਰ ਆਦਿ।

Sherring, M.A. (1872:389) ਦਾ ਮਤ ਹੈ ਕਿ ਕੰਜਰ ਕਬੀਲਾ ਅਤੇ ਨੱਟ ਕਬੀਲਾ ਸਪੇਨ, ਇੰਗਲੈਂਡ ਅਤੇ ਯੂਰਪ ਦੇ ਟੱਪਰੀਵਾਸਾਂ ਨਾਲ ਇੰਨ ਬਿੰਨ ਮਿਲਦਾ ਹੈ। ਫਿਰ ਵੀ ਇਸ ਕਬੀਲੇ ਦੇ ਪਿਛੋਕੜ ਬਾਰੇ ਬਹੁਤੇ ਮਤ ਮਰਵਾੜੀ ਰਾਜਪੂਤਾਂ ਵਿਚੋਂ ਨਿਕਾਸੇ ਹੋਣ ਦੇ ਮਿਲਦੇ ਹਨ। ਇਹ ਮਤ ਕੰਜਰ ਔਰਤਾਂ ਦੇ ਸਰੀਰਕ ਸਬੰਧਾਂ ਕਾਰਨ ਬਹੁਤ ਸਾਰੀਆਂ ਉੱਚ ਅਤੇ ਨੀਵੀਆਂ ਜਾਤੀਆਂ ਵਾਂਗ ਮਿਥਿਹਾਸ ਹੀ ਹਨ। ਕੰਜਰਾਂ ਵਿਚ ਪ੍ਰਚਲਿਤ ਇਕ ਰਵਾਇਤ ਅਨੁਸਾਰ ਇਨ੍ਹਾਂ ਦੇ ਪੁਰਖੇ ਦਾ ਨਾਂ 'ਮਾਨ' ਸੀ ਜੋ ਆਪਣੀ ਪਤਨੀ 'ਨਥੀਆ' ਸਮੇਤ ਜੰਗਲ ਵਿਚ ਰਿਹਾ ਕਰਦਾ ਸੀ। ਕੰਜਰ ਜਾਤੀ ਆਪਣੇ ਪੁਰਖੇ ਮਾਨ ਦਾ ਏਕੀਕਰਨ ਉਸ ਵਿਅਕਤੀ ਨਾਲ ਕਰਦੇ ਹਨ ਜਿਸ ਨੇ ਦਿੱਲੀ ਸੁਲਤਾਨ ਦੇ ਸਾਹੀ ਪਹਿਲਵਾਨ ਨੂੰ ਦੰਗਲ ਵਿਚ ਹਰਾਇਆ ਸੀ। ਜਿਨ੍ਹਾਂ ਕਬੀਲਿਆਂ ਨੂੰ ਅੰਗਰੇਜ਼ੀ ਸਾਮਰਾਜ ਨੇ 1 ਸਤੰਬਰ 1871 ਨੂੰ ਭਾਰਤ ਦੀਆਂ 198 ਜਾਤੀਆਂ ਸਮੇਤ ਜਰਾਇਮ ਪੇਸ਼ਾ ਐਕਟ ਅਧੀਨ ਲਿਆਂਦਾ। ਉਨ੍ਹਾਂ ਵਿੱਚ ਜੋਗੀ, ਸਪੇਰਾ, ਕੰਜਰ, ਮਿਰਾਸੀ, ਬਾਵਰੀਆ, ਗਡਰੀਆ, ਸਾਂਸੀ, ਬੰਗਾਲਾ, ਭੇਡ ਕੁੱਟ, ਬਰੜ, ਮੀਣਾ, ਢੇਹੇ ਅਤੇ ਗਧੀਲੇ ਅਦਿ ਪ੍ਰਮੱਖ ਸਨ। ਇਹ ਕਾਨੂੰਨ 31 ਅਗਸਤ 1952 ਵਿਚ ਭਾਰਤ ਦੀ ਅਜ਼ਾਦੀ ਤੋਂ ਬਾਅਦ ਖ਼ਤਮ ਕੀਤਾ ਗਿਆ। ਜਿਸ ਵਿਚ ਇਹਨਾਂ ਨੂੰ ਆਮ ਲੋਕਾਂ ਜਿਹੇ ਅਧਿਕਾਰ ਦਿੱਤੇ ਗਏ। ਅੰਗਰੇਜ਼ਾਂ ਨੇ ਇਸ ਕਬੀਲੇ ਦੇ ਲੋਕਾਂ ਉੱਤੇ ਬਹੁਤ ਸਾਰੇ ਜ਼ੁਲਮ ਕੀਤੇ। ਬਹੁਤ ਸਾਰੇ ਕੰਜਰਾਂ ਨੂੰ ਨਜ਼ਦੀਕੀ ਪੁਲਿਸ-ਸਟੇਸ਼ਨ ਵਿਚ ਹਾਜ਼ਰੀ ਲਗਵਾਉਣੀ ਪੈਂਦੀ ਸੀ। ਭਾਰਤ ਦੇ ਬਹੁਤ ਸਾਰੇ ਕਬੀਲਾਈ ਲੋਕਾਂ ਦੀ ਇਹ ਤ੍ਰਾਸਦੀ ਰਹੀ ਹੈ ਕਿ ਅਪਰਾਧ ਨੂੰ ਉਹਨਾਂ ਵਿਚ ਅਨੁਵੰਸ਼ਕ ਗੁਣ ਸਮਝਿਆ ਜਾਂਦਾ ਰਿਹਾ ਹੈ। ਕੰਜਰ ਕਬੀਲੇ ਦੀ ਬਹੁ ਗਿਣਤੀ ਦਿੱਲੀ ਅਤੇ ਰਾਜਸਥਾਨ ਵਿਚ ਹੈ। ਦਿੱਲੀ ਵਿਚ ਇਸ ਕਬੀਲੇ ਦਾ ਮੁੱਖ ਕੇਂਦਰ ਹੈ। ਕੰਜਰਾਂ ਦੀਆਂ ਬਹੁਤ ਸਾਰੀਆਂ ਕਲੋਨੀਆਂ ਵੀ ਆਮ ਵੇਖਣ ਨੂੰ ਮਿਲਦੀਆਂ ਹਨ। ਭਾਰਤ ਦੇ ਵਧੇਰੇ ਰਾਜਾਂ ਵਿਚ ਕੰਜਰਾਂ ਦੀ ਗਿਣਤੀ ਅਨੁਸੂਚਿਤ ਜਾਤੀਆਂ ਵਿਚ ਕੀਤੀ ਜਾਂਦੀ ਹੈ। ਕੰਜਰਾਂ ਨੂੰ ਅੰਬਾਲਾ ਨੇੜੇ 'ਜੱਲਾਦ' ਅਤੇ 'ਕੰਚਨ' ਆਦਿ ਰਲਵੇਂ ਮਿਲਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬੀ ਵਿਚ ਵੀ ਇਹਨਾਂ ਲਈ ਕੰਚਨ ਸ਼ਬਦ ਪ੍ਰਚਲਤ ਰਿਹਾ ਹੈ। ਮਹਾਨ ਕੋਸ਼ (2010: 83) ਵਿਚ ਕੰਚਨ ਦਾ ਅਰਥ ਇਸ ਜਾਤੀ ਨੂੰ ਵਿਭਚਾਰ ਦੀ ਠੇਕੇਦਾਰ ਕਿਹਾ ਗਿਆ ਹੈ। ਇਸੇ ਤਰ੍ਹਾਂ ਲੋਕਧਾਰਾ ਵਿਸ਼ਵਕੋਸ਼ (1981:950) ਵਿਚ ਵੀ ਕੰਚਨ ਜਾਤੀ ਬਾਰੇ ਦੱਸਿਆ ਗਿਆ ਹੈ ਕਿ ਕੰਚਨ ਔਰਤਾਂ ਨੌਟੰਕੀ

ਵਿਚ ਨੱਚਦੀਆਂ ਅਤੇ ਪੇਸ਼ਾ ਕਰਦੀਆਂ ਹਨ। ਇਨ੍ਹਾਂ ਦੀਆਂ ਮੁਟਿਆਰਾਂ ਨੂੰ 'ਕਬੂਤਰੀ' ਵੀ ਕਿਹਾ ਜਾਂਦਾ ਹੈ। ਗਲਾਸਰੀ 2,454 ਅਨੁਸਾਰ ਕੰਚਨ ਸ਼ਬਦ ਕਿਸੇ ਵੇਸ਼ਵਾ ਲਈ ਵਰਤਿਆ ਜਾਂਦਾ ਹੈ ਅਤੇ ਇਹ ਪੰਜਾਬੀ ਪਦ ਕੰਜਰ ਦਾ ਪਰਿਆਇ ਹੈ।

ਕੰਜਰਾਂ ਬਾਰੇ ਇਕ ਮਤ ਹੋਰ ਵੀ ਮਿਲਦਾ ਹੈ ਕਿ ਇਹ ਕਬੀਲਾ ਸਾਂਸੀ ਕਬੀਲੇ ਨਾਲ ਸਬੰਧਤ ਹੈ ਜਾ ਇੰਝ ਕਹਿ ਲਵੋ ਕਿ ਸਾਂਸੀ ਕਬੀਲੇ ਦਾ ਹੀ ਇਕ ਅੰਗ ਹੈ। ਕਰਨੈਲ ਸਿੰਘ ਥਿੰਦ (1996:21) ਅਨੁਸਾਰ "ਸ਼ਾਂਸੀ ਪੰਜਾਬ ਦਾ ਪ੍ਰਤਿਨਿਧ ਪੱਖੀਵਾਸ ਕਬੀਲਾ ਹੈ। ਇਸ ਕਬੀਲੇ ਦੀਆਂ ਪੰਜਾਹ ਤੋਂ ਉਪਰ ਜਾਤੀਆਂ ਹਨ। ਜਿਨ੍ਹਾਂ ਵਿਚ ਕਈ ਇਕ ਨੇ ਸੁਤੰਤਰ ਕਬੀਲਿਆਂ ਦਾ ਰੂਪ ਧਾਰਨ ਕਰ ਲਿਆ ਹੈ। ਇਨ੍ਹਾਂ ਵਿਚੋਂ ਕੀਕਣ ਜਾਂ ਭੇਡਕੁੱਟ, ਬਦੀਏ, ਗਲਿਹਾਰੇ ਜਾ ਕੁਚਬੰਦ, ਬੱਦੋ, ਕੰਜਰ ਅਤੇ ਢੇਅ ਆਦਿ ਦੇ ਨਾਂ ਖਾਸ ਵਰਣਨ ਯੋਗ ਹਨ।" ਇਸੇ ਤਰ੍ਹਾਂ ਲੋਕਧਾਰਾ ਵਿਸ਼ਵਕੋਸ਼ (1981:955) ਵਿਚ ਲਿਖਿਆ ਹੈ ਕਿ " ਕਈ ਸਾਂਹਸੀ ਕਬੀਲੇ ਵੀ ਕੰਜਰ ਦੇ ਨਾਉਂ ਨਾਲ ਪ੍ਰਸਿੱਧ ਹਨ। ਐਚ.ਐਲ.ਵਿਲੀਅਮ (ਗਲਾਸਰੀ 2475) ਅਨੁਸਾਰ ਘੱਗਰ ਦਰਿਆ ਦੇ ਪੂਰਬ ਵੱਲ ਦੇ ਕੁਝ ਜ਼ਿਲਿਆ ਵਿਚ ਸਾਂਹਸੀ ਲੋਕ ਕੰਜਰ ਕਰਕੇ ਜਾਣੇ ਜਾਂਦੇ ਹਨ। ਦਿੱਲੀ ਦੇ ਆਲੇ ਦੁਆਲੇ ਦੇ ਖੇਤਰ ਵਿਚ ਕਈ ਟਪਰੀਵਾਸ ਸਾਂਹਸੀ ਕੰਜਰ ਦੇ ਨਾਉਂ ਨਾਲ ਪ੍ਰਸਿੱਧ ਹਨ।"

Rose H.A. (1911L475) "They Admit a relationship between the Sansi and The Kanjars of the South, and that they speak common dialect, which may be thiover Patter or a patois of the original home. Wandring sansis stylo themselves Kanjars only in Delhi territory and parts of the east, droping the namo when they approach the satlej.

ਸੋ ਕਿਹਾ ਜਾ ਸਕਦਾ ਹੈ ਕਿ ਕੰਜਰ ਕਬੀਲਾ ਸਾਂਸੀ ਕਬੀਲੇ ਨਾਲ ਕਾਫੀ ਨੇੜ੍ਹਤਾ ਰੱਖਦਾ ਹੈ। ਕੰਜਰ ਲੋਕਾਂ ਦਾ ਜੀਵਨ, ਰਸਮਾਂ ਅਤੇ ਬੋਲੀ ਆਦਿ ਸਾਂਸੀ ਕਬੀਲੇ ਨਾਲ ਮਿਲਣਾ ਇਸ ਵਿਸ਼ੇ ਸਬੰਧੀ ਖੋਜ ਦਾ ਸੰਭਾਵੀ ਸੂਚਕ ਵੀ ਹੈ। ਇਤਿਹਾਸਕ ਪਿਛੋਕੜ ਦੀ ਚਰਚਾਂ ਤੋਂ ਬਾਅਦ ਕੰਜਰ ਕਬੀਲੇ ਦੇ ਲੋਕ ਜੀਵਨ ਵਿਚ ਉਘੜ ਕੇ ਸਾਹਮਣੇ ਆਉਂਦੀਆ ਸੱਭਿਆਚਾਰਕ ਬਣਤਰਾਂ ਨਿਮਨ ਅਨੁਸਾਰ ਹਨ।

(ੳ) ਪਹਿਰਾਵਾ ਅਤੇ ਖਾਣ ਪੀਣ: ਕੰਜਰ ਕਬੀਲੇ ਦੇ ਲੋਕ ਆਪਣੇ ਪਹਿਰਾਵੇ ਤੋਂ ਸਹਿਜੇ ਹੀ ਪਹਿਚਾਣੇ ਜਾਂਦੇ ਹਨ। ਇਨਾਂ ਦੀਆਂ ਔਰਤਾਂ ਲੰਮਾ ਕੁੜਤਾ ਅਤੇ ਪਜਾਮੀ ਪਾਉਂਦੀਆਂ ਹਨ। ਕੁਝ ਔਰਤਾਂ ਘੱਗਰਾ ਵੀ ਪਾਉਂਦੀਆਂ ਹਨ। ਰਾਜਸਥਾਨ ਵਿਚ ਇਸ ਕਬੀਲੇ ਦੇ ਮਰਦ ਕੁੜਤਾ ਅਤੇ ਧੋਤੀ ਪਾਉਂਦੇ ਹਨ ਪ੍ਰੰਤੂ ਪੰਜਾਬ ਵਿਚ ਇਹਨਾਂ ਦਾ ਪਹਿਰਾਵਾ ਆਮ ਲੋਕਾਂ ਜਿਹਾ ਹੀ ਹੈ। ਮਰਦ ਆਮ ਤੌਰ ਤੇ ਸਰੀਰ ਵਿਚ ਛੇਕ ਕਰਵਾ ਕੇ ਗਹਿਣੇ ਪਹਿਨਣ ਦੇ ਸ਼ੌਕੀਨ ਹਨ।ਵਿਆਹੀਆਂ ਔਰਤਾਂ ਆਮ ਤੌਰ ਤੇ ਪਰਦੇ ਵਿਚ ਰਹਿੰਦੀਆਂ ਹਨ। ਵਿਆਹੀਆਂ ਔਰਤਾਂ ਬਾਹਵਾਂ ਦੇ ਕੁਹਣੀ ਤੋਂ ਉਤੇ ਚੂੜੀਆਂ ਪਹਿਨਦੀਆਂ ਹਨ। ਇਸ ਤੋਂ ਬਿਨਾਂ ਮੰਗਲਸੂਤਰ ਨੱਥ, ਕੋਕਾ ਅਤੇ ਸੰਧੂਰ ਆਦਿ ਇਨ੍ਹਾਂ ਦੇ ਵਿਆਹੀਆਂ ਹੋਣ ਦਾ ਸੂਚਕ ਸਮਝਿਆ ਜਾਂਦਾ ਹੈ। ਕੁਝ ਔਰਤਾਂ ਘੱਗਰਾ, ਸਾੜੀ ਅਤੇ ਬਲਾਊਜ਼ ਆਦਿ ਵੀ ਪਾਉਂਦੀਆਂ ਹਨ। ਮਰਦਾਂ ਵਿਚ ਪਗੜੀ ਬੰਨਣ ਦਾ ਵੀ ਰਿਵਾਜ਼ ਹੈ। ਕਬੀਲਾ ਪੰਚਾਇਤ ਮੈਂਬਰ ਆਪਣੇ ਅਹੁਦੇ ਅਤੇ ਰੁਤਬੇ ਅਨੁਸਾਰ ਵੀ ਪਗੜੀਆਂ ਦੇ ਰੰਗ ਬੰਨਦੇ ਹਨ।

ਇਸ ਕਬੀਲੇ ਦੇ ਲੋਕਾਂ ਦਾ ਜੀਵਨ ਜਾਂਗਲੀ ਹੋਣ ਕਾਰਨ ਇਹ ਵਿਸ਼ੇਸ਼ ਰੂਪ ਵਿਚ ਮਾਸਾਹਾਰੀ ਹਨ। ਡੱਡੂ , ਮੱਛੀ, ਕਿਰਲੇ, ਗਿੱਦੜ, ਬਿੱਲੇ ਅਤੇ ਸੱਪ ਆਦਿ ਨੂੰ ਬਹੁਤ ਹੀ ਖੁਸ਼ੀ ਨਾਲ ਖਾਂਦੇ ਹਨ।

ਸ਼ਿਕਾਰ ਤੋਂ ਲਿਆਂਦਾ ਗਿਆ ਮਾਸ ਵੰਡੀਆਂ ਪਾ ਕੇ ਵੰਡਿਆ ਜਾਂਦਾ ਹੈ। ਜਿਸ ਵਿਚ ਵਿਧਵਾ ਔਰਤਾਂ ਲਈ ਵੀ ਹਿੱਸਾ ਕੱਢਿਆ ਜਾਂਦਾ ਹੈ। ਇਹ ਲੋਕ ਗਾਂ ਅਤੇ ਸੂਰ ਦਾ ਮਾਸ ਨਹੀਂ ਖਾਦੇ। ਸ਼ਾਕਾਹਾਰੀ ਭੋਜਨ ਵਿਚ ਜਵਾਰ, ਬਾਜਰਾ, ਮੱਕੀ, ਕਣਕ, ਚਾਵਲ ਆਦਿ ਦੀ ਵਰਤੋਂ ਵਧੇਰੇ ਕਰਦੇ ਹਨ। ਕੰਜਰ ਕਬੀਲੇ ਦੇ ਮਰਦ ਅਤੇ ਔਰਤਾਂ ਸ਼ਰਾਬ ਅਤੇ ਤੰਬਾਕੂ ਦੀ ਵਰਤੋਂ ਬਹੁਤ ਜ਼ਿਆਦਾ ਕਰਦੇ ਹਨ। ਇਸ ਤੋਂ ਇਲਾਵਾ ਇਹ ਲੋਕ ਸਾਰੀਆਂ ਜਾਤੀਆਂ ਤੋਂ ਮੰਗ ਕੇ ਖਾ ਲੈਂਦੇ ਹਨ। ਸ਼ਰਾਬ ਕੱਢਣੀ ਅਤੇ ਆਪਣੇ ਦੇਵਤਿਆਂ ਨੂੰ ਭੇਟਾ ਕਰਨੀ ਇਹਨਾਂ ਦੀ ਧਾਰਮਿਕ ਰੀਤ ਹੈ। ਇਸ ਤੋਂ ਬਿਨਾਂ ਸੰਕਟ ਦੇ ਸਮੇਂ ਕਬੀਲੇ ਦੀਆਂ ਰਹੁ-ਰੀਤਾਂ ਅਨੁਸਾਰ ਬੱਕਰੇ ਆਦਿ ਦੀ ਬਲੀ ਵੀ ਦਿੱਤੀ ਜਾਂਦੀ ਹੈ।

(ਅ) ਕੰਜਰ ਕਬੀਲੇ ਦੀਆਂ ਔਰਤਾਂ – ਕੰਜਰ ਕਬੀਲੇ ਦੀਆਂ ਔਰਤਾਂ ਦੀ ਸਥਿਤੀ ਬਹੁਤ ਹੀ ਤਰਸਯੋਗ ਹੈ ਕਿਉਂਕਿ ਇਹ ਕਬੀਲਾ ਮਰਦ ਪ੍ਰਧਾਨ ਹੈ। ਇਸ ਕਬੀਲੇ ਦੀਆਂ ਔਰਤਾਂ ਸਰੀਰਕ ਅਤੇ ਮਾਨਸਿਕ ਸੋਸ਼ਣ ਦਾ ਸੰਤਾਪ ਹੰਢਾਉਂਦੀਆਂ ਹਨ। ਇਨ੍ਹਾਂ ਨੂੰ ਸਮਾਜ ਵਿਚ ਵਸਤੂ ਵਾਂਗ ਪੇਸ਼ ਕੀਤਾ ਜਾਂਦਾ ਹੈ। ਇਹ ਚਲਦੀਆਂ ਫਿਰਦੀਆਂ ਮਸ਼ੀਨਾਂ ਹੀ ਜਾਪਦੀਆਂ ਹਨ। ਇਸ ਕਬੀਲੇ ਦੀਆਂ ਔਰਤਾਂ ਹੀ ਪਰਿਵਾਰ ਨੂੰ ਚਲਾਉਂਦੀਆਂ ਹਨ। ਕੁੜੀ ਦੇ ਜਨਮ ਸਮੇਂ ਇਸ ਕਬੀਲੇ ਵਿਚ ਬਹੁਤ ਖੁਸ਼ੀਆਂ ਭਰਿਆ ਮਾਹੌਲ ਵੇਖਣ ਨੂੰ ਮਿਲਦਾ ਹੈ। ਇਸ ਮੌਕੇ ਕਬੀਲਾ ਵਾਸੀਆਂ ਨੂੰ ਦਾਅਵਤ ਦਿੱਤੀ ਜਾਂਦੀ ਹੈ। ਮੁੰਡੇ ਦੇ ਜਨਮ ਸਮੇਂ ਕੋਈ ਵਿਸ਼ੇਸ਼ ਖੁਸ਼ੀ ਨਹੀਂ ਮਨਾਈ ਜਾਂਦੀ, ਜਿਸ ਤੋਂ ਮਨੁੱਖ ਦੀ ਸਵਾਰਥੀ ਪ੍ਰਵਿਰਤੀ ਸਪਸ਼ਟ ਰੂਪ ਵਿਚ ਝਲਕਦੀ ਹੈ। ਕੰਜਰ ਕਬੀਲੇ ਵਿਚ ਕੁਆਰੀਆਂ ਕੁੜੀਆਂ ਤੋਂ ਪੇਸ਼ਾ ਕਰਾਇਆ ਜਾਂਦਾ ਹੈ। ਬਾਹਰੋਂ ਆਏ ਮਹਿਮਾਨਾਂ ਦੀ ਮਹਿਮਾਨ-ਨਵਾਜੀ ਲੜਕੀ ਦੇ ਸਕੇ ਸੰਬੰਧੀਆਂ ਦੁਆਰਾ ਕੀਤੀ ਜਾਂਦੀ ਹੈ। ਕੰਜਰ ਕੁੜੀਆਂ ਬਹੁਤ ਬੇਬਸ ਨਜ਼ਰ ਆਉਦੀਆਂ ਹਨ। ਇਹਨਾਂ ਨੂੰ ਵੱਡੀਆਂ ਮੰਡੀਆਂ ਵਿਚ ਵੇਚਿਆ ਜਾਂਦਾ ਹੈ। ਇਹਨਾਂ ਸਥਿਤੀਆਂ ਕਾਰਨ ਇਹ ਨਸ਼ੇ ਦੀਆਂ ਆਦੀ ਵੀ ਹੋ ਜਾਂਦੀਆਂ ਹਨ। ਇਸ ਕਬੀਲੇ ਦੀ ਇਕ ਰਸਮ ਅਨੁਸਾਰ ਕੁਆਰੀ ਲੜਕੀ ਨਾਲ ਪਹਿਲੀ ਵਾਰੀ ਜਿਨਸੀ ਸੰਬੰਧ ਸਥਾਪਤ ਕਰਨ ਤੋਂ ਪਹਿਲਾਂ ਉਸ ਨੂੰ ਨੱਥ ਪਹਿਨਾਈ ਜਾਂਦੀ ਹੈ। ਇਸ ਮੌਕੇ ਤੇ ਲੜਕੀ ਦੇ ਘਰਵਾਲੇ ਮੋਟੀ ਰਕਮ ਵਸੂਲ ਕਰਦੇ ਹਨ। ਇਸ ਰਸਮ ਨੂੰ 'ਨੱਥ ਤੁੜਵਾਈ' ਦਾ ਨਾਂ ਦਿੱਤਾ ਜਾਂਦਾ ਹੈ। ਲੜਕੀਆਂ ਨੂੰ ਪੈਸੇ ਲੈ ਕੇ ਵੇਚਣਾ ਆਮ ਜਿਹੀ ਗੱਲ ਹੈ। ਇਸ ਕਬੀਲੇ ਦੀਆਂ ਲੜਕੀਆਂ ਨੂੰ ਵਿਆਹ ਤੋਂ ਪਹਿਲਾਂ ਸੈਕਸ ਕਰਨ ਦੀ ਪੂਰਨ ਖੁੱਲ੍ਹ ਹੁੰਦੀ ਹੈ। ਪਰੰਤੂ ਬਾਅਦ ਵਿਚ ਇਹ ਟੈਬੂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਕੰਜਰ ਔਰਤਾਂ ਮੁੱਢ ਵਿਚ ਰਾਜੇ ਮਹਾਰਾਜਿਆਂ ਦੇ ਘਰਾਂ ਵਿਚ ਜਜਮਾਨੀ ਦਾ ਕੰਮ ਵੀ ਕਰਦੀਆਂ ਸਨ, ਇਸ ਤੋਂ ਬਿਨਾਂ ਮੁਜਰਾ ਕਰਨਾ ਵੀ ਇਨ੍ਹਾਂ ਦੇ ਹਿੱਸੇ ਆਇਆ। ਵਰਤਮਾਨ ਪੰਜਾਬ ਦੇ ਸੰਦਰਭ ਵਿਚ ਇਸ ਕਬੀਲੇ ਦੀਆਂ ਔਰਤਾਂ ਪਿੰਡਾ ਵਿਚ ਵਧਾਈ ਮੰਗਦੀਆਂ ਫਿਰਦੀਆਂ ਹਨ। ਕੁਝ ਔਰਤਾਂ, ਔਰਤਾਂ ਦੀਆਂ ਗੁਪਤ ਬਿਮਾਰੀਆਂ ਦੀਆਂ ਦਵਾਈਆਂ ਵੀ ਤਿਆਰ ਕਰਦੀਆਂ ਹਨ ਅਤੇ ਪਿੰਡਾਂ ਵਿਚ ਵੇਚਦੀਆਂ ਹਨ। ਇਨ੍ਹਾਂ ਨੂੰ ਵਿਧਵਾ ਵਿਆਹ ਦੀ ਖੁੱਲ੍ਹ ਜ਼ਰੂਰ ਵੇਖਣ ਨੂੰ ਮਿਲਦੀ ਹੈ। ਇਸ ਕਬੀਲੇ ਦੀਆਂ ਔਰਤਾਂ ਦੀ ਸ਼ਾਖਰਤਾ ਦਰ ਨਾਮਾਤਰ ਹੀ ਹੈ। ਕੰਜਰਾਂ ਦੀਆਂ ਬਜ਼ੁਰਗ ਔਰਤਾਂ ਨੂੰ ਕਈ ਵਾਰ ਪਤੀ ਦੀ ਮੌਤ ਤੋਂ ਬਾਅਦ ਮੁਖੀ ਵਜੋਂ ਥਾਪਿਆ ਜਾਂਦਾ ਹੈ। ਇਸ ਕਬੀਲੇ ਦੀ ਇਕ ਰੀਤ ਅਨੁਸਾਰ ਕਿਸੇ ਬਾਹਰੀ ਜਾਤੀ ਦੀ ਔਰਤ ਨੂੰ ਧਰਮ ਦੀ ਭੈਣ ਬਣਾਇਆ ਜਾ ਸਕਦਾ ਹੈ। ਇਸ ਰਸਮ ਵਿਚ ਉਸ ਔਰਤ ਨੂੰ ਕਬੀਲਾ ਵਾਸੀਆਂ ਸਾਹਮਣੇ ਸ਼ਰਬਤ ਪਿਆਇਆ ਜਾਂਦਾ ਹੈ। ਇਸ ਤੋਂ ਬਾਅਦ ਉਸ ਔਰਤ ਦਾ ਇਸ ਕਬੀਲੇ ਦੀਆਂ ਸਾਰੀਆਂ ਰਸਮਾਂ ਰੀਤਾਂ ਉੱਤੇ ਅਧਿਕਾਰ ਹੋ ਜਾਂਦਾ

ਹੈ। ਕੰਜਰ ਕਬੀਲੇ ਦੇ ਲੋਕ ਅਪਰਾਧੀ ਬਿਰਤੀ ਹੋਣ ਕਾਰਨ ਸ਼ਹਿਰਾਂ ਵਿਚੋਂ ਛੋਟੀਆਂ-ਛੋਟੀਆਂ ਲੜਕੀਆਂ ਚੁੱਕ ਲਿਆਉਂਦੇ ਹਨ ਅਤੇ ਉਹਨਾਂ ਨੂੰ ਜਵਾਨ ਕਰਕੇ ਪੇਸ਼ਾ ਕਰਵਾਉਂਦੇ ਹਨ।

(ਏ) ਵਿਆਹ ਪ੍ਰਬੰਧ– ਇਸ ਕਬੀਲੇ ਦੀ ਮਰਿਆਦਾ ਅਨੁਸਾਰ ਵਿਆਹ ਨੂੰ ਬਹੁਤ ਹੀ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ। ਕੰਜਰ ਕਬੀਲੇ ਦੇ ਲੋਕ ਆਮ ਤੌਰ 'ਤੇ ਆਪਣੀਆਂ ਲੜਕੀਆਂ ਦਾ ਵਿਆਹ ਆਪਣੇ ਸਕੇ -ਸੰਬੰਧੀਆਂ ਨਾਲ ਹੀ ਕਰਦੇ ਹਨ। ਹਿੰਦੂ ਕੰਜਰ, ਹਿੰਦੂ ਧਰਮ ਦੀਆਂ ਰੀਤਾਂ ਅਨੁਸਾਰ ਜਦਕਿ ਮੁਸਲਮਾਨ ਕੰਜਰ ਨਿਕਾਹ ਦੀ ਰਸਮ ਅਦਾ ਕਰਦੇ ਹਨ। ਬਾਲਗ ਵਿਆਹ ਨੂੰ ਹੀ ਮਾਨਤਾ ਦਿੱਤੀ ਜਾਂਦੀ ਹੈ। ਅਦਲੇ-ਬਦਲੇ ਦੇ ਵਿਆਹ ਆਮ ਵੇਖਣ ਨੂੰ ਮਿਲਦੇ ਹਨ। ਕੰਜਰਾਂ ਵਿਚ ਪੁੰਨ ਦੇ ਵਿਆਹ ਦੀ ਥਾਂ ਟਕੇ ਦੇ ਵਿਆਹ ਦੀ ਪ੍ਰਥਾ ਹੈ। ਅੱਧੀ ਰਕਮ ਵਿਆਹ ਤੋਂ ਪਹਿਲਾਂ ਅਤੇ ਅੱਧੀ ਰਕਮ ਪਹਿਲੀ ਸੰਤਾਨ ਤੋਂ ਬਾਅਦ ਦਿੱਤੀ ਜਾਂਦੀ ਹੈ। ਕੰਜਰ ਲੜਕੀਆਂ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾ ਸਕਦੀਆਂ ਹਨ ਪ੍ਰੰਤੂ ਇਹ ਕਬੀਲੇ ਤੱਕ ਹੀ ਸੀਮਤ ਹੁੰਦਾ ਹੈ। ਉਧਾਲੇ ਦੇ ਵਿਆਹਾਂ ਨੂੰ ਪ੍ਰਵਾਨਗੀ ਦੇਣਾ ਕਬੀਲਾ ਪੰਚਾਇਤ ਦਾ ਅਧਿਕਾਰ ਹੈ। ਉਧਾਲੇ ਮਗਰੋਂ ਆਮ ਤੌਰ ਤੇ ਵਿਆਹੁਤਾ ਜੋੜੀ ਅਗਿਆਤਵਾਸ ਕਰਕੇ ਮੁੜ ਆਪਣੇ ਕਬੀਲੇ ਵਿਚ ਵਾਪਸ ਆ ਰਲਦੀ ਹੈ। ਇਸ ਮੌਕੇ ਤੇ ਕਬੀਲਾ ਵਾਸੀਆਂ ਨੂੰ ਭੋਜ ਕੀਤਾ ਜਾਂਦਾ ਹੈ। ਇਹੋ ਭੋਜ ਹੀ ਉਸ ਵਿਆਹ ਲਈ ਕਬੀਲਾ-ਸਵਿਕ੍ਰਿਤੀ ਦਾ ਪ੍ਰਮਾਣ ਸਮਝਿਆ ਜਾਂਦਾ ਹੈ। ਇਸ ਕਬੀਲੇ ਸੰਬੰਧੀ ਕਈ ਰਾਜਾਂ ਵਿਚ ਵੇਖਣ ਨੂੰ ਮਿਲਦਾ ਹੈ ਕਿ ਲੜਕੀ ਦੀ ਮਾਂ ਉਸ ਲਈ ਵਰ ਦੀ ਚੋਣ ਹੀ ਨਹੀਂ ਕਰਦੀ ਸਗੋਂ ਉਸ ਲੜਕੇ ਦੀ ਸਰੀਰਕ ਤੰਦਰੁਸਤੀ ਨੂੰ ਪਰਖਣ ਲਈ ਟੋਕਰੀ ਦੀ ਰਸਮ ਅਦਾ ਕਰਦੀ ਹੈ। ਇਸ ਤੋਂ ਇਲਾਵਾ ਦੁਬਾਰਾ ਵਿਆਹ ਕਰਨ ਦੀ ਰਸਮ ਨੂੰ ਨਾਤਰਾ ਕਿਹਾ ਜਾਂਦਾ ਹੈ। ਆਮ ਤੌਰ 'ਤੇ ਵਿਧਵਾ ਵਿਆਹ ਕੁਵਾਰੇ ਦੇਵਰ ਨਾਲ ਕੀਤਾ ਜਾਦਾ ਹੈ ਤਲਾਕ ਆਮ ਵੇਖਣ ਨੂੰ ਮਿਲਦੇ ਹਨ ਪ੍ਰੰਤੂ ਤਲਾਕ ਦੌਰਾਨ ਕਬੀਲੇ ਦੁਆਰਾ ਬਣਾਇਆ ਜਾਤੀ ਸਮਾਜ ਦੋਸ਼ੀ ਵਿਅਕਤੀ ਨੂੰ ਜੁਰਮਾਨਾ ਕਰਦਾ ਹੈ। ਤਲਾਕ ਤੋਂ ਬਾਅਦ ਸੰਤਾਨ ਨੂੰ ਪਤੀ ਦੇ ਹਵਾਲੇ ਕੀਤਾ ਜਾਂਦਾ ਹੈ। ਤਲਾਕ ਦੀ ਸਵਿਕ੍ਰਿਤੀ ਤੋਂ ਬਾਅਦ ਦੋਵਾਂ ਨੂੰ ਵਿਆਹ ਕਰਵਾਉਣ ਦੀ ਆਜ਼ਾਦੀ ਹੁੰਦੀ ਹੈ।

(ਸ) ਕਬੀਲਾ-ਨਾਚ– ਕੰਜਰ ਕਬੀਲੇ ਦੇ ਨਾਚ ਨੂੰ 'ਚੱਕਰੀ ਨਾਚ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ 'ਚ ਔਰਤਾਂ ਨੇ ਲੰਮੇ ਘੱਗਰੇ ਪਾਏ ਹੁੰਦੇ ਹਨ। ਕੰਜਰ ਮਰਦ ਢੋਲਕ ਦੇ ਨਾਲ ਅਤੇ ਗਾਉਂਦੇ ਹਨ। ਜਿਸ ਵਿਚ ਔਰਤਾਂ ਵੀ ਗਾਉਂਦੀਆਂ ਹਨ। ਕੰਜਰ ਔਰਤਾਂ ਢੋਲ ਦੀ ਤਾਂਨ ਉੱਤੇ ਮਸਤ ਹੋ ਕੇ ਲਾਟੂ ਵਾਂਗੂੰ ਘੁੰਮਦੀਆਂ ਹਨ। ਇਹ ਇੰਨੀਆਂ ਪਰਪੱਕ ਹੁੰਦੀਆਂ ਹਨ ਕਿ ਕਾਫੀ ਲੰਮਾ ਸਮਾਂ ਘੁੰਮਦੀਆਂ ਰਹਿੰਦੀਆਂ ਹਨ। ਲਗਦਾ ਹੈ ਕਿ ਇਹਨਾਂ ਦੇ ਵਧੇਰੇ ਘੁੰਮਣ ਕਾਰਨ ਹੀ ਇਸ ਨਾਚ ਦਾ ਨਾਂ ਚੱਕਰੀ ਨਾਚ ਪਿਆ ਹੋਵੇਗਾ। ਪੰਜਾਬ ਵਿਚ ਇਸ ਕਬੀਲੇ ਦਾ ਨਾਚ ਕੁਝ ਅਲਗ ਰੂਪ ਧਾਰਨ ਕਰ ਗਿਆ ਹੈ। ਪੰਜਾਬ ਵਾਸੀ ਕੰਜਰ ਪਿੰਡਾਂ ਵਿਚ ਆਪਣੀਆਂ ਔਰਤਾਂ ਨਾਲ ਸ਼ਗਨ ਆਦਿ ਮੰਗਣ ਲਈ ਜਾਂਦੇ ਹਨ। ਜਿਸ ਦੌਰਾਨ ਆਦਮੀ ਢੋਲਕੀ ਵਜਾਉਂਦਾ ਹੈ ਅਤੇ ਔਰਤ ਨੱਚਦੀ ਹੈ।

(ਹ) ਧਾਰਮਿਕ ਰਹੁ-ਰੀਤਾਂ:– ਕੰਜਰ ਕਬੀਲਾ ਅਪਰਾਧੀ ਕਬੀਲੇ ਵਜੋਂ ਜਾਣਿਆ ਜਾਂਦਾ ਹੈ। ਇਸ ਕਬੀਲੇ ਦੇ ਲੋਕ ਅਪਰਾਧਾ ਨੂੰ ਵੀ ਧਾਰਮਿਕ ਰੰਗਤ ਦਿੰਦੇ ਹਨ। ਆਮ ਤੌਰ ਤੇ ਭਾਰਤ ਵਿਚ ਮਿਲਦੇ ਵਧੇਰੇ ਕੰਜਰਾਂ ਦੀ ਗਿਣਤੀ ਹਿੰਦੂ ਧਰਮ ਵਿਚ ਕੀਤੀ ਜਾਦੀ ਹੈ। ਬੀ.ਐਸ. ਭਰਗਵ ਦਾ ਮਤ ਹੈ ਕਿ ਮੁਸਲਮਾਨ ਅਪਰਾਧੀ ਕਬੀਲੇ ਹਨ ਜਿਨ੍ਹਾਂ ਨੂੰ ਮਾਰ ਦੇਣ ਦਾ ਡਰ ਦੇ ਕੇ ਮੁਸਲਮਾਨ ਧਰਮ ਲੈਣ ਲਈ ਮਜਬੂਰ ਕੀਤਾ ਗਿਆ। ਮੁਸਲਮਾਨ ਕੰਜਰਾ ਦੀ ਗਿਣਤੀ ਬਹੁਤ ਹੀ ਘੱਟ ਹੈ ਪ੍ਰੰਤੂ

ਪਾਕਿਸਤਾਨ ਵਿਚ ਮਿਲਦੇ ਵਧੇਰੇ ਕੰਜਰ ਮੁਸਲਮਾਨ ਧਰਮ ਦੇ ਅਨੁਯਾਈ ਹਨ। ਹਿੰਦੂ ਕੰਜਰ ਕਾਲਕਾ, ਅੰਬਾ, ਭਵਾਨੀ, ਦੁਰਗਾ ਆਦਿ ਦੇਵੀਆਂ ਦੀ ਪੂਜਾ ਕਰਦੇ ਹਨ। ਇਸ ਤੋਂ ਬਿਨਾਂ ਸ਼ਿਵਜੀ, ਭੈਰੋ, ਹਨੂਮਾਨ ਅਤੇ ਕ੍ਰਿਸ਼ਨ ਭਗਵਾਨ ਦੀ ਪੂਜਾ ਦਾ ਵੀ ਪ੍ਰਚਲਨ ਹੈ। ਗੁੱਗੇ ਦੀ ਪੂਜਾ ਹਿੰਦੂ ਅਤੇ ਮੁਸਲਮਾਨ ਦੋਵੇਂ ਕੰਜਰਾਂ ਦੁਆਰਾ ਕੀਤੀ ਜਾਂਦੀ ਹੈ। ਕੰਜਰਾਂ ਦੇ ਆਪਣੇ ਮੰਦਰ ਹਨ। ਇਨ੍ਹਾਂ ਦੁਆਰਾ ਪਿੜ੍ ਪੂਜਾ ਵੀ ਕੀਤੀ ਜਾਂਦੀ ਹੈ। ਬੱਚੇ ਦੇ ਜਨਮ ਸਮੇਂ 'ਕੁਲਦੇਵੀ' ਦੀ ਪੂਜਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮੌਤ ਉਪਰੰਤ ਹਿੰਦੂ ਕੰਜਰ ਆਪਣਾ ਸਾਰਾ ਕਾਰਜ ਬ੍ਰਾਹਮਣਾਂ ਅਨੁਸਾਰ ਕਰਦੇ ਹਨ। ਪ੍ਰੰਤੂ ਮੁਰਦੇ ਨੂੰ ਦਫਨਾਉਣਾ, ਇਸ ਕਬੀਲੇ ਵਿਚ ਹਿੰਦੂਆਂ ਨਾਲੋਂ ਵੱਖਰੀ ਪਿਰਤ ਹੈ। ਟੂਣੇ-ਟਾਮਣ ਕਰਨਾ ਅਤੇ ਧਾਗੇ ਤਵੀਤ ਪਾਉਣਾ ਵੀ, ਇਹਨਾਂ ਦੀਆਂ ਧਾਰਮਿਕ ਪ੍ਰਵਿਰਤੀਆਂ ਵਿਚ ਸ਼ਾਮਿਲ ਹੈ।

ਇਸ ਕਬੀਲੇ ਨੇ ਆਪਣੇ ਆਪ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਕਰਦਿਆਂ ਦਿਵਾਲੀ, ਹੋਲੀ, ਕ੍ਰਿਸ਼ਨ ਅਸ਼ਟਮੀ ਆਦਿ ਤਿਓਹਾਰਾਂ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਕੰਜਰ ਮਰਦ ਅਤੇ ਔਰਤਾਂ ਗੀਤ ਗਾਉਂਦੇ ਅਤੇ ਨਾਚ ਕਰਦੇ ਹਨ।

ਉਪਰੋਕਤ ਕੰਜਰਾਂ ਦੇ ਲੋਕ ਜੀਵਨ ਨੂੰ ਦੇਖਦੇ ਹੋਏ ਸਪਸ਼ਟ ਹੁੰਦਾ ਹੈ ਕਿ ਇਹਨਾਂ ਦਾ ਜੀਵਨ ਬਹੁਤ ਸਾਰੀਆਂ ਇਤਿਹਾਸਕ ਅਤੇ ਮਿਥਿਹਾਸਕ ਕੜੀਆਂ ਨਾਲ ਜੁੜਿਆ ਹੋਇਆ ਹੈ। ਕੰਜਰ ਕਬੀਲੇ ਦੀਆਂ ਆਪਣੀਆਂ ਰਹੁ-ਰੀਤਾਂ ਅਤੇ ਧਾਰਮਿਕ ਅਕੀਦੇ ਹਨ। ਜਿਸ ਵਿਚ ਸੱਭਿਆਚਰਕ ਵਿਪਥਣ ਵੀ ਵੇਖਣ ਨੂੰ ਮਿਲਦਾ ਹੈ। ਅਧੁਨਿਕਤਾ ਦੇ ਦੌਰ ਵਿਚ ਇਹਨਾਂ ਉੱਤੇ ਪ੍ਰਮੁੱਖ ਸੱਭਿਆਚਾਰ ਦਾ ਪ੍ਰਭਾਵ ਪੈਣਾ ਸੁਭਾਵਿਕ ਹੈ। ਪ੍ਰੰਤੂ ਫਿਰ ਵੀ ਇਹਨਾਂ ਦੀ ਕਬੀਲਾਈ ਕੱਟੜਤਾ ਇਨ੍ਹਾਂ ਨੂੰ ਆਮ ਲੋਕਾਂ ਨਾਲੋਂ ਨਿਖੇੜੀ ਰੱਖਦੀ ਹੈ। ਵਰਤਮਾਨ ਸਮੇਂ ਵਿਚ ਇਸ ਕਬੀਲੇ ਦੀ ਸਥਿਤੀ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕਬੀਲੇ ਦੇ ਸਮਾਜੀ-ਸੱਭਿਆਚਾਰਕ ਅਤੇ ਭਾਸ਼ਾਈ ਅਧਿਐਨ ਦੀ ਲੋੜ ਹੈ। ਬੇਸ਼ੱਕ ਭਾਰਤ ਸਰਕਾਰ ਨੇ ਅਜਿਹੇ ਕਬੀਲਿਆਂ ਦੀ ਹਾਲਤ ਸੁਧਾਰਨ ਲਈ ਸਾਕਾਰਤਮਕ ਰਵੱਈਆ ਅਪਣਾਇਆ ਹੈ। ਪ੍ਰੰਤੂ ਇਸ ਨੂੰ ਜ਼ਮੀਨੀ ਪੱਧਰ ਤੇ ਵਿਚਾਰਨਾ ਹੀ ਸਾਰਥਕ ਸਿੱਧ ਹੋ ਸਕਦਾ ਹੈ। ਗੁਰਬਤ ਹੰਢਾ ਰਹੇ ਇਨ੍ਹਾਂ ਅਪਰਾਧੀ ਕਬੀਲਿਆਂ ਦੇ ਸੁਧਾਰਾਂ ਲਈ ਸਖ਼ਤ ਕਾਨੂੰਨਾਂ ਦੀ ਨਹੀਂ ਸਗੋਂ ਮਨੋਵਿਗਿਆਨਕ ਢੰਗਾਂ ਦੀ ਤਰਜ਼ਮਾਨੀ ਕਰਨੀ ਲਾਜ਼ਮੀ ਹੈ।

ਪੁਸਤਕ ਸੂਚੀ

1. ਭਾਟੀਆ ਤ੍ਰਿਲੋਚਨ ਸਿੰਘ, 1992, ਕਿਵੇਂ ਕਿਵੇਂ ਦੇ ਲੋਕ, ਅੰਮ੍ਰਿਤਸਰ: ਸਿੰਘ ਬ੍ਰਦਰਜ਼।

2. ਮਜੂਮਦਾਰ, ਡੀ.ਐਨ. ਬਲਦੇਵ ਸਿੰਘ (ਅਨੁ.), 1975, ਭਾਰਤੀ ਸੰਸਕ੍ਰਿਤੀ ਅਤੇ ਜਾਤੀਆਂ, ਪਟਿਆਲਾ: ਪੰਜਾਬੀ ਯੂਨੀਵਰਸਿਟੀ।

3. ਥਿੰਦ ਕਰਨੈਲ ਸਿੰਘ, 1996, ਪੰਜਾਬ ਦਾ ਲੋਕ ਵਿਰਸਾ (ਭਾਗ ਪਹਿਲਾ), ਪਟਿਆਲਾ: ਪੰਜਾਬੀ ਯੂਨੀਵਰਸਿਟੀ।

4. ਬੇਦੀ ਸੁਹਿੰਦਰ ਸਿੰਘ, 1981, ਲੋਕਧਾਰਾ ਵਿਸ਼ਕੋਸ਼, ਨਵੀਂ ਦਿੱਲੀ: ਲੋਕ ਪ੍ਰਕਾਸ਼ਨ।

5. K.S. Singh (Edi.) 1998, People of India Rajasthan (Part two) volume (xxxviii) Anthropological survey of India, Mumbai: Popular Parkashn.

6. Rose M.A., 1977, A Glossary of the castes and Tribes of Punjab and N.W.F.P. (Vol. II) Lahore.

7. Sherring, M.A., 1872, Hindu Tribes and Castes and represented in Calcutta :Banaras.

ਪਤਾ-ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੋ: 94646-48899

ਆਲੋਚਨਾ :

ਅਤਰਜੀਤ ਦੀਆਂ ਕਹਾਣੀਆਂ 'ਚ ਦਲਿਤ ਸੰਵੇਦਨਾ

- ਸੰਦੀਪ ਕੌਰ ਬਰਾੜ



ਦਲਿਤ ਸੰਵੇਦਨਾ ਬਾਰੇ ਗੱਲ ਕਰਨ ਤੋਂ ਪਹਿਲਾਂ 'ਦਲਿਤ' ਸ਼ਬਦ ਦੇ ਅਰਥਾਂ ਨੂੰ ਜਾਨਣਾ ਜ਼ਰੂਰੀ ਹੈ। 'ਦਲਿਤ' ਸ਼ਬਦ ਸੰਸਕ੍ਰਿਤ ਤੇ ਹੋਰ ਉੱਤਰੀ ਭਾਰਤੀ ਭਾਸ਼ਾਵਾਂ 'ਚ ਹੀ ਨਹੀਂ ਸਗੋਂ ਮੱਧ ਪੂਰਬੀ ਏਸ਼ੀਆ ਦੀਆਂ ਪੁਰਾਤਨ ਬੋਲੀਆਂ ਵਿਚ ਵੀ ਇਸ ਦੀ ਵਰਤੋਂ ਮਿਲਦੀ ਹੈ। ਸੰਸਕ੍ਰਿਤ ਵਿਚਲੇ ਦਲਿਤ ਸ਼ਬਦ ਦਾ ਅਰਥ ਹੈ ਟੁੱਟਾ ਹੋਇਆ ਜਾਂ ਸ਼ੋਸ਼ਿਤ। ਸੰਸਕ੍ਰਿਤ ਵਿਚਲੇ ਦਲਿਤ ਸ਼ਬਦ ਦੀ ਜੜ੍ ਆਰੀਆਈ ਬ੍ਰਾਹਮਣਵਾਦੀ ਸੰਸਕ੍ਰਿਤੀ ਵਿੱਚ ਹੈ ਜਿਸ ਵਿੱਚ ਚਾਰ ਵਰਣ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਸਾਹਮਣੇ ਆਉਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿੱਚ ਦਲਿਤ ਦੇ ਅਰਥ ਹਨ, ''ਦੱਬਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ ਜੋ ਉੱਚ ਜਾਤਾਂ ਦੇ ਪੈਰਾਂ ਹੇਠ ਦਲਿਆ ਗਿਆ ਹੋਵੇ।'' [1]

ਭਾਰਤੀ ਇਤਿਹਾਸ ਵਿੱਚ ਸ਼ੁਰੂ ਤੋਂ ਹੀ ਸਮਾਜਿਕ ਤੌਰ ਤੇ ਬ੍ਰਾਹਮਣਵਾਦੀ ਸਿਸਟਮ ਪ੍ਰਧਾਨ ਰਿਹਾ ਹੈ। ਇਸ ਬ੍ਰਾਹਮਣੀ ਸਭਿਆਚਾਰ ਨੇ ਭਾਰਤੀ ਸਮਾਜ ਨੂੰ ਜਾਤੀ ਪ੍ਰਧਾਨ ਸਮਾਜ ਵਿੱਚ ਤਬਦੀਲ ਕਰ ਦਿੱਤਾ। ਇਸ ਜਾਤੀ ਪ੍ਰਧਾਨ ਸਮਾਜ ਵਿੱਚ ਸਮਾਜਿਕ ਅਤੇ ਰਾਜਨੀਤਿਕ ਸੱਤਾ ਹਮੇਸ਼ਾ ਉਪਰਲੇ ਵਰਗ ਦੇ ਹੱਥ ਵਿੱਚ ਰਹੀ ਹੈ ਅਤੇ ਨੀਵੀਂ ਜਮਾਤ ਹਮੇਸ਼ਾ ਸ਼ੋਸ਼ਣ ਦਾ ਸ਼ਿਕਾਰ ਰਹੀ ਹੈ। ਭਾਰਤੀ ਸੰਦਰਭ ਵਿਚ 'ਦਲਿਤ' ਸ਼ਬਦ ਪਰਿਭਾਸ਼ਾ ਜਿਨ੍ਹਾਂ ਦੋ ਅਧਾਰਾਂ ਤੇ ਕੀਤੀ ਜਾਂਦੀ ਹੈ ਉਹ ਹਨ ਜਾਤੀ ਅਤੇ ਜਮਾਤੀ। ਜਾਤੀ ਅਧਾਰਿਤ ਪਰਿਭਾਸ਼ਾਵਾਂ ਵਿੱਚ ਸਮਾਜਿਕ ਸਥਿਤੀ ਨੂੰ ਪਹਿਲ ਦਿੱਤੀ ਗਈ ਹੈ। ਇਸ ਅਨੁਸਾਰ 'ਅਛੂਤਾਂ' ਨੂੰ ਹੀ ਦਲਿਤਾਂ ਦੇ ਤੌਰ ਤੇ ਲਿਆ ਜਾਂਦਾ ਹੈ। ਜਮਾਤੀ ਦ੍ਰਿਸ਼ਟੀਕੋਣ ਆਰਥਿਕ ਸਥਿਤੀ ਨੂੰ ਜੀਵਨ ਦਾ ਧੁਰਾ ਮੰਨ ਕੇ ਆਰਥਿਕ ਪੱਖੋਂ ਥੁੜੇ ਲੋਕਾਂ ਨੂੰ ਦਲਿਤਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਲਿਤ ਸ਼ਬਦ ਦੇ ਅੰਦਰ ਸਮਾਜਿਕ ਅਤੇ ਆਰਥਿਕ ਰੂਪ ਤੋਂ ਸ਼ੋਸ਼ਿਤ ਸਾਰਿਆ ਨੂੰ ਸ਼ਾਮਿਲ ਕਰਕੇ ਦਲਿਤ ਦਾ ਘੇਰਾ ਵਿਆਪਕ ਹੋ ਜਾਂਦਾ ਹੈ। ਕਿਸੇ ਵੀ ਜਾਤੀ ਦੀ ਸਮਾਜਿਕ ਸਥਿਤੀ ਨੂੰ ਸਮਾਜਿਕ ਦੇ ਨਾਲ ਨਾਲ ਆਰਥਿਕ ਤੱਕ ਵੀ ਨਿਰਧਾਰਿਤ ਕਰਦੇ ਹਨ। ਭਾਰਤੀ ਸਮਾਜ ਵਿਚ ਜਾਤ ਪਾਤ ਅਤੇ ਆਰਥਿਕਤਾ ਦਾ ਨਜ਼ਦੀਕੀ ਸੰਬੰਧ ਹੈ ਅਤੇ ਜਾਤਾਂ ਦਾ ਦਰਜਾ ਉੱਚਾ ਜਾਂ ਨੀਵਾਂ ਕਰਨ ਵਿੱਚ ਆਰਥਿਕ ਹਾਲਤ ਵੀ ਸਹਾਇਕ ਰਹੇ ਹਨ। ਸਮਾਜਿਕ ਜਾਂ ਜਾਤੀਗਤ ਸ਼ੋਸ਼ਣ ਤੇ ਵਧੇਰੇ ਧਿਆਨ ਦੇ ਕੇ ਆਰਥਿਕਤਾ ਨੂੰ ਨਜ਼ਰ ਅੰਦਾਜ਼ ਕਰਨਾ, ਦਲਿਤ ਸ਼ਬਦ ਨਾਲ ਜੁੜੀ ਸ਼ੋਸ਼ਣ ਦੀ ਸੰਵੇਦਨਾ

ਨੂੰ ਸੌੜਾ ਕਰਨਾ ਹੈ।

ਡਾ. ਸਰਬਜੀਤ ਸਿੰਘ ਅਨੁਸਾਰ, ''ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ ਨਾਲ ਸਮਾਜਿਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ।''[2]

ਦਲਿਤ ਸੰਵੇਦਨਾ ਇੱਕ ਖਾਸ ਪ੍ਰਕਾਰ ਦੇ ਦਲਿਤ ਵਸਤੂ ਅਨੁਭਵ ਦੀ ਸਹਿਜ ਅਭਿਵਿਅਕਤੀ ਹੈ। ਇਸ ਸੰਵੇਦਨਾ ਦੇ ਪ੍ਰਗਟਾ ਰਾਹੀ ਲੇਖਕ ਅਜਿਹੀ ਵਿਵਸਥਾ ਪ੍ਰਤੀ ਵਿਦਰੋਹ ਅਤੇ ਨਫ਼ਰਤ ਉਭਾਰਦਾ ਹੈ ਜਿਸ ਵਿਚ ਆਰਥਿਕ ਅਤੇ ਸਮਾਜਿਕ ਅਧਾਰ ਤੇ ਕੋਈ ਵਰਗ ਦਬਾਅ ਜਾਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਅਜਿਹੀ ਸੰਵੇਦਨਾ ਦਾ ਉਦੇਸ਼ ਮਨੁੱਖ ਨੂੰ ਮਨੁੱਖ ਵਜੋਂ ਨਾ ਸਵੀਕਾਰੇ ਜਾਣ ਦੀ ਵੇਦਨਾ ਦੀ ਪੇਸ਼ਕਾਰੀ ਰਾਹੀ ਸ੍ਰੇਣੀਗਤ ਸਮਾਜ ਦੀਆਂ ਪਰੰਪਰਾਵਾਂ ਪ੍ਰਤੀ ਆਕ੍ਰੋਸ਼ ਉਤਪੰਨ ਕਰਨਾ ਹੁੰਦਾ ਹੈ।

ਆਧੁਨਿਕ ਪੰਜਾਬੀ ਸਾਹਿਤ ਵਿੱਚ ਦਲਿਤ ਜੀਵਨ-ਜਾਂਚ ਨੂੰ ਹਰੇਕ ਪੱਖ ਤੋਂ ਪੇਸ਼ ਕੀਤਾ ਗਿਆ ਹੈ। ਜਿਥੇ ਜਾਤੀ ਅਧਾਰਿਤ ਸਮਾਜਿਕ ਰੂਪ ਵਿੱਚ ਦਲਿਤ ਵਿਅਕਤੀ ਦੀ ਪੀੜਤ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ ਉਥੇ ਜਮਾਤੀ ਅਧਾਰਿਤ ਆਰਥਿਕ ਸ਼ੋਸ਼ਣ ਦੇ ਸ਼ਿਕਾਰ ਵਿਅਕਤੀ ਦੀਆਂ ਸਮੱਸਿਆਵਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਹਰ ਸਾਹਿਤਕ ਵਿਧਾ ਵਿੱਚ ਦਲਿਤ ਸਾਹਿਤ ਦਾ ਆਪਣਾ ਵਿਲੱਖਣ ਸਥਾਨ ਹੈ। ਜਿਸ ਤਰ੍ਹਾਂ ਆਧੁਨਿਕ ਸਾਹਿਤ ਵਿਚ ਦਲਿਤ ਸਮੱਸਿਆ ਨੂੰ ਕੇਂਦਰ ਵਿਚ ਲਿਆ ਗਿਆ ਹੈ ਮੱਧਕਾਲੀ ਸਾਹਿਤ ਵਿੱਚ ਅਜਿਹਾ ਨਹੀਂ ਹੋਇਆ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਕਵਿਤਾ ਤੋਂ ਪਿਛੋਂ ਦਲਿਤ ਸੰਵੇਦਨਾ ਨੂੰ ਜੇ ਕਿਤੇ ਬਾਖੂਬੀ ਪੇਸ਼ ਕੀਤਾ ਗਿਆ ਹੈ ਤਾਂ ਉਹ ਹੈ ਕਹਾਣੀ ਦਾ ਖੇਤਰ। ਪੰਜਾਬੀ ਦੇ ਮੁਢਲੇ ਕਹਾਣੀਕਾਰਾਂ ਵਿੱਚੋਂ ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫਿਰ ਨੇ ਆਪਣੀਆਂ ਕਹਾਣੀਆਂ ਵਿਚ ਮਨੁੱਖ ਦੀ ਜਾਤੀਗਤ ਸੰਸਕਾਰ ਮੂਲਕ ਮਨੋਸਰੰਚਨਾ ਦੇ ਪਛਾਣ ਚਿੰਨ੍ਹਾ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਭਾਵੇਂ ਇਹ ਕਹਾਣੀਆਂ ਦਲਿਤ ਸੰਵੇਦਨਾ ਨੂੰ ਪੂਰਨ ਤੌਰ ਤੇ ਨਹੀਂ ਉਘਾੜਦੀਆਂ ਪਰ ਇਹਨਾਂ ਕਹਾਣੀਕਾਰਾਂ ਨੇ ਦਲਿਤ ਜੀਵਨ ਨੂੰ ਆਪਣੀ ਰਚਨਾਤਮਕ ਪ੍ਰੇਰਨਾ ਦੀ ਭੂਮੀ ਜ਼ਰੂਰ ਬਣਾਇਆ ਹੈ। ਇਸ ਤੋਂ ਬਾਅਦ ਦੂਜੇ ਪੜਾਅ ਦੀ ਪੰਜਾਬੀ ਕਹਾਣੀ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਜਾਤੀ ਦ੍ਰਿਸ਼ਟੀ ਦੀ ਬਜਾਇ ਜਮਾਤੀ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੋਈ ਇਹਨਾਂ ਸਮੱਸਿਆਵਾਂ ਦਾ ਹੱਲ ਵਰਗ ਸੰਘਰਸ਼ ਵਿੱਚ ਹੀ ਦੱਸਦੀ ਹੈ। ਇਸ ਦ੍ਰਿਸ਼ਟੀ ਦਾ ਕਾਰਨ ਲੇਖਕਾਂ ਦਾ ਪ੍ਰਗਤੀਸ਼ੀਲ ਧਾਰਾ ਤੋਂ ਪ੍ਰਭਾਵਿਤ ਹੋ ਕੇ ਸਾਹਿਤਕ ਰਚਨਾ ਕਰਨਾ ਸੀ। 'ਕੰਮ ਕਿ ਚੰਮ' (ਸੰਤ ਸਿੰਘ ਸੇਖੋ), 'ਕੋਈ ਇਕ ਸਵਾਰ' (ਸੰਤੋਖ ਸਿੰਘ ਧੀਰ), 'ਸਾਂਝ', 'ਤੂੜੀ ਦੀ ਪੰਡ' (ਕੁਲਵੰਤ ਸਿੰਘ ਵਿਰਕ) ਆਦਿ ਕਹਾਣੀਆਂ ਦਲਿਤ ਜੀਵਨ ਦੀ ਪੇਸ਼ਕਾਰੀ ਜਮਾਤੀ ਦ੍ਰਿਸ਼ਟੀਕੋਣ ਤੋਂ ਕਰਦੀਆਂ ਹੋਈਆਂ ਸੰਕੇਤਕ ਰੂਪ ਵਿਚ ਜਾਤੀ ਪ੍ਰਬੰਧ ਅਤੇ ਛੂਤ ਛਾਤ ਪ੍ਰਤੀ ਇੱਕ ਖਾਸ ਤਰ੍ਹਾਂ ਦੀ ਨਫ਼ਰਤ ਪੈਦਾ ਕਰਦੀਆਂ ਹਨ। ਤੀਜੀ ਪੀੜ੍ਹੀ ਦੇ ਕੁਝ ਕਹਾਣੀਕਾਰਾਂ ਨੇ ਦਲਿਤ ਸੰਵੇਦਨਾ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਜਿਨ੍ਹਾਂ ਵਿਚ ਪ੍ਰੇਮ ਗੋਰਖੀ, ਅਤਰਜੀਤ, ਕਿਰਪਾਲ ਕਜ਼ਾਕ ਅਤੇ ਭੂਰਾ ਸਿੰਘ ਕਲੇਰ ਦਾ ਨਾਂ ਪ੍ਰਮੁੱਖਤਾ ਨਾਲ ਲਏ ਜਾ ਸਕਦੇ ਹਨ। ਉਸ ਤੋਂ ਉਪਰੰਤ ਚੌਥੀ ਪੀੜ੍ਹੀ ਦੇ ਕੁਝ ਕਹਾਣੀਕਾਰਾਂ ਜਿਵੇਂ ਸਰੂਪ ਸਿਆਲਵੀ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਮੱਖਣ ਮਾਨ, ਦੇਸ

ਰਾਜ ਕਾਲੀ, ਮੋਹਨ ਲਾਲ ਫਿਲੌਰੀਆ, ਗੁਰਮੀਤ ਸਿੰਘ ਸਿੰਗਲ ਵਰਗੇ ਕਹਾਣੀਕਾਰਾਂ ਨੇ ਦਲਿਤ ਸੰਵੇਦਨਾ ਨੂੰ ਵੱਖਰੇ ਵੱਖਰੇ ਧਰਾਤਲਾਂ ਤੇ ਦਲਿਤ ਸਮਾਜ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਪੀੜ੍ਹੀ ਵਲੋਂ ਵੱਡੀ ਪੱਧਰ ਤੇ ਦਲਿਤ ਕਹਾਣੀ ਲਿਖੀ ਜਾਣ ਕਾਰਨ ਇਸ ਨੂੰ ਇਕ ਧਾਰਾ ਦੇ ਤੌਰ ਤੇ ਪ੍ਰਵਾਨਗੀ ਮਿਲਣੀ ਸ਼ੁਰੂ ਹੋ ਗਈ। ਸਾਡੇ ਕੋਲ ਕਲਾ ਪੱਖ ਤੋਂ ਨਿੱਗਰ ਕਹਾਣੀ ਹੋਂਦ ਵਿਚ ਆਈ।

ਹੱਥਲੇ ਲੇਖ ਵਿਚ ਤੀਜੀ ਪੀੜ੍ਹੀ ਦੇ ਪ੍ਰਮੁੱਖ ਕਹਾਣੀ ਅਤਰਜੀਤ ਦੀਆਂ ਦਲਿਤ ਸਰੋਕਾਰਾਂ ਨਾਲ ਸਬੰਧਤ ਕਹਾਣੀਆਂ ਦਾ ਵਿਸ਼ਲੇਸ਼ਣ ਕਰਨਾ ਮੁੱਖ ਉਦੇਸ਼ ਹੈ। ਪੰਜਾਬੀ ਕਹਾਣੀ ਵਿਚ ਅਤਰਜੀਤ ਦੀਆਂ ਕਹਾਣੀਆਂ ਨਵੀਆਂ ਸੰਭਾਵਨਾਵਾਂ ਦੀਆਂ ਸੂਚਕ ਹਨ। ਉਸ ਨੇ ਹੁਣ ਤੱਕ ਸੱਤ ਕਹਾਣੀ ਸੰਗ੍ਰਹਿ 'ਮਾਸਖੋਰੇ', 'ਟੁੱਟਦੇ ਬਣਦੇ ਰਿਸ਼ਤੇ', 'ਅਦਨਾ ਇਨਸਾਨ', 'ਕਹਾਣੀ ਕੌਣ ਲਿਖੇਗਾ', 'ਅੰਨੀ ਥੇਹ', 'ਤੀਜਾ ਯੁੱਧ' ਅਤੇ 'ਸਬੂਤੇ ਕਦਮ' ਆਦਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਗਤੀਸ਼ੀਲ ਯਥਾਰਥਵਾਦੀ ਕਹਾਣੀਕਾਰ ਦੇ ਤੌਰ ਤੇ ਆਪਣੀ ਵਿਸ਼ੇਸ਼ ਪਛਾਣ ਸਥਾਪਿਤ ਕੀਤੀ ਹੈ। ਉਹ ਆਪਣੀਆਂ ਰਚਨਾਵਾਂ ਵਿਚ ਦਲਿਤ ਲੋਕਾਂ ਨਾਲ ਹੋ ਰਹੇ ਅਮਾਨਵੀ ਵਤੀਰੇ ਪ੍ਰਤੀ ਨਫ਼ਰਤ ਉਪਜਾਉਂਦਾ ਹੈ ਪਰੰਤੂ ਫਿਰ ਵੀ ਉਪਭਾਵੁਕ ਨਹੀਂ ਹੁੰਦਾ। ਡਾ. ਸਤਿੰਦਰ ਸਿੰਘ ਨੂਰ ਅਨੁਸਾਰ , ''ਅਤਰਜੀਤ ਨੇ ਦਲਿਤ ਸਮਾਜ ਦੀ ਸਥਿਤੀ ਨੂੰ ਸਮੁੱਚੇ ਸਮਾਜਕ ਸੰਦਰਭ ਵਿਚ ਪ੍ਰਗਤੀਸ਼ੀਲ-ਮਾਰਕਸਵਾਦੀ ਦ੍ਰਿਸ਼ਟੀ ਨਾਲ ਬਾਖੂਬੀ ਪੇਸ਼ ਕੀਤਾ ਹੈ। ਸਮਕਾਲੀ ਸਾਹਿਤ ਵਿਚ ਦਲਿਤ ਚੇਤਨਾ ਦੀ ਗੱਲ ਨੂੰ ਖਾਸ ਤੌਰ ਤੇ ਵਿਚਾਰਿਆ ਜਾ ਰਿਹਾ ਹੈ। ਇਸ ਦ੍ਰਿਸ਼ਟੀ ਨੂੰ ਅਤਰਜੀਤ ਦਲਿਤ ਸਥਿਤੀ ਬਾਰੇ ਆਦਰਸ਼ਵਾਦ ਨਾਲ ਜੁੜ ਕੇ ਕੇਵਲ ਭਾਵੁਕ ਉਚਾਰ ਪੇਸ਼ ਨਹੀਂ ਕਰਦਾ ਸਗੋਂ ਉਹ ਕਹਾਣੀ ਵਿੱਚ ਜਿਹੜੀ ਸਥਿਤੀ ਲੈਂਦਾ ਹੈ ਉਸਨੂੰ ਸਮੁੱਚੀ ਸਮਾਜਿਕ ਸਰੰਚਨਾ ਵਿੱਚ ਫੈਲਾਉਂਦਾ ਹੈ, ਤੇ ਫਿਰ ਕੇਵਲ ਇਕ ਇਕਹਿਰੀ ਸਮੱਸਿਆ ਦਾ ਨਹੀਂ, ਸਗੋਂ ਸਮਾਜਿਕ ਸਰੰਚਨਾ ਦਾ ਵਿਸ਼ਲੇਸ਼ਣ ਪੇਸ਼ ਕਰਨ ਲੱਗਦਾ ਹੈ।'' [3]

ਸਾਹਿਤਕਾਰ ਦੀਆਂ ਸਮਾਜਿਕ ਪਰਿਸਥਿਤੀਆਂ ਜਾਂ ਪਰਿਵਾਰਕ ਪਿਛੋਕੜ ਉਸ ਦੀਆਂ ਰਜਨਾਵਾਂ ਵਿੱਚ ਵਿਦਮਾਨ ਹੁੰਦਾ ਹੈ। ਅਤਰਜੀਤ ਨੇ ਦਲਿਤ ਵਿਆਕਤੀ ਨਾਲ ਹੋਣ ਵਾਲੇ ਹਰ ਵਿਤਕਰੇ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ। ਅਜਿਹੇ ਵਿਤਕਰਿਆ ਦਾ ਸਾਹਮਣਾ ਅਤਿ ਸੰਵੇਦਨਸ਼ੀਲਤਾ ਨਾਲ ਕਰਦਿਆਂ ਉਹ ਦਲਿਤ ਜੀਵਨ ਦੀਆਂ ਸੂਖਮ 'ਪਰਤਾਂ' ਨੂੰ ਉਭਾਰਦਾ ਹੈ। ਉਸ ਦੀਆਂ ਰਚਨਾਵਾਂ ਅੰਦਰਲੀ ਸੂਖਮਤਾ ਅਜਿਹੀ ਵੇਦਨਾ ਦਾ ਹੀ ਨਤੀਜਾ ਕਹੀ ਜਾ ਸਕਦੀ ਹੈ। ਅਤਰਜੀਤ ਆਪ ਵੀ ਅਜਿਹੀ ਵੇਦਨਾ ਦਾ ਕਾਰਨ ਆਪਣੇ ਪ੍ਰਮਾਣਿਕ ਜੀਵਨ ਅਨੁਭਵ ਨੂੰ ਜਿੰਮੇਵਾਰ ਸਮਝਦਾ ਹੋਇਆ ਲਿਖਦਾ ਹੈ, ''ਅਦਨਾ ਇਨਸਾਨ ਸ਼ਾਮ ਲਾਲ ਦੇ ਯਥਾਰਥ ਨੂੰ ਮੈਂ ਹੀ ਅਨੁਭਵ ਕਰ ਸਕਦਾ ਹਾਂ, ਕਿਉਂਕਿ ਸ਼ਾਮ ਲਾਲ ਦੀ ਉਸਾਰੀ ਮੇਰੇ 'ਚ ਹੀ ਹੋਈ ਸੀ। ਭਾਂਢਿਆ ਦੀ ਭਿੱਟ ਬਾਰੇ ਜੋ ਮਾਨਸਕ ਪੀੜਾ ਮੈਂ ਝੱਲੀ ਉਸਦਾ ਉਲੇਖ ਇੱਕ ਬ੍ਰਾਹਮਣ ਨਹੀਂ ਕਰ ਸਕਦਾ। ਜਦੋਂ ਗੁਰਦੁਆਰੇ ਦੇ ਭਾਈ ਨੇ ਮੈਨੂੰ ਮੰਜੇ ਤੋਂ ਉੱਠਣ ਲਈ ਕਿਹਾ ਤਾਂ ਕਿਵੇਂ ਵਿਚਕਾਰੋਂ ਕੱਟੇ ਸੱਪ ਵਾਂਗ ਮੈਂ ਤੜਫਿਆ, ਇੱਕ ਜੱਟ ਨਹੀਂ ਤੜਫ਼ ਸਕਦਾ। ਇਸ ਪੀੜ ਨਾਲ ਜੱਟ ਲੇਖਕ ਦੀ ਹਮਦਰਦੀ ਹੋ ਸਕਦੀ ਹੈ, ਪਰ ਪੇਸ਼ਕਾਰੀ ਕੇਵਲ ਤੇ ਕੇਵਲ ਮੈਂ ਹੀ ਕਰ ਸਕਦਾ ਸੀ। 'ਆਪਣੇ ਪਰਾਏ' ਕਹਾਣੀ ਦੇ ਗਿਆਨੀ ਬਖਸ਼ੀਸ਼ ਵਾਲਾ ਦਰਦ ਜੱਟਾਂ ਜਾਂ ਬ੍ਰਾਹਮਣਾਂ ਦੇ ਘਰਾਂ ਵਿੱਚ ਜੰਮਿਆ ਵਿਆਕਤੀ ਕਿਵੇਂ ਅਨੁਭਵ ਕਰ ਸਕਦਾ ਹੈ। ਗਲ ਇਹ ਵੀ ਨਹੀਂ ਕਿ ਗੈਰ

ਦਲਿਤ, ਦਲਿਤ ਯਥਾਰਥ ਬਾਰੇ ਕਹਾਣੀ ਲਿਖ ਹੀ ਨਹੀਂ ਸਕਦਾ।'' [4]

ਯਥਾਰਥ ਅਨੁਭਵ ਕਾਰਨ ਉਸ ਦੀਆਂ ਰਚਨਾਵਾਂ ਵਿੱਚ ਦਲਿਤ ਜੀਵਨ ਦੀਆਂ ਸਮੱਸਿਆਵਾਂ ਅਤੇ ਤ੍ਰਾਸਦਿਕ ਜੀਵਨ ਦੇ ਜੀਵੰਤ ਚਿੱਤਰ ਉਭਰਦੇ ਹਨ। ਅਤਰਜੀਤ ਦੀਆਂ ਕਹਾਣੀਆਂ ਵਿੱਚ ਨੀਵੀਂ ਜਾਤ ਕਾਰਨ ਸਮਾਜਿਕ ਦੁਖਾਂਤ ਭੋਗਦੇ ਪਾਤਰ ਪ੍ਰਮੁੱਖ ਹਨ। 'ਮਾਸਖੋਰੇ' ਕਹਾਣੀ ਅੰਤਰਜਾਤੀ ਵਿਆਹ ਸਾਹਮਣੇ ਆ ਰਹੀਆਂ ਜਾਤੀਵਾਦੀ ਵਿਚਾਰਾਂ ਦੀ ਕਠੋਰਤਾ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਜਗਤਾਰ ਜੋ ਮਾਸਟਰ ਲੱਗਿਆ ਹੋਇਆ ਹੈ ਨੀਵੀਂ ਜਾਤ ਦਾ ਹੈ, ਉਸ ਦਾ ਪ੍ਰੇਮ ਉੱਚੀ ਜਾਤ ਦੀ ਕੁੜੀ ਪਰਮਜੀਤ ਨਾਲ ਹੈ, ਦੋਵੇਂ ਪ੍ਰੇਮ ਵਿਆਹ ਕਰਵਾਉਣਾ ਚਾਹੁੰਦੇ ਹਨ। ਪਰਮਜੀਤ ਜਗਤਾਰ ਨੂੰ ਅੰਮ੍ਰਿਤ ਛਕ ਕੇ ਸਿੱਖ ਧਰਮ ਅਪਨਾਉਣ ਲਈ ਕਹਿੰਦੀ ਹੈ ਕਿਉਂਕਿ ਸਿੱਖ ਧਰਮ ਅਨੁਸਾਰ ਕੋਈ ਜਾਤ ਉੱਚੀ ਨੀਵੀਂ ਨਹੀਂ ਹੁੰਦੀ। ਜਦੋਂ ਜਗਤਾਰ ਸਿੱਖ ਧਰਮ ਅਪਣਾਉਣ ਤੇ ਵੀ ਅੰਤਰਜਾਤੀ ਵਿਆਹ ਨਹੀਂ ਕਰਵਾ ਸਕਦਾ ਤਾਂ ਉਸ ਦਾ ਸਿੱਖ ਧਰਮ ਤੋਂ ਵਿਸ਼ਵਾਸ਼ ਉੱਠ ਜਾਂਦਾ ਹੈ। ਉਹ ਪਹਿਲਾਂ ਤਾਂ ਪਰਮਜੀਤ ਨੂੰ ਬੇਵਫਾ ਸਮਝਦਾ ਹੈ ਪਰ ਫਿਰ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਬੇਵਫਾ ਨਹੀਂ ਸਗੋਂ ਉਸ ਵਿੱਚ ਜਾਤ ਪਾਤ ਦੇ ਹੱਦ ਬੰਨ੍ਹੇ ਟੱਪਣ ਦੀ ਹਿੰਮਤ ਨਹੀਂ। ਇਹ ਕਹਾਣੀ ਸਿੱਖੀ ਸਿਧਾਂਤਾਂ ਦੇ ਅਮਲੀ ਰੂਪ ਨੂੰ ਪੇਸ਼ ਕਰਦੀ ਹੈ ਜੋ ਜਗਤਾਰ ਦੇ ਮਨ ਵਿੱਚ ਪੈਦਾ ਹੁੰਦੇ ਹਨ, ''ਕਹਿੰਦੇ ਐ ਸਿੱਖੀ ਵਿੱਚ ਕੋਈ ਵੱਡਾ ਛੋਟਾ, ਗਰੀਬ-ਅਮੀਰ, ਉੱਚ ਨੀਚ ਨਹੀਂ ਹੁੰਦਾ। ਫਿਰ ਇਹ ਕੀ ਤੰਦ ਤਾਣਾ ਹੋਇਆ? ਪੰਜਾ ਕੱਕਿਆ ਦੇ ਧਾਰਨੀ ਅਖਵਾਉਣ ਵਾਲੇ ਪਰਮ ਦੇ ਮਾਪੇ ਇਸ ਕਸਵੱਟੀ 'ਤੇ ਪੂਰੇ ਨਾ ਉਤਰੇ। ਫੇਰ ਏਸ ਅਖੌਤੀ ਅੰਮ੍ਰਿਤ ਦੀਆਂ ਗੱਲਾਂ ਕਿਉਂ? ਮੈਂ ਵੀ ਤਾਂ ਅੰਮ੍ਰਿਤ ਛਕਿਆ ਹੋਇਆ ਸੀ ਤੇ ਪੰਜੇ ਕਕਾਰ ਕਾਇਮ ਸਨ ਤੇ ਪਰਮਜੀਤ ਵੀ ਪੰਜਾ ਕੱਕਿਆ ਦੀ ਪੂਰੀ ਸੀ। ਤਾਂ ਕੀ ਪ੍ਰੇਮ ਕਰਨਾ ਗੁਨਾਹ ਹੁੰਦੈ, ਗੁਰਬਾਣੀ ਇਸਦਾ ਕਿਤੇ ਖੰਡਨ ਨਹੀਂ ਕਰਦੀ। ਗੁਰੂ ਗੋਬਿੰਦ ਸਿੰਘ ਨੇ ਆਪ ਦੂਜੀ ਵਾਰ ਪ੍ਰੇਮ ਵਿਆਹ ਹੀ ਕੀਤਾ ਸੀ। ਫਿਰ ਇਹ ਸਿੱਖ ਕਿਉਂ ਗੁਨਾਹ ਸਮਝਦੇ ਨੇ? ਗੁਨਾਹ ਨਹੀਂ ਉਹ ਚਾਹੁੰਦੇ ਨੇ ਕਿ ਵੱਡੇ ਵੱਡਿਆ ਨਾਲ ਨੂੜੇ ਰਹਿਣ ਤੇ ਛੋਟੇ ਛੋਟਿਆ ਨਾਲ ਤਾਂ ਕਿ ਉਨ੍ਹਾਂ ਦੀ ਸਰਦਾਰੀ ਬਣੀ ਰਹੇ ਤੇ ਉਹ ਇਵੇਂ ਹੀ ਛੋਟਿਆਂ ਨੂੰ ਨਪੀੜੀ ਤੇ ਖਾਈ ਜਾਣ। ਕਿ ਇਹੋ ਸਿੱਖੀ ਦਾ ਮਾਰਗ ਹੈ। 'ਏਕੁ ਪਿਤਾ ਏਕਮ ਕੇ ਹਮ ਬਾਰਿਕ' ਤੇ 'ਰਾਣਾ ਰੰਕ ਬਰਾਬਰੀ' ਦੀਆਂ ਰਟਾਂ ਲਾਉਣ ਵਾਲਿਆਂ ਦਾ ਆਪਣਾ ਇਹ ਇਖਲਾਕ ਫਿਰ ਤਾਂ ਗਰੀਬੀ ਅਮੀਰੀ ਦਾ ਮਾਸ ਖੋਰੇ ਫੋੜੇ ਨਾਲ ਚਰ੍ਹਗਲ ਸਮਾਜ ਵਿਚ ਸਿੱਖੀ ਦੇ ਅਰਥ ਲੱਭਣੇ ਆਪਣੇ ਆਪ ਨੂੰ ਤੇ ਦੂਜਿਆਂ ਨੂੰ ਧੋਖੇ ਵਿੱਚ ਰੱਖਣਾ ਏ।'' [5]

'ਤੇ ਅਸੀਂ ਇਹ ਬੁਝਾਰਤ ਬੁਝਦੇ ਹਾਂ' ਕਹਾਣੀ ਵਿਚ ਸਮੁੱਚੇ ਦਲਿਤ ਵਰਗ ਨੂੰ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਪੂਰਾ ਦਿਨ ਹੱਢ ਭੰਨ੍ਹਵੀ ਮਿਹਨਤ ਕਰਨ ਦੇ ਬਾਵਜੂਦ ਵੀ ਗਰੀਬ ਵਰਗ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦਾ। ਇਸ ਕਹਾਣੀ ਵਿਚਲੇ ਮਜ਼ਦੂਰ ਆਪਣੀ ਸਥਿਤੀ ਪ੍ਰਤੀ ਚੇਤੰਨ ਹੁੰਦੇ ਹਨ ਪਰ ਫਿਰ ਵੀ ਸਾਧਨਹੀਣ ਹੋਣ ਕਾਰਨ ਇੱਕ ਜੁੱਟ ਹੋ ਕੇ ਹਾਲਤ ਨਾਲ ਲੜ ਨਹੀਂ ਸਕਦੇ। ਉਵਰਸੀਅਰ ਤੇ ਮੇਟ ਨੂੰ ਐਸ਼ ਕਰਦੇ ਦੇਖ ਕੇ ਉਹਨਾਂ ਮਜ਼ਦੂਰਾ ਅੰਦਰਲੀ ਇਹ ਸੰਵੇਦਨਾ ਉਘੜਦੀ ਹੈ।

''ਸਾਨੂੰ ਹੁਣ ਸਮਝ ਲੱਗੀ ਹੈ ਕਿ ਵਿਹਲੇ ਲੋਕ ਕਿਵੇਂ ਐਸ਼ ਕਰਦੇ ਹਨ ਤੇ ਅਸੀਂ ਕੰਮ ਕਰਦੇ ਵੀ ਭੁੱਖੇ ਨੰਗੇ ਦੇ ਨੰਗੇ। ਕੱਲਾ ਓਵਰਸੀਅਰ ਹੀ ਕਿਉਂ ਹੋਰ ਵੀ ਲੱਖਾਂ ਵਿਹਲੜ ਸਰਮਾਏਦਾਰ...।

ਓਵਰਸੀਅਰ ਤੇ ਮੇਟ ਬੋਤਲ ਨਹੀਂ ਪੀਂਦੇ-ਕਿਰਤ ਦੀ ਰੱਤ ਪੀਂਦੇ ਹਨ।' [6]

'ਸਰਪੰਚੀ' ਕਹਾਣੀ ਦਲਿਤ ਵਰਗ ਦੀ ਸਥਿਤੀ ਨੂੰ ਸਮਾਜਿਕ, ਰਾਜਸੀ ਪਰਿਪੇਖ ਵਿੱਚ ਪੇਸ਼ ਕਰਦੀ ਹੈ। ਇਸ ਕਹਾਣੀ ਵਿੱਚ ਦਲਿਤ ਜਾਤੀ ਦੇ ਲੋਕ ਆਪਣੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਕੇ ਵੀ ਕਿਸ ਤਰ੍ਹਾਂ ਜੱਟਾਂ ਹੱਥੋਂ ਲੁੱਟ ਖੁਸੁੱਟ ਦਾ ਸ਼ਿਕਾਰ ਹੁੰਦੇ ਹਨ ਪੇਸ਼ ਕੀਤੇ ਗਏ ਹਨ। ਵਿਹੜੇ ਵਾਲੇ ਕਰਤਾਰ ਸਿਉਂ ਸਿੱਖ ਦੀ ਜਿੱਤ ਯਕੀਨੀ ਮੰਨ ਰਹੇ ਹੁੰਦੇ ਹਨ ਪਰ ਜਦੋਂ ਨਤੀਜਾ ਆਉਂਦਾ ਹੈ ਤਾਂ ਫਿਰ ਸਰਪੰਚ ਉਹੀ ਬਣਦੇ ਹਨ ਜੋ ਪਹਿਲਾਂ ਹੁੰਦੇ ਸਨ। ਅਸਲ ਵਿੱਚ ਰਾਜਨੀਤਿਕ ਸੱਤਾ ਵੀ ਪੈਸੇ ਵਾਲਿਆਂ ਦੇ ਹੀ ਹੱਥ ਆਉਂਦੀ ਦਿਖਾਈ ਗਈ ਹੈ।

''ਪੈਸੇ ਦੀ ਸਿਆਸਤ ਐ ਦਸ ਹਜ਼ਾਰ ਰੁਪਈਆ ਲਾਤਾ ਇੱਕੋ ਰਾਤ 'ਚ? ਮਖੌਲ ਦੀ ਘੱਗਰੀ ਐ ਬਈ ਜਣਾ ਖਣਾ ਪਾ ਕੇ ਨੱਚਲੂ।'' [7]

'ਬਠਲੂ ਚਮਿਆਰ' ਕਹਾਣੀ ਦਾ ਨਾਇਕ ਗੁਲਾਮ ਮਾਨਸਿਕਤਾਂ ਦਾ ਸ਼ਿਕਾਰ ਵਿਅਕਤੀ ਹੈ। ਕਹਾਣੀਕਾਰ ਨੇ ਉਸ ਦੇ ਚਰਿੱਤਰ ਰਾਹੀ ਇਹ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਕਿਵੇਂ ਜ਼ਮੀਨ ਦੇ ਮਾਲਕ ਸਰਦਾਰ ਕਿਰਤੀ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ ਅਤੇ ਕਿਰਤੀ ਆਪਣੀ ਪ੍ਰਤੀ ਚੇਤੰਨ ਨਹੀਂ ਹੈ। ਉਹ ਇਹ ਸਾਰੇ ਸ਼ੋਸ਼ਣ ਨੂੰ ਰੱਬ ਦੀ ਰਜ਼ਾ ਮੰਨ ਕੇ ਖਿੜੇ ਮੱਥੇ ਸਹਾਰਦਾ ਹੈ। ਕਹਾਣੀ ਵਿਚ ਸੁੰਦਰ ਨਾਂ ਦੇ ਕਾਮੇ ਨੂੰ ਬਠਲੂ ਕਿਹਾ ਗਿਆ ਹੈ। ਪੰਚਾਇਤ ਨੂੰ ਪਿੰਡ ਵਿਚਲਾ ਟੋਆ ਭਰਾਉਣ ਲਈ ਸਸਤੇ ਤੋਂ ਸਸਤਾ ਮਜ਼ਦੂਰ ਬਠਲੂ ਹੀ ਮਿਲਦਾ ਹੈ। ਪੰਚਾਇਤ ਬਠਲੂ ਨੂੰ ਬੁੱਧੂ ਬਣਾ ਕੇ ਖੁਸ਼ ਹੁੰਦੀ ਹੈ ਪਰ ਇਧਰ ਬਠਲੂ ਪੰਚਾਇਤ ਦੇ ਹੁਕਮ ਨੂੰ ਨਗਰ ਦੀ ਸੇਵਾ ਹੀ ਸਮਝਦਾ ਹੈ ਅਤੇ ਹੁਕਮ ਦੀ ਪਾਲਣਾ ਕਰਦਾ ਹੀ ਮੌਤ ਦੇ ਮੂੰਹ ਵਿੱਚ ਪੈ ਜਾਂਦਾ ਹੈ,

''ਮੈਨੂੰ ਤਾਂ ਲੱਗਦੈ ਢੇਡਾ, ਫਸਾ ਲਿਆ, ਸਰਪੰਚ ਨੇ ਤੈਨੂੰ। ਦੋ ਤਿੰਨ ਸੌ ਕਮਾ ਲੂ, ਸਰਪੰਚ ਇਹਦੇ 'ਚੋਂ।''

''ਉਹ ਕਿਵੇਂ?'' ਬਠਲੂ ਬੱਠਲ ਖਾਲੀ ਕਰਕੇ ਉਸ ਵੱਲ ਵੇਖਣ ਲੱਗ ਪਿਆ। ਉਸ ਨੇ ਢਿੱਡ ਖੁਰਕਿਆ, ਈਨੂੰ ਤੋਂ ਮਿੱਟੀ ਝਾੜੀ...। ਬੱਠਲ ਲੱਕ ਉੱਤੇ ਰੱਖ ਕੇ ਉਪਰੋਂ ਦੀ ਬਾਹਾਂ ਵਲੀ, ਉਸ ਵੱਲ ਵੇਖਦਾ, ਉਹ ਖੜੋਤਾ ਰਿਹਾ।

''ਸੋ ਤੋ ਘਟ ਰਸੀਦ ਨ੍ਹੀਂ ਪਾਉਣੀ ਖਰਚ 'ਚ।''

ਬਠਲੂ ਦਾ ਦਿਲ ਧੜਕਿਆ ਪਰ ਉਹ ਸੰਭਲ ਗਿਆ।

''ਚਲ ਉਹਦਾ ਦੀਨ ਅਮਾਨ। ਆਪਾਂ ਤਾਂ ਨਗਰ ਦੀ ਸੇਵਾ ਕਰਨੀ ਐ।'' [8]

'ਅਦਨਾ ਇਨਸਾਨ' ਕਹਾਣੀ ਵੀ ਅਜਿਹੇ ਅਣਖੀ ਵਿਅਕਤੀ ਦੀ ਕਹਾਣੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਸ਼ਾਮ ਲਾਲ ਜੋ ਆਪਣੇ ਆਪ ਨੂੰ ਅਦਨਾ ਇਨਸਾਨ ਦੱਸਦਾ ਹੈ ਇਕ ਚੌਥੇ ਦਰਜੇ ਦਾ ਕਰਮਚਾਰੀ ਹੈ। ਕਹਾਣੀਕਾਰ ਨੇ ਉਸ ਦੀ ਸਖ਼ਸ਼ੀਅਤ ਨੂੰ ਸਾਰੇ ਅਫ਼ਸਰਾਂ ਅਤੇ ਕਲਰਕਾਂ ਨਾਲੋਂ ਉੱਚੀ ਪੇਸ਼ ਕੀਤਾ ਹੈ। ਉਹ ਕਿਰਤ ਕਰਨ ਵਾਲਾ ਇਮਾਨਦਾਰ ਆਦਮੀ ਹੈ ਅਤੇ ਗਲਤ ਪ੍ਰਸਥਿਤੀਆਂ ਨਾਲ ਸਮਝੌਤਾ ਨਹੀਂ ਕਰਦਾ। ਉਸ ਨੂੰ ਆਪਣੇ ਅਣਖੀ ਸੁਭਾਅ ਕਾਰਨ ਕਰਮਚਾਰੀ ਵਰਗ ਦੁਆਰਾ ਮਾਨਸਿਕ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਸ ਨੂੰ ਮਾਲੀ ਕਮ ਵਾਟਰਮੈਨ ਤੋਂ ਚੌਂਕੀਦਾਰ ਕਮ ਸਵੀਪਰ ਬਣਾ ਕੇ ਭੇਜ ਦਿੱਤਾ ਜਾਂਦਾ ਹੈ। ਆਪਣੇ ਨਾਲ ਹੋਏ ਅਣ ਮਨੁੱਖੀ ਵਤੀਰੇ ਦਾ ਕਾਰਨ ਆਪਣੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਮੰਨਣ ਦੇ ਬਾਵਜੂਦ ਵੀ ਉਹ ਆਪਣੇ ਸਿਰੜ ਤੇ ਕਾਇਮ ਰਹਿੰਦਾ ਹੈ। ਬਾਬੂ ਪ੍ਰਸੋਤਮ ਲਾਲ ਨੂੰ ਉਸ ਦੇ

ਇਮਾਨਦਾਰ ਹੋਣ ਕਾਰਨ ਉਸ ਨਾਲ ਹਮਦਰਦੀ ਤਾਂ ਹੈ ਪਰ ਆਪਣੀ ਝੂਠੀ ਸ਼ਾਨੋ ਸ਼ੌਕਤ ਕਾਰਨ ਉਸ ਦੀ ਮਦਦ ਨਹੀਂ ਕਰਦਾ। ਬਾਬੂ 'ਪ੍ਰਸ਼ੋਤਮ ਲਾਲ ਆਪਣੀ ਅਣਖ ਗੁਆ ਚੁੱਕਾ ਹੈ ਪਰ ਸ਼ਾਮ ਲਾਲ ਦੀ ਅਣਖ ਅਜੇ ਵੀ ਕਾਇਮ ਹੈ। ਉਹ ਬਾਬੂ ਪ੍ਰਸੋਤਮ ਲਾਲ ਦੀ ਗੱਲ ਤੇ ਔਖਾ ਹੋ ਕੇ ਆਪਣੇ ਬਾਰੇ ਕਹਿੰਦਾ ਹੈ,

"ਇਹ ਸ਼ਾਮ ਲਾਲ ਚੂੜ੍ਹੇ ਦਾ ਪੁੱਤ ਐ, ਚੂੜ੍ਹੇ ਦਾ। ਹਾਂ ਇਹ ਵਿਚਕਾਰੋਂ ਤਾਂ ਟੁੱਟ ਜਾਏਗਾ ਪਰ ਕਿਸੇ ਦਾ ਲਿਫਾਇਆ ਲਿਫੇਗਾ ਨਹੀਂ।" [9]

ਅਤਰਜੀਤ ਦੀ ਵਧੇਰੇ ਚਰਚਿਤ ਕਹਾਣੀ 'ਸਬੂਤੇ ਕਦਮ' ਨੀਵੀਂ ਜਾਤ ਦੇ ਗੱਜਣ ਦੇ ਪਰਿਵਾਰ ਦਾ ਦਰਦਨਾਕ ਚਿੱਤਰ ਪੇਸ਼ ਕਰਦੀ ਹੈ। ਗੁਰਇਕਬਾਲ ਸਿੰਘ ਦੇ ਪਰਿਵਾਰ ਦੀ ਜਿੱਤ ਦਰਸਾ ਕੇ ਕਹਾਣੀਕਾਰ ਨੇ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਸਾਧਨਹੀਣ ਕਿਰਤੀ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਉੱਚ ਵਰਗ ਹੱਥੋਂ ਮਾਤ ਖਾਂਦਾ ਹੈ।

ਡਾ. ਸਤਿੰਦਰ ਸਿੰਘ ਨੂਰ ਅਨੁਸਾਰ, "ਸਬੂਤੇ ਕਦਮ' ਦਲਿਤ ਦੀ ਸਥਿਤੀ ਨਾਲ ਟਕਰਾਉਣ, ਸੰਘਰਸ਼ ਵਿੱਚ ਮਾਤ ਖਾ ਜਾਣ ਦਾ ਉਲੇਖ ਕਰਦੀ ਹੈ। '[10]

ਕਹਾਣੀ ਵਿਚਲਾ ਗੱਜਣ ਸਿੰਘ ਇੱਕ ਅਜਿਹਾ ਨਾਇਕ ਹੈ। ਜਿਸ ਦੀਆਂ ਦੋਵੇਂ ਧੀਆਂ ਦੇਬੋ ਅਤੇ ਦਾਰੋ ਲਿੰਗਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਅਤੇ ਮੌਤ ਦੇ ਮੂੰਹ ਵਿੱਚ ਜਾ ਪੈਂਦੀਆਂ ਹਨ। ਗੱਜਣ ਸਿੰਘ ਦਾ ਇੱਕ ਪੁੱਤਰ ਭੈਣ ਦਾ ਕਤਲ ਕਰਕੇ ਕੈਦ ਕੱਟ ਰਿਹਾ ਹੈ ਅਤੇ ਦੂਸਰਾ ਨਸੀਬਾ ਸਰਦਾਰ ਦੇ ਮੁੰਡੇ ਪੰਮੀ ਤੋਂ ਬਦਲਾ ਲੈਂਦਾ ਹੋਇਆ ਖੁਦ ਹੀ ਸਰਦਾਰਾ ਦੀ ਕੁੱਟ ਮਾਰ ਦਾ ਸ਼ਿਕਾਰ ਹੋ ਕੇ ਗੀੜ੍ਹ ਦੀ ਹੱਡੀ ਤੁੜਵਾ ਕੇ ਬਿਸਤਰੇ 'ਤੇ ਪਿਆ ਮੌਤ ਉਡੀਕ ਰਿਹਾ ਹੈ। ਦਾਰੋ ਦੇ ਬਲਾਤਕਾਰ ਦੀ ਸਜ਼ਾ ਪੰਮੀ ਨੂੰ ਮਿਲਣ ਦੀ ਥਾਂ ਉਸ ਦੇ ਭਰਾ ਦੇਬੇ ਨੂੰ ਹੀ ਉਸਦੇ ਕਤਲ ਦੀ ਸਜ਼ਾ ਭੁਗਤਣੀ ਪੈਂਦੀ ਹੈ। ਇਹ ਕਹਾਣੀ ਉੱਚ ਵਰਗ ਦੇ ਅਮਾਨਵੀ ਵਤੀਰੇ, ਪੁਲਿਸ ਦੇ ਰਵੱਈਏ ਪ੍ਰਤੀ ਨਫ਼ਰਤ ਦੇ ਭਾਵ ਪ੍ਰਗਟਾਉਂਦੀ ਵਿਦਰੋਹ ਲਈ ਪ੍ਰੇਰਦੀ ਹੈ। ਇਹਨਾਂ ਸਾਰੀਆਂ ਪਰਸਥਿਤੀਆਂ ਦਾ ਸਾਹਮਣਾ ਕਰਕੇ ਬੁੱਢੇ ਗੱਜਣ ਦੇ ਇਹਨਾਂ ਭਾਵਾਂ ਵਿੱਚੋਂ ਵਿਦਰੋਹ ਦੀ ਤਿੱਖੀ ਸੁਰ ਉਪਜਦੀ ਹੈ,

"ਉਸਦਾ ਜੀਅ ਕੀਤਾ ਕਿ ਉਹ 'ਸਰਦਾਰ ਗੁਰਇਕਬਾਲ ਸਿਆਂ, ਕਹਿ ਕੇ ਉੱਚੀ ਆਵਾਜ਼ ਵਿੱਚ ਦਹਾੜ ਕੇ ਆਖੇ,

"ਉਇ ਸਰਦਾਰਾ ! ਬਾਹਰ ਤੇਰਾ ਕੁੜਮ ਖੜੈ, ਇਸਨੂੰ ਅੰਦਰ ਬਿਠਾ... ਤੇ ਖਿਆਲ ਕਰ ਘਰੇ ਤੇਰਾ ਜੁਆਈ ਲੱਡੂ ਖਾਣ ਨੂੰ ਤਰਸਦੈ। ਅਖੀਰਲੀ ਵਾਰ ਦੇ ਲੱਡੂ ਦੇ ਆ ਪਿੰਦੀ ਦੇ ਪ੍ਰਾਹੁਣੇ ਨੂੰ।"[11]

'ਆਪਣੇ ਪਰਾਏ' ਕਹਾਣੀ ਦੀ ਪੇਸ਼ਕਾਰੀ ਕਹਾਣੀਕਾਰ ਦਿਖਾਉਂਦਾ ਹੈ ਕਿ ਸਮੁੱਚੇ ਸਮਾਜਕ, ਰਾਜਨੀਤਿਕ ਅਤੇ ਧਾਰਮਿਕ ਢਾਂਚੇ ਨੂੰ ਬਦਲੇ ਬਗੈਰ ਦਲਿਤ ਵਰਗ ਦੀ ਖਲਾਸੀ ਨਹੀਂ ਹੋ ਸਕਦੀ। ਇਸ ਕਹਾਣੀ ਦਾ ਨਾਇਕ ਗਿਆਨੀ ਬਖਸ਼ੀਸ਼ ਸਿੱਖ ਸਿਧਾਂਤਾਂ ਦਾ ਪੱਕਾ ਹੈ ਪਰ ਫਿਰ ਵੀ ਉਸ ਨੂੰ ਜਾਤੀ ਹੀਣਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹ ਅਖੌਤੀ ਸ਼ਰਧਾਲੂਆਂ ਦੀ ਮਾਨਸਿਕਤਾ ਦਾ ਵਿਰੋਧ ਕਰਦਾ ਹੋਇਆ ਇਕੱਲਾ ਹੀ ਅੰਨੀ ਥੇਹ ਵਾਲੇ ਸਾਧ ਦੇ ਡੇਰੇ ਵਿਰੁੱਧ ਹਿੱਕ ਠੋਕ ਕੇ ਖੜਾ ਹੋ ਜਾਂਦਾ ਹੈ।

ਅਤਰਜੀਤ ਨੇ ਆਪਣੀਆਂ ਕਹਾਣੀਆਂ ਵਿਚ ਜਿੱਥੇ ਦਲਿਤ ਜੀਵਨ ਦੇ ਆਰਥਿਕ ਪੱਖਾਂ

ਨੂੰ ਪੇਸ਼ ਕੀਤਾ ਹੈ ਉਥੇ ਦਲਿਤਾਂ ਦੀਆਂ ਸਮਾਜਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨੂੰ ਵੀ ਪੇਸ਼ ਕੀਤਾ ਹੈ। 'ਠੂੰਹਾਂ' ਕਹਾਣੀ ਵਿਚਲਾ ਇੰਦਰਜੀਤ ਜੋ ਚਮਿਆਰ ਹੈ ਪਰ ਪੜ੍ਹ ਲਿਖ ਕੇ ਵਕਾਲਤ ਕਰਕੇ ਸ਼ਹਿਰ ਵਿੱਚ ਆਪਣਾ ਵਧੀਆ ਮਕਾਨ ਬਣਵਾ ਚੁੱਕਾ ਹੈ। ਉਹ ਆਪਣੀ ਜਾਤ ਨੂੰ ਲੁਕਾਉਣ ਲਈ ਆਪਣੇ ਨਾਲ ਨਾਂ ਕਟਾਰੀਆ ਸ਼ਬਦ ਲਾ ਲੈਂਦਾ ਹੈ। ਪਰ ਆਪਣੀ ਜਾਤ ਦੀ ਅਸਲੀਅਤ ਦਾ ਪਤਾ ਲੱਗਣ ਤੋਂ ਡਰਦਾ ਵੀ ਹੈ। ਇਸ ਤਰ੍ਹਾਂ ਨੀਵੀਂ ਜਾਤ ਦਾ ਆਦਮੀ ਭਾਵੇਂ ਆਰਥਿਕ ਪੱਖੋਂ ਖੁਸ਼ਹਾਲ ਹੋ ਜਾਵੇ ਪਰੰਤੂ ਨੀਵੀਂ ਜਾਤ ਦੀ ਹੀਣ ਭਾਵਨਾ ਕਾਰਨ ਮਾਨਸਿਕ ਸਮੱਸਿਆਵਾਂ ਤੋਂ ਮੁਕਤ ਨਹੀਂ ਹੋ ਸਕਦਾ।

ਸਰਬਜੀਤ ਸਿੰਘ ਅਨੁਸਾਰ, "ਇਹ ਦਲਿਤ ਮੱਧਵਰਗ ਜਿੱਥੇ ਆਪਣੀ ਆਰਥਿਕ ਖੁਸ਼ਹਾਲੀ ਕਾਰਨ ਉੱਚ ਵਰਗ ਵਾਂਗ ਸਮਾਜ ਵਿੱਚ ਵਿਚਰਦਾ ਹੈ ਉਥੇ ਪਰਿਸਥਿਤੀਆਂ ਵੱਸ ਆਪਣੀ ਜਾਤ ਨੂੰ ਲੁਕਾਉਣ ਦੀ ਦੋ ਚਿੱਤੀ ਕਾਰਨ ਦੁਖਾਂਤ ਭੋਗਦਾ ਹੈ। ਪੰਜਾਬੀ ਕਹਾਣੀ ਜਗਤ ਵਿੱਚ ਦਲਿਤ ਵਰਗ ਦੇ ਅਜਿਹੇ ਦੋਗਲੇਪਣ, ਦੁਬਿਧਾਗ੍ਰਸਤ, ਤਣਾਅਗ੍ਰਸਤ ਅਤੇ ਸੰਕਟਮਈ ਸਥਿਤੀ ਨੂੰ ਬੜੀ 'ਸ਼ਿੱਦਤ' ਨਾਲ ਪੇਸ਼ ਕੀਤਾ ਮਿਲਦਾ ਹੈ। [12]

ਜਦੋਂ ਇੰਦਰਜੀਤ ਕਟਾਰੀਆ ਦੇ ਨਾਨਕੇ ਪਿੰਡ ਦੇ ਗੱਜਣ ਜ਼ਿੰਮੀਦਾਰ ਦਾ ਮੁੰਡਾ ਹਰਦਮ ਮਜ਼ਦੂਰ ਵਜੋਂ ਉਸ ਦੇ ਘਰ ਆਉਂਦਾ ਹੈ ਤਾਂ ਉਹ ਹਰਦਮ ਦੇ ਪੁੱਛਣ ਤੇ ਵੀ ਗੇਲੂ ਚਮਿਆਰ ਦੇ ਘਰ ਆਪਣੀ ਰਿਸ਼ਤੇਦਾਰੀ ਤੋਂ ਮੁੱਕਰ ਜਾਂਦਾ ਹੈ ਜਦੋਂ ਕਿ ਹਰਦਮ ਉਸ ਨੂੰ ਪਛਾਣ ਚੁੱਕਾ ਹੁੰਦਾ ਹੈ। ਹਰਦਮ ਜ਼ਿੰਮੀਦਾਰ ਦਾ ਮੁੰਡਾ ਹੋਣ ਕਾਰਨ ਉਸ ਨੂੰ ਆਪਣੀ ਉੱਚੀ ਜਾਤ ਦਾ ਹੰਕਾਰ ਹੈ ਅਤੇ ਉਹ ਇੰਦਰਜੀਤ ਕਟਾਰੀਆ ਦੇ ਘਰ ਰੋਟੀ ਨਾ ਖਾਣ ਦਾ ਬਹਾਨਾ ਬਣਾਉਂਦਾ ਹੈ ਜਿਸ ਨੂੰ ਇੰਦਰਜੀਤ ਸਮਝ ਜਾਂਦਾ ਹੈ,

"ਕੀ ਹੋ ਗਿਆ ਤੈਨੂੰ?"

"ਜੀ ਇੱਟਾ 'ਚੋਂ ਠੂੰਹਾਂ ਲੜ ਗਿਆ।"

"ਕਿੱਥੇ?" ਕਟਾਰੀਆ ਸਾਹਿਬ ਨੇ ਉਸਦੇ ਅੰਗੂਠੇ ਨੂੰ ਫੜ ਕੇ ਵੇਖਿਆ ਪਰ ਉੱਥੇ ਕਿਸੇ ਕਿਸਮ ਦਾ ਕੋਈ ਚਿੰਨ੍ਹ ਨਹੀਂ ਸੀ ਦਿਸਦਾ।

ਕਟਾਰੀਆ ਸਾਹਿਬ ਨੂੰ ਇਉਂ ਅਨੁਭਵ ਹੋਇਆ ਜਿਵੇਂ ਠੂੰਹਾਂ ਮੁੰਡੇ ਦੇ ਨਹੀਂ ਸਗੋਂ ਉਸਦੇ ਆਪਣੇ ਲੜਿਆ ਹੋਵੇ, ਐਨ ਗਿੱਚੀ ਵਿੱਚ।"[13]

'ਰਸਗੁੱਲੇ' ਕਹਾਣੀ ਵੀ ਦਲਿਤ ਵਰਗ ਦੀਆਂ ਸਮਾਜਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨਾਲ ਸਬੰਧਿਤ ਹੈ। ਇਸ ਕਹਾਣੀ ਵਿਚਲਾ ਸੂਬੇਦਾਰ ਜੋਗਿੰਦਰ ਸਿੰਘ ਭਾਵੇਂ ਨੀਵੀਂ ਜਾਤ ਨਾਲ ਸਬੰਧਿਤ ਹੈ ਪਰ ਪੜ੍ਹਿਆ ਲਿਖਿਆ ਅਤੇ ਆਰਥਿਕ ਪੱਖੋਂ ਖੁਸ਼ਹਾਲ ਹੈ। ਉਸ ਦੇ ਆਪਣੇ ਮੁੰਡੇ ਕੁੜੀਆਂ ਵੀ ਨੌਕਰੀਆਂ ਤੇ ਲੱਗੇ ਹੋਏ ਹਨ। ਉਹ ਆਪਣੀ ਕੁੜੀ ਦਾ ਵਿਆਹ ਬੜੀ ਧੂਮ ਧਾਮ ਨਾਲ ਕਰਦਾ ਹੈ। ਵਿਆਹ ਵਿੱਚ ਜੱਟਾਂ ਦੇ ਮੁੰਡੇ ਵੀ ਪੂਰੀ ਜ਼ਿੰਮੇਵਾਰੀ ਨਾਲ ਕੰਮ ਸੰਭਾਲਦੇ ਹਨ ਅਤੇ ਬਿਨਾਂ ਸੰਕੋਚ ਤੋਂ ਖਾ ਪੀ ਰਹੇ ਹਨ। ਉੱਚੀ ਜਾਤ ਵਾਲਾ ਮੁੰਡਾ ਹਰਗੋਬਿੰਦ ਭਾਵੇਂ ਜੋਗਿੰਦਰ ਦੇ ਮੁੰਡੇ ਜਗਤਾਰ ਦਾ ਮਿੱਤਰ ਹੈ ਪਰ ਫਿਰ ਵੀ ਜਾਤੀ ਹਉਂ ਵਿਚ ਉਹ ਘੁਮੰਡ ਕਾਰਨ ਬਰਾਤੀਆਂ ਨੂੰ ਕਹਿੰਦਾ ਹੈ,

"ਯਾਰ ਮੇਰੀ ਗੱਲ ਦਾ ਗੁੱਸਾ ਤਾਂ ਮੰਨਿਓ ਨਾ, ਊਂ ਥੋਡੀ ਨਿੱਕੀ ਸੁੱਕੀ ਜਾਤ ਨੂੰ ਅੱਜ ਕਲ੍ਹ ਜ਼ਿਆਦਾ ਹੀ ਜੁਕਾਮ ਜਾ ਹੋਈਐ ਪਿਐ।"[14]

ਇਸ ਤਰ੍ਹਾਂ ਭਾਵੇਂ ਜਾਤੀ ਬੰਧਨ ਪਹਿਲਾਂ ਨਾਲੋਂ ਘੱਟ ਗਏ ਹਨ ਪਰ ਫਿਰ ਵੀ ਮਨੁੱਖ ਅੰਦਰ ਜਾਤ-ਪਾਤੀ ਭੇਦ ਭਾਵ ਮੌਜੂਦ ਹੈ। ਦਲਿਤਾਂ ਵਿਚੋਂ ਆਰਥਿਕ ਸੰਪੰਨਤਾ ਹਾਸਿਲ ਕਰਕੇ ਪੈਦਾ ਹੋਈ ਇਹ ਮੱਧ ਸ਼੍ਰੇਣੀ ਆਪਣੀ ਝੂਠੀ ਸ਼ਾਨ ਦਾ ਭੁਲੇਖਾ ਪਾਲਦਿਆ ਆਪਣਿਆ ਨੂੰ ਹੀ ਨਫ਼ਰਤ ਨਾਲ ਵੇਖਦੀ ਹੈ। ਮਲਕੀਤ ਕੌਰ ਵੱਲੋਂ ਆਪਣੇ ਦਿਉਰਾ ਜੇਠਾਂ ਦੇ ਬੱਚਿਆਂ ਨੂੰ ਬੋਲੇ ਇਹ ਸ਼ਬਦ ਉਸਦੀ ਝੂਠੀ ਸ਼ਾਨ ਨੂੰ ਪ੍ਰਗਟਾ ਕਰਦੇ ਹਨ, ''ਏਸ ਝੜ੍ਹੱਮ ਨੂੰ ਪਤਾ ਨ੍ਹੀ ਕਦੋਂ ਮੱਤ ਆਊਗੀ ਵੀ ਕਿ ਨਾ... ਕਾਹਦੀ ਆਉਣੀ ਐ?'' ਉਹ ਨੱਕ ਬੁੱਲ੍ਹ ਜਿਹੇ ਕੱਢਦੀ ਅਤੇ ਉਨ੍ਹਾਂ ਨੂੰ ਪਰ੍ਹਾਂ ਧੱਕਦੀ ਦੂਜੇ ਪਾਸੇ ਲੰਘ ਗਈ।'' [15]

ਸਮੁੱਚੇ ਰੂਪ ਵਿਚ ਅਤਰਜੀਤ ਦੀਆਂ ਕਹਾਣੀਆਂ ਵਿੱਚ ਦਲਿਤ ਸੰਵੇਦਨਾ ਦੇ ਵੱਖੋ ਵੱਖਰੇ ਪੱਖ ਨਜ਼ਰ ਆਉਂਦੇ ਹਨ। ਉਸ ਦੇ ਕੁਝ ਪਾਤਰ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹੋਏ ਵੀ ਆਪਣੀ ਸਥਿਤੀ ਪ੍ਰਤੀ ਚੇਤੰਨ ਨਹੀਂ ਹਨ ਅਤੇ ਕੁਝ ਪਾਤਰ ਆਪਣੀ ਸਥਿਤੀ ਪ੍ਰਤੀ ਚੇਤੰਨ ਤਾਂ ਹਨ ਪਰ ਸਮਾਜ ਵਿਰੁੱਧ ਵਿਰੋਧ ਕਰਨ ਦਾ ਯਤਨ ਨਹੀਂ ਕਰਦੇ। ਉਸ ਦੀਆਂ ਕਹਾਣੀਆਂ ਵਿਚਲੇ ਕੁਝ ਪਾਤਰ ਆਪਣੇ ਨਾਲ ਹੁੰਦੇ ਅਮਾਨਵੀ ਵਤੀਰੇ ਦੇ ਵਿਰੁੱਧ। ਵਿਦਰੋਹ ਵੀ ਕਰਦੇ ਹਨ। ਅਤਰਜੀਤ ਆਦਰਸ਼ਵਾਦੀ ਰੁਚੀ ਦਾ ਧਾਰਨੀ ਨਾ ਹੋ ਕੇ ਦਲਿਤ ਸੰਵੇਦਨਾ ਨੂੰ ਪੇਸ਼ ਕਰਨ ਵਾਲਾ ਸੁਹਿਰਦ ਕਹਾਣੀਕਾਰ ਹੈ। ਉਹ ਆਪਣੀਆਂ ਕਹਾਣੀਆਂ ਦੇ ਦਲਿਤ ਪਾਤਰਾਂ ਨਾਲ ਸਿਰਫ ਹਮਦਰਦੀ ਹੀ ਨਹੀਂ ਉਪਜਾਉਂਦਾ ਸਗੋਂ ਜਾਤੀ ਵਿਤਕਰੇ ਨੂੰ ਆਧਾਰ ਬਣਾਉਂਦਿਆਂ ਦਲਿਤ ਵਿਅਕਤੀਆਂ ਦੀਆਂ ਮਨੋਵਿਗਿਆਨਕ ਗੁੰਝਲਾਂ ਨੂੰ ਪੇਸ਼ ਕਰਦਾ ਹੈ।

ਹਵਾਲੇ ਅਤੇ ਟਿੱਪਣੀਆਂ-

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 625
2. ਡਾ. ਸਰਬਜੀਤ ਸਿੰਘ, 'ਦਲਿਤ ਪਛਾਣ ਅਤੇ ਸਮਕਾਲੀ ਪੰਜਾਬੀ ਕਵਿਤਾ', ਦਲਿਤ ਦ੍ਰਿਸ਼ਟੀ, ਡਾ. ਸਰਬਜੀਤ ਸਿੰਘ (ਸੰਪਾ.) ਪੰਨਾ 104-105
3. ਸਤਿੰਦਰ ਸਿੰਘ ਨੂਰ, 'ਅਤਰਜੀਤ ਦੀਆਂ ਕਹਾਣੀਆਂ ਦੀ ਪਛਾਣ', ਅਤਰਜੀਤ , 'ਸਬੂਤੇ ਕਦਮ', ਪੰਨਾ 7-8
4. ਅਤਰਜੀਤ 'ਦੋ ਸ਼ਬਦ ਲੇਖਕ ਵੱਲੋਂ' 'ਸਬੂਤੇ ਕਦਮ', ਪੰਨਾ 12-13
5. ਅਤਰਜੀਤ 'ਸਬੂਤੇ ਕਦਮ, ਪੰਨਾ 16-17
6. ਉਹੀ ਉਹੀ ਪੰਨਾ 26
7. ਉਹੀ ਉਹੀ ਪੰਨਾ 36
8. ਉਹੀ ਉਹੀ ਪੰਨਾ 42
9. ਉਹੀ ਉਹੀ ਪੰਨਾ 86
10. ਸਤਿੰਦਰ ਸਿੰਘ ਨੂਰ, 'ਅਤਰਜੀਤ ਦੀਆਂ ਕਹਾਣੀਆਂ ਦੀ ਪਛਾਣ', ਅਤਰਜੀਤ 'ਸਬੂਤੇ ਕਦਮ', ਪੰਨਾ 10
11. ਅਤਰਜੀਤ 'ਸਬੂਤੇ ਕਦਮ', ਪੰਨਾ 110
12. ਸਰਬਜੀਤ ਸਿੰਘ (ਸੰਪਾ.) 'ਦਲਿਤ ਦ੍ਰਿਸ਼ਟੀ', ਪੰਨਾ 130
13. ਅਤਰਜੀਤ 'ਸਬੂਤੇ ਕਦਮ', ਪੰਨਾ 150
14. ਉਹੀ ਉਹੀ ਪੰਨਾ 184
15. ਉਹੀ ਉਹੀ ਪੰਨਾ 174

ਪਤਾ: ਸਹਾਇਕ ਪ੍ਰੋਫੈਸਰ ਇਨ ਪੰਜਾਬੀ, ਗੁਰੂ ਨਾਨਕ ਕਾਲਜ਼ ਫਾਰ ਗਰਲਜ਼, ਮੁਕਤਸਰ

ਹੁੰਗਾਰਾ:

'ਕਹਾਣੀ ਧਾਰਾ-34 (ਜੁਲਾਈ-ਸਤੰਬਹ, 2014) ਅੰਕ ਮਿਲਿਆ। ਲੱਗ ਪੱਗ 30 ਸਫ਼ਿਆ ਉੱਤੇ ਫੈਲੀ ਕਹਾਣੀ 'ਨ੍ਹੇਰੇ ਤੋਂ ਚਾਨਣ ਵੱਲ' ਪੜ੍ਹੀ। ਸ਼ੁਰੂ ਦਾ ਹਿੱਸਾ ਪੜ੍ਹਦਿਆਂ ਮਨ ਵਿੱਚ ਉਤਸ਼ਾਹ ਪੈਦਾ ਹੋਇਆ। ਲੇਖਕ ਕਾਰਗਲ ਤੇ ਲੇਹ ਦੇ ਵਿਚਕਾਰ ਉੱਚੇ ਪਹਾੜਾਂ ਵਿੱਚ ਬਣੀ ਹੋਈ ਜੰਸਕਾਰ ਘਾਟੀ ਵਿੱਚ ਵਸੇ ਇਕ ਪ੍ਰਾਚੀਨ ਆਰੀਆ ਕਬੀਲੇ ਦਾਰੋਕਿਪਾ ਦਾ ਪ੍ਰਾਚੀਨ ਜੀਵਨ ਢੰਗ ਚਿੱਤਰਣ ਲੱਗਾ ਹੈ। ਉਸ ਨੇ ਇਸ ਕਬੀਲੇ ਦੇ ਕੁਝ ਵੇਰਵੇ ਦਿੱਤੇ ਹਨ। (ਉ) ਇੱਥੇ ਗਣਰਾਜ ਹੈ, ਲੋਕ ਰਾਜ। ਕੋਈ ਰਾਜਾ ਨਹੀਂ। (ਅ) ਨਰ ਨਾਰੀ ਦੇ ਲਿੰਗ ਸੰਬੰਧਾਂ ਦੀ ਪੂਰਨ ਖੁੱਲ੍ਹ ਹੈ। ਕੋਈ ਪੁਰਖ 'ਪਤੀ' ਨਹੀਂ। ਕੋਈ ਨਾਰੀ 'ਪਤਨੀ' ਨਹੀਂ। ਬੱਚੇ ਸਾਰੇ ਗਣ ਦੇ ਸਾਂਝੇ ਹਨ। (ਏ) ਸਿੱਕੇ ਦੀ ਕਾਢ ਨਹੀਂ ਨਿਕਲੀ, ਵਸਤਾਂ ਵਟਾਈਆਂ ਜਾਂਦੀਆਂ ਹਨ।

ਪਿੱਛੋਂ ਲੇਖਕ ਇਸ ਕਬੀਲੇ ਨੂੰ ਲੋੜ ਦੀਆਂ ਵਸਤੂਆਂ ਪ੍ਰਾਪਤ ਕਰਨ ਇਕ ਸ਼ਹਿਰ ਜਾਂਦੇ ਦਿਖਾਉਂਦਾ ਹੈ। ਸੇਠ ਕਰੋੜੀ ਮੱਲ ਦੀ ਦੁਕਾਨ ਤੇ ਹਰ ਸਾਲ ਜਾਂਦੇ ਹਨ। ਸੇਠ ਕਰੋੜੀ ਮੱਲ 'ਸ਼ਹਿਰ ਦੀ ਸਭਿਅਤਾ' ਦੀਆਂ ਸਿਫਤਾਂ ਕਰਦਾ ਹੈ। ਜੰਸਕਾਰ ਘਾਟੀ ਦੀ ਪ੍ਰਾਚੀਨ ਸਭਿਅਤਾ ਦੀ ਨਿੰਦਿਆ ਕਰਦਾ ਹੈ। ਪਰ ਲੇਖਕ ਸੇਠ ਕਰੋੜੀ ਮੱਲ ਦੇ ਪਰਵਾਰ ਦੀਆਂ ਵਾਰਦਾਤਾਂ ਦੱਸਕੇ ਸ਼ਹਿਰ ਦੀ ਸਭਿਅਤਾ ਦੀ ਬੁਰਾਈ ਕਰਦਾ ਹੈ। ਸੇਠ ਦਾ ਲੜਕਾ ਸ਼ਲੀਲ ਅਤੇ ਮਹੱਲੇ ਦੀ ਲੜਕੀ ਲਾਲਾ ਚੋਰੀ ਸ਼ਰਾਬ ਪੀਂਦੇ ਹਨ। ਮਾਸ ਖਾਂਦੇ ਹਨ। ਲਿੰਗ ਸੰਬੰਧ ਬਣਾਉਂਦੇ ਹਨ। ਪਿੱਛੋਂ ਦੂਰ ਜਾ ਕੇ ਵਿਆਹ ਕਰਾ ਲੈਂਦੇ ਹਨ। ਲਾਲੀ ਦੇ ਭਰਾ ਨੇ ਸ਼ਲੀਨ ਦੀ ਭੈਣ ਸ਼ਲੀਨਤਾ ਘਰੋਂ ਚੁੱਕ ਲਈ। ਉਸ ਨਾਲ ਬਲਾਤਕਾਰ ਕੀਤਾ। ਇਸਤੋਂ ਬਾਅਦ ਦੋਵੇਂ ਟੱਬਰ ਹਿੰਸ਼ਕ ਟਕਰਾਓ ਉੱਤੇ ਪਹੁੰਚ ਗਏ।

ਉਪ੍ਰੋਕਤ ਵੇਰਵੇ ਦੇ ਮਤਾਬਕ ਲੇਖਕ ਦਾਰੋਕਿਪਾ ਗਣ ਦੀ ਪ੍ਰਾਚੀਨ ਸਭਿਅਤਾ ਦਾ ਟਾਕਰਾ ਸ਼ਹਿਰ ਦੀ ਸਭਿਅਤਾ ਜੋ ਕੁਝ ਜਾਗੀਰਦਾਰੀ ਪ੍ਰਵਿਰਤੀਆਂ ਵਾਲੀ ਹੈ, ਤੇ ਕੁਝ ਸਰਮਾਏਦਾਰੀ ਪ੍ਰਵਿਰਤੀਆਂ ਵਾਲੀ ਹੈ, ਨਾਲ ਕਰਦਾ ਹੈ। ਤੇ ਨਤੀਜਾ ਕੱਢਦਾ ਹੈ ਕਿ ਪ੍ਰਾਚੀਨ ਸਭਿਅਤਾ ਚੰਗੀ ਸੀ। ਉਸ ਵਿੱਚ ਲੁਕੀ ਛਿਪੀ ਬਦ ਅਖਲਾਕੀ ਨਹੀਂ। ਪੁਰਖ ਵਲੋਂ ਨਾਰੀ ਦਾ ਸ਼ੋਸ਼ਣ ਨਹੀਂ ਸੀ।

ਪਰ ਮੈਨੂੰ ਬਹੁਤ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਸਰੂਪ ਸਿਆਲਵੀ ਨਾ ਥੀਮ ਨਾਲ ਇਨਸਾਫ਼ ਕਰ ਸਕਿਆ ਨਾ ਸਭਿਅਤਾਵਾਂ ਦੇ ਫਰਕ ਉੱਤੇ ਆਧਾਰਿਤ ਵਧੀਆ ਬ੍ਰਿਤਾਂਤ ਸਿਰਜ ਸਕਿਆ। ਨਾ ਕਹਾਣੀ ਰਸ ਪੈਦਾ ਕਰ ਸਕਿਆ।

ਉਸ ਨੂੰ ਸਮਾਜ ਦੇ ਵਿਕਾਸ ਦੇ ਪੜਾਵਾਂ (ਪ੍ਰਾਚੀਨ ਸਾਮਵਾਦ, ਗੁਲਾਮਦਾਰੀ, ਜਾਗੀਰਦਾਰੀ ਅਤੇ ਸਰਮਾਏਦਾਰੀ ਬਾਰੇ ਗਿਆਨ ਨਹੀਂ। ਜੇ ਉਸ ਨੇ ਉਸ ਵਿਸ਼ੇ ਉੱਤੇ ਕਹਾਣੀਆਂ ਲਿਖਣੀਆਂ ਹਨ, ਤਾਂ ਛਪ ਚੁੱਕੀਆਂ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਦੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। **-ਪਿਆਰਾ ਸਿੰਘ ਭੋਗਲ, ਜਲੰਧਰ**

ਲਗਾਤਾਰ ਪਰਚਾ ਭੇਜਣ ਅਤੇ ਇਸ ਵਾਰ ਪ੍ਰੇਮ ਗੋਰਖੀ ਜੀ ਦੀ ਮੁਲਾਕਾਤ ਛਾਪਣ ਲਈ ਤਹਿ ਦਿਲੋਂ ਰਿਣੀ ਹਾਂ। ਅਸਲ ਵਿਚ ਮੈਂ ਮੁਲਾਕਾਤ ਭੇਜੀ ਹੋਣ ਬਾਰੇ ਭੁੱਲ ਹੀ ਚੁੱਕਾ ਸਾਂ... ਇਕ ਵੇਰ ਡਾ. ਰਵੇਲ ਸਿੰਘ ਜੀ ਵੱਲੋਂ ਹੁਕਮ ਹੋਇਆ ਕਿ ਮੈਂ 'ਸਮਦਰਸ਼ੀ' ਦੇ ਹਰ ਅੰਕ ਵਿਚ ਕਿਸੇ ਲੇਖਕ ਨਾਲ ਪੰਜ ਤੋਂ ਸੱਤ ਸਫ਼ੇ ਵਿਚ, ਬਹੁਤ ਸੰਖੇਪ ਮੁਲਾਕਾਤ ਕਰਕੇ ਭੇਜਾਂ। ਹੁਕਮ ਸਿਰ ਮੱਥੇ। ਸੁਰੂਆਤ ਪ੍ਰੇਮ ਗੋਰਖੀ ਜੀ ਤੋਂ ਕੀਤੀ। ਪਰ ਕਿਸੇ ਕਾਰਨ ਮੁਲਾਕਾਤਾਂ ਵਾਲਾ ਸਿਲਸਿਲਾ ਸ਼ੁਰੂ ਨਾ ਹੋ ਸਕਿਆ ਅਤੇ ਮੁਲਾਕਾਤ ਲੰਮਾ ਸਮਾਂ ਨਾ ਛਪ ਸਕੀ। 'ਸਮਦਰਸ਼ੀ' ਨੂੰ ਨਾ ਛਾਪਣ ਬਾਰੇ ਖ਼ਤ ਲਿਖ

ਕੇ ਆ ਜੀ ਨੂੰ ਭੇਜ ਦਿੱਤੀ। ਫਿਰ ਭੁੱਲ ਭਲਾ ਗਿਆ।

ਅਚਾਨਕ ਕੁਝ ਦੋਸਤਾਂ ਦੇ ਫੋਨ ਆਏ। ਉਹਨਾਂ ਸੰਖੇਪਤਾ ਨੂੰ ਸਲਾਹਿਆ। ਪ੍ਰੇਮ ਗੋਰਖੀ ਕਿਉਂਕਿ ਬਹੁਤ ਸੁਲਝਿਆ ਲੇਖਕ ਹੈ, ਇਸ ਲਈ ਖਲਾਰਾ ਪਾਉਣਾ ਉਹਦੀ ਫ਼ਿਤਰਤ ਨਹੀਂ ਹੈ। ਤੁਸੀਂ ਮੁਲਾਕਾਤ ਛਾਪ ਕੇ ਮਾਣ ਸਨਮਾਨ ਦਿੱਤਾ। ਧੰਨਵਾਦ ! ਸੇਵਾ ਮੁਕਤੀ ਤੋਂ ਬਾਅਦ ਮੈਂ ਲਗਾਤਾਰ ਫੈਲੋਸ਼ਿਪਾਂ ਵਿਚ ਘਿਰਿਆ ਅਤੇ ਪ੍ਰਾਜੈਕਟਾਂ ਵਿਚ ਰੁਝਾ ਰਿਹਾ। ਅੱਜ 31.3.2015 ਨੂੰ ਉਧਰੋਂ ਵੀ ਸੇਵਾ ਮੁਕਤ ਹੋਇਆ ਹਾਂ। ਜੀਵਨ ਵਿਚ ਕੁਝ ਸਮਾਂ ਬਚਿਆ ਤਾਂ ਕਹਾਣੀਆਂ ਲਈ ਰਾਖਵਾਂ ਹੈ। ਹੋ ਸਕਦੈ ਛੇਤੀ ਕੁਝ ਭੇਜਾਂ। ਫ਼ਿਲਹਾਲ ਬੈਂਜਾਮਿਨ ਅਤੇ ਗੱਬੀ ਹੀ ਪੜ੍ਹੇ ਹਨ। ਦੋਵੇਂ ਚੰਗੇ ਲੱਗੇ।

- ਕਿਰਪਾਲ ਕਜ਼ਾਕ, ਪਟਿਆਲਾ

'ਕਹਾਣੀ ਧਾਰਾ' 34 ਜੁਲਾਈ-ਸਤੰਬਰ 2014 ਅੰਕ ਪੜ੍ਹਿਆ। ਕਹਾਣੀਆਂ ਪਸੰਦ ਆਈਆਂ। ਭੂਰਾ ਸਿੰਘ ਕਲੇਰ ਦੀ ਕਹਾਣੀ 'ਝੋਟਾ ਡਿੱਗ ਪਿਆ' ਪੜ੍ਹੀ। ਝੋਟੇ ਦਾ ਪੁੱਤਰ ਤੇ ਧੀ ਨੀਵੀਆਂ ਜਾਤੀਆਂ ਵਿਚ ਵਿਆਹ ਕਰਵਾਉਂਦੇ ਹਨ। ਅੰਤਰ ਜਾਤੀ ਵਿਆਹ ਪ੍ਰਥਾ ਹੀ ਹਜ਼ਾਰਾਂ ਸਾਲਾਂ ਤੋਂ ਚਲੀ ਆਉਂਦੀ ਜਾਤੀ ਪ੍ਰਥਾ ਦੀ ਜਕੜ ਨੂੰ ਢਿੱਲਾ ਕਰ ਸਕਦੀ ਹੈ।

ਸਰੂਪ ਸਿਆਲਵੀ ਦੀ ਕਹਾਣੀ 'ਨ੍ਹੇਰੇ ਤੋਂ ਚਾਨਣ ਵੱਲ' ਵੀ ਧਿਆਨ ਖਿਚਦੀ ਹੈ, ਪੁਰਾਤਨ ਸਮਾਜ ਬਾਰੇ ਗਣਪਤੀ ਵਰੁਣ ਦੱਸਦਾ ਹੈ, ''ਸਾਡੇ ਪੂਰਵਜ ਅੱਗੇ ਤੋਂ ਅੱਗੇ ਦੱਸਦੇ ਆਏ ਕਿ ਲਗਭਗ ਹਜ਼ਾਰ ਬਰਸ ਪਹਿਲਾਂ ਸਾਡੇ ਗਣ ਦੇ ਝੌਂਪੜਿਆ ਉਪਰ ਬਰਫ਼ ਦਾ ਤੋਦਾ ਡਿੱਗ ਪਿਆ ਸੀ। ਗਿਣਤੀ ਦੇ ਬਲਸ਼ਾਲੀ ਨਾਰ ਨਾਰੀ ਹੀ ਵਿਚੋਂ ਨਿਕਲ ਸਕੇ ਸਨ। ਉਹ ਭਿਆਨਿਕ ਸਦਮੇ ਨਾਲ ਭੈ ਭੀਤ ਹੋਏ, ਨਵਾਂ ਝੌਂਪੜਾ ਬਣਾ ਕੇ ਰਹਿਣ ਲੱਗ ਪਏ। ਉਹ ਇਕੱਠੇ ਰਹਿੰਦੇ, ਸੌਂਦੇ, ਕਾਮ ਸੰਬੰਧ ਬਣਾਉਂਦੇ ਸਨ। ਉਹਨਾਂ ਨੂੰ ਨਰ ਨਾਰੀ ਸਬੰਧਾਂ ਤੋਂ ਬਿਨਾ ਹੋਰ ਕਿਸੇ ਰਿਸ਼ਤੇ ਦਾ ਪਤਾ ਨਹੀਂ ਸੀ।'' ਕਹਾਣੀ ਪਾਤਰ ਦੇ ਸੇਠ ਕਰੋੜੀ ਮੱਲ ਵਾਂਗ ਸਾਇਦ ਇਹ ਗੱਲਾਂ ਬਹੁਤੇ ਪਾਠਕਾਂ ਦੇ ਗਲੇ ਨਾ ਉਤਰਨ। ਪਰ ਪਲੈਟੋ (470-399 ਈ. ਪੂ.) ਨੇ ਆਪਣੀ ਪੁਸਤਕ 'ਰਿਪਬਲਿਕ' ਵਿਚ ਭਵਿੱਖ ਦੇ ਆਦਰਸ਼ਕ ਸਮਾਜ ਨੂੰ ਅਪਣਾਉਣ ਦਾ ਸੰਕੇਤ ਦਿੱਤਾ ਹੈ। ਪਲੈਟੋ ਯੂਨਾਨ ਵਿਚ 'ਗਰੁਪ ਵਿਆਹਾਂ' ਵਾਲੇ ਸਮਾਜ ਦੀ ਪਰੰਪਰਾ ਤੋਂ ਜਾਣੂ ਸੀ।

ਕਹਾਣੀ ਵਿਚ ਦੂਸਰੇ ਪਾਸੇ ਸਾਂਸਕ੍ਰਿਤਕ ਤੇ ਸਭਿਆਚਾਰਕ ਤੌਰ ਤੇ ਵਿਕਾਸ ਕਰ ਰਿਹਾ ਸਮਾਜ ਹੈ। ਨੈਤਿਕ ਕਦਰਾਂ ਕੀਮਤਾਂ ਦਾ ਵਿਘਟਨ ਹੋਣ ਕਰਕੇ ਨਿਘਰੀ ਹੋਈ ਸਮਾਜਕ ਵਿਵਸਥਾ ਦੀ ਤਸਵੀਰ ਸਾਡੇ ਸਾਹਮਣੇ ਹੈ। ਸਟੇਟ, ਸਰਕਾਰ ਦੀ ਮਿਲੀ ਭੁਗਤ ਨਾਲ ਦੇਸੀ ਬਦੇਸ਼ੀ ਕਾਰਪੋਰੇਟ ਘਰਾਣੇ ਜੰਗਲ ਵਾਸੀਆਂ ਦੀ ਜਲ, ਜੰਗਲ, ਜ਼ਮੀਨ ਖੋਹ ਰਹੇ ਹਨ। ਪੁਲਿਸ ਤੇ ਪ੍ਰਸ਼ਾਸ਼ਨ ਦੁਆਰਾ ਬੇਇੱਜ਼ਤ ਤੇ ਬੇਪੱਤ ਕੀਤੇ ਜੰਗਲ ਵਾਸੀ ਦੂਰ ਨੇੜੇ ਦੇ ਇਲਾਕਿਆਂ ਵਿਚ ਮਜਦੂਰੀ ਕਰਕੇ, ਭੀਖ ਮੰਗ ਕੇ ਗੁਜ਼ਾਰਾ ਕਰਦੇ ਹਨ।

ਕਹਾਣੀ ਵਿਚ ਆਇਆ ਪ੍ਰੋ. ਸਾਹਿਬ ਦਾ ਪਾਤਰ, ਕਹਾਣੀ ਨੂੰ ਨਵਾਂ ਮੋੜ ਦੇ ਦਿੰਦਾ ਹੈ, ਜਦ ਉਹ ਆਖਦਾ ਹੈ, ''ਬਾਬਿਓ ! ਸਾਡਾ ਵਿਦਵਾਨਾਂ, ਬੁੱਧੀ ਜੀਵੀਆਂ, ਫਿਲਾਸਫਰਾਂ ਦਾ ਸੁਪਨਾ ਹੈ ਕਿ ਹਜ਼ਾਰਾਂ, ਲੱਖਾਂ ਕਰੋੜਾਂ ਲੋਕ ਸੰਘਰਸ਼ ਕਰਨ ਤੇ ਸੰਸਾਰ ਉੱਤੋਂ ਜ਼ੋਰ ਤੇ ਜ਼ੁਲਮ ਵਾਲਾ ਰਾਜ ਸਮਾਪਤ ਹੋਵੇ। ਫਿਰ ਸਟੇਟ, ਰਾਜ ਤੋਂ ਸਰਕਾਰ ਦੀ ਕੋਈ ਜ਼ਰੂਰਤ ਨਹੀਂ ਰਹੇਗੀ। ਸਵੈ ਸ਼ਾਸ਼ਨ ਦੁਆਰਾ ਵੱਖ ਵੱਖ ਕੰਮਾ ਦਾ ਸੰਚਾਲਨ ਕੀਤਾ ਜਾਵੇਗਾ। ਸ਼ਾਇਦ ਅਜਿਹੇ ਸਵੈ ਸ਼ਾਸਨ ਪ੍ਰਬੰਧ ਵਾਲੇ ਰਾਜ ਨੂੰ ਹੀ ਕਾਰਲ ਮਾਰਕਸ ਆਦਿ ਫਿਲਾਸਫਰਾ ਨੇ ਸ਼ਾਮਵਾਦ, ਸਮਾਜਿਕ ਬਰਾਬਰੀ

ਵਾਲਾ ਰਾਜ ਕਿਹਾ ਹੈ।'' ਅੰਕ 36 ਵਿਚ ਪ੍ਰੇਮ ਗੋਰਖੀ ਦੀ ਮੁਲਾਤਾਕ ਚੰਗੀ ਲੱਗੀ। 'ਮੰਦਾਕਿਨੀ', 'ਨਸਲ', 'ਕੀ ਅੰਤ ਐ' ਕਹਾਣੀਆਂ ਉੱਚ ਪਾਏ ਦੀਆਂ ਹਨ। ਡਾ. ਸੰਤੋਖ ਸਿੰਘ ਆਲੋਚਨਾ ਵਿਚ ਆਪਣਾ ਧਰਮ ਨਿਭਾ ਰਿਹਾ ਹੈ। ਉਸ ਦੇ ਲੇਖ ਬਹੁਤ ਉੱਚ ਪਾਏ ਦੇ ਹੁੰਦੇ ਹਨ। ਬੇਂਜਾਮਿਨ ਦੀਆਂ ਲਿਖਤਾਂ ਕਮਾਲ ਦੀਆਂ ਸਨ। ਤੁਹਾਡੀ ਸੰਪਾਦਕੀ ਸੰਖੇਪ ਪਰ ਮੁੱਦੇ ਤੇ ਕੇਂਦਰਿਤ ਹੁੰਦੀ ਹੈ।

-ਭਰਪੂਰ ਸਿੰਘ, ਮੋਰਿੰਡਾ

'ਕਹਾਣੀ ਧਾਰਾ' -36 ਅੰਕ ਮਿਲਿਆ। ਪੜ੍ਹਿਆ। 'ਜਨ ਬੋਧ' ਭਾਗ ਵਿਚ ਦਾਰਸ਼ਨਿਕ ਵਾਲਟਰ ਬੇਂਜਾਮਿਨ ਦੀਆਂ ਅਨੁਵਾਦਿਤ ਲਿਖਤਾਂ ਪੜ੍ਹਕੇ, ਜਿੱਥੇ ਸਾਹਿਤਕ ਤ੍ਰਿਪਤੀ ਹੋਈ। ਉੱਥੇ ਬੜੇ ਕੰਮ ਦੀਆਂ ਤੇ ਨਵੀਆਂ ਗੱਲਾਂ ਸਿੱਖਣ ਨੂੰ ਮਿਲੀਆਂ। ਸਾਹਿਤਕ ਸੂਝ ਸਮਝ 'ਚ ਢੇਰ ਸਾਰਾ ਵਾਧਾ ਹੋਇਆ। 'ਕਹਾਣੀ ਧਾਰਾ' ਦੀ ਇਹੋ ਵਿਲੱਖਣਤਾ ਹੈ ਕਿ ਸਮੇਂ ਸਮੇਂ ਵਿਸ਼ੇਸ਼ ਅੰਕ ਕੱਢਣੇ (ਮਰਾਠੀ ਦਲਿਤ ਕਹਾਣੀ ਅੰਕ) ਪ੍ਰਾਪਤੀ ਸੀ। ਤੇ ਦੂਜੀਆਂ ਭਾਰਤੀ ਭਸ਼ਾਵਾਂ ਦੀਆਂ ਸਮਰੱਥ ਰਚਨਾਵਾਂ, ਖਾਸ ਕਰਕੇ ਕਹਾਣੀਆਂ ਛਾਪਣਾ, ਕਹਾਣੀ ਪ੍ਰਤੀ ਸੁਹਿਰਦ ਪਹੁੰਚ ਦਾ ਪ੍ਰਤੀਕ ਹੈ, ਤੇ ਪੁਰਾਣੇ ਸਥਾਪਤ ਕਹਾਣੀਕਾਰਾਂ ਨੂੰ ਪ੍ਰਮੁੱਖਤਾ ਨਾਲ ਛਾਪਣਾ ਤੇ ਨਵੇਂ ਕਹਾਣੀਕਾਰਾਂ ਨੂੰ ਪਹਿਲ ਦੇ ਆਧਾਰ ਤੇ ਛਾਪਕੇ ਉਤਸ਼ਾਹਤ ਕਰਨਾ ਤੇ ਸੇਧ ਦੇਣੀ 'ਕਹਾਣੀ ਧਾਰਾ' ਦੇ ਹਿੱਸੇ ਹੀ ਆਇਆ ਹੈ।

ਪ੍ਰੇਮ ਗੋਰਖੀ ਦੀ ਮੁਲਾਕਾਤ ਹੱਥਲੇ ਅੰਕ ਦਾ ਹਾਸਿਲ ਹੋ ਨਿਬੜੀ ਪ੍ਰੇਮ ਗੋਰਖੀ ਨੇ ਆਪਣੀ ਸੰਘਰਸ਼ਮਈ ਜ਼ਿੰਦਗੀ ਬਾਰੇ, ਸਾਹਿਤਕ, ਸਿਰਜਣਾ ਬਾਰੇ, ਸਾਹਿਤਕ ਇਨਾਮਾਂ-ਸਨਮਾਨਾਂ ਬਾਰੇ ਆਪਣੀ ਵਿਚਾਰਧਾਰਕ ਪ੍ਰਪੱਕਤਾ ਬਾਰੇ ਤੇ ਜ਼ਿੰਦਗੀ 'ਚ ਹੰਢਾਏ ਕਰੂਰ ਯਥਾਰਥ ਬਾਰੇ, ਸਾਰਥਿਕ ਤੇ ਬੇਬਾਕ ਟਿਪਣੀਆਂ ਕੀਤੀਆਂ, ਮੁਲਾਕਾਤ ਪੜ੍ਹ ਕੇ ਸਵੈ ਵਿਸ਼ਵਾਸ 'ਚ ਢੇਰ ਸਾਰਾ ਵਾਧਾ ਹੋਇਆ। ਕਹਾਣੀਆਂ ਸਾਰੀਆਂ ਚੰਗੀਆਂ ਸੀ। ਪਰ ਦਵਿੰਦਰ ਮੰਡ ਦੀ 'ਨਸਲ' ਤੇ ਦਰਸ਼ਨ ਜੋਗਾ ਦੀ 'ਕੀ ਅੰਤ ਐ' ਵੱਧ ਪ੍ਰਭਾਵਿਤ ਕਰਨ ਵਾਲੀਆਂ ਸੀ। ਖਾਸ ਕਰਕੇ 'ਨਸਲ' ਕਹਾਣੀ ਤਾਂ ਬਾਹਲੀ ਕਮਾਲ ਦੀ ਸੀ।

-ਪ੍ਰੀਤ ਨੀਤਪੁਰ, ਹੁਸ਼ਿਆਰਪੁਰ

'ਕਹਾਣੀ ਧਾਰਾ-36 ਅੰਕ ਹੱਥ 'ਚ ਹੈ। ਹਾਲੇ 'ਦਲਿਤ ਕਹਾਣੀ ਬਾਰੇ' ਕੁਝ ਲਿਖਣ ਦਾ ਕੌਲ ਮੈਂ ਪੁਗਾਇਆ ਨਹੀਂ। ਪਰ ਇਕ ਗੱਲ ਮੈਂ ਜ਼ਰੂਰ ਆਖਣੀ ਹੈ ਦਲਿਤ ਕਹਾਣੀ (ਮਰਾਠੀ) ਬਾਰੇ। ਇਹ ਗੱਲ ਵਧੀਆ ਹੈ ਕਿ ਤੁਸੀਂ ਹੋਰ ਭਾਸ਼ਾ ਦੀ ਕਹਾਣੀ ਪੰਜਾਬੀ ਪਾਠਕਾਂ ਤੱਕ ਅਨੁਵਾਦ ਕਰ ਕੇ ਪੁੱਜਦੀ ਕੀਤੀ। ਯਤਨ ਸਲਾਹੁਣਾਯੋਗ ਹੈ। ਪਰ ਮੈਨੂੰ 'ਦਲਿਤ' ਸ਼ਬਦ ਬੜਾ ਚੁੱਭਿਆ। ਰੜਕਿਆ ਅੱਖਰਿਆ। ਅਸੀਂ ਸਮਾਜ ਦੀਆਂ ਵੰਡੀਆਂ 'ਚ ਤਾਂ ਬੱਝੇ ਸੀ ਪੁਰਖਿਆ ਵਲੋਂ, ਪਰ ਸਾਹਿਤ ਨੂੰ ਵੀ ਵੰਡ 'ਤਾ? ਕੇਵਲ 'ਕਹਾਣੀ' ਕਿਉਂ ਨਹੀਂ? ਦਲਿਤ ਦਾ ਲੇਬਲ ਕਿਉਂ ਲਗਾਇਆ? ਪਾਠਕ ਜਦ ਵੀ ਕੋਈ ਰਚਨਾ ਪੜ੍ਹਦਾ ਹੈ, ਇਹ ਨਹੀਂ ਵੇਖਦਾ, ਕਿ ਇਸ ਦਾ ਲੇਖਕ ਕਿਸ ਜਾਤ ਪਾਤ ਨਾਲ ਸੰਬੰਧ ਰੱਖਦਾ ਹੈ। ਉਹ ਸਿਰਫ਼ ਵਧੀਆ, ਦਿਲ ਟੁੰਬਵਾ ਅਤੇ ਸੇਧ ਦੇਣ ਵਾਲਾ ਸਾਹਿਤ ਪੜ੍ਹ ਕੇ ਹੀ ਭੁੱਖ ਤ੍ਰਿਪਤ ਕਰ ਲੈਂਦਾ। ਲੇਖਕ ਦਾ ਨਾਂ ਤਾਂ ਉਦੋਂ ਪੜ੍ਹਿਆ ਜਾਂਦਾ ਜਦੋਂ ਕੋਈ ਰਚਨਾ ਉਹਦੇ ਧੁਰ ਅੰਦਰ ਨੂੰ ਹਲੂਣਦੀ ਹੈ। ਫਿਰ ਰਚਨਾ ਉਹ ਪੰਨਾ ਪਲਟ ਕੇ ਵੇਖਣ ਦੀ ਜ਼ਹਿਮਤ ਕਰਦਾ ਬਈ ਐਡਾ ਵਧੀਆ ਕਿਸ ਨੇ ਲਿਖਿਆ? ਘੱਟੋ ਘੱਟ ਮੇਰੇ ਆਪਣੇ ਨਿੱਜੀ ਵਿਚਾਰ ਅਨੁਸਾਰ ਤਾਂ ਆਪਾ ਨੂੰ ਸਾਹਿਤ ਦਾ ਵਰਗੀਕਰਣ ਜਾਤ ਦੇ ਆਧਾਰ ਤੇ ਨਹੀਂ ਕਰਨਾ ਚਾਹੀਦਾ ਜਾਂ ਇਸ ਕਰਕੇ ਇਹ ਨਾਂ ਨਹੀਂ ਰੱਖਣਾ ਚਾਹੀਦਾ ਕਿ ਇਸ ਵਿਚ ਕੇਵਲ ਦਲਿਤ ਲੋਕਾਂ ਦੀ ਕਥਾ ਹੈ। ਗੋਰਖੀ ਭਾਜੀ ਹੁਰਾਂ ਦੀ ਕਹੀ ਗੱਲ ਇਥੇ ਬੜੀ ਢੁਕਦੀ ਹੈ, ''ਮੈਂ ਦਲਿਤ ਉਹਨੂੰ ਮੰਨਦਾ ਜਿਹੜਾ ਦਲਿਤਾਂ ਦੀ

ਜ਼ਿੰਦਗੀ ਜਿਉਦੈਂ। ਭਾਵੇਂ ਉਹ ਗੈਰ ਜ਼ਮੀਨਾ ਜੱਟ ਹੀ ਕਿਉਂ ਨਾ ਹੋਵੇ...।" ਮਰਾਠੀ ਕਹਾਣੀ 'ਪੱਡ' ਬਹੁਤ ਦਿਲ ਧੂੰਹਦੀ ਕਥਾ ਹੈ। ਇਨਸਾਨ ਕਹਾਂਗੀ ਦਲਿਤ ਨਹੀਂ। ਦੇ ਜੀਵਨ ਬਾਰੇ। ਯਕੀਨ ਨਹੀਂ ਆਉਂਦਾ ਕਿ ਕੋਈ ਇਨਸਾਨ ਦੂਜੇ ਇਨਸਾਨ ਨਾਲ ਇੰਜ ਵਤੀਰਾ ਵੀ ਕਰ ਸਕਦੈ ਇਹ ਸਭ ਸਾਡੇ ਪੁਰਖਿਆ ਦੀ ਜਾਤੀਗਤ ਵੰਡ ਦਾ ਨਤੀਜਾ।

ਜਨਵਰੀ ਮਾਰਚ, 2015 ਦਾ 'ਕਹਾਣੀ ਧਾਰਾ' ਅੰਕ ਬਹੁਤ ਖੂਬ ਹੈ। ਆਰਤੀ ਸਹਿਗਲ ਦੀ ਪੇਟਿੰਗ ਦਿਲ ਖਿਚਵਾਂ ਭਾਵਪੂਰਤ ਰਿਹਾ। ਰਸਾਲੇ ਦਾ ਸਰਵਰਕ ਇਹੋ ਜਿਹਾ ਹੀ ਹੋਣਾ ਚਾਹੀਦਾ ਕਿਉਂਕਿ ਘਰ ਦੇ ਭਾਗ ਡਿਊਢੀਓ ਹੀ ਨਜ਼ਰ ਆ ਜਾਂਦੇ ਨੇ। ਰੰਗਾਂ 'ਚ ਭਿੱਜੀਆਂ ਭਾਵਨਾਵਾਂ ਲਈ ਆਰਤੀ ਸਹਿਗਲ ਵਧਾਈ ਦੀ ਪਾਤਰ ਹੈ। ਤੁਹਾਡੀ ਸੰਪਾਦਕੀ ਦੀ ਧਾਰ ਬੜੀ ਤਿੱਖੀ ਅਤੇ ਵੇਗ ਪੂਰਨ ਹੈ। ਭੂਤਪੂਰਵ ਤੇ ਵਰਤਮਾਨ ਰਸਾਲਿਆਂ ਦੀ ਲੜੀ 'ਚ ਲੇਖਕ ਸੰਪਾਦਕ ਨੇ ਆਪਣੇ ਰਸਾਲੇ ਦਾ ਨਗੀਨਾ ਵੀ ਖੂਬ ਚਮਕਾਇਆ ਹੈ। ਸੁਲਝੇ ਸੂਝਵਾਨ ਲੇਖਕ ਸੰਪਾਦਕ ਤੋਂ ਆਰੰਭ ਹੋ ਕੇ ਜੁੰਡਲੀਆਂ ਤੇ ਜੁਗਾੜਬੰਦੀਆਂ ਦੀ ਸੰਪਾਦਕੀ ਦਾ ਖੂਬ ਛੱਟਣ ਕੀਤਾ ਹੈ। ਇਹ ਸੰਪਾਦਕ ਦੀ ਨਿੱਜੀ ਸੂਝ ਦਰਸਾਉਂਦਾ ਹੈ। ਪੰਜਾਬੀ ਸਾਹਿਤ ਨੂੰ ਸਹੀ ਸੇਧ ਦੇਣ ਵਿਚ ਇਨ੍ਹਾਂ ਲੇਖਕ ਸੰਪਾਦਕ ਦਾ ਸਲਾਹੁਣਯੋਗ ਕੰਮ ਹੈ। 'ਮੰਦਾਕਿਨੀ' ਕਥਾ ਦੇ ਪਲਾਟ ਦੀਆਂ ਤੰਦਾਂ ਢਿੱਲੀਆਂ ਜਾਪੀਆ। ਭਾਸ਼ਾ ਵੀ ਧੂਹ ਪਾਊ ਨਹੀਂ ਬਣ ਪਾਈ। ਮੰਡ ਦੀ ਕਹਾਣੀ ਹਮੇਸ਼ਾਂ ਵਾਂਗ ਜਨੌਰਾ ਨੂੰ ਲੈ ਕੇ ਹੀ ਰਚੀ ਗਈ। ਮੈਂ ਇਹਦੀ ਜਿਹੜੀ ਵੀ ਕਹਾਣੀ ਪੜ੍ਹੀ ਉਹਦਾ ਵਿਸ਼ਾ ਰੱਬ ਸਬੱਬੀ ਇਹੋ ਸੀ। ਮੰਡ ਦੀ ਵਿਸ਼ੇਸ਼ਤਾ ਉਹਦੀ ਸਥਾਨਕ, ਠੇਠ ਗੱਲਬਾਤੀ ਭਾਸ਼ਾ ਸ਼ੈਲੀ ਹੈ। ਰੋਚਕਤਾ ਘੜ੍ਹਣ 'ਚ ਮਾਹਿਰ ਹੈ ਉਹ। ਪਰ ਕਹਾਣੀ ਦੇ ਅੰਤ ਦਾ ਜਾਦੂ ਸਿਰ ਚੜ੍ਹ ਨਹੀਂ ਬੋਲਦਾ 'ਬਾਬੇ ਬਹੁ ਫੰਧਾ' ਇੱਛੂਪਾਲ ਜੀ ਕੀ ਕਥਾ ਸਚੇਤ ਤੇ ਅਚੇਤ ਮਨ ਦੀਆਂ ਪਰਤਾਂ 'ਚ ਲਹਿੰਦੀ ਸਹਿਜ ਸੁਭਾਵਿਕ ਤੇ ਸੁਝਾਊ ਸ਼ੈਲੀ ਨਾਲ ਦਿਲ 'ਚ ਲਹਿ ਗਈ। ਪ੍ਰੇਮ ਗੋਰਖੀ ਹੋਰਾਂ ਨਾਲ ਕਿਰਪਾਲ ਕਜ਼ਾਕ ਜੀ ਦੀ ਮੁਲਾਕਾਤ ਵਿਸ਼ੇਸ਼ ਰਹੀ। ਜਾਪਿਆ ਇਕ ਮੁੱਦਤ ਬਾਅਦ ਉਹ ਮੇਰੇ ਰੂ ਬਰੂ ਹੋਣ। ਉਹ ਸ਼ਾਇਦ ਮੈਨੂੰ ਭੁੱਲ ਗਏ ਹੋਣ, ਮੈਂ ਉਚੇਚਾ ਆਪਣੇ ਵਿਆਹ ਦਾ ਕਾਰਡ ਦੇਣ ਗਈ ਸੀ ਉਹਨਾਂ ਨੂੰ। ਸਹੀ ਮਾਅਨਿਆ 'ਚ ਉਹ ਮਿੱਟੀ ਨਾਲ ਜੁੜੇ ਲੋਕਾਂ ਦੀਆਂ ਸੁੱਚੀਆਂ ਸੱਚੀਆਂ ਭਾਵਨਾਵਾਂ ਦੇ ਚਿਤੇਰੇ ਹਨ। ਉਨ੍ਹਾਂ ਨੂੰ ਪੜ੍ਹਨਾ ਮੈਨੂੰ ਸਦਾ ਚੰਗਾ ਭਾਸਿਆ। ਇਸ ਮੁਲਾਕਾਤ ਨੇ ਰਸਾਲੇ 'ਚ ਸੁਆਦਲਾ ਰੰਗ ਭਰਿਆ।

'ਕੀ ਅੰਤ ਐ' ਕਹਾਣੀ ਮਨ ਨੂੰ ਛੋਹ ਗਈ। ਰਸ ਭਰਪੂਰ ਭਾਸ਼ਾ ਨਾਲ ਭਾਵਨਾਤਮਕ ਉਲਝਣਾ ਦੇ ਸਿਰੇ ਫੜਣ ਦਾ ਯਤਨ ਕਰਦਿਆਂ ਮਨੁੱਖ ਕੀ ਦਾ ਕੀ ਹੋ ਜਾਂਦੈ? ਕਥਾਕਾਰ ਨੇ ਖੂਬ ਉਲੀਕਿਆ ਹੈ। ਬਾਕੀ ਅਲੋਚਨਾਤਮਕ ਲੇਖ ਅਜਮੇਰ ਸਿੱਧੂ ਅਤੇ 'ਬਾਰਾਂ ਬੂਹੇ', 'ਦਾਰੋ ਘਤਿੱਤੀ' ਤੇ ਹੋਰ... 'ਕਹਾਣੀ ਧਾਰਾ' ਦੇ ਬੌਧਿਕ ਆਲੋਚਨਾਤਮਕ ਰੰਗ ਨੂੰ ਉਭਾਰ ਗਏ। 'ਵਾਲਟਰ ਬੇਂਜਾਮਿਨ ਦੀਆਂ ਲਿਖਤਾਂ ਦਾ ਆਪ ਜੀ ਦੁਆਰਾ ਅਨੁਵਾਦ ਕੁਝ ਪੱਲੇ ਨਹੀਂ ਪਿਆ। ਕਿਉਂਕਿ ਇਕ ਤਾਂ ਮੈਂ ਇਸ ਲੇਖਕ ਨੂੰ ਪੜ੍ਹਿਆ ਨਹੀਂ ਦੂਜਾ ਇਹ ਪਤਾ ਨਹੀਂ ਲੱਗਾ ਕਿ ਇਹ ਲਿਖਤ ਹੈ ਕਿਸ ਰੂਪ 'ਚ। ਲੇਖ ਨਿਬੰਧ ਜਾਂ ਕੁਝ ਹੋਰ...। ਪਰ ਜੋ ਵੀ ਹੈ ਵਿਚਾਰ ਜੋ ਲਿਖੇ ਗਏ, ਚੰਗੇ ਲੇਖਕ, ਨਾਵਲੀ ਪਾਠ, ਕਹਾਣੀ ਕਹਿਣ ਦੀ ਕਲਾ, ਆਲੋਚਨਾ ਆਦਿ ਬਾਰੇ ਅਨੁਵਾਦ ਵਧੀਆ ਲੱਗਾ। ਇਸ ਬਾਰੇ ਕੁਝ ਹੋਰ ਚਾਨਣਾ ਪਾਉਣ ਦੀ ਕੋਸ਼ਿਸ਼ ਕਰਨਾ। ਪੁਸਤਕ ਰੀਵਿਊ ਪਾਠਕਾਂ ਲਈ ਵਧੀਆਂ ਝਰੋਖਾ ਹੈ। ਮੇਰੇ ਵਰਗੇ ਸਾਹਿਤ ਨਾਲੋਂ ਵਿਛੜੇ ਪੱਛੜੇ ਪਾਠਕ ਪੁਸਤਕਾਂ ਨਾਲ ਸਾਂਝ ਪਾ ਸਕਦੇ ਹਨ। ਰਸਾਲਾ ਚੜ੍ਹਦੀ ਕਲਾ 'ਚ ਰਹੇ ਇਸ ਦੁਆ ਨਾਲ...। **-ਸਰਿਤਾ (ਤੇਜੀ), ਤਲਵਾੜਾ**

47-ਏ ਦਿੱਲੀ ਤੋਂ ਬਾਅਦ ਕਹਾਣੀਕਾਰ

ਮਹਿੰਦਰ ਸਿੰਘ ਤਤਲਾ

ਦਾ ਨਵਾਂ ਕਹਾਣੀ ਸੰਗ੍ਰਹਿ

ਹੁਣ ਤੂੰ ਗੱਲ ਨਾ ਕਰੀਂ



ਮੁੱਲ:150/- ਪੰਨੇ :120

ਮਹਿੰਦਰ ਸਿੰਘ ਤਤਲਾ ਦੀ ਕਹਾਣੀ ਦੀ ਇਹ ਖੂਬੀ ਹੈ ਕਿ ਉਸ ਨੇ ਪਾਤਰਾਂ ਦੇ ਵਿਹਾਰ ਵਿਚ ਉਨ੍ਹਾਂ ਸੰਸਕ੍ਰਿਤੀ ਦੀਆਂ ਜੜ੍ਹਾਂ ਪਈਆਂ ਹੋਈਆਂ ਹਨ। ਪੇਂਡੂ ਦਰਸ਼ਨ ਉਸ ਦੀਆਂ ਕਹਾਣੀ ਦੀ ਇਕ ਹੋਰ ਖੂਬੀ ਹੈ।

SANGAM PUBLICATIONS

S.C.O.94-95 (BASEMENT)
New Leela Bhawan, Patiala-147001
Ph:0175-2305347, 99151-03490